ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

ਸਾਡੇ ਲੋਕ
SADE LOK
sadelok.com

14-17 ਨਵੰਬਰ 2026

ਸਾਲ 17ਵਾਂ - ਅੰਕ 46
email : info@sadelok.com
510-706-1300

ਪੰਜਾਬ ਲਈ ਮਾਣ ਵਾਲੀ ਗੱਲ
ਹੀਰੋ ਏਸ਼ੀਅਨ ਚੈਂਪੀਅਨਜ਼ ਟਰਾਫੀ ਪੰਜਾਬ 2026' ਦੇ ਫਾਈਨਲ 'ਚ ਭਾਰਤ ਨੇ ਜਾਪਾਨ ਨੂੰ ਹਰਾ ਕੇ ਜਿੱਤਿਆ ਖ਼ਿਤਾਬ



(ਦੇਖੋ ਸਫ਼ਾ 34 'ਤੇ)

ਕਸਟਡੀ ਪੈਰੋਲ ਦੇ ਬਾਵਜੂਦ ਪੰਜਾਬ ਨਾ ਪੁੱਜ ਸਕੇ ਭਾਈ ਅੰਮ੍ਰਿਤਪਾਲ ਸਿੰਘ
ਵੱਖਰੀ ਸਿਆਸੀ ਵਿਚਾਰਧਾਰਾ ਕਾਰਨ ਬੇਇਨਸਾਫ਼ੀ ਦਾ ਇਲਜ਼ਾਮ; ਪ੍ਰਸ਼ਾਸਨਿਕ ਅੜਿੱਕਿਆਂ ਕਾਰਨ ਅੰਤਿਮ ਸਸਕਾਰ ਮੁਲਤਵੀ

ਅੰਮ੍ਰਿਤਸਰ (ਵਿਸ਼ੇਸ਼ ਪ੍ਰਤੀਨਿਧ): ਵੱਖਰੀ ਸਿਆਸੀ ਵਿਚਾਰਧਾਰਾ ਰੱਖਣ ਅਤੇ ਸਿੱਖ ਹੱਕਾਂ ਦੀ ਗੱਲ ਕਰਨ ਵਾਲੇ ਆਗੂਆਂ ਨਾਲ ਹੋ ਰਹੇ ਕਥਿਤ ਵਿਤਕਰੇ ਦੀ ਇੱਕ ਹੋਰ ਮਿਸਾਲ ਉਸ ਵੇਲੇ ਸਾਹਮਣੇ ਆਈ, ਜਦੋਂ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਅਦਾਲਤ ਵੱਲੋਂ ਕਸਟਡੀ ਪੈਰੋਲ ਮਿਲਣ ਦੇ ਬਾਵਜੂਦ ਅੱਜ (ਸ਼ਨਿੱਚਰਵਾਰ) ਆਪਣੀ ਦਾਦੀ ਮਾਤਾ ਚਰਨ ਕੌਰ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਪੰਜਾਬ ਨਹੀਂ ਪੁੱਜ ਸਕੇ। ਬਿਨਾਂ ਕਿਸੇ ਸਾਬਤ ਹੋਏ ਜੁਰਮ ਦੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਨੂੰ ਪੰਜਾਬ ਲਿਆਉਣ ਲਈ ਪ੍ਰਸ਼ਾਸਨਿਕ ਪ੍ਰਕਿਰਿਆ ਸਮੇਂ ਸਿਰ ਪੂਰੀ ਨਾ ਹੋਣ ਕਾਰਨ ਪਰਿਵਾਰ ਵੱਲੋਂ ਅੰਤਿਮ ਸਸਕਾਰ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਹੁਣ ਪੈਰੋਲ ਦੀ ਨਵੀਂ ਤਰੀਕ (17 ਜਾਂ 18 ਨਵੰਬਰ) ਲੈਣ ਲਈ ਸੋਮਵਾਰ, 16 ਨਵੰਬਰ ਨੂੰ ਮੁੜ ਅਦਾਲਤ ਵਿੱਚ ਸੁਣਵਾਈ ਹੋਵੇਗੀ।



ਸਸਕਾਰ 'ਚ ਸ਼ਾਮਲ ਹੋਣ ਲਈ ਪਰਿਵਾਰ 'ਤੇ 3 ਤੋਂ 4 ਲੱਖ ਰੁਪਏ ਦਾ ਵਿੱਤੀ ਬੋਝ; ਅੰਮ੍ਰਿਤਪਾਲ ਸਮੇਤ 5 ਪੁਲੀਸ ਮੁਲਾਜ਼ਮਾਂ ਦੇ ਹਵਾਈ ਸਫ਼ਰ ਤੇ ਖਾਣੇ ਦਾ ਖਰਚਾ ਵੀ ਖੁਦ ਚੁੱਕਣ ਦਾ ਫ਼ਰਮਾਨ

ਜਾਣਬੁੱਝ ਕੇ ਦੇਰੀ ਅਤੇ ਕਾਨੂੰਨੀ ਅੜਿੱਕਿਆਂ ਦੇ ਦੋਸ਼ ਪਾਰਟੀ ਆਗੂ ਸ਼ਮਸ਼ੇਰ

(ਬਾਕੀ ਸਫ਼ਾ 33 'ਤੇ)

ਅੰਤਿਮ ਵਿਦਾਇਗੀ ਬਣੀ ਲੋਕ ਲਹਿਰ
ਪਰਵਿੰਦਰ ਸਿੰਘ ਝੋਟਾ ਦੀਆਂ ਤਸਵੀਰਾਂ ਹੱਥਾਂ 'ਚ ਫੜ ਕੇ ਮਾਨਸਾ ਵਿਖੇ ਵੱਡੀ ਗਿਣਤੀ 'ਚ ਸੰਗਤਾਂ ਨੇ ਦਿੱਤੀ ਨਮ ਅੱਖਾਂ ਨਾਲ ਸ਼ਰਧਾਂਜਲੀ

ਕਤਲ ਦੇ 26 ਦਿਨਾਂ ਬਾਅਦ ਚਕੇਰੀਆਂ ਰੋਡ ਸਥਿਤ ਜੱਦੀ ਖੇਤਾਂ ਵਿੱਚ ਹੋਇਆ ਅੰਤਿਮ ਸੰਸਕਾਰ

ਮਾਨਸਾ/ਚੰਡੀਗੜ੍ਹ (ਬਿਊਰੋ) : ਪੰਜਾਬ ਵਿੱਚ ਨਸ਼ਿਆਂ ਦੇ ਕੋਹੜ ਵਿਰੁੱਧ ਨਿਡਰ ਹੋ ਕੇ ਆਵਾਜ਼ ਬੁਲੰਦ ਕਰਨ ਵਾਲੇ ਨੌਜਵਾਨ ਸਮਾਜਿਕ ਕਾਰਕੁੰਨ ਪਰਵਿੰਦਰ ਸਿੰਘ ਉਰਫ਼ ਝੋਟਾ ਨੂੰ ਐਤਵਾਰ (8 ਨਵੰਬਰ 2026) ਨੂੰ ਮਾਨਸਾ ਵਿਖੇ ਹਜ਼ਾਰਾਂ ਸੇਜਲ ਅੱਖਾਂ ਅਤੇ ਲੋਕ ਰੋਹ ਦੇ ਵਿਸ਼ਾਲ ਇਕੱਠ ਦਰਮਿਆਨ ਅੰਤਿਮ ਵਿਦਾਇਗੀ ਦਿੱਤੀ ਗਈ। 13 ਅਕਤੂਬਰ ਨੂੰ ਹੋਏ ਦਿਨ-ਦਿਹਾੜੇ ਕਤਲ ਤੋਂ 26 ਦਿਨਾਂ ਬਾਅਦ ਚਕੇਰੀਆਂ ਰੋਡ ਸਥਿਤ ਉਨ੍ਹਾਂ ਦੇ ਪਰਿਵਾਰਕ ਖੇਤਾਂ ਵਿੱਚ ਅੰਤਿਮ ਸੰਸਕਾਰ ਕੀਤਾ ਗਿਆ।

ਇਸ ਮੌਕੇ ਮਾਲਵੇ ਸਮੇਤ ਪੰਜਾਬ ਭਰ ਤੋਂ ਪਹੁੰਚੇ ਨੌਜਵਾਨਾਂ, ਇਲਾਕਾ ਨਿਵਾਸੀਆਂ ਅਤੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਦੇ ਕਾਰਕੁੰਨਾਂ ਨੇ ਹੱਥਾਂ ਵਿੱਚ ਪਰਵਿੰਦਰ ਸਿੰਘ ਝੋਟਾ ਦੀਆਂ ਵੱਡੀਆਂ ਤਸਵੀਰਾਂ ਤੇ ਪੋਸਟਰ ਫੜ ਕੇ ਅਤੇ ਫੁੱਲਾਂ ਦੀ ਵਰਖਾ ਕਰਦਿਆਂ 'ਪਰਵਿੰਦਰ ਸਿੰਘ ਅਮਰ ਰਹੇ' ਦੇ ਨਾਅਰਿਆਂ ਨਾਲ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।



26 ਦਿਨਾਂ ਬਾਅਦ ਸੰਸਕਾਰ: ਪੀ.ਜੀ.ਆਈ. ਚੰਡੀਗੜ੍ਹ ਵਿਖੇ ਪੋਸਟਮਾਰਟਮ ਮਗਰੋਂ ਮਾਨਸਾ ਦੇ ਜੱਦੀ ਖੇਤਾਂ 'ਚ ਹੋਇਆ ਅੰਤਿਮ ਸੰਸਕਾਰ।

ਹਜ਼ਾਰਾਂ ਨੌਜਵਾਨਾਂ ਦਾ ਹੜ੍ਹ: ਹੱਥਾਂ ਵਿੱਚ ਤਸਵੀਰਾਂ ਤੇ ਪੋਸਟਰ ਫੜ ਕੇ ਅਤੇ ਫੁੱਲਾਂ ਦੀ ਵਰਖਾ

(ਦੇਖੋ ਸਫ਼ਾ 9 'ਤੇ)

ਸਿੱਖ ਹੱਕਾਂ ਲਈ ਬੋਲਣ ਦੀ ਮਿਲੀ ਸਾਰੇ ਪਰਿਵਾਰ ਨੂੰ ਸਜ਼ਾ
ਦਾਦੀ ਦੇ ਅੰਤਿਮ ਦਰਸ਼ਨ ਕਰਨੇ ਵੀ ਹੋਏ ਔਖੇ

ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਅਦਾਲਤ ਵੱਲੋਂ ਕਸਟਡੀ ਪੈਰੋਲ ਮਿਲਣ ਦੇ ਬਾਵਜੂਦ ਆਪਣੀ ਦਾਦੀ ਮਾਤਾ ਚਰਨ ਕੌਰ ਦੇ ਅੰਤਿਮ ਸੰਸਕਾਰ ਵਿੱਚ ਸਮੇਂ ਸਿਰ ਸ਼ਾਮਲ ਨਾ ਹੋ ਸਕਣ ਦੇ ਮਾਮਲੇ ਨੇ ਪੰਜਾਬ ਦੇ ਸਿਆਸੀ, ਕਾਨੂੰਨੀ ਅਤੇ ਸਮਾਜਿਕ ਹਲਕਿਆਂ ਵਿੱਚ ਇੱਕ ਗੰਭੀਰ ਬਹਿਸ ਛੇੜ ਦਿੱਤੀ ਹੈ। ਇਸ ਘਟਨਾਕ੍ਰਮ ਨੇ ਜਿੱਥੇ ਵੱਖਰੀ ਸਿਆਸੀ ਵਿਚਾਰਧਾਰਾ ਰੱਖਣ ਵਾਲੇ ਆਗੂਆਂ ਦੇ ਅਧਿਕਾਰਾਂ ਅਤੇ ਲੋਕਤੰਤਰੀ ਪ੍ਰਤੀਨਿਧਤਾ 'ਤੇ ਸਵਾਲ ਖੜ੍ਹੇ ਕੀਤੇ ਹਨ, ਉੱਥੇ ਹੀ ਪ੍ਰਸ਼ਾਸਨਿਕ ਕਾਰਜਪ੍ਰਣਾਲੀ ਅਤੇ ਕਾਨੂੰਨੀ ਨਿਯਮਾਂ ਦੀਆਂ ਸੀਮਾਵਾਂ ਨੂੰ ਵੀ ਸਾਹਮਣੇ ਲਿਆਂਦਾ ਹੈ।



ਅੰਮ੍ਰਿਤਪਾਲ ਸਿੰਘ ਦੇ ਚਾਚਾ ਹਰਜੀਤ ਸਿੰਘ

'ਅਕਾਲੀ ਦਲ ਵਾਰਿਸ ਪੰਜਾਬ ਦੇ' ਦੇ ਆਗੂਆਂ ਸ਼ਮਸ਼ੇਰ ਸਿੰਘ ਪੱਧਰੀ ਅਤੇ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਅਨੁਸਾਰ, 13 ਨਵੰਬਰ ਨੂੰ ਅਦਾਲਤ ਵੱਲੋਂ 14 ਨਵੰਬਰ ਦੀ ਕਸਟਡੀ ਪੈਰੋਲ ਮਨਜ਼ੂਰ ਕੀਤੇ ਜਾਣ ਦੇ ਬਾਵਜੂਦ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਪੰਜਾਬ ਤੱਕ ਦੀ ਲੰਬੀ ਦੂਰੀ ਅਤੇ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਕਾਰਨ ਸਮੇਂ ਸਿਰ ਪਹੁੰਚਣਾ ਸੰਭਵ ਨਹੀਂ ਹੋ ਸਕਿਆ। ਪਾਰਟੀ ਆਗੂਆਂ ਅਤੇ ਸਮਰਥਕਾਂ ਦਾ ਇਲਜ਼ਾਮ ਹੈ ਕਿ ਇਹ ਦੇਰੀ ਸਿਰਫ਼ ਤਕਨੀਕੀ ਨਹੀਂ, ਸਗੋਂ ਸਿੱਖ ਹੱਕਾਂ ਅਤੇ ਵੱਖਰੀ ਸਿਆਸੀ ਸੋਚ ਦੀ ਗੱਲ ਕਰਨ ਵਾਲੇ ਇੱਕ ਚੁਣੇ ਹੋਏ ਨੁਮਾਇੰਦੇ ਪ੍ਰਤੀ ਵਿਤਕਰੇ ਅਤੇ ਬੇਰੁਖ਼ੀ ਦਾ ਨਤੀਜਾ ਹੈ। ਉਨ੍ਹਾਂ ਦਾ ਤਰਕ ਹੈ ਕਿ ਲੱਖਾਂ ਵੋਟਾਂ ਨਾਲ ਜਿੱਤੇ ਲੋਕ ਸਭਾ ਮੈਂਬਰ ਨੂੰ ਬਿਨਾਂ ਕਿਸੇ ਸਾਬਤ ਹੋਏ ਅਪਰਾਧ ਦੇ ਲੰਬੇ

(ਦੇਖੋ ਸਫ਼ਾ 35 'ਤੇ)

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੋਨੀਆ ਦੀ ਕਿਤਾਬ ਖ਼ਿਲਾਫ਼ ਮੁਜ਼ਾਹਰਾ
ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਤੇ ਗਾਂਧੀ ਪਰਿਵਾਰ ਨੂੰ ਕਤਲੇਆਮ ਤੋਂ ਬਰੀ ਕਰਨ ਦਾ ਦੋਸ਼



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਂਗਰਸ ਦੀ ਸੀਨੀਅਰ ਆਗੂ ਸੋਨੀਆ ਗਾਂਧੀ ਦੀ ਪੁਸਤਕ ਦੀਆਂ ਕਾਪੀਆਂ ਸਾੜ ਕੇ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰੇ ਵਿੱਚ ਨਵੰਬਰ 1984 ਸਿੱਖ ਕਤਲੇਆਮ ਦੇ ਪੀੜਤ

(ਦੇਖੋ ਸਫ਼ਾ 33 'ਤੇ)

ਸੋਨੀਆ ਗਾਂਧੀ ਦੀ ਕਿਤਾਬ 'ਚ ਸਿੱਖ ਕਤਲੇਆਮ ਬਾਰੇ ਪੇਸ਼ ਕਹਾਣੀ ਤੱਥਾਂ ਤੋਂ ਉਲਟ : ਢੁਲਕਾ

ਨਵੀਂ ਦਿੱਲੀ : ਭਾਜਪਾ ਆਗੂ ਔਂਚ ਔਂਸ ਢੁਲਕਾ ਨੇ ਮੰਗਲਵਾਰ ਨੂੰ ਸੋਨੀਆ ਗਾਂਧੀ 'ਤੇ ਦੇਸ਼ ਦੇ ਲੋਕਾਂ ਨੂੰ




(ਦੇਖੋ ਸਫ਼ਾ 18 'ਤੇ)

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify,1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vivd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੋਲ, ਸ਼ੋਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667



ਪੋਲੀਟੀਕਲ ਅਸਾਈਲਮ • Political Asylum
Deportation of Defense • BIA Appeal
9 Circuit Court • Federal Court
ਗਰੀਨਕਾਰਡ • ਸਿਟੀਜਨਸ਼ਿਪ
Green Card • Citizenship
ਡਾਈਵੋਰਸ • ਸਿਵਲ ਐਂਡ ਕਰੀਮੀਨਲ ਕੇਸ
Divorce • Civil and Criminal Cases
Family Petition Immigration
Travel document • Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
ESQ, Abogado
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

ਅਮਰੀਕੀ ਨਾਗਰਿਕਤਾ ਦਾ ਰਾਹ ਖੋਲ੍ਹਣ ਲਈ 150 ਤੋਂ ਵੱਧ ਜਥੇਬੰਦੀਆਂ ਦੀ ਅਪੀਲ

ਨਿਊਯਾਰਕ : ਅਮਰੀਕਾ 'ਚ ਪਰਵਾਸੀਆਂ ਦੇ ਹੱਕਾਂ ਲਈ ਕੰਮ ਕਰਦੀਆਂ 150 ਤੋਂ ਵੱਧ ਜਥੇਬੰਦੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਡੈਮੋਕ੍ਰੈਟਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਵੀਂ ਕਾਂਗਰਸ ਵਿਚ ਨਾਗਰਿਕਤਾ ਦਾ ਰਾਹ ਖੋਲ੍ਹਣ ਨੂੰ ਪਹਿਲ ਦੇਣ। ਸਾਂਝੀ ਚਿੱਠੀ 'ਚ ਉਨ੍ਹਾਂ ਮੰਗ ਕੀਤੀ ਕਿ ਬਿਨਾਂ ਕਾਨੂੰਨੀ ਦਰਜੇ



ਤੋਂ ਰਹਿ ਰਹੇ ਪਰਵਾਸੀਆਂ ਲਈ ਅਜਿਹਾ ਬਿੱਲ ਲਿਆਂਦਾ ਜਾਵੇ, ਜਿਸ ਰਾਹੀਂ ਉਹ ਪਹਿਲਾਂ ਪੱਕੀ ਰਿਹਾਇਸ਼ ਤੇ ਫਿਰ ਅਮਰੀਕੀ ਨਾਗਰਿਕਤਾ ਹਾਸਲ ਕਰ ਸਕਣ। ਜਥੇਬੰਦੀਆਂ ਨੇ ਇਸ ਬਿੱਲ ਵਿਚ ਹੋਰ ਪਾਬੰਦੀਆਂ ਤੇ ਵਧੇਰੇ ਨਿਗਰਾਨੀ ਦੀਆਂ ਸ਼ਰਤਾਂ ਜੋੜਨ ਦਾ ਵੀ ਵਿਰੋਧ ਕੀਤਾ ਹੈ। ਜਥੇਬੰਦੀਆਂ ਨੇ ਕਾਂਗਰਸ ਨੂੰ ਇਹ ਜਾਂਚ ਕਰਨ ਲਈ ਕਿਹਾ ਹੈ ਕਿ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦੀ ਮੁਹਿੰਮ ਦੌਰਾਨ ਗ੍ਰਹਿ ਸੁਰੱਖਿਆ ਵਿਭਾਗ ਨੇ ਕਿਸੇ ਕਾਨੂੰਨ ਦੀ ਉਲੰਘਣਾ ਕੀਤੀ ਸੀ ਜਾਂ ਨਹੀਂ। ਉਨ੍ਹਾਂ ਮੰਗ ਕੀਤੀ ਕਿ ਆਈਸ ਤੇ ਸਰਹੱਦੀ ਗਸ਼ਤ ਏਜੰਸੀ ਦੇ ਕੰਮਕਾਜ ਵਿੱਚ ਸੁਧਾਰ ਹੋਣ ਤੱਕ ਉਨ੍ਹਾਂ ਨੂੰ ਹੋਰ ਫੰਡ ਨਾ ਦਿੱਤੇ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਗ੍ਰਹਿ ਸੁਰੱਖਿਆ ਵਿਭਾਗ ਨੂੰ ਪਹਿਲਾਂ ਦਿੱਤੇ ਅਰਬਾਂ ਡਾਲਰਾਂ ਵਿਚੋਂ ਰਕਮ ਵਾਪਸ ਲੈ ਕੇ ਲੋਕਾਂ ਦੇ ਨਿੱਤ ਦੇ ਖ਼ਰਚੇ ਘਟਾਉਣ ਵਾਲੀਆਂ ਯੋਜਨਾਵਾਂ 'ਤੇ ਲਾਈ ਜਾਵੇ। ਮੱਧਕਾਲੀ ਚੋਣਾਂ ਵਿਚ ਡੈਮੋਕ੍ਰੈਟਾਂ ਨੇ ਕਾਂਗਰਸ ਦੇ ਦੋਵੇਂ ਸਦਨਾਂ ਵਿਚ ਬਹੁਮਤ ਹਾਸਲ ਕੀਤਾ ਹੈ। ਚੋਣਾਂ ਮਗਰੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਦੇਸ਼ ਨਿਕਾਲੇ ਦੀ ਉਨ੍ਹਾਂ ਦੀ ਮੁਹਿੰਮ ਸ਼ਾਇਦ ਹਦੋਂ ਵੱਧ ਸਖ਼ਤ ਰਹੀ ਹੋਵੇ। ਉਨ੍ਹਾਂ ਨੇ ਲੰਮੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਕੁਝ ਪਰਵਾਸੀਆਂ ਨੂੰ ਕਾਨੂੰਨੀ ਦਰਜਾ ਦੇਣ ਬਾਰੇ ਡੈਮੋਕ੍ਰੈਟਾਂ ਨਾਲ ਗੱਲਬਾਤ ਦਾ ਸੰਕੇਤ ਵੀ ਦਿੱਤਾ ਹੈ। ਹਾਲਾਂਕਿ, ਦੇਸ਼ ਨਿਕਾਲੇ ਦੀ ਮੁਹਿੰਮ ਨੂੰ ਰੂਪ ਦੇਣ ਵਾਲੇ ਸਟੀਫ਼ਨ ਮਿਲਰ ਦੀ ਵ੍ਹਾਈਟ ਹਾਊਸ ਦੇ ਚੀਫ਼ ਆਫ਼ ਸਟਾਫ਼ ਵਜੋਂ ਨਿਯੁਕਤੀ ਨਾਲ ਇਹ ਗੱਲਬਾਤ ਔਖੀ ਹੋ ਸਕਦੀ ਹੈ। ਦੂਜੇ ਪਾਸੇ, ਰਿਪਬਲਿਕਨਾਂ ਦੇ ਫਰੀਡਮ ਕਾਕਸ ਨੇ ਮੰਗ ਕੀਤੀ ਹੈ ਕਿ ਨਵੀਂ ਕਾਂਗਰਸ ਦੇ ਮੈਂਬਰਾਂ ਦੇ ਸਹੁੰ ਚੁੱਕਣ ਤੋਂ ਪਹਿਲਾਂ ਟਰੰਪ ਦੀਆਂ ਸਖ਼ਤ ਸਰਹੱਦੀ ਨੀਤੀਆਂ ਨੂੰ ਕਾਨੂੰਨ ਦਾ ਰੂਪ ਦਿੱਤਾ ਜਾਵੇ। ਧੜੇ ਨੇ ਸੰਘੀ ਚੋਣਾਂ ਵਿਚ ਵੋਟਰਾਂ ਦੀ ਪਛਾਣ ਦੀ ਜਾਂਚ ਦੇ ਨਿਯਮ ਹੋਰ ਸਖ਼ਤ ਕਰਨ ਲਈ ਵੀ ਕਿਹਾ ਹੈ।

ਪ੍ਰਵਾਸੀਆਂ ਨੂੰ ਵੱਡੇ ਪੱਧਰ 'ਤੇ ਡਿਪੋਰਟ ਕਰਨ ਦੀ ਤਿਆਰੀ 'ਚ ਅਮਰੀਕਾ

ਟਰੰਪ ਦੀਆਂ ਨੀਤੀਆਂ ਤੋਂ ਡਰੇ ਵਿਦਿਆਰਥੀ

ਵਾਸ਼ਿੰਗਟਨ : ਅਮਰੀਕਾ 'ਚ ਮੱਧਕਾਲੀ ਚੋਣਾਂ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ, ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਅਤੇ ਵਿਦੇਸ਼ੀ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਲੈ ਕੇ ਵਿਰੋਧ ਦੀਆਂ ਆਵਾਜ਼ਾਂ ਤੇਜ਼ ਹੋਣ ਲੱਗੀਆਂ ਹਨ। ਬੋਸਟਨ ਦੀ ਨਾਰਥ ਈਸਟਰਨ ਯੂਨੀਵਰਸਿਟੀ 'ਚ ਆਯੋਜਿਤ ਇਕ ਟਾਊਨਹਾਲ ਮੀਟਿੰਗ 'ਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਦੀ ਕਾਰਵਾਈ 'ਤੇ ਸਵਾਲ ਉਠਾਉਂਦਿਆਂ ਇਸ ਨੂੰ ਖ਼ਤਮ ਕਰਨ ਅਤੇ ਇਮੀਗ੍ਰੇਸ਼ਨ ਪ੍ਰਣਾਲੀ 'ਚ ਵਿਆਪਕ ਸੁਧਾਰਾਂ ਦੀ ਮੰਗ ਕੀਤੀ। ਵਿਦਿਆਰਥੀਆਂ ਨੇ ਖ਼ਦਸ਼ਾ ਪ੍ਰਗਟਾਇਆ ਕਿ ਵੀਜ਼ਾ ਰੱਦ ਹੋਣ ਅਤੇ ਦੇਸ਼ ਨਿਕਾਲੇ ਦੀ ਕਾਰਵਾਈ ਦੇ ਡਰੋਂ ਅੰਤਰਰਾਸ਼ਟਰੀ ਵਿਦਿਆਰਥੀ ਕੈਂਪਸ ਦੀਆਂ ਗਤੀਵਿਧੀਆਂ 'ਚ ਵੀ ਹਿੱਸਾ ਲੈਣ ਤੋਂ ਝਿਜਕ ਰਹੇ ਹਨ।

ਆਈ.ਸੀ.ਈ. ਅਤੇ ਹੋਮਲੈਂਡ ਸਕਿਓਰਿਟੀ ਵਿਭਾਗ 'ਤੇ ਨਿਸ਼ਾਨਾ : ਇਕ ਰਿਪੋਰਟ ਦੇ ਅਨੁਸਾਰ ਬੀਤੇ ਹਫ਼ਤੇ ਯੂਨੀਵਰਸਿਟੀ ਦੇ 'ਯੰਗ ਡੈਮੋਕ੍ਰੇਟਿਕ ਸੋਸ਼ਲਿਸਟਸ ਆਫ਼ ਅਮਰੀਕਾ' ਨੇ ਇਸ ਮੀਟਿੰਗ ਦਾ ਆਯੋਜਨ ਕੀਤਾ ਸੀ, ਜਿਸ 'ਚ ਲਗਭਗ 20 ਵਿਦਿਆਰਥੀ ਸ਼ਾਮਲ ਹੋਏ। ਮੀਟਿੰਗ 'ਚ ਯੂਨੀਵਰਸਿਟੀ ਦੇ ਪ੍ਰੋਫੈਸਰ ਐਮੇਰਿਟਸ ਮਾਰਟਿਨ ਬਲਾਟ ਅਤੇ ਸਕੂਲ ਆਫ਼ ਲਾਅ ਦੀ ਪ੍ਰੋਫੈਸਰ ਰੇਚਲ ਰੌਸਨਬਲੂਮ ਨੇ ਇਮੀਗ੍ਰੇਸ਼ਨ ਨੀਤੀਆਂ 'ਤੇ ਚਰਚਾ ਕੀਤੀ। ਬਲਾਟ ਨੇ ਆਈ. ਸੀ. ਈ. ਦੇ ਨਾਲ-ਨਾਲ ਇਸ ਦੀ ਮੂਲ ਏਜੰਸੀ 'ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ' ਨੂੰ ਵੀ ਖ਼ਤਮ ਕਰਨ ਦੀ ਮੰਗ ਕੀਤੀ। ਦੂਜੇ ਪਾਸੇ, ਰੌਸਨਬਲੂਮ ਨੇ ਕਿਹਾ ਕਿ ਸਮੱਸਿਆ ਸਿਰਫ਼ ਆਈ. ਸੀ. ਈ. ਤੱਕ ਸੀਮਤ ਨਹੀਂ ਹੈ, ਸਗੋਂ ਪੂਰੀ ਇਮੀਗ੍ਰੇਸ਼ਨ ਪ੍ਰਣਾਲੀ 'ਚ ਬਦਲਾਅ ਦੀ ਲੋੜ ਹੈ।



ਅਮਰੀਕੀ ਨਾਗਰਿਕਾਂ ਦੀ ਗ੍ਰਿਫ਼ਤਾਰੀ 'ਤੇ ਵੀ ਚਿੰਤਾ : ਮੀਟਿੰਗ 'ਚ ਵਿਦਿਆਰਥੀਆਂ ਨੇ ਸਵਾਲ ਉਠਾਇਆ ਕਿ ਆਈ. ਸੀ. ਈ. ਦੀ ਕਾਰਵਾਈ ਦੌਰਾਨ ਅਮਰੀਕੀ ਨਾਗਰਿਕਾਂ ਨੂੰ ਵੀ ਗ੍ਰਿਫ਼ਤਾਰ ਕੀਤੇ ਜਾਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਰੌਸਨਬਲੂਮ ਨੇ ਸਪੱਸ਼ਟ ਕੀਤਾ ਕਿ ਆਈ. ਸੀ. ਈ. ਅਤੇ ਇਮੀਗ੍ਰੇਸ਼ਨ ਅਦਾਲਤਾਂ ਕੋਲ ਅਮਰੀਕੀ ਨਾਗਰਿਕਾਂ ਖ਼ਿਲਾਫ਼ ਕਾਰਵਾਈ ਦਾ ਅਧਿਕਾਰ ਨਹੀਂ ਹੈ ਪਰ ਇਸ ਦੇ ਬਾਵਜੂਦ ਨਾਗਰਿਕਾਂ ਦੀ ਗ੍ਰਿਫ਼ਤਾਰੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਰਵਾਈਆਂ 'ਚ ਨਸਲੀ ਪੱਖਪਾਤ ਅਤੇ ਮੂਲ ਨਿਵਾਸੀ ਹੋਣ ਦੀ ਭਾਵਨਾ ਹਾਵੀ ਹੁੰਦੀ ਦਿਖਾਈ ਦੇ ਰਹੀ ਹੈ।

ਯੂਨੀਵਰਸਿਟੀ ਦੇ ਸਰਕਾਰੀ ਸਮਝੌਤੇ ਵੀ ਸਵਾਲਾਂ ਦੇ ਘੇਰੇ 'ਚ : ਵਿਦਿਆਰਥੀਆਂ ਨੇ ਹੋਮਲੈਂਡ ਸਕਿਓਰਿਟੀ ਵਿਭਾਗ ਨਾਲ ਯੂਨੀਵਰਸਿਟੀ ਦੇ 2 ਸਮਝੌਤਿਆਂ 'ਤੇ ਵੀ ਸਵਾਲ ਉਠਾਏ। ਇਨ੍ਹਾਂ 'ਚੋਂ ਇਕ 36 ਮਿਲੀਅਨ ਡਾਲਰ ਦਾ ਸਮਝੌਤਾ ਸਕੂਲਾਂ ਅਤੇ ਮੈਟਰੋ ਸਟੇਸ਼ਨਾਂ ਵਰਗੀਆਂ ਜਨਤਕ ਥਾਵਾਂ ਦੀ ਸੁਰੱਖਿਆ ਲਈ ਡਿਜੀਟਲ ਨਿਗਰਾਨੀ ਪ੍ਰਣਾਲੀ ਵਿਕਸਿਤ ਕਰਨ ਨਾਲ ਜੁੜਿਆ ਹੋਇਆ ਹੈ। ਦੂਜਾ ਧਮਾਕਾਖੇਜ਼ ਸਮੱਗਰੀ ਦੀ ਪਛਾਣ ਕਰਨ ਵਾਲੀ ਤਕਨਾਲੋਜੀ ਵਿਕਸਿਤ ਕਰਨ ਦੇ ਪ੍ਰੋਗਰਾਮ ਨਾਲ ਸਬੰਧਤ ਹੈ।

ਪ੍ਰਦਰਸ਼ਨ ਦੀ ਇਜਾਜ਼ਤ ਲਈ 7 ਦਿਨ ਪਹਿਲਾਂ ਅਰਜ਼ੀ ਦੇਣਾ ਲਾਜ਼ਮੀ : ਵਿਦੇਸ਼ੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਯੂਨੀਵਰਸਿਟੀ 'ਚ 'ਸੈਂਕਚੁਅਰੀ ਪਾਲਿਸੀ' (ਸੁਰੱਖਿਅਤ ਨੀਤੀ) ਲਾਗੂ ਕਰਨ ਦੀ ਮੰਗ ਵੀ ਉੱਠੀ। ਇਸ ਤੋਂ ਇਲਾਵਾ ਕੈਂਪਸ 'ਚ ਧਰਨੇ-ਪ੍ਰਦਰਸ਼ਨਾਂ 'ਤੇ ਲਾਈਆਂ ਪਾਬੰਦੀਆਂ ਦੀ ਆਲੋਚਨਾ ਕੀਤੀ ਗਈ। ਸਾਲ 2024 'ਚ ਫਿਲਸਤੀਨ ਸਮਰਥਕ ਪ੍ਰਦਰਸ਼ਨਾਂ ਦੌਰਾਨ 98 ਲੋਕਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਯੂਨੀਵਰਸਿਟੀ ਨੇ ਨਿਯਮ ਸਖ਼ਤ ਕਰ ਦਿੱਤੇ ਸਨ। ਹੁਣ ਪ੍ਰਦਰਸ਼ਨ ਲਈ 7 ਦਿਨ ਪਹਿਲਾਂ ਇਜਾਜ਼ਤ ਲੈਣੀ ਜ਼ਰੂਰੀ ਹੈ ਅਤੇ ਰਾਤ ਭਰ ਪ੍ਰਦਰਸ਼ਨ ਕਰਨ ਜਾਂ ਅਸਥਾਈ ਢਾਂਚੇ ਖੜ੍ਹੇ ਕਰਨ 'ਤੇ ਰੋਕ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨੇ ਜਵਾਬ 'ਚ ਕਿਹਾ ਕਿ ਉਹ ਵਿਰੋਧੀ ਵਿਚਾਰਾਂ ਦੇ ਖੁੱਲ੍ਹੇ ਆਦਾਨ-ਪ੍ਰਦਾਨ ਦਾ ਸਮਰਥਨ ਕਰਦਾ ਹੈ, ਬਸ਼ਰਤੇ ਗੱਲਬਾਤ 'ਚ ਸ਼ਿਸ਼ਟਾਚਾਰ ਅਤੇ ਆਪਸੀ ਸਤਿਕਾਰ ਬਣਿਆ ਰਹੇ।

ਅਮਰੀਕਾ 'ਚ ਚੋਰੀ ਦੇ ਦੋਸ਼ ਹੇਠ ਪੰਜਾਬੀ ਗ੍ਰਿਫ਼ਤਾਰ

ਨਿਊਯਾਰਕ : ਨਿਊ ਹੈਵਨ ਦੀ ਇਕ ਤਾਂਬਾ ਬਣਾਉਣ ਵਾਲੀ ਫੈਕਟਰੀ ਵਿਚੋਂ 1 ਲੱਖ 15 ਹਜ਼ਾਰ ਡਾਲਰ ਤੋਂ ਵੱਧ ਕੀਮਤ ਦੀ ਤਾਂਬੇ ਦੀ ਤਾਰ ਚੋਰੀ ਕਰਨ ਦੀ ਕੋਸ਼ਿਸ਼ ਦੇ ਦੋਸ਼ 'ਚ ਇਕ ਪੰਜਾਬੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। 24 ਸਾਲਾ ਅਰਸ਼ਦੀਪ ਸਿੰਘ ਨੂੰ ਤਾਂਬਾ ਬਣਾਉਣ ਵਾਲੀ ਫੈਕਟਰੀ ਵਿਚੋਂ ਬਾਹਰ ਨਿਕਲਣ ਤੋਂ ਥੋੜ੍ਹੀ ਦੇਰ ਬਾਅਦ ਹੀ ਗ੍ਰਿਫ਼ਤਾਰ ਕਰ ਲਿਆ ਗਿਆ।



ਉਸ ਨੇ ਫੈਕਟਰੀ 'ਚ ਦੱਸਿਆ ਸੀ ਕਿ ਉਹ ਇਕ ਜਾਣੀ-ਪਛਾਣੀ ਟਰਾਂਸਪੋਰਟ ਕੰਪਨੀ ਦਾ ਟਰੱਕ ਡਰਾਈਵਰ ਹੈ ਤੇ ਇੱਥੇ ਆਰਡਰ ਲੈਣ ਆਇਆ ਹੈ। ਅਦਾਲਤੀ ਕਾਗਜ਼ਾਂ ਮੁਤਾਬਕ, ਪੈਨਸਿਲਵੇਨੀਆ ਦੀ ਇਕ ਟਰੱਕਿੰਗ ਕੰਪਨੀ ਨੇ ਫੈਕਟਰੀ ਨੂੰ ਚੈਕਸ ਕੀਤਾ ਸੀ ਕਿ ਉਸ ਦੇ ਈ-ਮੇਲ ਖਾਤੇ ਵਿਚ ਘੁਸਪੈਠ ਹੋਣ ਦਾ ਸ਼ੱਕ ਹੈ ਤੇ ਕੋਈ ਉਸ ਦੇ ਨਾਂਅ 'ਤੇ ਖੇਪ ਚੁੱਕਣ ਆ ਸਕਦਾ ਹੈ। ਫੈਕਟਰੀ ਪਹੁੰਚੇ ਅਰਸ਼ਦੀਪ ਨੇ ਆਪਣਾ ਨਾਂਅ ਬਰਾੜ ਕਾਵੀ ਦੱਸਿਆ ਤੇ ਉਸੇ ਨਾਂਅ ਦਾ ਵਪਾਰਕ ਡਰਾਈਵਿੰਗ ਲਾਇਸੈਂਸ ਵਿਖਾਇਆ। ਜਦੋਂ ਲਾਇਸੈਂਸ ਤੇ ਵਾਹਨ ਦੀ ਰਜਿਸਟ੍ਰੇਸ਼ਨ ਦੇ ਵੇਰਵੇ ਰਿਕਾਰਡ ਨਾਲ ਮੇਲ ਨਾ ਖਾਧੇ ਤਾਂ ਮੁਲਾਜ਼ਮਾਂ ਨੇ ਉਸ ਨੂੰ ਖਾਲੀ ਹੱਥ ਮੋੜ ਦਿੱਤਾ ਤੇ ਪੁਲਿਸ ਨੂੰ ਸੂਚਨਾ ਦਿੱਤੀ। ਪੁਲਿਸ ਨੇ ਇਲਾਕੇ ਦੇ ਕੈਮਰਿਆਂ ਦੀ ਮਦਦ ਨਾਲ ਟਰੱਕ ਨੂੰ ਹਾਈਵੇਅ 13 ਤੇ ਇੰਟਰਸਟੇਟ 69 ਨੇੜੇ ਇਕ ਟਰੱਕ ਸਟਾਪ 'ਤੇ ਲੱਭ ਲਿਆ। ਟਰੱਕ ਦੀ ਨੰਬਰ ਪਲੇਟ ਦਾ ਰਿਕਾਰਡ ਵਾਹਨ ਨਾਲ ਮੇਲ ਨਹੀਂ ਖਾਂਦਾ ਸੀ।

ਟਰੇਲਰ ਦੇ ਪਛਾਣ ਨੰਬਰ ਤੋਂ ਪਤਾ ਲੱਗਾ ਕਿ ਉਹ ਨਿਊ ਹੇਵਨ ਤੋਂ ਚੋਰੀ ਹੋਇਆ ਸੀ। ਪੁੱਛਗਿੱਛ ਦੌਰਾਨ ਅਰਸ਼ਦੀਪ ਨੇ ਪੁਲਿਸ ਨੂੰ ਦੱਸਿਆ ਕਿ ਇਕ ਬਿਮਾਰ ਦੋਸਤ ਨੇ ਉਸ ਨੂੰ ਆਪਣੇ ਵਲੋਂ ਖੇਪ ਚੁੱਕਣ ਲਈ ਕਿਹਾ ਸੀ। ਉਸ ਮੁਤਾਬਕ, ਉਸੇ ਦੋਸਤ ਨੇ ਇੰਡੀਆਨਾ ਦੇ ਨੋਬਲਜ਼ਵਿਲ ਵਿਚੋਂ ਇਕ ਹੋਰ ਖੇਪ ਚੁੱਕਣ ਲਈ ਨੰਬਰ ਪਲੇਟਾਂ, ਟਰੇਲਰ ਦਾ ਨੰਬਰ ਤੇ ਕੰਪਨੀ ਦਾ ਨਿਸ਼ਾਨ ਬਦਲਣ ਲਈ ਵੀ ਕਿਹਾ ਸੀ।

ਟਰੰਪ ਦੇ ਕਰੀਬੀ ਨੂੰ ਵੱਡੀ ਰਾਹਤ, ਮਹਾਂਦੋਸ਼ ਪ੍ਰਸਤਾਵ ਹੋਇਆ ਰੱਦ

ਵਾਸ਼ਿੰਗਟਨ : ਅਮਰੀਕੀ ਪ੍ਰਤੀਨਿਧੀ ਸਭਾ ਨੇ ਮੰਗਲਵਾਰ ਨੂੰ ਰੱਖਿਆ ਸਕੱਤਰ ਪੀਟ ਹੇਗਸੇਥ ਵਿਰੁੱਧ ਮਹਾਂਦੋਸ਼ ਪ੍ਰਸਤਾਵ ਨੂੰ ਰੱਦ ਕਰ ਦਿੱਤਾ, ਜਿਸ ਨਾਲ ਪੈਂਟਾਗਨ ਮੁਖੀ ਨੂੰ ਈਰਾਨ ਨਾਲ ਜੰਗ ਦੇ ਆਚਰਣ ਅਤੇ ਪ੍ਰਬੰਧਨ ਨੂੰ ਲੈ ਕੇ ਉਨ੍ਹਾਂ ਦੇ ਅਹੁਦੇ ਤੋਂ ਹਟਾਉਣ ਦੀ ਕੋਸ਼ਿਸ਼ ਨੂੰ ਅਸਫਲ ਕਰ ਦਿੱਤਾ ਗਿਆ। ਮਹਾਂਦੋਸ਼ ਪ੍ਰਸਤਾਵ 'ਤੇ ਵੋਟਿੰਗ ਅਜਿਹੇ ਸਮੇਂ ਹੋਈ ਹੈ ਜਦੋਂ ਰਿਪਬਲਿਕਨ ਪਾਰਟੀ ਮੱਧਕਾਲੀ ਚੋਣਾਂ ਵਿੱਚ ਕਰਾਰੀ ਹਾਰ ਤੋਂ ਬਾਅਦ ਅੰਦਰੂਨੀ ਉਥਲ-ਪੁਥਲ ਨਾਲ ਜੂਝ ਰਹੀ ਹੈ। ਕੁਝ ਪਾਰਟੀ ਨੇਤਾਵਾਂ ਨੇ ਚੋਣ ਹਾਰ ਲਈ ਈਰਾਨ ਨਾਲ ਜੰਗ ਅਤੇ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧੇ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਹਾਲਾਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਰੱਖਿਆ ਸਕੱਤਰ ਪੀਟ ਹੇਗਸੇਥ ਦਾ ਖੁੱਲ੍ਹ ਕੇ ਸਮਰਥਨ ਕਰਨ ਤੋਂ ਬਾਅਦ ਰਿਪਬਲਿਕਨ ਸੰਸਦ ਮੈਂਬਰਾਂ ਨੇ ਮੰਗਲਵਾਰ ਨੂੰ ਉਨ੍ਹਾਂ ਦਾ ਸਾਥ ਦਿੱਤਾ ਅਤੇ ਕੈਂਟਕੀ ਦੇ ਰਿਪਬਲਿਕਨ ਕਾਂਗਰਸਮੈਨ ਥਾਮਸ ਮੈਸੀ ਦੁਆਰਾ ਪੇਸ਼ ਕੀਤੇ ਗਏ ਮਹਾਂਦੋਸ਼ ਪ੍ਰਸਤਾਵ ਨੂੰ ਰੱਦ ਕਰ ਦਿੱਤਾ। ਇਸ ਪ੍ਰਸਤਾਵ ਦਾ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਨੇ ਸਮਰਥਨ ਕੀਤਾ। ਹਾਲਾਂਕਿ ਹੇਗਸੇਥ ਵਿਰੁੱਧ ਮਹਾਂਦੋਸ਼ ਪ੍ਰਸਤਾਵ ਨੂੰ ਰੱਦ ਕੀਤੇ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦੀਆਂ ਕੋਸ਼ਿਸ਼ਾਂ ਜਾਰੀ ਰਹਿ ਸਕਦੀਆਂ ਹਨ ਕਿਉਂਕਿ ਡੈਮੋਕ੍ਰੇਟਿਕ ਪਾਰਟੀ ਜਨਵਰੀ ਵਿੱਚ ਪ੍ਰਤੀਨਿਧੀ ਸਭਾ ਅਤੇ ਸੈਨੇਟ ਦੋਵਾਂ ਦਾ ਕੰਟਰੋਲ ਆਪਣੇ ਹੱਥ ਵਿੱਚ ਲੈ ਲਵੇਗੀ।



ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਓਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ



Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

ਅਮਰੀਕਾ ਦੀਆਂ ਮਿਡਟਰਮ ਚੋਣਾਂ 'ਚ ਡੈਮੋਕ੍ਰੇਟਸ ਦਾ ਵੱਡਾ ਧਮਾਕਾ

24 ਸੂਬਿਆਂ ਦੀਆਂ ਵਿਧਾਨ ਸਭਾਵਾਂ 'ਚ ਹਾਸਲ ਕੀਤਾ ਬਹੁਮਤ



ਵਾਸ਼ਿੰਗਟਨ : ਅਮਰੀਕਾ ਦੀਆਂ ਮਿਡਟਰਮ ਚੋਣਾਂ ਵਿਚ ਡੈਮੋਕ੍ਰੇਟਿਕ ਪਾਰਟੀ ਨੇ ਕਾਂਗਰਸ ਦੇ ਦੋਵਾਂ ਸਦਨਾਂ ਅਤੇ ਗਵਰਨਰ ਅਹੁਦਿਆਂ ਦੇ ਨਾਲ-ਨਾਲ ਸੂਬਾ ਵਿਧਾਨ ਸਭਾਵਾਂ ਵਿਚ ਵੀ ਵੱਡੀ ਲੀਡ ਹਾਸਲ ਕੀਤੀ ਹੈ। ਵਿਧਾਨ ਸਭਾ ਨਤੀਜਿਆਂ ਤੋਂ ਬਾਅਦ ਇਕ ਦਹਾਕੇ ਤੋਂ ਵੱਧ ਸਮੇਂ ਵਿਚ ਪਹਿਲੀ ਵਾਰ ਡੈਮੋਕ੍ਰੇਟਸ ਦੇਸ਼ ਦੀਆਂ ਅੱਧੀਆਂ ਤੋਂ ਵੱਧ ਸੂਬਾ ਵਿਧਾਨ ਸਭਾਵਾਂ 'ਤੇ ਕੰਟਰੋਲ ਕਰਨ ਵਿਚ ਸਫਲ ਰਹੇ ਹਨ। ਚੋਣਾਂ ਤੋਂ ਪਹਿਲਾਂ 49 ਦੋ-ਸਦਨਾਂ ਵਾਲੀਆਂ ਸੂਬਾ ਵਿਧਾਨ ਸਭਾਵਾਂ 'ਚੋਂ 28 'ਤੇ ਰਿਪਬਲਿਕਨਾਂ ਅਤੇ 18 'ਤੇ ਡੈਮੋਕ੍ਰੇਟਸ ਦਾ ਕੰਟਰੋਲ ਸੀ। ਹੁਣ ਡੈਮੋਕ੍ਰੇਟਸ 24 ਸੂਬਿਆਂ ਵਿਚ ਦੋਵਾਂ ਸਦਨਾਂ ਵਿਚ ਬਹੁਮਤ ਰੱਖਦੇ ਹਨ, ਜਦਕਿ ਰਿਪਬਲਿਕਨ 22 ਸੂਬਿਆਂ ਵਿਚ ਅੱਗੇ ਹਨ। ਨਾਰਥ ਕੈਰੋਲਿਨਾ ਅਤੇ ਟੈਕਸਾਸ ਵਿਚ ਸੱਤਾ ਵੰਡੀ ਹੋਈ ਹੈ। ਅਲਾਸਕਾ ਅਤੇ ਜਾਰਜੀਆ ਦੇ ਕੁਝ ਨਤੀਜੇ ਅਜੇ ਬਕਾਇਆ ਹਨ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਚੋਣ ਨਤੀਜਿਆਂ ਦਾ ਅਸਰ 2028 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਚੋਣ ਪ੍ਰਣਾਲੀ 'ਤੇ ਵੀ ਪੈ ਸਕਦਾ ਹੈ।

ਵਿਸਕਾਨਸਿਨ ਅਤੇ ਮਿਸ਼ੀਗਨ 'ਚ ਵੱਡੀ ਜਿੱਤ

ਡੈਮੋਕ੍ਰੇਟਸ ਨੇ ਵਿਸਕਾਨਸਿਨ ਵਿਚ ਵਿਧਾਨ ਸਭਾ ਅਤੇ ਸੈਨੇਟ ਦੋਵਾਂ 'ਤੇ ਕਬਜ਼ਾ ਕਰ ਲਿਆ ਹੈ। ਇੱਥੇ ਗਵਰਨਰ ਵੀ ਇਸੇ ਪਾਰਟੀ ਦਾ ਹੈ। ਮਿਸ਼ੀਗਨ ਵਿਚ ਵੀ ਪਾਰਟੀ ਨੇ ਪ੍ਰਤੀਨਿਧੀ ਸਦਨ ਵਿਚ ਬਹੁਮਤ ਹਾਸਲ ਕੀਤਾ ਅਤੇ ਸੈਨੇਟ ਵਿਚ ਆਪਣੀ ਸਥਿਤੀ ਮਜ਼ਬੂਤ ਕੀਤੀ। ਮਿਨੀਸੋਟਾ ਵਿਚ ਵਿਧਾਨ ਸਭਾ 'ਤੇ ਦੁਬਾਰਾ ਕੰਟਰੋਲ ਮਿਲਿਆ, ਜਦਕਿ ਸੈਨੇਟ ਅਤੇ ਗਵਰਨਰ ਦਾ ਅਹੁਦਾ ਬਰਕਰਾਰ ਰਿਹਾ। ਪੈਨਸਿਲਵੇਨੀਆ ਵਿਚ ਸੈਨੇਟ ਜਿੱਤਣ ਦੇ ਨਾਲ ਪ੍ਰਤੀਨਿਧੀ ਸਦਨ 'ਤੇ ਪਕੜ ਕਾਇਮ ਰੱਖੀ। ਐਰੀਜ਼ੋਨਾ ਅਤੇ ਨਿਊ ਹੈਂਪਸ਼ਾਇਰ ਵਿਚ ਵੀ ਦੋਵਾਂ ਸਦਨਾਂ 'ਚ ਡੈਮੋਕ੍ਰੇਟਿਕ ਬਹੁਮਤ ਸਥਾਪਤ ਹੋਇਆ। ਜਾਰਜੀਆ, ਨਾਰਥ ਕੈਰੋਲਿਨਾ ਅਤੇ ਟੈਕਸਾਸ 'ਚ ਪ੍ਰਤੀਨਿਧੀ ਸਦਨ ਵਿਚ ਪਾਰਟੀ ਨੂੰ ਜਿੱਤ ਮਿਲੀ।

2028 ਦੀਆਂ ਚੋਣਾਂ ਅਤੇ ਹੱਦਬੰਦੀ 'ਤੇ ਪਵੇਗਾ ਅਸਰ : ਸੂਬਾ ਵਿਧਾਨ ਸਭਾਵਾਂ 'ਤੇ ਕੰਟਰੋਲ ਮਿਲਣ ਨਾਲ ਡੈਮੋਕ੍ਰੇਟਸ ਨੂੰ ਚੋਣ ਨਿਯਮ ਬਣਾਉਣ, ਬਜਟ ਮਨਜ਼ੂਰ ਕਰਨ ਅਤੇ ਸਿੱਖਿਆ, ਲੇਬਰ, ਗਰਭਪਾਤ ਅਤੇ ਹਥਿਆਰਾਂ ਨਾਲ ਜੁੜੇ ਕਾਨੂੰਨਾਂ 'ਤੇ ਵਧੇਰੇ ਪ੍ਰਭਾਵ ਮਿਲੇਗਾ। ਇਸ ਦਾ ਸਭ ਤੋਂ ਵੱਡਾ ਅਸਰ ਭਵਿੱਖ ਵਿਚ ਚੋਣ ਖੇਤਰਾਂ ਦੀ ਹੱਦਬੰਦੀ 'ਤੇ ਪੈ ਸਕਦਾ ਹੈ। 2030 ਦੀ ਜਨਗਣਨਾ ਤੋਂ ਬਾਅਦ ਨਵੇਂ ਸੰਸਦੀ ਅਤੇ ਵਿਧਾਨਕ ਚੋਣ ਖੇਤਰ ਤੈਅ ਹੋਣਗੇ। ਅਜਿਹੇ ਵਿਚ ਸੂਬਾ ਸਰਕਾਰਾਂ ਵਿਚ ਬਹੁਮਤ ਰੱਖਣ ਵਾਲੀ ਪਾਰਟੀ ਨੂੰ ਸੀਟਾਂ ਦੀਆਂ ਹੱਦਾਂ ਨਿਰਧਾਰਤ ਕਰਨ ਵਿਚ ਵੱਡੀ ਭੂਮਿਕਾ ਮਿਲੇਗੀ। ਡੈਮੋਕ੍ਰੇਟਸ ਵੋਟਿੰਗ ਦੀ ਸੁਵਿਧਾ ਵਧਾਉਣ ਅਤੇ ਡਾਕ ਰਾਹੀਂ ਵੋਟਿੰਗ ਦੇ ਨਿਯਮਾਂ 'ਚ ਬਦਲਾਅ ਦੀ ਕੋਸ਼ਿਸ਼ ਵੀ ਕਰ ਸਕਦੇ ਹਨ।

ਟਰੰਪ ਸਰਕਾਰ ਪ੍ਰਤੀ ਨਾਰਾਜ਼ਗੀ ਨੇ ਬਣਾਇਆ ਮਾਹੌਲ : ਐਕਸੀਓਸ ਅਨੁਸਾਰ, ਹੁਣ ਅਮਰੀਕਾ ਦੀ 75 ਫੀਸਦੀ ਆਬਾਦੀ ਡੈਮੋਕ੍ਰੇਟਿਕ ਗਵਰਨਰ ਵਾਲੇ ਸੂਬਿਆਂ ਵਿਚ ਰਹਿੰਦੀ ਹੈ, ਜਦਕਿ 53 ਫੀਸਦੀ ਲੋਕ ਅਜਿਹੇ ਸੂਬਿਆਂ ਵਿਚ ਹਨ ਜਿੱਥੇ ਗਵਰਨਰ ਅਤੇ ਵਿਧਾਨ ਸਭਾ ਦੋਵਾਂ 'ਤੇ ਡੈਮੋਕ੍ਰੇਟਸ ਦਾ ਕੰਟਰੋਲ ਹੈ। ਫਾਕਸ ਨਿਊਜ਼ ਦੇ ਵੋਟਰ ਸਰਵੇਖਣ ਵਿਚ ਅਰਥਵਿਵਸਥਾ, ਸਰਕਾਰੀ ਭ੍ਰਿਸ਼ਟਾਚਾਰ, ਈਰਾਨ ਜੰਗ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕੰਮਕਾਜ ਨੂੰ ਲੈ ਕੇ ਨਾਰਾਜ਼ਗੀ ਸਾਹਮਣੇ ਆਈ। ਲੱਗਭਗ ਤਿੰਨ-ਚੌਥਾਈ ਵੋਟਰਾਂ ਨੇ ਦੇਸ਼ ਦੀ ਦਿਸ਼ਾ ਅਤੇ ਅਰਥਵਿਵਸਥਾ 'ਤੇ ਨਾਂਹਪੱਖੀ ਰਾਏ ਪ੍ਰਗਟਾਈ। ਡੈਮੋਕ੍ਰੇਟਿਕ ਪਾਰਟੀ ਨੇ ਇਨ੍ਹਾਂ ਨਤੀਜਿਆਂ ਨੂੰ ਇਤਿਹਾਸਕ ਜਿੱਤ ਦੱਸਦਿਆਂ ਕਿਹਾ ਹੈ ਕਿ ਇਸ ਨਾਲ ਸੂਬਿਆਂ ਵਿਚ ਉਸ ਦੀਆਂ ਨੀਤੀਆਂ ਨੂੰ ਅੱਗੇ ਵਧਾਉਣ ਦੀ ਤਾਕਤ ਵਧੇਗੀ।

ਅਮਰੀਕਾ ਵਿਚ ਅਰਦਾਸ ਦੀ ਨਿਖੇਧੀ ਕਰਨ ਵਾਲਿਆਂ ਨੂੰ ਹਰਮੀਤ ਕੌਰ ਢਿੱਲੋਂ ਨੇ ਘੇਰਿਆ

- ਅਮਰੀਕਾ ਦੀ ਸਾਬਕਾ ਅਧਿਕਾਰੀ ਨੇ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਦੌਰਾਨ ਕੀਤੀ ਸੀ ਅਰਦਾਸ
- ਅਰਦਸ 'ਤੇ ਉਂਗਲ ਉਠਾਉਣ ਵਾਲੇ ਪਹਿਲਾਂ ਅਮਰੀਕੀ ਸੰਵਿਧਾਨ ਦੀ ਪਹਿਲੀ ਸੋਧ ਪੜ੍ਹਨ

ਵਾਸ਼ਿੰਗਟਨ: ਅਮਰੀਕਾ ਵਿਚ ਰਿਪਬਲਿਕਨ ਪਾਰਟੀ ਦੀ ਪ੍ਰਸਿੱਧ ਆਗੂ ਅਤੇ ਭਾਰਤੀ ਮੂਲ ਦੀ ਨਾਮਵਰ ਅਟਾਰਨੀ ਹਰਮੀਤ ਕੌਰ ਢਿੱਲੋਂ ਨੇ ਜੁਲਾਈ 2024 ਦੇ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਦੌਰਾਨ ਸਟੇਜ ਤੋਂ ਸਿੱਖ ਅਰਦਾਸ ਕਰਨ ਤੋਂ ਬਾਅਦ ਹੋਏ ਤਿੱਖੇ ਧਾਰਮਿਕ ਵਿਰੋਧ ਅਤੇ ਨਫ਼ਰਤੀ ਹਮਲਿਆਂ 'ਤੇ ਆਪਣੀ ਚੁੱਪ ਤੋੜੀ ਹੈ। ਸੋਸ਼ਲ ਮੀਡੀਆ 'ਤੇ ਜਾਰੀ ਕੀਤੇ ਇਕ ਭਾਵੁਕ ਅਤੇ ਦ੍ਰਿੜ ਬਿਆਨ ਵਿਚ ਹਰਮੀਤ ਕੌਰ ਢਿੱਲੋਂ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਉਹ ਆਪਣੇ ਸਿੱਖ ਧਰਮ ਅਤੇ ਆਸਥਾ ਨੂੰ ਕਿਸੇ ਦੇ ਡਰੋਂ ਕਦੇ ਨਹੀਂ ਛੁਪਾਉਣਗੇ।



ਆਪਣੇ ਬਿਆਨ ਵਿਚ ਇਕ ਨਿੱਜੀ ਦੁੱਖ ਸਾਂਝਾ ਕਰਦਿਆਂ ਹਰਮੀਤ ਢਿੱਲੋਂ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਮਿਲਵਾਕੀ ਕਨਵੈਨਸ਼ਨ ਦੀ ਸਟੇਜ 'ਤੇ ਅਰਦਾਸ ਕੀਤੀ, ਤਾਂ ਉਨ੍ਹਾਂ ਦੇ ਪਤੀ ਜੋ ਦੋ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਸਨ, ਸਰੀਰਕ ਤੌਰ 'ਤੇ ਉੱਥੇ ਹਾਜ਼ਰ ਨਹੀਂ ਹੋ ਸਕੇ ਸਨ, ਪਰ ਉਹ ਘਰ ਬੈਠੇ ਇਸ ਨੂੰ ਲਾਈਵ ਦੇਖ ਰਹੇ ਸਨ। ਇਸ ਘਟਨਾ ਦੇ ਮਹਿਜ਼ ਦੋ ਹਫ਼ਤਿਆਂ ਬਾਅਦ ਹੀ ਉਨ੍ਹਾਂ ਦੇ ਪਤੀ ਦਾ ਦੇਹਾਂਤ ਹੋ ਗਿਆ। ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਦੇ ਪਤੀ ਨੇ ਆਪਣੇ ਆਖਰੀ ਟੈਕਸਟ ਸੁਨੇਹਾਂ ਵਿਚ ਹਰਮੀਤ ਵਲੋਂ ਸਰਵਜਨਕ ਤੌਰ 'ਤੇ ਆਪਣੇ ਸਿੱਖ ਧਰਮ ਦਾ ਪ੍ਰਗਟਾਵਾ ਕਰਨ ਅਤੇ ਅਰਦਾਸ ਕਰਨ 'ਤੇ ਬਹੁਤ ਮਾਣ ਮਹਿਸੂਸ ਕੀਤਾ ਸੀ। ਉਨ੍ਹਾਂ ਦੱਸਿਆ ਕਿ ਡੋਨਾਲਡ ਟਰੰਪ ਦੀ ਚੋਣ ਮੁਹਿੰਮ ਵਿਚ ਸਰਗਰਮ ਭੂਮਿਕਾ ਅਤੇ ਬਾਅਦ ਵਿਚ ਅਮਰੀਕਾ ਦੇ ਨਿਆਂ ਵਿਭਾਗ ਦੇ ਸਿਵਲ ਰਾਈਟਸ ਡਿਵੀਜ਼ਨ ਦੀ ਮੁਖੀ ਵਜੋਂ ਸੇਵਾ ਨਿਭਾਉਣ ਕਾਰਨ ਉਹ ਲਗਭਗ ਦੋ ਸਾਲ ਇਸ ਮੁੱਦੇ 'ਤੇ ਚੁੱਪ ਰਹੇ। ਪਰ ਹੁਣ ਪ੍ਰਸ਼ਾਸਨਿਕ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ, ਉਨ੍ਹਾਂ ਨੇ ਫ਼ੈਸਲਾ ਕੀਤਾ ਹੈ ਕਿ ਉਹ ਅਜਿਹੇ ਨਫ਼ਰਤੀ ਹਮਲਿਆਂ ਦਾ ਖੁੱਲ੍ਹ ਕੇ ਸਾਹਮਣਾ ਕਰਨਗੇ ਅਤੇ ਹੁਣ ਚੁੱਪ ਨਹੀਂ ਬੈਠਣਗੇ।

ਕੁਝ ਕੱਟੜਪੰਥੀ ਸੱਜੇ-ਪੱਖੀ ਟਿੱਪਣੀਕਾਰਾਂ ਅਤੇ ਇੰਟਰਨੈੱਟ ਟ੍ਰੋਲਸ ਵਲੋਂ ਇਸ ਨੂੰ 'ਗ਼ੈਰ-ਈਸਾਈ' ਅਤੇ 'ਬੇਗਾਨੇ ਰੱਬ' ਅੱਗੇ ਕੀਤੀ ਪ੍ਰਾਰਥਨਾ ਕਹਿਣ 'ਤੇ ਢਿੱਲੋਂ ਨੇ ਕਰਾਰਾ ਜਵਾਬ ਦਿਤਾ। ਉਨ੍ਹਾਂ ਕਿਹਾ ਕਿ ਉਹ ਉਸ ਇਕ ਪ੍ਰਮਾਤਮਾ (ਅਕਾਲ ਪੁਰਖ) ਵਿਚ ਵਿਸ਼ਵਾਸ ਰੱਖਦੇ ਹਨ ਜਿਸ ਨੂੰ ਕਈ ਧਰਮ ਮੰਨਦੇ ਹਨ। ਉਨ੍ਹਾਂ ਨੇ ਆਪਣੇ ਵਿਰੋਧੀਆਂ ਨੂੰ ਅਮਰੀਕੀ ਸੰਵਿਧਾਨ ਦੀ ਪਹਿਲੀ ਸੋਧ ਪੜ੍ਹਨ ਦੀ ਸਲਾਹ ਦਿੱਤੀ, ਜੋ ਹਰ ਨਾਗਰਿਕ ਨੂੰ ਧਾਰਮਿਕ ਆਜ਼ਾਦੀ ਦੀ ਗਰੰਟੀ ਦਿੰਦੀ ਹੈ। ਉਨ੍ਹਾਂ ਯਾਦ ਦਿਵਾਇਆ ਕਿ ਉਹ ਪਿਛਲੇ 34 ਸਾਲਾਂ ਤੋਂ ਅਮਰੀਕਾ ਵਿਚ ਸਾਰੇ ਧਰਮਾਂ ਦੇ ਲੋਕਾਂ ਦੇ ਹੱਕਾਂ ਲਈ ਕਾਨੂੰਨੀ ਲੜਾਈ ਲੜ ਰਹੇ ਹਨ।

ਅਮਰੀਕੀ ਸਿਆਸਤ 'ਚ ਭਾਰਤੀ ਮੂਲ ਦੇ ਆਗੂਆਂ ਦਾ ਦਬਦਬਾ

ਸ਼ਾਹ ਅਤੇ ਡਾਂਡੀਆ 'ਨਿਊ ਡੈਮੋਕ੍ਰੇਟਿਕ ਕੋਲੀਸ਼ਨ' 'ਚ ਸ਼ਾਮਲ

ਵਾਸ਼ਿੰਗਟਨ : ਨਵੇਂ ਚੁਣੇ ਗਏ ਭਾਰਤੀ-ਅਮਰੀਕੀ ਸੰਸਦ ਮੈਂਬਰ ਅਮੀਸ਼ ਸ਼ਾਹ ਅਤੇ ਪੀਆ ਡਾਂਡੀਆ 'ਨਿਊ ਡੈਮੋਕ੍ਰੇਟ ਕੋਲੀਸ਼ਨ' ਵਿੱਚ ਸ਼ਾਮਲ ਹੋ ਗਏ ਹਨ, ਜਿਸ ਦੇ ਹੁਣ 142 ਮੈਂਬਰ ਹੋ ਗਏ ਹਨ, ਜਿਸ ਨਾਲ ਇਹ ਮੱਧਮਾਰਗੀ (ਸੈਂਟਰਿਸਟ) ਸਮੂਹ ਪਾਰਟੀ ਦੇ ਅੰਦਰ ਸਭ ਤੋਂ ਵੱਡਾ ਵਿਚਾਰਧਾਰਕ ਧੜਾ ਬਣ ਗਿਆ ਹੈ।



ਬ੍ਰੈਡ ਸ਼ਨਾਈਡਰ ਦੀ ਅਗਵਾਈ ਵਾਲੇ 'ਨਿਊ ਡੈਮੋਕ੍ਰੇਟ ਕੋਲੀਸ਼ਨ' ਨੇ ਮੰਗਲਵਾਰ ਨੂੰ 40 ਨਵੇਂ ਚੁਣੇ ਗਏ ਮੈਂਬਰਾਂ ਨੂੰ ਇਸ ਸਮੂਹ ਵਿੱਚ ਸ਼ਾਮਲ ਕੀਤਾ, ਜੋ ਕਿ ਇਸ ਦੇ 30 ਸਾਲਾਂ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਵਾਧਾ ਹੈ।

ਸ਼ਨਾਈਡਰ ਨੇ ਇੱਕ ਬਿਆਨ ਵਿੱਚ ਕਿਹਾ, 'ਜਦੋਂ ਮੈਂ 2012 ਵਿੱਚ ਪਹਿਲੀ ਵਾਰ ਕਾਂਗਰਸ ਵਿੱਚ ਆਇਆ ਸੀ, ਤਾਂ ਨਿਊ ਡੈਮਜ਼ ਦੇ 43 ਮੈਂਬਰ ਸਨ। ਚੌਦਾਂ ਸਾਲਾਂ ਬਾਅਦ, ਨਿਊ ਡੈਮਜ਼ ਨੂੰ 40 ਨਵੇਂ ਮੈਂਬਰਾਂ ਦਾ ਸਵਾਗਤ ਕਰਦਿਆਂ ਮਾਣ ਮਹਿਸੂਸ ਹੋ ਰਿਹਾ ਹੈ, ਜੋ ਸਾਡਾ ਹੁਣ ਤੱਕ ਦਾ ਸਭ ਤੋਂ ਵੱਡਾ ਨਵਾਂ ਬੈਚ ਹੈ, ਅਤੇ ਹੁਣ ਸਾਡੇ ਮੈਂਬਰਾਂ ਦੀ ਗਿਣਤੀ 142 ਹੋ ਗਈ ਹੈ।'

ਡੈਮੋਕ੍ਰੇਟਿਕ ਪਾਰਟੀ ਦੇ ਅੰਦਰ ਦੂਜੇ ਪ੍ਰਮੁੱਖ ਧੜੇ — ਪ੍ਰਗਤੀਸ਼ੀਲ (ਪ੍ਰੋਗਰੈਸਿਵਜ਼) — ਦੇ 100 ਤੋਂ ਵੱਧ ਮੈਂਬਰ ਹਨ ਅਤੇ ਇਸ ਦੀ ਅਗਵਾਈ ਟੈਕਸਾਸ ਤੋਂ ਕਾਂਗਰਸਮੈਨ ਗ੍ਰੇਗ ਕੈਸਰ ਕਰ ਰਹੇ ਹਨ, ਜਿਸ ਵਿੱਚ ਸੰਸਦ ਮੈਂਬਰ ਇਲਹਾਨ ਉਮਰ, ਪ੍ਰਮਿਲਾ ਜੈਪਾਲ ਅਤੇ ਰੋ ਖੰਨਾ ਸ਼ਾਮਲ ਹਨ।

ਸ਼ਾਹ ਅਤੇ ਡਾਂਡੀਆ ਤੋਂ ਇਲਾਵਾ ਨਿਊ ਡੈਮੋਕ੍ਰੇਟ ਕੋਲੀਸ਼ਨ ਵਿੱਚ ਅਮੀ ਬੇਰਾ, ਸੁਹਾਸ ਸੁਬਰਾਮਨੀਅਮ, ਸ੍ਰੀ ਥਾਣੇਦਾਰ ਅਤੇ ਰਾਜਾ ਕ੍ਰਿਸ਼ਨਾਮੂਰਤੀ ਵੀ ਮੈਂਬਰ ਹਨ।

ਥਾਣੇਦਾਰ ਅਤੇ ਕ੍ਰਿਸ਼ਨਾਮੂਰਤੀ ਨਵੇਂ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਦਾ ਹਿੱਸਾ ਨਹੀਂ ਹਨ ਜੋ 3 ਜਨਵਰੀ ਨੂੰ ਅਹੁਦਾ ਸੰਭਾਲੇਗਾ, ਕਿਉਂਕਿ ਉਹ ਕ੍ਰਮਵਾਰ ਹਾਊਸ ਅਤੇ ਸੈਨੇਟ ਲਈ ਡੈਮੋਕ੍ਰੇਟਿਕ ਪ੍ਰਾਇਮਰੀ ਚੋਣ ਹਾਰ ਗਏ ਸਨ।

ਸ਼ਾਹ, ਜੋ ਕਿ ਇੱਕ ਐਮਰਜੈਂਸੀ ਮੈਡੀਸਨ ਡਾਕਟਰ ਅਤੇ ਐਰੀਜ਼ੋਨਾ ਹਾਊਸ ਦੇ ਤਿੰਨ ਵਾਰ ਮੈਂਬਰ ਰਹਿ ਚੁੱਕੇ ਹਨ, ਦੀਆਂ ਪਰਿਵਾਰਕ ਜੜ੍ਹਾਂ ਗੁਜਰਾਤ ਨਾਲ ਜੁੜੀਆਂ ਹੋਈਆਂ ਹਨ।

ਸ਼ਿਕਾਗੋ ਵਿੱਚ ਜਨਮੇ ਸ਼ਾਹ ਦੇ ਮਾਪੇ 1960 ਦੇ ਦਹਾਕੇ ਵਿੱਚ ਅਮਰੀਕਾ ਆ ਕੇ ਵਸ ਗਏ ਸਨ। ਉਨ੍ਹਾਂ ਨੇ ਨੌਰਥਵੈਸਟਰਨ ਯੂਨੀਵਰਸਿਟੀ ਤੋਂ ਆਪਣੀ ਅੰਡਰਗ੍ਰੈਜੂਏਟ ਡਿਗਰੀ ਅਤੇ ਮੈਡੀਕਲ ਸਿੱਖਿਆ ਵਿੱਚ ਆਨਰਜ਼ ਪ੍ਰੋਗਰਾਮ ਦੇ ਹਿੱਸੇ ਵਜੋਂ ਨੌਰਥਵੈਸਟਰਨ ਯੂਨੀਵਰਸਿਟੀ ਮੈਡੀਕਲ ਸਕੂਲ ਤੋਂ ਆਪਣੀ ਮੈਡੀਕਲ ਡਿਗਰੀ ਹਾਸਲ ਕੀਤੀ।

ਸ਼ਾਹ ਦੇ ਪਿਤਾ ਜੈਨ ਹਨ ਅਤੇ ਉਨ੍ਹਾਂ ਦੀ ਮਾਤਾ ਹਿੰਦੂ ਹਨ।

ਉਨ੍ਹਾਂ ਨੂੰ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਬਰਕਲੇ ਤੋਂ ਪਬਲਿਕ ਹੈਲਥ ਵਿੱਚ ਮਾਸਟਰ ਡਿਗਰੀ ਹਾਸਲ ਕਰਨ ਲਈ ਪੂਰੀ ਮੈਰਿਟ ਸਕਾਲਰਸ਼ਿਪ ਮਿਲੀ, ਜਿਸ ਤੋਂ ਬਾਅਦ ਉਨ੍ਹਾਂ ਨੇ ਨਿਊਯਾਰਕ ਸਿਟੀ ਦੇ ਸਭ ਤੋਂ ਵਿਅਸਤ ਲੈਵਲ-1 ਟਰਾਮਾ ਸੈਂਟਰ ਵਿੱਚ ਐਮਰਜੈਂਸੀ ਮੈਡੀਸਨ ਵਿੱਚ ਰੈਜ਼ੀਡੈਂਸੀ ਸਿਖਲਾਈ ਪ੍ਰਾਪਤ ਕੀਤੀ।

ਫਲੋਰੀਡਾ ਦੀ ਪਾਮ ਬੀਚ ਕਾਊਂਟੀ ਵਿੱਚ ਜਨਮੀ ਅਤੇ ਪਲੀ ਡਾਂਡੀਆ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਇੱਕ ਅਧਿਆਪਕ ਵਜੋਂ ਕੀਤੀ ਸੀ ਅਤੇ ਉਹ ਹਾਰਲੇਮ ਵਿੱਚ ਇੱਕ ਹਾਈ ਸਕੂਲ ਦੀ ਪ੍ਰਿੰਸੀਪਲ ਵੀ ਰਹੀ।

1997 ਵਿੱਚ ਸਥਾਪਿਤ, ਨਿਊ ਡੈਮੋਕ੍ਰੇਟ ਕੋਲੀਸ਼ਨ ਨਵੀਨਤਾਕਾਰੀ, ਸਮਾਵੇਸ਼ੀ ਅਤੇ ਅਗਾਂਹਵਧੂ ਨੀਤੀਆਂ ਨੂੰ ਅੱਗੇ ਵਧਾਉਣ ਲਈ ਸਾਰੀਆਂ ਧਿਰਾਂ ਅਤੇ ਕੈਪੀਟਲ ਵਿੱਚ ਮਿਲ ਕੇ ਕੰਮ ਕਰਦਾ ਹੈ।

ਨਿਊਯਾਰਕ 'ਚ ਵੱਡਾ ਹਾਦਸਾ: 3 ਮੰਜ਼ਿਲਾ ਇਮਾਰਤ ਢਹਿ-ਢੇਰੀ, 2 ਲੋਕਾਂ ਦੀ ਮੌਤ

ਨਿਊਯਾਰਕ : ਨਿਊਯਾਰਕ ਦੇ ਬਰੁਕਲਿਨ ਵਿੱਚ ਇੱਕ ਉਸਾਰੀ ਵਾਲੀ ਥਾਂ ਦੇ ਨੇੜੇ ਤਿੰਨ ਮੰਜ਼ਿਲਾ ਇਮਾਰਤ ਡਿੱਗ ਗਈ, ਜਿਸ ਕਾਰਨ ਘੱਟੋ-ਘੱਟ 2 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ ਮਲਬੇ ਹੇਠ ਕਈ ਹੋਰ ਲੋਕਾਂ ਦੇ ਦੱਬੇ ਹੋਣ ਦਾ ਖਦਸ਼ਾ ਹੈ। ਬੁੱਧਵਾਰ ਨੂੰ ਵਾਪਰੀ ਇਸ ਘਟਨਾ ਤੋਂ ਬਾਅਦ ਫਾਇਰਫਾਈਟਰਾਂ (ਅੱਗ ਬੁਝਾਊ ਅਮਲੇ) ਨੇ ਮਲਬੇ ਹੇਠ ਫਸੇ ਲੋਕਾਂ ਦੀ ਭਾਲ ਲਈ ਮਲਬਾ ਹਟਾਉਣ ਦਾ ਕੰਮ ਸ਼ੁਰੂ ਕੀਤਾ। ਬਰੁਕਲਿਨ ਦੇ ਫਲੈਟਬੁਸ਼ ਇਲਾਕੇ ਵਿੱਚ ਵਾਪਰੀ ਇਸ ਘਟਨਾ ਵਾਲੀ ਥਾਂ 'ਤੇ ਸ਼ਾਮ ਕਰੀਬ 4:00 ਵਜੇ ਐਮਰਜੈਂਸੀ ਸੇਵਾਵਾਂ ਦੇ ਕਰਮਚਾਰੀ ਪਹੁੰਚੇ। ਇੱਕ ਨਿਊਜ਼ ਹੈਲੀਕਾਪਟਰ ਦੁਆਰਾ ਲਈ ਗਈ ਫੁਟੇਜ ਵਿੱਚ ਦਿਖਾਈ ਦਿੱਤਾ ਕਿ ਫਾਇਰਫਾਈਟਰ ਮਸ਼ੀਨਰੀ ਦੀ ਮਦਦ ਨਾਲ ਮਲਬਾ ਹਟਾ ਰਹੇ ਸਨ ਅਤੇ ਬਚੇ ਹੋਏ ਲੋਕਾਂ ਦੀ ਭਾਲ ਕਰ ਰਹੇ ਸਨ। ਅਧਿਕਾਰੀਆਂ ਅਨੁਸਾਰ, ਇਸ ਘਟਨਾ ਵਿੱਚ 2 ਲੋਕਾਂ ਦੀ ਮੌਤ ਹੋ ਗਈ, ਜਦਕਿ ਘੱਟੋ-ਘੱਟ 4 ਹੋਰ ਲੋਕਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਸ ਤੋਂ ਇਲਾਵਾ 6 ਹੋਰ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਉਨ੍ਹਾਂ ਨੂੰ ਵੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਸ਼ਾਮ ਕਰੀਬ 6:30 ਵਜੇ ਫਾਇਰਫਾਈਟਰਾਂ ਨੇ ਮਲਬੇ ਵਿੱਚੋਂ ਇੱਕ ਵਿਅਕਤੀ ਨੂੰ ਜ਼ਿੰਦਾ ਬਾਹਰ ਕੱਢਿਆ, ਉਹ ਵਿਅਕਤੀ ਹਿਲ-ਜੁਲ ਕਰ ਰਿਹਾ ਸੀ, ਜਿਸ ਨੂੰ ਤੁਰੰਤ ਸਟ੍ਰੈਚਰ 'ਤੇ ਪਾ ਕੇ ਐਂਬੂਲੈਂਸ ਰਾਹੀਂ ਹਸਪਤਾਲ ਭੇਜ ਦਿੱਤਾ ਗਿਆ। ਉਸਾਰੀ ਦੇ ਕੰਮ ਲਈ, ਜਿਸ ਵਿੱਚ ਖੁਦਾਈ ਵੀ ਸ਼ਾਮਲ ਸੀ, ਨਾਲ ਲੱਗਦੀ ਥਾਂ 'ਤੇ ਮੌਜੂਦ ਇੱਕ ਮੰਜ਼ਿਲਾ ਇਮਾਰਤ ਨੂੰ ਢਾਹ ਦਿੱਤਾ ਗਿਆ ਸੀ। ਸੋਸ਼ਲ ਮੀਡੀਆ 'ਤੇ ਜਾਰੀ ਇੱਕ ਬਿਆਨ ਵਿੱਚ ਨਿਊਯਾਰਕ ਦੇ ਅਧਿਕਾਰੀ ਜ਼ੋਹਰਾਨ ਮਮਦਾਨੀ ਨੇ ਕਿਹਾ, 'ਬਚਾਅ ਕਾਰਜ ਜਾਰੀ ਹਨ। ਕਿਰਪਾ ਕਰਕੇ ਆਪਣੇ ਗੁਆਂਢੀਆਂ ਅਤੇ ਭਾਈਚਾਰੇ ਦੇ ਲੋਕਾਂ ਨੂੰ ਆਪਣੀਆਂ ਦੁਆਵਾਂ ਵਿੱਚ ਯਾਦ ਰੱਖੋ ਅਤੇ ਉਨ੍ਹਾਂ ਦੀ ਮਦਦ ਲਈ ਅੱਗੇ ਆਓ।'





Sikh Foundation Of Milpitas

1180, Cadillac Ct Milpitas Ca 95035

ਧੰਨ ਧੰਨ ਬਾਬਾ ਵਿਸ਼ਵਕਰਮਾ ਜੀ ਜਿਨ੍ਹਾਂ ਨੇ ਇਸ ਸੰਸਾਰ ਨੂੰ ਨੇਕ ਕਮਾਈ ਕਰਨ ਲਈ ਕੰਮ ਕਿੱਤਾ ਦਿੱਤੇ ਉਥੇ ਇਨਸਾਨ ਨੂੰ ਔਜਾਰ ਵੀ ਦਿੱਤੇ। ਦੁਨੀਆ ਭਰ ਦੇ ਲੋਕ ਕੋਈ ਵੀ ਕੰਮ ਕਰਨ ਵਾਲੇ ਦੀਵਾਲੀ ਤੋਂ ਦੂਸਰੇ ਦਿਨ ਧੰਨ-ਧੰਨ ਬਾਬਾ ਵਿਸ਼ਵਕਰਮਾ ਜੀ ਨੂੰ ਯਾਦ ਕਰਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ। ਹਰ ਸਾਲ ਦੀ ਤਰ੍ਹਾਂ ਰਾਮਗੜ੍ਹੀਆ ਕਲਚਰਲ ਐਸੋਸੀਏਸ਼ਨ ਇੰਕ ਵਲੋਂ ਧੰਨ ਧੰਨ ਬਾਬਾ ਵਿਸ਼ਵਕਰਮਾ ਜੀ ਦੀ ਨਿੱਘੀ ਅਤੇ ਪਿਆਰੀ ਯਾਦ ਵਿਚ **Sikh Foundation of Milpitas, 1180, Cadillac Ct Milpits CA 95035** ਵਿਖੇ 20, 21, 22 ਨਵੰਬਰ 2026 ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਸ਼ਰਧਾ ਅਤੇ ਸੇਵਾ ਨਾਲ ਧੰਨ ਧੰਨ ਬਾਬਾ ਵਿਸ਼ਵਕਰਮਾ ਡੇਅ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰੋ ਜੀ।



ਆਰੰਭ ਸ੍ਰੀ ਅਖੰਡਪਾਠ ਸਾਹਿਬ
20 ਨਵੰਬਰ 2026 ਦਿਨ ਸ਼ੁੱਕਰਵਾਰ ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
22 ਨਵੰਬਰ 2026 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ ਸਿੱਖ ਸਕਾਲਰ ਅਤੇ ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਪੰਥ ਦਰਦੀ ਹਾਜ਼ਰੀਆਂ ਭਰਨਗੇ।

ਜਾਣਕਾਰੀ ਲਈ ਕਾਲ ਕਰੋ

ਗੁਰਮੀਤ ਸਿੰਘ ਭੋਗਲ	ਦਵਿੰਦਰ ਸਿੰਘ ਚਾਨਾ	ਸੁਖਦੇਵ ਸਿੰਘ ਕਲਸੀ	ਗਿਆਨ ਸਿੰਘ ਸੈਂਬੀ
510-386-2084	510-376-9428	510-304-5062	510-305-1694

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

LAW OFFICES OF EMMANUEL ENYINWA

ESQ, Abogado

☛ ਪੋਲੀਟੀਕਲ ਅਸਾਈਲਮ ☛ Political Asylum
☛ Deportation of Defense ☛ BIA Appeal
☛ 9 Circuit Court ☛ Federal Court
☛ ਗਰੀਨਕਾਰਡ ☛ ਸਿਟੀਜਨਸ਼ਿਪ
☛ Green Card ☛ Citizenship
☛ ਡਾਈਵੋਰਸ ☛ ਸਿਵਲ ਐਂਡ ਕਰੀਮੀਨਲ ਕੇਸ
☛ Divorce ☛ Civil and Criminal Cases
☛ Family Petition Immigration
☛ Travel document ☛ Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



ਈਰਾਨ ਨਾਲ ਜੰਗ ਲਗਭਗ ਖਤਮ ਹੋ ਚੁੱਕੀ ਹੈ : ਡੋਨਾਲਡ ਟਰੰਪ

ਫਿਲਹਾਲ ਮੌਜੂਦਾ ਸਥਿਤੀ ਬਰਕਰਾਰ ਰੱਖੇਗਾ ਅਮਰੀਕਾ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਈਰਾਨ ਨਾਲ ਜੰਗ 'ਲਗਭਗ ਫੌਜੀ ਤੌਰ 'ਤੇ ਖਤਮ' ਹੋ ਗਈ ਹੈ। ਉਨ੍ਹਾਂ ਦੇ ਬਿਆਨ ਤੋਂ ਸੰਕੇਤ ਮਿਲਦਾ ਹੈ ਕਿ ਉਹ ਇਸ ਵੇਲੇ ਈਰਾਨ 'ਤੇ ਦੁਬਾਰਾ ਹਮਲਾ ਕਰਨ ਦੇ ਹੱਕ ਵਿੱਚ ਨਹੀਂ ਹਨ। ਕਤਰ ਦੇ ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਅਬਦੁਲਰਹਿਮਾਨ ਅਲ ਥਾਨੀ ਨਾਲ ਹੋਈ ਮੀਟਿੰਗ ਤੋਂ ਬਾਅਦ ਟਰੰਪ ਅਚਾਨਕ ਵ੍ਹਾਈਟ ਹਾਊਸ (ਅਮਰੀਕੀ ਰਾਸ਼ਟਰਪਤੀ ਦਾ ਸਰਕਾਰੀ ਨਿਵਾਸ ਅਤੇ ਦਫਤਰ) ਪ੍ਰੈਸ ਕਾਨਫਰੰਸ ਰੂਮ ਪਹੁੰਚੇ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ, 'ਈਰਾਨ ਫੌਜੀ ਤੌਰ 'ਤੇ ਲਗਭਗ ਖਤਮ ਹੋ ਗਿਆ ਹੈ। ਅਸੀਂ ਹੁਣ ਲਈ ਯਥਾਸਥਿਤੀ ਬਣਾਈ ਰੱਖ ਰਹੇ ਹਾਂ।' ਟਰੰਪ ਨੇ ਇਹ ਵੀ ਕਿਹਾ ਕਿ ਈਰਾਨ ਦੀ 'ਲੀਡਰਸ਼ਿਪ ਤਬਾਹ ਹੋ ਗਈ ਹੈ' ਪਰ ਉਹ ਇਹ ਯਕੀਨੀ ਬਣਾਉਣ ਲਈ ਲੰਬੇ ਸਮੇਂ ਦੇ ਹੱਲ ਲੱਭ ਰਹੇ ਹਨ ਕਿ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟਰੋਲ ਕੀਤਾ ਜਾ ਸਕੇ। ਇਹ ਟਰੰਪ ਦਾ ਮੱਧਕਾਲੀ ਚੋਣਾਂ ਤੋਂ ਬਾਅਦ ਈਰਾਨ 'ਤੇ ਹਮਲੇ ਮੁੜ ਸ਼ੁਰੂ ਕਰਨ ਦੀ ਆਪਣੀ ਧਮਕੀ ਤੋਂ ਪਿੱਛੇ ਹਟਣ ਸੰਬੰਧੀ ਹੁਣ ਤੱਕ ਦਾ ਸਭ ਤੋਂ ਸਪੱਸ਼ਟ ਬਿਆਨ ਸੀ। ਪਿਛਲੇ ਹਫ਼ਤੇ ਦੀਆਂ ਚੋਣਾਂ ਵਿੱਚ ਰਾਸ਼ਟਰਪਤੀ ਦੀ ਰਿਪਬਲਿਕਨ ਪਾਰਟੀ ਨੂੰ ਅਮਰੀਕੀ ਕਾਂਗਰਸ ਦੇ ਦੋਵੇਂ ਸਦਨਾਂ ਵਿਚ ਡੈਮੋਕ੍ਰੇਟਿਕ ਪਾਰਟੀ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ।

ਅੱਠ ਮਹੀਨੇ ਚੱਲੀ ਜੰਗ ਨੂੰ ਲੈ ਕੇ ਅਮਰੀਕੀ ਵੋਟਰਾਂ ਵਿੱਚ ਅਸੰਤੁਸ਼ਟੀ ਫੈਲੀ ਹੋਈ ਹੈ। ਇਸ ਟਕਰਾਅ ਕਾਰਨ ਈਂਧਨ ਦੀਆਂ ਕੀਮਤਾਂ ਵਿੱਚ



ਭਾਰੀ ਵਾਧਾ ਹੋਇਆ ਹੈ ਅਤੇ ਵਿਸ਼ਵ ਅਰਥਵਿਵਸਥਾ ਦੇ ਲਗਭਗ ਹਰ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ। ਪੱਤਰਕਾਰਾਂ ਨਾਲ ਗੱਲ ਕਰਨ ਤੋਂ ਠੀਕ ਪਹਿਲਾਂ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਟਰੰਪ ਨੇ ਦੁਹਰਾਇਆ ਕਿ ਉਸਦੇ ਪੱਛਮੀ ਏਸ਼ੀਆਈ ਸਹਿਯੋਗੀ - ਕਤਰ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ, ਬਹਿਰੀਨ, ਕੁਵੈਤ ਅਤੇ ਹੋਰ - ਸਥਿਤੀ ਨੂੰ ਬਰਕਰਾਰ ਰੱਖਣਾ ਪਸੰਦ ਕਰਨਗੇ। ਕੁਝ ਮਿੰਟਾਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਰਾਸ਼ਟਰਪਤੀ ਨੇ ਯੁੱਧ ਤੋਂ ਪੀੜਤ ਅਮਰੀਕੀ ਨਾਗਰਿਕਾਂ ਨੂੰ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕੀਤੀ। ਉਸਨੇ ਕਿਹਾ ਕਿ 'ਸਕਾਰਾਤਮਕ ਪ੍ਰਗਤੀ ਹੋ ਰਹੀ ਹੈ' ਅਤੇ ਉਸਨੂੰ ਉਮੀਦ ਹੈ ਕਿ ਯੁੱਧ 'ਖਤਮ ਹੋ ਸਕਦਾ ਹੈ।' ਹਾਲਾਂਕਿ ਟਰੰਪ ਨੇ ਈਰਾਨ ਦੇ ਤੱਟ ਦੇ ਨੇੜੇ ਤਾਇਨਾਤ ਹਜ਼ਾਰਾਂ ਅਮਰੀਕੀ ਸੈਨਿਕਾਂ ਨੂੰ ਵਾਪਸ ਲੈਣ ਦਾ ਕੋਈ ਸੰਕੇਤ ਨਹੀਂ ਦਿੱਤਾ, ਈਰਾਨੀ ਤੇਲ ਸਪਲਾਈ ਨੂੰ ਵਿਸ਼ਵ ਬਾਜ਼ਾਰ ਤੱਕ ਪਹੁੰਚਣ ਤੋਂ ਰੋਕਣ ਲਈ ਬਣਾਈ ਗਈ ਨਾਕਾਬੰਦੀ ਨੂੰ ਬਣਾਈ ਰੱਖਿਆ।

ਹਾਰ ਤੋਂ ਬਾਅਦ ਟਰੰਪ ਨੇ ਕਰੀਬੀ ਸਲਾਹਕਾਰ ਸੂਸੀ ਨੂੰ ਕੱਢਿਆ, ਸਟੀਫਨ ਮਿਲਰ ਨੂੰ ਜ਼ਿੰਮੇਵਾਰੀ

ਵਾਸ਼ਿੰਗਟਨ : ਅਮਰੀਕਾ ਵਿਚ ਮਿਡਟਰਮ ਚੋਣਾਂ 'ਚ ਰਿਪਬਲਿਕਨ ਪਾਰਟੀ ਦੀ ਹਾਰ ਤੋਂ ਬਾਅਦ ਵ੍ਹਾਈਟ ਹਾਊਸ ਵਿਚ ਵੱਡਾ ਬਦਲਾਅ ਹੋਇਆ ਹੈ। ਸੂਸੀ ਵਾਈਲਜ਼ ਨੇ ਚੀਫ਼ ਆਫ਼ ਸਟਾਫ਼ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਨ੍ਹਾਂ ਦੀ ਜਗ੍ਹਾ ਸਟੀਫਨ ਮਿਲਰ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ। ਮਿਲਰ ਇਸ ਤੋਂ ਪਹਿਲਾਂ ਵ੍ਹਾਈਟ ਹਾਊਸ ਵਿਚ ਡਿਪਟੀ ਚੀਫ਼ ਆਫ਼ ਸਟਾਫ਼ ਸਨ।



ਮਿਲਰ ਭਾਰਤ ਵਿਰੋਧੀ ਬਿਆਨਾਂ ਕਰ ਕੇ ਕਈ ਵਾਰ ਚਰਚਾ ਵਿਚ ਰਹਿ ਚੁੱਕੇ ਹਨ। ਸੂਸੀ ਵਾਈਲਜ਼ ਟਰੰਪ ਦੇ ਦੂਜੇ ਕਾਰਜਕਾਲ ਵਿਚ ਵ੍ਹਾਈਟ ਹਾਊਸ ਦੀ ਚੀਫ਼ ਆਫ਼ ਸਟਾਫ਼ ਬਣਨ ਵਾਲੀ ਪਹਿਲੀ ਔਰਤ ਸੀ। ਉਨ੍ਹਾਂ ਨੇ 2024 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਟਰੰਪ ਦੀ ਜਿੱਤ ਵਿਚ ਅਹਿਮ ਭੂਮਿਕਾ ਨਿਭਾਈ ਸੀ। ਚੀਫ਼ ਆਫ਼ ਸਟਾਫ਼ ਰਾਸ਼ਟਰਪਤੀ ਦੇ ਸਭ ਤੋਂ ਕਰੀਬੀ ਅਧਿਕਾਰੀਆਂ ਵਿਚ ਸ਼ਾਮਲ ਹੁੰਦਾ ਹੈ। ਉਹ ਵ੍ਹਾਈਟ ਹਾਊਸ ਦੇ ਕੰਮਕਾਜ ਅਤੇ ਰਾਸ਼ਟਰਪਤੀ ਤੱਕ ਪਹੁੰਚ ਰੱਖਣ ਵਾਲੇ ਅਧਿਕਾਰੀਆਂ ਵਿਚਕਾਰ ਤਾਲਮੇਲ ਬਣਾਈ ਰੱਖਣ ਦੀ ਜ਼ਿੰਮੇਵਾਰੀ ਸੰਭਾਲਦਾ ਹੈ।

ਮਿਡਟਰਮ ਚੋਣਾਂ ਵਿਚ ਰਿਪਬਲਿਕਨ ਪਾਰਟੀ ਦੀ ਹਾਰ ਤੋਂ ਬਾਅਦ ਟਰੰਪ ਵਾਈਲਜ਼ ਅਤੇ ਆਪਣੇ ਦੂਜੇ ਸਿਆਸੀ ਸਲਾਹਕਾਰਾਂ ਤੋਂ ਨਾਰਾਜ਼ ਸਨ। ਚੋਣਾਂ ਦੇ ਨਤੀਜੇ ਆਉਣ ਦੌਰਾਨ ਉਨ੍ਹਾਂ ਨੇ ਵਾਈਲਜ਼ ਦੀ ਆਲੋਚਨਾ ਕੀਤੀ ਸੀ। ਟਰੰਪ ਨੂੰ ਲੱਗਦਾ ਸੀ ਕਿ ਉਨ੍ਹਾਂ ਦੇ ਪ੍ਰਸ਼ਾਸਨ ਨਾਲ ਜੁੜੀਆਂ ਖੁਫੀਆ ਜਾਣਕਾਰੀਆਂ ਬਾਹਰ ਜਾ ਰਹੀਆਂ ਹਨ। ਉਨ੍ਹਾਂ ਨੂੰ ਇਹ ਵੀ ਸ਼ਿਕਾਇਤ ਸੀ ਕਿ ਉਨ੍ਹਾਂ ਦੇ ਸਿਆਸੀ ਵਿਰੋਧੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਵਿਚ ਤੇਜ਼ੀ ਨਹੀਂ ਆ ਰਹੀ। ਟਰੰਪ ਨੂੰ ਸ਼ੱਕ ਸੀ ਕਿ ਵਾਈਲਜ਼ ਹੀ ਪ੍ਰਸ਼ਾਸਨ ਨਾਲ ਜੁੜੀਆਂ ਜਾਣਕਾਰੀਆਂ ਬਾਹਰ ਪਹੁੰਚਾ ਰਹੀ ਹੈ। ਇਸੇ ਵਜ੍ਹਾ ਕਰ ਕੇ ਉਨ੍ਹਾਂ ਨੇ ਕਈ ਨਿਯੁਕਤੀਆਂ ਦੇ ਫ਼ੈਸਲਿਆਂ ਵਿਚ ਵੀ ਵਾਈਲਜ਼ ਨੂੰ ਸ਼ਾਮਲ ਕਰਨਾ ਬੰਦ ਕਰ ਦਿੱਤਾ ਸੀ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਦੀ ਜਗ੍ਹਾ ਨਵੇਂ ਅਧਿਕਾਰੀ ਨੂੰ ਚੁਣਨ ਦੇ ਫ਼ੈਸਲੇ ਵਿਚ ਵੀ ਵਾਈਲਜ਼ ਦੀ ਭੂਮਿਕਾ ਸੀਮਤ ਕਰ ਦਿੱਤੀ ਗਈ ਸੀ।

ਵਾਈਲਜ਼ ਦੇ ਅਹੁਦਾ ਛੱਡਣ ਦੇ ਨਾਲ ਟਰੰਪ ਪ੍ਰਸ਼ਾਸਨ ਵਿਚ ਔਰਤ ਅਧਿਕਾਰੀਆਂ ਦੀ ਗਿਣਤੀ ਵੀ ਚਰਚਾ ਵਿਚ ਹੈ। ਪਿਛਲੇ ਇਕ ਸਾਲ 'ਚ ਕਈ ਮਹਿਲਾ ਅਧਿਕਾਰੀ ਪ੍ਰਸ਼ਾਸਨ ਤੋਂ ਬਾਹਰ ਹੋਈਆਂ ਹਨ। ਵੀਰਵਾਰ ਨੂੰ ਨਿਆਂ ਵਿਭਾਗ ਦੀ ਸੀਨੀਅਰ ਅਧਿਕਾਰੀ ਹਰਮੀਤ ਢਿੱਲੋਂ ਨੇ ਵੀ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮਤਭੇਦ ਤੋਂ ਬਾਅਦ ਅਸਤੀਫ਼ਾ ਦੇ ਦਿੱਤਾ ਸੀ। ਇਸ ਸਾਲ ਟਰੰਪ ਪ੍ਰਸ਼ਾਸਨ ਵਿਚ ਚਾਰ ਮਹਿਲਾ ਕੈਬਨਿਟ ਪੱਧਰ ਦੇ ਅਧਿਕਾਰੀਆਂ ਨੇ ਵੀ ਅਸਤੀਫਾ ਦੇ ਦਿੱਤਾ ਹੈ। ਇਨ੍ਹਾਂ ਦੀ ਜਗ੍ਹਾ ਪੁਰਸ਼ ਅਧਿਕਾਰੀਆਂ ਨੂੰ ਨਿਯੁਕਤ ਕੀਤਾ ਗਿਆ। ਹੁਣ ਟਰੰਪ ਪ੍ਰਸ਼ਾਸਨ ਵਿਚ ਕੈਬਨਿਟ ਪੱਧਰ ਦੇ ਸਿਰਫ ਤਿੰਨ ਅਹੁਦਿਆਂ 'ਤੇ ਔਰਤਾਂ ਹਨ। ਇਨ੍ਹਾਂ ਵਿਚ ਖੇਤੀਬਾੜੀ ਮੰਤਰੀ ਬਰੂਕ ਰੋਲਿਨਜ਼, ਸਿੱਖਿਆ ਮੰਤਰੀ ਲਿੰਡਾ ਮੈਕਮੋਹਨ ਅਤੇ ਲਘੂ ਉਦਯੋਗ ਪ੍ਰਸ਼ਾਸਨ ਦੀ ਮੁਖੀ ਕੇਲੀ ਲੋਫਲਰ ਸ਼ਾਮਲ ਹਨ।

ਅਮਰੀਕਾ ਦੇ ਵਰਜੀਨੀਆ ਰਾਜ ਦੇ ਸਫਲ ਕਾਰੋਬਾਰੀ ਅਤੇ ਸਮਾਜ ਸੇਵੀ ਕੁਲਵਿੰਦਰ ਸਿੰਘ ਫਲੋਰਾ ਨੂੰ ਸਵਿਟਜ਼ਰਲੈਂਡ ਦੀ ਯੂਰਪੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਨੇ 'ਡਾਕਟਰੇਟ ਆਫ ਬਿਜ਼ਨਸ ਐਡਮਿਨਿਸਟ੍ਰੇਸ਼ਨ' ਦੀ ਡਿਗਰੀ ਪ੍ਰਦਾਨ ਕੀਤੀ

ਵਾਸ਼ਿੰਗਟਨ, (ਰਾਜ ਗੋਗਨਾ) : ਅਮਰੀਕਾ ਦੇ ਵਰਜੀਨੀਆ ਰਾਜ ਦੇ ਸਫਲ ਕਾਰੋਬਾਰੀ ਅਤੇ ਸਮਾਜ ਭਲਾਈ ਦੇ ਕੰਮਾਂ 'ਚ ਪਹਿਲੀ ਕਤਾਰ 'ਚ ਅੱਗੇ ਆਉਣ ਵਾਲੇ ਭਾਈਚਾਰੇ 'ਚ ਮਿਲਾਪੜੇ, ਦਿਆਲੂ ਅਤੇ ਸਫਲ ਕਾਰੋਬਾਰੀ ਅਮਰੀਕਾ ਨਿਵਾਸੀ ਕੁਲਵਿੰਦਰ ਸਿੰਘ ਫਲੋਰਾ, ਨੂੰ ਜ਼ੁਗ, ਸਵਿਟਜ਼ਰਲੈਂਡ ਵਿੱਚ ਜਾਰੀ ਯੂਰਪੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਸਟੱਡੀਜ਼ ਦੀ ਸੈਨੇਟ ਦੁਆਰਾ 'ਡਾਕਟਰੇਟ ਆਫ਼ ਬਿਜ਼ਨਸ ਐਡਮਿਨਿਸਟ੍ਰੇਸ਼ਨ' ਦੀ ਡਿਗਰੀ ਪ੍ਰਦਾਨ ਕੀਤੀ, ਫਲੋਰਾ ਦੀ ਇਸ ਪ੍ਰਾਪਤੀ ਲਈ ਸਿੱਖਸ ਆਫ਼ ਅਮਰੀਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਜੱਸੀ' ਨੇ ਦੱਸਿਆ ਕਿ ਸਿੱਖਸ ਆਫ ਅਮਰੀਕਾ ਨਾਂ ਦੀ ਸੰਸਥਾ ਨਾਲ ਵੀ ਜੁੜੇ ਕਾਰੋਬਾਰੀ ਅਤੇ ਲੋਕ ਭਲਾਈ ਦੇ ਕੰਮਾਂ ਚ' ਯੋਗਦਾਨ ਪਾਉਣ ਵਾਲੇ ਸ: ਕੁਲਵਿੰਦਰ ਸਿੰਘ ਫਲੋਰਾ ਦੀ ਇਸ ਪ੍ਰਾਪਤੀ ਲਈ ਚੇਅਰਮੈਨ ਜੱਸੀ' ਨੇ ਸਾਰੇ



ਬੋਰਡ ਮੈਂਬਰਾਂ ਨੂੰ ਸਤਿਕਾਰ ਸਹਿਤ ਬੇਨਤੀ ਕੀਤੀ ਕਿ ਉਹ ਉਹ ਇੱਕ ਲਾਜ਼ਮੀ ਮੀਟਿੰਗ 'ਚ ਕੁਲਵਿੰਦਰ ਸਿੰਘ ਫਲੋਰਾ ਦੀ ਪ੍ਰਾਪਤੀ ਲਈ ਵਿਸ਼ੇਸ਼ ਮੀਟਿੰਗ ਰੱਖਕੇ ਉਹਨਾਂ ਨੂੰ ਵਿਸ਼ੇਸ਼ ਤੌਰ ਤੇ ਸੱਦਾ ਦੇ ਕੇ ਵਰਜੀਨੀਆ 'ਚ ਸਨਮਾਨ ਕਰਨਗੇ। ਅਤੇ ਨਾਲ ਜਸ਼ਨ ਵਿੱਚ ਸ਼ਾਮਲ ਹੋਣ ਲਈ ਸਿੱਖਸ ਆਫ਼ ਅਮਰੀਕਾ ਦੇ ਆਹੁਦੇਦਾਰਾ ਅਤੇ ਪਾਰਟੀ ਦੇ ਵਰਕਰਾਂ ਨੂੰ ਪਹੁੰਚਣ ਲਈ ਸੱਦਾ ਦਿੱਤਾ ਗਿਆ ਹੈ। ਜਿੰਨਾਂ 'ਚ ਵਿਸ਼ੇਸ਼ ਤੌਰ ਤੇ ਪੁੱਜ ਰਹੇ ਡਾ: ਜਸਦੀਪ ਸਿੰਘ ਜੱਸੀ ਚੇਅਰਮੈਨ, ਡਾ: ਸਾਜਿਦ ਤਰਾਰ, ਸ.ਬਲਜਿੰਦਰ ਸ. ਸ਼ੰਮੀ ਉਪ-ਪ੍ਰਧਾਨ ਸਿੱਖਸ ਆਫ਼ ਅਮਰਿਕਾ, ਸ. ਸੁਖਪਾਲ ਸ.ਧਨੋਆ, ਸ: ਵਰਿੰਦਰ ਸਿੰਘ, ਸ: ਦਵਿੰਦਰ ਸਿੰਘ ਚਿੱਥ, ਡਾ: ਦਰਸ਼ਨ ਸਿੰਘ ਸਲੂਜਾ, ਸ: ਇੰਦਰਜੀਤ ਸਿੰਘ ਗੁਜਰਾਲ,ਸ: ਗੁਰਵਿੰਦਰ ਸਿੰਘ ਸੇਠੀ, ਕਰਨ ਸਿੰਘ, ਗੁਰਪ੍ਰੀਤ ਸਿੰਘ ਨਕਈ, ਸ: ਗੁਰਚਰਨ ਸਿੰਘ, ਸ: ਚੱਤਰ ਸਿੰਘ ਸੈਣੀ, ਅਤੇ ਉਮਰ ਜੌਨ ਦੇ ਨਾਂ ਸ਼ਾਮਿਲ ਹਨ।

ਪ੍ਰਵਾਸੀਆਂ ਨੂੰ ਨਹੀਂ ਦਿਆਂਗੇ ਕੋਈ ਰਿਆਇਤ, ਚੋਣਾਂ 'ਚ ਹਾਰ ਮਗਰੋਂ ਟਰੰਪ ਦਾ ਬਿਆਨ

ਮੈਰੀਲੈਂਡ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਮੀਗ੍ਰੇਸ਼ਨ ਨੀਤੀ ਨੂੰ ਲੈ ਕੇ ਦਿੱਤੇ ਆਪਣੇ ਬਿਆਨ 'ਤੇ ਯੂ-ਟਰਨ ਲਿਆ ਹੈ। ਰਾਸ਼ਟਰਪਤੀ ਟਰੰਪ ਨੇ ਆਪਣੀ ਇਮੀਗ੍ਰੇਸ਼ਨ ਨੀਤੀ ਨੂੰ ਬਹੁਤ ਸਖ਼ਤ ਦੱਸਣ ਅਤੇ ਇਸਨੂੰ ਬਦਲਣ ਲਈ ਡੈਮੋਕ੍ਰੇਟਿਕ ਪਾਰਟੀ ਨਾਲ ਸਮਝੌਤੇ ਦੀ ਸੰਭਾਵਨਾ ਵਧਾਉਣ ਤੋਂ ਬਾਅਦ ਹੁਣ ਕਿਹਾ ਹੈ ਕਿ ਉਹ ਕਿਸੇ ਵੀ ਅਜਿਹੇ ਇਮੀਗ੍ਰੇਸ਼ਨ ਸਮਝੌਤੇ ਦਾ ਵਿਰੋਧ ਕਰਦੇ ਹਨ, ਜਿਸ ਵਿੱਚ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਲਈ 'ਮਾਫ਼ੀ' ਸ਼ਾਮਲ ਹੋਵੇ।

ਟਰੰਪ ਦੀਆਂ ਇਹ ਟਿੱਪਣੀਆਂ ਗ੍ਰਹਿ ਸਕੱਤਰ ਮਾਰਕਵੇਨ ਮੁਲਿਨ ਦੇ ਸੋਮਵਾਰ ਨੂੰ ਇਹ ਕਹਿਣ ਤੋਂ ਬਾਅਦ ਆਈਆਂ ਕਿ ਉਨ੍ਹਾਂ ਨੂੰ ਇਮੀਗ੍ਰੇਸ਼ਨ ਨੀਤੀ 'ਤੇ ਇਕੱਠੇ ਕੰਮ ਕਰਨ ਦੇ ਇੱਛੁਕ ਡੈਮੋਕ੍ਰੇਟਿਕ ਨੇਤਾਵਾਂ ਤੋਂ ਕਾਲਾਂ ਮਿਲ ਰਹੀਆਂ ਹਨ, ਪਰ ਉਹ ਕਿਸੇ ਵੀ ਅਜਿਹੇ ਸਮਝੌਤੇ ਦਾ ਸਖ਼ਤ ਵਿਰੋਧ ਕਰਦੇ ਹਨ, ਜਿਸ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਮਾਫ਼ੀ ਸ਼ਾਮਲ ਹੋਵੇ। ਮੱਧਕਾਲੀ ਚੋਣਾਂ ਨੇ ਸਪੱਸ਼ਟ ਕਰ ਦਿੱਤਾ ਕਿ ਵੋਟਰ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਅਤੇ ਉਨ੍ਹਾਂ ਦੇ ਲਾਗੂ ਕਰਨ ਦੇ ਤਰੀਕਿਆਂ ਤੋਂ ਨਾਖੁਸ਼ ਸਨ। ਹਾਲਾਂਕਿ ਟਰੰਪ ਅਤੇ ਮੁਲਿਨ ਦੀਆਂ ਟਿੱਪਣੀਆਂ ਨੇ ਚੋਣਾਂ ਤੋਂ ਬਾਅਦ ਪ੍ਰਸ਼ਾਸਨ ਦੇ ਵਿਰੋਧੀ ਸੰਦੇਸ਼ਾਂ ਨੂੰ ਉਜਾਗਰ ਕੀਤਾ। ਉਹ ਇਹ ਵੀ ਦਰਸਾਉਂਦੇ ਹਨ ਕਿ ਨਵੀਂ ਡੈਮੋਕ੍ਰੇਟਿਕ-ਨਿਯੰਤਰਿਤ ਕਾਂਗਰਸ (ਅਮਰੀਕੀ ਸੰਸਦ) ਲਈ ਇਮੀਗ੍ਰੇਸ਼ਨ ਮੁੱਦਿਆਂ 'ਤੇ ਸਹਿਮਤੀ ਲੱਭਣਾ ਕਿੰਨਾ ਮੁਸ਼ਕਲ ਹੋਵੇਗਾ।

ਇਮੀਗ੍ਰੇਸ਼ਨ ਦਾ ਮੁੱਦਾ ਲੰਬੇ ਸਮੇਂ ਤੋਂ ਕਾਂਗਰਸ ਦੇ ਸਾਹਮਣੇ ਸਭ ਤੋਂ ਗੁੰਝਲਦਾਰ ਮੁੱਦਿਆਂ ਵਿੱਚੋਂ ਇੱਕ ਰਿਹਾ ਹੈ। ਇਮੀਗ੍ਰੇਸ਼ਨ ਵਿਰੋਧੀ ਆਲੋਚਕ ਅਕਸਰ ਕਿਸੇ ਵੀ ਸਮਝੌਤੇ ਨੂੰ 'ਮਾਫ਼ੀ' ਕਹਿੰਦੇ ਹਨ ਜੋ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਆਪਣੀ ਕਾਨੂੰਨੀ ਸਥਿਤੀ ਨੂੰ ਨਿਯਮਤ ਕਰਨ ਦਾ ਰਸਤਾ ਪ੍ਰਦਾਨ ਕਰਦਾ ਹੈ, ਪਰ ਸਮਰਥਕ ਦਲੀਲ ਦਿੰਦੇ ਹਨ ਕਿ ਜਿਹੜੇ ਲੋਕ ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਹੇ ਹਨ, ਇੱਥੇ ਕੰਮ ਕਰਦੇ ਹਨ ਅਤੇ ਇੱਥੇ ਪਰਿਵਾਰ ਸਥਾਪਿਤ ਕਰਦੇ ਹਨ, ਉਨ੍ਹਾਂ ਨੂੰ ਵੀ ਆਪਣੀ ਕਾਨੂੰਨੀ ਸਥਿਤੀ ਨੂੰ ਮਜ਼ਬੂਤ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਟਰੰਪ ਨੇ ਵ੍ਹਾਈਟ ਹਾਊਸ, ਸੰਯੁਕਤ ਰਾਜ ਦੇ ਰਾਸ਼ਟਰਪਤੀ ਦੇ ਸਰਕਾਰੀ ਨਿਵਾਸ ਅਤੇ ਦਫ਼ਤਰ ਵਿਖੇ ਪੱਤਰਕਾਰਾਂ ਨੂੰ ਕਿਹਾ, 'ਕੋਈ ਰਿਆਇਤਾਂ ਨਹੀਂ ਹੋਣਗੀਆਂ।' ਉਨ੍ਹਾਂ ਨੇ ਕਿਹਾ, 'ਕਿਸੇ ਨੇ ਪੁੱਛਿਆ ਕਿ ਕੀ ਕੋਈ ਰਿਆਇਤਾਂ ਹੋਣਗੀਆਂ? ਨਹੀਂ, ਕਿਉਂਕਿ ਉਹ ਇੱਥੇ ਆਏ ਹਨ ਅਤੇ ਉਹ ਕਾਨੂੰਨ ਨੂੰ ਜਾਣਦੇ ਹਨ'। ਟਰੰਪ ਨੇ ਆਪਣੇ ਪ੍ਰਸ਼ਾਸਨ ਦੀ ਦੇਸ਼ ਨਿਕਾਲੇ ਦੀ ਨੀਤੀ ਦਾ ਬਚਾਅ ਕਰਦੇ ਹੋਏ ਇਸਨੂੰ 'ਬਹੁਤ ਮਜ਼ਬੂਤ' ਕਿਹਾ। ਜਦੋਂ ਪੁੱਛਿਆ ਗਿਆ ਕਿ ਕੀ ਉਸਨੇ ਆਪਣੇ ਨਵੇਂ ਚੀਫ਼ ਆਫ਼ ਸਟਾਫ਼, ਸਟੀਫਨ ਮਿਲਰ ਨਾਲ ਇਮੀਗ੍ਰੇਸ਼ਨ ਨੀਤੀ ਵਿੱਚ ਬਦਲਾਅ ਬਾਰੇ ਗੱਲ ਕੀਤੀ ਹੈ, ਤਾਂ ਟਰੰਪ ਨੇ ਕਿਹਾ ਕਿ ਉਸਨੇ ਨਹੀਂ ਕੀਤੀ। ਮਿਲਰ ਆਪਣੇ ਸਖ਼ਤ ਇਮੀਗ੍ਰੇਸ਼ਨ ਉਪਾਵਾਂ ਲਈ ਇੱਕ ਮੁੱਖ ਰਣਨੀਤੀਕਾਰ ਰਹੇ ਹਨ। ਟਰੰਪ ਨੇ ਕਿਹਾ, 'ਮੇਰੀ ਨੀਤੀ ਨਹੀਂ ਬਦਲੀ ਹੈ।' ਉਸਨੇ ਅੱਗੇ ਕਿਹਾ ਕਿ ਧਿਆਨ 'ਸਭ ਤੋਂ ਖ਼ਤਰਨਾਕ ਅਪਰਾਧੀਆਂ' ਨੂੰ ਦੇਸ਼ ਨਿਕਾਲਾ ਦੇਣ 'ਤੇ ਰਹੇਗਾ। ਇਸ ਦੇ ਉਲਟ ਐਤਵਾਰ ਨੂੰ '60 ਮਿੰਟ' ਨਾਲ ਇੱਕ ਇੰਟਰਵਿਊ ਵਿੱਚ ਟਰੰਪ ਨੇ ਕਿਹਾ ਕਿ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 'ਕਾਤਲਾਂ' ਅਤੇ 'ਨਸ਼ੀਲੇ ਪਦਾਰਥਾਂ ਦੇ ਤਸਕਰਾਂ' ਨੂੰ ਦੇਸ਼ ਨਿਕਾਲਾ ਦੇ ਦੇਣਾ ਚਾਹੀਦਾ ਹੈ। ਹਾਲਾਂਕਿ, ਉਸਨੇ ਇੱਕ ਸਮਝੌਤੇ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜੋ ਦੂਜਿਆਂ ਨੂੰ ਅਮਰੀਕਾ ਵਿੱਚ ਰਹਿਣ ਦੀ ਆਗਿਆ ਦੇਵੇਗਾ। ਟਰੰਪ ਨੇ ਇਮੀਗ੍ਰੇਸ਼ਨ 'ਤੇ ਸਖ਼ਤੀ ਕਰਨ ਦੇ ਵਾਅਦੇ ਨਾਲ ਦੁਬਾਰਾ ਚੋਣ ਜਿੱਤੀ। ਉਨ੍ਹਾਂ ਦੇ ਦੂਜੇ ਕਾਰਜਕਾਲ ਦੇ ਪਹਿਲੇ ਦੋ ਸਾਲਾਂ ਵਿੱਚ ਪ੍ਰਵਾਸੀਆਂ ਦੀਆਂ ਗ੍ਰਿਫ਼ਤਾਰੀਆਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ, ਜਿਸ ਵਿੱਚ ਵੱਡੇ ਅਮਰੀਕੀ ਸ਼ਹਿਰਾਂ ਵਿੱਚ ਹਾਈ-ਪ੍ਰੋਫਾਈਲ ਕਾਰਵਾਈਆਂ ਵੀ ਸ਼ਾਮਲ ਹਨ, ਜਿਸਦੇ ਨਤੀਜੇ ਵਜੋਂ ਕਈ ਵਾਰ ਹਿੰਸਾ ਹੁੰਦੀ ਹੈ।

ਟਰੰਪ ਨੇ ਨੈਟਲੀ ਬੇਕਰ ਨੂੰ ਪਾਕਿਸਤਾਨ 'ਚ ਅਗਲੀ ਅਮਰੀਕੀ ਰਾਜਦੂਤ ਵਜੋਂ ਕੀਤਾ ਨਾਮਜ਼ਦ

ਇਸਲਾਮਾਬਾਦ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਾਕਿਸਤਾਨ ਵਿੱਚ ਅਗਲੀ ਅਮਰੀਕੀ ਰਾਜਦੂਤ ਵਜੋਂ ਨੈਟਲੀ ਬੇਕਰ ਨੂੰ ਨਾਮਜ਼ਦ ਕੀਤਾ ਹੈ। ਇਸ ਨਾਲ ਲਗਭਗ ਦੋ ਸਾਲਾਂ ਦੇ ਅੰਤਰਾਲ ਤੋਂ ਬਾਅਦ ਇਸਲਾਮਾਬਾਦ ਵਿੱਚ ਸਥਾਈ ਅਮਰੀਕੀ ਰਾਜਦੂਤ ਦੀ ਨਿਯੁਕਤੀ ਦਾ ਰਸਤਾ ਸਾਫ਼ ਹੋ ਗਿਆ ਹੈ। ਬੇਕਰ ਇਸ ਸਮੇਂ ਇਸਲਾਮਾਬਾਦ ਵਿੱਚ ਅਮਰੀਕੀ ਦੂਤਾਵਾਸ ਵਿੱਚ ਚਾਰਜ ਡੀ'ਅਫੇਅਰ ਹਨ। ਬੇਕਰ ਨੇ ਜਨਵਰੀ 2025 ਵਿੱਚ ਤਤਕਾਲੀ ਰਾਜਦੂਤ ਡੋਨਾਲਡ ਆਰਮਿਨ ਬਲੂਮ ਦੇ ਪਾਕਿਸਤਾਨ ਤੋਂ ਜਾਣ ਤੋਂ ਬਾਅਦ ਇਹ ਜ਼ਿੰਮੇਵਾਰੀ ਸੰਭਾਲੀ ਸੀ।

ਅਮਰੀਕੀ ਰਾਸ਼ਟਰਪਤੀ ਦੇ ਅਧਿਕਾਰਤ ਨਿਵਾਸ ਅਤੇ ਦਫ਼ਤਰ, ਵ੍ਹਾਈਟ ਹਾਊਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਬੇਕਰ ਦੀ ਨਾਮਜ਼ਦਗੀ ਅਮਰੀਕੀ ਸੈਨੇਟ (ਅਮਰੀਕੀ ਸੰਸਦ ਦੇ ਉਪਰਲੇ ਸਦਨ) ਨੂੰ ਭੇਜ ਦਿੱਤੀ ਗਈ ਹੈ। ਸੈਨੇਟ ਦੀ ਵਿਦੇਸ਼ ਸੰਬੰਧ ਕਮੇਟੀ ਇਸਦੀ ਸਮੀਖਿਆ ਕਰੇਗੀ। ਕਮੇਟੀ ਤੋਂ



ਪ੍ਰਵਾਨਗੀ ਮਿਲਣ ਤੋਂ ਬਾਅਦ, ਨਾਮਜ਼ਦਗੀ 'ਤੇ ਸੈਨੇਟ ਵਿੱਚ ਵੋਟਿੰਗ ਕੀਤੀ ਜਾਵੇਗੀ। ਸੈਨੇਟ ਦੀ ਪ੍ਰਵਾਨਗੀ ਤੋਂ ਬਾਅਦ ਬੇਕਰ ਨੂੰ ਪਾਕਿਸਤਾਨ ਵਿੱਚ ਅਮਰੀਕੀ ਰਾਜਦੂਤ ਨਿਯੁਕਤ ਕੀਤਾ ਜਾਵੇਗਾ। ਦੂਤਾਵਾਸ ਦੀ ਵੈੱਬਸਾਈਟ 'ਤੇ ਉਪਲਬਧ ਜਾਣਕਾਰੀ ਦੇ ਅਨੁਸਾਰ ਉਹ ਪਹਿਲਾਂ ਅਗਸਤ 2024 ਵਿੱਚ ਇਸਲਾਮਾਬਾਦ ਵਿੱਚ ਦੂਤਾਵਾਸ ਦੇ ਡਿਪਟੀ ਚੀਫ਼ ਆਫ਼ ਸਟਾਫ਼ ਵਜੋਂ ਸੇਵਾ ਨਿਭਾ ਚੁੱਕੀ ਹੈ। ਇਸ ਤੋਂ ਪਹਿਲਾਂ ਉਸਨੇ ਅਗਸਤ 2021 ਤੋਂ ਜੁਲਾਈ 2024 ਤੱਕ ਦੋਹਾ ਵਿੱਚ ਅਮਰੀਕੀ ਦੂਤਾਵਾਸ ਵਿੱਚ ਡਿਪਟੀ ਚੀਫ਼ ਆਫ਼ ਸਟਾਫ਼ ਵਜੋਂ ਸੇਵਾ ਨਿਭਾਈ। ਬੇਕਰ ਨੇ ਲੀਬੀਆ ਵਿੱਚ ਅਮਰੀਕੀ ਦੂਤਾਵਾਸ ਵਿੱਚ ਡਿਪਟੀ ਚੀਫ਼ ਆਫ਼ ਸਟਾਫ਼ ਅਤੇ ਚਾਰਜ ਡੀ'ਅਫ਼ੇਅਰਜ਼, ਦੁਬਈ ਵਿੱਚ ਅਮਰੀਕੀ ਕੌਂਸਲੇਟ ਜਨਰਲ ਵਿਖੇ ਈਰਾਨ ਖੇਤਰੀ ਮੌਜੂਦਗੀ ਦਫ਼ਤਰ ਦੇ ਡਿਪਟੀ ਡਾਇਰੈਕਟਰ ਅਤੇ ਕੁਵੈਤ ਵਿੱਚ ਅਮਰੀਕੀ ਦੂਤਾਵਾਸ ਵਿੱਚ ਆਰਥਿਕ ਸਲਾਹਕਾਰ ਵਜੋਂ ਵੀ ਸੇਵਾਵਾਂ ਨਿਭਾਈਆਂ ਹਨ। ਬੇਕਰ ਇਸਲਾਮਾਬਾਦ ਵਿੱਚ ਬਹੁਤ ਸਰਗਰਮ ਹੈ ਅਤੇ ਅਕਸਰ ਸਥਾਨਕ ਪਾਕਿਸਤਾਨੀ ਅਧਿਕਾਰੀਆਂ ਅਤੇ ਰਾਜਨੀਤਕ ਲੀਡਰਸ਼ਿਪ ਨਾਲ ਗੱਲਬਾਤ ਕਰਦੀ ਰਹਿੰਦੀ ਹੈ।

ਪ੍ਰਦੂਸ਼ਣ ਦੀ ਅਣਦੇਖੀ

ਜਿਵੇਂ ਕਿ ਇਹ ਖ਼ਦਸ਼ਾ ਸੀ ਕਿ ਦੀਵਾਲੀ ਮੌਕੇ ਪਟਾਕਿਆਂ ਦੀ ਵਰਤੋਂ ਨਾਲ ਹਵਾ ਪ੍ਰਦੂਸ਼ਣ ਵਧ ਸਕਦਾ ਹੈ, ਬਿਲਕੁਲ ਉਵੇਂ ਹੀ ਹੋਇਆ। ਦਿੱਲੀ-ਐੱਨਸੀਆਰ ਸਮੇਤ ਉੱਤਰੀ ਭਾਰਤ ਦੇ ਇਕ ਵੱਡੇ ਹਿੱਸੇ ’ਚ ਹਵਾ ਦੀ ਗੁਣਵੱਤਾ ’ਚ ਗਿਰਾਵਟ ਦਰਜ ਕੀਤੀ ਗਈ। ਦੀਵਾਲੀ ਦੀ ਰਾਤ ਕੋਲਕਾਤਾ ’ਚ ਵੀ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ, ਭਾਵ ਏਕਿਊਆਈ, ਜਿਸ ਤਰ੍ਹਾਂ 600 ਤੋਂ ਵੱਧ ਪਾਇਆ ਗਿਆ, ਉਸ ਤੋਂ ਸਪੱਸ਼ਟ ਹੋ ਗਿਆ ਕਿ ਹਵਾ ਪ੍ਰਦੂਸ਼ਣ ਦੀ ਸਮੱਸਿਆ ਨੇ ਉੱਤਰੀ ਭਾਰਤ ਸਮੇਤ ਦੇਸ਼ ਦੇ ਹੋਰਨਾਂ ਹਿੱਸਿਆਂ ਨੂੰ ਵੀ ਆਪਣੇ ਲਪੇਟੇ ’ਚ ਲੈ ਲਿਆ ਹੈ। ਹਵਾ ਪ੍ਰਦੂਸ਼ਣ ਦਾ ਘੇਰਾ ਤੇ ਇਸ ਦੀ ਗੰਭੀਰਤਾ ਸਾਲ ਦਰ ਸਾਲ ਇਸ ਲਈ ਵਧਦੀ ਜਾ ਰਹੀ ਹੈ, ਕਿਉਂਕਿ ਇਸ ਲਈ ਜ਼ਿੰਮੇਵਾਰ ਸਾਰੇ ਕਾਰਨਾਂ ਦੇ ਸਮੇਂ ਸਿਰ ਹੱਲ ਲਈ ਸਰਗਰਮ ਹੋਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਆਮ ਤੌਰ ’ਤੇ ਹਵਾ ਦੀ ਗੁਣਵੱਤਾ ਖ਼ਰਾਬ ਹੋਣ ਦੀ ਸ਼ੁਰੂਆਤ ਪੰਜਾਬ, ਹਰਿਆਣਾ, ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼ ਆਦਿ ’ਚ ਫ਼ਸਲਾਂ ਦੀ ਰਹਿੰਦ-ਖੂੰਹਦ ਸਾੜਨ ਨਾਲ ਹੁੰਦੀ ਹੈ। ਇਸ ਤੋਂ ਬਾਅਦ ਹਵਾ ਪ੍ਰਦੂਸ਼ਣ ’ਚ ਹੋਰ ਕਾਰਕ ਵੀ ਸ਼ਾਮਲ ਹੋ ਜਾਂਦੇ ਹਨ, ਜਿਵੇਂ ਕਿ ਵਾਹਨਾਂ ’ਚੋਂ ਨਿਕਲਣ ਵਾਲਾ ਧੂੰਆਂ, ਸੜਕਾਂ ਤੇ ਉਸਾਰੀ ਵਾਲੀਆਂ ਥਾਵਾਂ ਤੋਂ ਉੱਡਣ ਵਾਲੀ ਧੂੜ ਆਦਿ। ਦੀਵਾਲੀ ਮੌਕੇ ਜਦੋਂ ਵੱਡੀ ਗਿਣਤੀ ’ਚ ਪਟਾਕੇ ਚਲਾਏ ਜਾਂਦੇ ਹਨ ਤਾਂ ਪ੍ਰਦੂਸ਼ਣ ਹੋਰ ਵਧ ਜਾਂਦਾ ਹੈ। ਸੁਪਰੀਮ ਕੋਰਟ ਦੇ ਅਨੇਕਾਂ ਨਿਰਦੇਸ਼ ਵੀ ਪਟਾਕੇ ਚਲਾਉਣ ਦੇ ਰੁਝਾਨ ਨੂੰ ਘਟਾਉਣ ’ਚ ਸਫ਼ਲ ਨਹੀਂ ਹੋ ਰਹੇ ਤੇ ਨਾ ਹੀ ਹਰੇ ਪਟਾਕਿਆਂ ਦੀ ਵਰਤੋਂ ਵਧ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਪਟਾਕੇ ਦੀਵਾਲੀ ਦਾ ਅਨਿੱਖੜਵਾਂ ਅੰਗ ਬਣ ਗਏ ਹਨ। ਇਹ ਸਹੀ ਹੈ ਕਿ ਹਵਾ ਪ੍ਰਦੂਸ਼ਣ ਲਈ ਸਿਰਫ਼ ਪਟਾਕੇ ਹੀ ਜ਼ਿੰਮੇਵਾਰ ਨਹੀਂ ਹਨ ਪਰ ਇਸ ’ਚ ਵੀ ਕੋਈ ਸ਼ੱਕ ਨਹੀਂ ਕਿ ਇਹ ਪ੍ਰਦੂਸ਼ਣ ਵਧਾਉਂਦੇ ਹਨ। ਹਰ ਕੋਈ ਇਸ ਗੱਲ ਤੋਂ ਜਾਣੂ ਵੀ ਹੈ ਪਰ ਕੋਈ ਵੀ ਇਨ੍ਹਾਂ ਦੀ ਵਰਤੋਂ ਸੀਮਤ ਕਰਨ ਲਈ ਤਿਆਰ ਨਹੀਂ ਹੈ। ਆਖ਼ਰ ਅਜਿਹਾ ਕਿਉਂ ਨਹੀਂ ਹੋ ਸਕਦਾ ਕਿ ਦੀਵਾਲੀ ਮੌਕੇ ਸਿਰਫ਼ ਰਸਮੀ ਤੌਰ ’ਤੇ ਹਰੇ ਪਟਾਕਿਆਂ ਦੀ ਹੀ ਬਹੁਤ ਘੱਟ ਵਰਤੋਂ ਕੀਤੀ ਜਾਵੇ? ਕਿਸੇ ਵੀ ਤਿਉਹਾਰ ਨੂੰ ਮਨਾਉਣ ਦੇ ਤੌਰ-ਤਰੀਕੇ ਸਮਾਜ ਹੀ ਤੈਅ ਕਰਦਾ ਹੈ ਅਤੇ ਉਹ ਦੇਸ਼, ਸਮੇਂ ਤੇ ਹਾਲਾਤ ਅਨੁਸਾਰ ਇਨ੍ਹਾਂ ’ਚ ਤਬਦੀਲੀ ਵੀ ਕਰਦਾ ਹੈ। ਇਸ ਗੱਲ ’ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਕਿ ਦੀਵਾਲੀ ਮੌਕੇ ਪਟਾਕੇ ਸਿਰਫ਼ ਪ੍ਰਤੀਕਾਤਮਕ ਤੌਰ ’ਤੇ ਹੀ ਚਲਾਏ ਜਾਣ ਅਤੇ ਇਨ੍ਹਾਂ ਦੀ ਵੱਡੇ ਪੱਧਰ ’ਤੇ ਵਰਤੋਂ ਰਾਮ ਨੌਮੀ ਜਾਂ ਫਿਰ ਹਿੰਦੂ ਨਵੇਂ ਸਾਲ ਦੀ ਸ਼ੁਰੂਆਤ ਮੌਕੇ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਸਮੇਂ ਦੇ ਨਾਲ ਪੰਜਾਬ ਅਤੇ ਹਰਿਆਣਾ ’ਚ ਪਰਾਲੀ ਸਾੜਨ ਦੇ ਰੁਝਾਨ ਨੂੰ ਘਟਾਉਣ ’ਚ ਸਫ਼ਲਤਾ ਮਿਲੀ ਹੈ। ਅਜਿਹੀ ਹੀ ਸਫ਼ਲਤਾ ਦੀਵਾਲੀ ਮੌਕੇ ਪਟਾਕਿਆਂ ਦੀ ਵਰਤੋਂ ਸੀਮਤ ਕਰਨ ’ਚ ਵੀ ਹਾਸਲ ਕੀਤੀ ਜਾ ਸਕਦੀ ਹੈ। ਬਿਨਾਂ ਸ਼ੱਕ ਅਜਿਹਾ ਉਦੋਂ ਹੀ ਸੰਭਵ ਹੋਵੇਗਾ, ਜਦੋਂ ਸਾਰੇ ਲੋਕ ਇਹ ਸਮਝਣਗੇ ਕਿ ਵਧਦਾ ਪ੍ਰਦੂਸ਼ਣ ਸਿਹਤ ਲਈ ਘਾਤਕ ਹੋਣ ਦੇ ਨਾਲ-ਨਾਲ ਦੇਸ਼ ਦੀ ਬਦਨਾਮੀ ਦਾ ਕਾਰਨ ਵੀ ਬਣਦਾ ਹੈ। ਵਾਤਾਵਰਨ ਦੀ ਰਾਖੀ ਉਦੋਂ ਹੀ ਸੰਭਵ ਹੈ, ਜਦੋਂ ਸਰਕਾਰ ਤੇ ਪ੍ਰਸ਼ਾਸਨ ਦੇ ਨਾਲ-ਨਾਲ ਸਮਾਜ ਵੀ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਹਮੇਸ਼ਾ ਤਿਆਰ ਰਹੇਗਾ। ਬਦਕਿਸਮਤੀ ਨਾਲ ਅਜੇ ਵੀ ਅਜਿਹੀ ਸਥਿਤੀ ਨਹੀਂ ਬਣ ਸਕੀ ਕਿ ਸਾਡੇ ਹਰ ਤਿਉਹਾਰ ’ਚ ਵਾਤਾਵਰਨ ਦੀ ਸੰਭਾਲ ਦਾ ਸੁਨੇਹਾ ਵੀ ਸ਼ਾਮਲ ਹੋਵੇ, ਜਦਕਿ ਸਾਡੇ ਤਿਉਹਾਰਾਂ ਦੀਆਂ ਪਰੰਪਰਾਵਾਂ ’ਚ ਅਜਿਹਾ ਸੰਦੇਸ਼ ਮੌਜੂਦ ਹੈ। ਇਹ ਠੀਕ ਨਹੀਂ ਕਿ ਹਵਾ ਪ੍ਰਦੂਸ਼ਣ ਖ਼ਤਰਨਾਕ ਪੱਧਰ ਤੱਕ ਪਹੁੰਚ ਜਾਣ ਦੇ ਬਾਵਜੂਦ ਆਮ ਲੋਕ ਇਸ ਪ੍ਰਤੀ ਅਣਦੇਖੀ ਕਰਦੇ ਰਹਿਣ।

ਪਾਣੀਆਂ ਦੇ ਸੰਕਟ ਦੀ ਤਹਿ ਤੱਕ...

ਸ਼ੀਰਿਨ

ਇਨ੍ਹੀਂ ਦਿਨੀਂ ਪੰਜਾਬ ’ਚ ਦਰਿਆਈ ਪਾਣੀਆਂ ਦੀ ਵੰਡ ਅਤੇ ਇਸ ਨਾਲ ਜੁੜ ਕੇ ‘ਪੰਜਾਬ ਪੁਨਰਗਠਨ ਐਕਟ, 1966’ ਦੀਆਂ ਧਾਰਾਵਾਂ 78, 79 ਅਤੇ 80 ਦੀ ਪ੍ਰਸੰਗਿਕਤਾ ਬਾਰੇ ਭਖਵੀਂ ਚਰਚਾ ਛਿੜੀ ਹੋਈ ਹੈ। ਇਸ ਚਰਚਾ ਦਾ ਧੁਰਾ ਪਾਣੀ ਦਾ ਉਹ ਗੰਭੀਰ ਸੰਕਟ ਹੈ, ਜਿਸ ਨਾਲ ਪੰਜਾਬ ਜੂਝ ਰਿਹਾ ਹੈ ਅਤੇ ਆਉਂਦੇ ਕੁਝ ਸਾਲਾਂ ਤੱਕ ਇਸ ਦੇ ਹੋਰ ਵਧੇਰੇ ਗਹਿਰਾਉਣ ਤੇ ਇੱਥੋਂ ਤੱਕ ਕਿ ਪੰਜਾਬ ਦੇ ਮਾਰੂਥਲ ਵਿੱਚ ਤਬਦੀਲ ਹੋ ਜਾਣ ਦੀਆਂ ਵੀ ਸੰਭਾਵਨਾਵਾਂ ਹਨ। ਇਸ ਚਰਚਾ ਦੌਰਾਨ ਕੁਝ ਪਹਿਲੂ ਸਭਨਾਂ ਧਿਰਾਂ ਦਾ ਧਿਆਨ ਮੰਗਦੇ ਹਨ। ਇਹ ਸੰਕਟ ਸਿਰਫ਼ ਦਰਿਆਈ ਪਾਣੀਆਂ ਦੀ ਵੰਡ ਨਾਲ ਉਪਜਿਆ ਹੋਇਆ ਮਸਲਾ ਨਹੀਂ ਹੈ ਸਗੋਂ ਇਹ ਤਾਂ ਇਸ ਸੰਕਟ ਨੂੰ ਪ੍ਰਭਾਵਿਤ ਕਰਨ ਵਾਲੇ ਅਨੇਕਾਂ ਪਹਿਲੂਆਂ ਵਿੱਚੋਂ ਮਹਿਜ਼ ਇੱਕ ਹੈ। ਦਰਿਆਈ ਪਾਣੀਆਂ ਦੀ ਵੰਡ ਵਿੱਚ ਪੰਜਾਬ ਨਾਲ ਹੋਏ ਧੱਕੇ ਦੇ ਸਿੱਟੇ ਵਜੋਂ ਹਰਿਆਣੇ ਨੂੰ ਵਾਧੂ ਅਲਾਟ ਕੀਤੇ ਗਏ ਪਾਣੀ ਦੀ ਮਾਤਰਾ ਮਹਿਜ਼ ਦੋ ਮਿਲੀਅਨ ਏਕੜ ਫੁੱਟ ਦੇ ਲਗਪਗ ਬਣਦੀ ਹੈ। ਅਸਲ ਵਿੱਚ ਤਾਂ ਜੇਕਰ ਪੰਜਾਬ ਦੇ ਦਰਿਆਵਾਂ ਵਿੱਚ ਵਗ ਰਿਹਾ ਸਮੁੱਚਾ ਪਾਣੀ ਵੀ (ਜੋ ਕਿ 25-26 ਮਿਲੀਅਨ ਏਕੜ ਫੁੱਟ ਬਣਦਾ ਹੈ) ਪੰਜਾਬ ਵਿੱਚ ਵਰਤ ਲਿਆ ਜਾਵੇ ਤਾਂ ਵੀ ਮੌਜੂਦਾ ਵਿਕਾਸ ਮਾਡਲ ਦੇ ਚਲਦਿਆਂ ਸੂਬੇ ਦੀਆਂ ਪਾਣੀ ਦੀਆਂ ਲੋੜਾਂ ਪੂਰੀਆਂ ਨਹੀਂ ਹੋ ਸਕਦੀਆਂ।

ਇਹ ਬਹੁ-ਪਰਤੀ ਸੰਕਟ ਸਿਰਫ਼ ਪਾਣੀ ਦੀ ਘਾਟ ਦਾ ਮਸਲਾ ਨਹੀਂ ਸਗੋਂ ਉਪਲਬਧ ਪਾਣੀ ਦੇ ਬੁਰੀ ਤਰ੍ਹਾਂ ਪਲੀਤ ਹੋਣ ਦਾ ਸੰਕਟ ਵੀ ਹੈ। ਇਸ ਸੰਕਟ ਦੀ ਤਹਿ ਹੇਠ ਵਿਕਾਸ ਦਾ ਉਹ ਸਮੁੱਚਾ ਮਾਡਲ ਹੈ, ਜਿਸ ਵਿੱਚ ਵਾਤਾਵਰਨ, ਕਿਰਤ ਅਤੇ ਕੁਦਰਤੀ ਸੋਮਿਆਂ ਦੀ ਲੁੱਟ ਦੀਆਂ ਖੁੱਲ੍ਹਾਂ ਦੇ ਕੇ ਕਾਰਪੋਰੇਟਾਂ ਅਤੇ ਸਾਮਰਾਜੀ ਕੰਪਨੀਆਂ ਦੇ ਮੁਨਾਫ਼ ?ਆਂ ਦੀ ਜ਼ਾਮਨੀ ਕੀਤੀ ਜਾ ਰਹੀ ਹੈ। ਇਸ ਦੀ ਲੜੀ ਵਜੋਂ ਖੇਤੀ ਵਿਕਾਸ ਦਾ ਉਹ ਮਾਡਲ ਵੀ ਹੈ, ਜੋ ‘ਹਰੇ ਇਨਕਲਾਬ’ ਦੇ ਨਾਂ ਹੇਠ ਪੰਜਾਬ ਉੱਤੇ ਮੜ੍ਹਿਆ ਗਿਆ ਸੀ। ਸਾਮਰਾਜੀ ਮੁਨਾਫ਼ ?ਆਂ ਦੀਆਂ ਲੋੜਾਂ ਅਤੇ ਦੇਸ਼ ਦੇ ਅੰਨ ਸੰਕਟ ਨੂੰ ਸੰਬੋਧਿਤ ਇਸ ਮਾਡਲ ਤਹਿਤ ਪੰਜਾਬ, ਪੱਛਮੀ ਯੂ ਪੀ, ਹਰਿਆਣਾ ਅਤੇ ਬਾਅਦ ਵਿੱਚ ਕੁਝ ਹੋਰ ਸੂਬਿਆਂ ਅੰਦਰ ਝੋਨੇ ਅਤੇ ਕਣਕ ਦੀ ਸੰਘਣੀ ਖੇਤੀ ਸ਼ੁਰੂ ਕੀਤੀ ਗਈ। ਉਲਟ ਮੌਸਮੀ ਹਾਲਾਤ ਵਿੱਚ ਕੀਤੀ ਗਈ ਝੋਨੇ ਦੀ ਖੇਤੀ ਨੇ ਪੰਜਾਬ ਵਿੱਚੋਂ ਪਾਣੀ ਨੂੰ ਵੱਡੇ ਪੱਧਰ ਉੱਤੇ ਨਿਚੋੜ ਲਿਆ ਹੈ। ਝੋਨੇ ਲਈ ਦਰਿਆਵਾਂ ਦਾ ਪਾਣੀ ਵੱਡੇ ਪੱਧਰ ਉੱਤੇ ਖਪਾਉਣ ਦੇ ਨਾਲ-ਨਾਲ ਧਰਤੀ ਹੇਠੋਂ ਵੀ ਵੱਡੀ ਮਾਤਰਾ ਵਿੱਚ ਪਾਣੀ ਬਾਹਰ ਕੱਢਿਆ ਜਾ ਰਿਹਾ ਹੈ।

ਵੱਧ ਝਾੜ ਵਾਲੇ ਬੀਜਾਂ ਨਾਲ ਜੁੜਵੇਂ ਪੈਕੇਜ ਦੇ ਰੂਪ ਵਿੱਚ ਆਈਆਂ ਕੀਟਨਾਸ਼ਕ ਦਵਾਈਆਂ ਨੇ ਧਰਤੀ ਅਤੇ ਧਰਤੀ ਹੇਠਲੇ ਪਾਣੀ ਨੂੰ ਜ਼ਹਿਰੀਲਾ ਕਰ ਦਿੱਤਾ ਹੈ। ਸਾਲ 1965 ਵਿੱਚ ਪੰਜਾਬ ਅੰਦਰ ਧਰਾਤਲ ਤੋਂ 10 ਤੋਂ 16 ਫੁੱਟ ਹੇਠਾਂ ਪਾਣੀ ਮਿਲ ਸਕਦਾ ਸੀ ਅਤੇ ਕੇਂਦਰੀ ਗਰਾਊਂਡ ਵਾਟਰ ਬੋਰਡ ਦੇ ਅੰਕੜਿਆਂ ਮੁਤਾਬਿਕ 2025 ਤੱਕ ਇਹ ਡੂੰਘਾਈ 98 ਤੋਂ 131 ਫੁੱਟ ਤੱਕ ਪਹੁੰਚ ਚੁੱਕੀ ਹੈ ਅਤੇ ਕਈ ਥਾਵਾਂ ਉੱਤੇ ਤਾਂ 400 ਫੁੱਟ ਤੱਕ ਬੋਰ ਕਰਨਾ ਪੈ ਰਿਹਾ ਹੈ। ਬਰਨਾਲਾ ਅਤੇ ਸੰਗਰੂਰ ਵਰਗੇ ਸੰਵੇਦਨਸ਼ੀਲ ਖੇਤਰਾਂ ਵਿੱਚ ਪਾਣੀ ਇੱਕ ਮੀਟਰ ਪ੍ਰਤੀ ਸਾਲ ਦੀ ਦਰ ਨਾਲ ਹੇਠਾਂ ਜਾ ਰਿਹਾ ਹੈ। ਘੱਟ ਡੂੰਘਾਈ ਉੱਤੇ ਜ਼ਮੀਨ ਅੰਦਰ ਪਾਣੀ ਮੀਂਹ ਰਾਹੀਂ ਰੀਚਾਰਜ ਹੋ ਸਕਦਾ ਹੈ, ਪਰ ਹੁਣ ਪਾਣੀ ਉਨ੍ਹਾਂ ਪੱਤਣਾਂ ਤੋਂ ਖਿੱਚਿਆ ਜਾ ਰਿਹਾ ਹੈ ਜਿਨ੍ਹਾਂ ਦੀ ਭਰਪਾਈ ਨੂੰ ਆਮ ਹਾਲਾਤ ਵਿੱਚ ਵੀ ਅਨੇਕਾਂ ਵਰ੍ਹੇ ਲੱਗ ਜਾਂਦੇ ਹਨ। ਇਸ ਕਰਕੇ ਝੋਨੇ ਦੇ ਚੱਕਰ ਵਿੱਚੋਂ ਨਿਕਲੇ ਬਿਨਾਂ ਪਾਣੀ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ। ਇਸ ਲਈ ਝੋਨੇ ਹੇਠੋਂ ਰਕਬਾ ਘਟਾਉਣਾ ਅਤੇ ਹੋਰਨਾਂ ਫ਼ਸਲਾਂ ਉੱਤੇ ਸਰਕਾਰੀ ਖ਼ਰੀਦ ਤੇ ਘੱਟੋ-ਘੱਟ ਸਮਰਥਨ ਮੁੱਲ ਲਾਜ਼ਮੀ ਮਿਲਣਾ ਪਾਣੀ ਦੇ ਸੰਕਟ ਨਾਲ ਨਜਿੱਠਣ ਲਈ ਅਤਿ ਲੋੜੀਂਦਾ ਹੈ। ਇਨ੍ਹਾਂ ਮੰਗਾਂ ਦੁਆਲੇ ਨਾ ਸਿਰਫ਼ ਸਬੰਧਿਤ ਸੂਬਿਆਂ ਦੀ ਸਮੁੱਚੀ ਕਿਸਾਨੀ ਸਗੋਂ ਸਭ ਲੋਕਾਂ ਦੀ ਲਾਮਬੰਦੀ ਬੇਹੱਦ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਪੰਜਾਬ 11 ਤੋਂ 12 ਮਿਲੀਅਨ ਮੀਟਰਿਕ ਟਨ ਝੋਨੇ ਦੀ ਸਾਲਾਨਾ ਪੈਦਾਵਾਰ ਕਰਦਾ ਹੈ। ਇੱਕ ਕਿਲੋ ਝੋਨੇ ਦੀ ਪੈਦਾਵਾਰ ਲਈ ਲਗਪਗ 4000 ਲਿਟਰ ਪਾਣੀ ਦੀ ਲੋੜ ਪੈਂਦੀ ਹੈ। ਇਉਂ ਝੋਨੇ ਦੀ ਫ਼ਸਲ ਰਾਹੀਂ 38.91 ਮਿਲੀਅਨ ਏਕੜ ਫੁੱਟ ਪਾਣੀ ਆਏ ਸਾਲ ਪੰਜਾਬ ਵਿੱਚੋਂ ਬਾਹਰ ਚਲਾ ਜਾਂਦਾ ਹੈ। ਜੇ ਇਸ



ਪੈਦਾਵਾਰ ਨੂੰ ਇੱਕ-ਚੌਥਾਈ ਵੀ ਘਟਾ ਲਿਆ ਜਾਵੇ ਤਾਂ ਸਾਲਾਨਾ 10.554 ਮਿਲੀਅਨ ਏਕੜ ਫੁੱਟ ਪਾਣੀ ਦੀ ਬੱਚਤ ਹੋ ਸਕਦੀ ਹੈ।

ਮੌਜੂਦਾ ਵਿਕਾਸ ਮਾਡਲ ਦਾ ਦੂਜਾ ਲੜ ਅਜਿਹੇ ਸਨਅਤੀ ਵਿਕਾਸ ਦਾ ਹੈ, ਜੋ ਨਾ ਸਿਰਫ਼ ਪਾਣੀ ਵਰਗੇ ਕੁਦਰਤੀ ਸੋਮਿਆਂ ਦੀ ਅੰਨ੍ਹੀ ਲੁੱਟ ਕਰਕੇ ਇਨ੍ਹਾਂ ਨੂੰ ਮੁਨਾਫ਼ਾ ਦਿੰਦਾ ਹੈ ਸਗੋਂ ਆਬੋ-ਹਵਾ, ਜ਼ਮੀਨ ਅਤੇ ਪਾਣੀ ਨੂੰ ਵੀ ਵੱਡੇ ਪੱਧਰ ਉੱਤੇ ਪਲੀਤ ਕਰਦਾ ਹੈ। ਸਤਲੁਜ ਅਤੇ ਬਿਆਸ ਦੇ ਪਾਣੀਆਂ ਦਾ ਗੰਦੇ ਨਾਲਿਆਂ ਵਿੱਚ ਤਬਦੀਲ ਹੋਣ ਦਾ ਸਫ਼ਰ ਇਸੇ ਸਨਅਤੀ ਵਿਕਾਸ ਮਾਡਲ ਦੀ ਦੇਣ ਹੈ। ਸ਼ਰਾਬ ਫੈਕਟਰੀਆਂ, ਬੋਟਲਿੰਗ ਪਲਾਂਟ, ਈਥਾਨੌਲ ਪਲਾਂਟ, ਡਾਇੰਗ ਸਨਅਤਾਂ ਅਤੇ ਫੂਡ ਪ੍ਰੋਸੈਸਿੰਗ ਯੂਨਿਟਾਂ ਆਦਿ ਪ੍ਰਦੂਸ਼ਣ ਫੈਲਾਉਣ ਦੇ ਨਾਲ-ਨਾਲ ਵੱਡੀ ਪੱਧਰ ਉੱਤੇ ਪਾਣੀ ਦੀ ਖ਼ਪਤ ਵੀ ਕਰਦੀਆਂ ਹਨ। ਇੱਕ ਲਿਟਰ ਸ਼ਰਾਬ ਦੇ ਉਤਪਾਦਨ ਲਈ 25 ਲਿਟਰ ਪਾਣੀ ਸਿੱਧੇ ਤੌਰ ਉੱਤੇ ਵਰਤਿਆ ਜਾਂਦਾ ਹੈ ਅਤੇ ਜੇ ਇਸ ਦੀ ਪੈੜ ਫ਼ਸਲ ਨੂੰ ਤਿਆਰ ਕਰਨ ਤੱਕ ਵੀ ਪਛਾਣਨੀ ਹੋਵੇ ਤਾਂ ਇਹ ਅਨੁਪਾਤ ਇੱਕ ਲਿਟਰ ਸ਼ਰਾਬ ਪਿੱਛੇ 10 ਹਜ਼ਾਰ ਲਿਟਰ ਪਾਣੀ ਦਾ ਬਣ ਜਾਂਦਾ ਹੈ। ਕੇਂਦਰੀ ਖਾਧ ਵਿਭਾਗ ਦੇ ਸਕੱਤਰ ਸੰਜੀਵ ਚੋਪੜਾ ਨੇ ਅਪਰੈਲ 2026 ਵਿੱਚ ਇਹ ਬਿਆਨ ਦਿੱਤਾ ਕਿ ਇੱਕ ਲਿਟਰ ਅਨਾਜ ਆਧਾਰਿਤ ਈਥਾਨੌਲ ਬਣਾਉਣ ਲਈ 10,790 ਲਿਟਰ ਪਾਣੀ ਦੀ ਲੋੜ ਪੈਂਦੀ ਹੈ। ਪੰਜਾਬ ਦੀਆਂ ਸ਼ਰਾਬ ਅਤੇ ਈਥਾਨੌਲ ਫੈਕਟਰੀਆਂ ਵਿੱਚ ਮੁੱਖ ਤੌਰ ਉੱਤੇ ਚੌਲਾਂ ਦਾ ਟੋਟਾ ਹੀ ਵਰਤਿਆ ਜਾਂਦਾ ਹੈ, ਜਿੱਥੇ ਲਗਪਗ ਚਾਰ ਕਿਲੋ ਚੌਲ ਇੱਕ ਲਿਟਰ ਸ਼ਰਾਬ ਦੀ ਪੈਦਾਵਾਰ ਕਰਦੇ ਹਨ। ਇਸ ਵੇਲੇ ਪੰਜਾਬ ਅੰਦਰ 30 ਬੋਟਲਿੰਗ ਪਲਾਂਟ, 15 ਸ਼ਰਾਬ ਫੈਕਟਰੀਆਂ, ਚਾਰ ਬੀਅਰ ਫੈਕਟਰੀਆਂ ਅਤੇ ਚਾਰ ਵੱਡੇ ਈਥਾਨੌਲ ਪਲਾਂਟ ਹਨ। ਇਸ ਤੋਂ ਇਲਾਵਾ 25 ਈਥਾਨੌਲ ਪਲਾਂਟ ਹੋਰ ਲੱਗਣ ਵਾਲੇ ਹਨ। ਸੰਗਤ ਮੰਡੀ ਅੰਦਰ ਮੌਜੂਦ ਇਕੱਲੀ ਬੀ ਸੀ ਐੱਲ ਡਿਸਟਿਲਰੀ ਦੀ ਪ੍ਰਤੀ ਦਿਨ ਦੀ ਪੈਦਾਵਾਰ ਇਸ ਦੇ ਆਪਣੇ ਅੰਕੜਿਆਂ ਮੁਤਾਬਕ 5,50,000 ਲਿਟਰ ਹੈ। ਇਸ ਲਈ ਲੋੜੀਂਦੇ ਪਾਣੀ ਦੀ ਮਾਤਰਾ ਪ੍ਰਤੀ ਦਿਨ 1,25,50,000 ਲਿਟਰ ਬਣਦੀ ਹੈ। ਜੇਕਰ ਇਸ ਵਿੱਚ ਵਰਤੇ ਜਾਂਦੇ ਚੌਲਾਂ ਦੀ ਫ਼ਸਲ ਉੱਤੇ ਖ਼ਪਤ ਹੋਣ ਵਾਲਾ ਪਾਣੀ ਵੀ ਜੋੜਿਆ ਜਾਵੇ ਤਾਂ ਇਹ ਵਰਤੋਂ 5,50,00,00,000 (ਸਾਢੇ ਪੰਜ ਅਰਬ) ਲਿਟਰ ਪਾਣੀ ਰੋਜ਼ਾਨਾ ਦੀ ਬਣਦੀ ਹੈ। ਇਸ ਅੰਕੜੇ ਤੋਂ ਅਜਿਹੀਆਂ ਫੈਕਟਰੀਆਂ ’ਚ ਪਾਣੀ ਦੀ ਸਿੱਧੀ ਅਤੇ ਅਸਿੱਧੀ ਖ਼ਪਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਅਜਿਹੀਆਂ ਫੈਕਟਰੀਆਂ ਇਹ ਪਾਣੀ ਨਹਿਰਾਂ ਤੋਂ ਸਪੈਸ਼ਲ ਮੋਘਿਆਂ ਜਾਂ ਪਾਈਪਲਾਈਨਾਂ ਰਾਹੀਂ ਹਾਸਿਲ ਕਰਦੀਆਂ ਹਨ ਅਤੇ ਜ਼ਮੀਨ ਵਿੱਚੋਂ ਵੀ ਵੱਡੇ ਪੱਧਰ ਉੱਤੇ ਕੱਢਦੀਆਂ ਹਨ। ਲੁਧਿਆਣੇ ਦੀਆਂ ਡਾਇੰਗ ਸਨਅਤਾਂ ਵੱਲੋਂ ਪਲੀਤ ਕੀਤਾ ਗਿਆ ਪਾਣੀ ਲੰਮੇ ਸਮੇਂ ਤੋਂ ਚਰਚਾ ਅਧੀਨ ਹੈ, ਪਰ ਇਸ ਸਬੰਧੀ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਜ਼ੀਰਾ ਸ਼ਰਾਬ ਫੈਕਟਰੀ ਵੱਲੋਂ ਪ੍ਰਦੂਸ਼ਿਤ ਕੀਤੇ ਗਏ ਪਾਣੀ ਖ਼ਿਲਾਫ਼ ਲੋਕਾਂ ਨੂੰ ਲੰਮਾ ਸੰਘਰਸ਼ ਕਰਨਾ ਪਿਆ ਹੈ। ਪਾਣੀ ਸੰਕਟ ਦੇ ਸ਼ਿਕਾਰ ਸੂਬੇ ਅੰਦਰ ਅਜਿਹੀਆਂ ਸਨਅਤਾਂ ਨੂੰ ਨਿਯਮਿਤ ਕਰਨ, ਪ੍ਰਦੂਸ਼ਣ ਲਈ ਜੁਰਮਾਨੇ ਲਾਉਣ ਅਤੇ ਇਨ੍ਹਾਂ ਤੋਂ ਪਾਣੀ ਸੰਕਟ ਦੀ ਭਰਪਾਈ ਕਰਵਾਉਣ ਦਾ ਮਸਲਾ ਵੀ ਪ੍ਰਮੁੱਖ ਏਜੰਡੇ ਉੱਤੇ ਰਹਿਣਾ ਚਾਹੀਦਾ ਹੈ। ਵਿਕਾਸ ਦੇ ਨਾਂ ਉੱਤੇ ਕਾਰਪੋਰੇਟਾਂ ਨੂੰ ਸਮੂਹ ਲੋਕਾਂ ਦੀ ਮਾਲਕੀ ਵਾਲੇ ਸੋਮੇ ਲੁੱਟਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਆਏ ਸਾਲ ਹੜ੍ਹ ਪੰਜਾਬ ਅੰਦਰ ਵੱਡਾ ਕਹਿਰ ਢਾਹੁੰਦੇ ਆ ਰਹੇ ਹਨ। ਜੇਕਰ ਹਕੂਮਤਾਂ ਚਾਹੁਣ ਤਾਂ ਬੰਨ੍ਹ ਬਣਾ ਕੇ ਇਸ ਪਾਣੀ ਨੂੰ ਨਾ ਸਿਰਫ਼ ਨੁਕਸਾਨ ਕਰਨ ਤੋਂ ਰੋਕਿਆ ਜਾ ਸਕਦਾ ਹੈ ਸਗੋਂ ਇਸ ਦੀ ਸੰਭਾਲ ਕਰਕੇ ਸਿੰਚਾਈ, ਪੀਣ ਵਾਲੇ ਪਾਣੀ ਦੀਆਂ ਲੋੜਾਂ ਅਤੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਲਈ ਵਰਤਿਆ ਜਾ ਸਕਦਾ ਹੈ। ਪਿਛਲੇ ਸਾਲ ਆਏ ਹੜ੍ਹਾਂ ਦੌਰਾਨ ਪੌਂਗ ਡੈਮ ਤੋਂ 1 ਜੁਲਾਈ ਤੋਂ 5 ਸਤੰਬਰ 2025 ਤੱਕ 5.03 ਮਿਲੀਅਨ ਏਕੜ ਫੁੱਟ ਪਾਣੀ ਓਵਰਫਲੋਅ ਹੋਇਆ ਹੈ। ਇਸ ਪਾਣੀ ਦੀ ਮਾਤਰਾ ਹਰਿਆਣੇ ਨਾਲ ਰੇੜਕੇ ਦਾ ਕਾਰਨ ਬਣਨ ਵਾਲੇ ਪਾਣੀ ਨਾਲੋਂ ਕਿਤੇ ਵਧੇਰੇ ਹੈ। ਆਏ ਸਾਲ ਅਜਾਈਂ ਜਾਂਦੇ ਅਤੇ ਲੋਕਾਂ ਦੇ ਘਰ-ਬਾਰ ਉਜਾੜਦੇ ਇਸ ਪਾਣੀ ਨੂੰ ਨਿਯੰਤਰਤ ਕਰਨ ਵਿੱਚ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਦਿਲਚਸਪੀ ਨਹੀਂ ਲਈ। ਉਪਰੋਕਤ ਵੱਡੇ ਕਦਮਾਂ ਦੇ ਨਾਲ-ਨਾਲ ਸੇਮ ਮਾਰੇ ਇਲਾਕਿਆਂ ਵਿੱਚ ਪਾਣੀ ਨੂੰ ਕਾਬੂ ਕਰਨ, ਮੀਂਹ ਦੇ ਪਾਣੀ ਦੀ ਸੰਭਾਲ ਦੇ ਸਾਧਨ ਵੱਡੇ ਪੱਧਰ ਉੱਤੇ ਸਿਰਜਣ, ਬਾਰਸ਼ ਲਿਆਉਣ ਵਿੱਚ ਸਹਾਈ ਹੁੰਦੇ ਰੁੱਖਾਂ ਅਤੇ ਜੰਗਲਾਂ ਦੀ ਬਹੁ-ਮਾਰਗੀ ਸੜਕਾਂ ਤੇ ਇਮਾਰਤਾਂ ਲਈ ਅੰਨ੍ਹੇਵਾਹ ਬਲੀ ਦੇਣੀ ਬੰਦ ਕਰਨ, ਕੱਟੇ ਗਏ ਰੁੱਖਾਂ ਤੇ ਜੰਗਲਾਂ ਦੀ ਮੁੜ ਬਹਾਲੀ ਕਰਨ, ਸਾਰੇ ਸ਼ਹਿਰਾਂ ਵਿੱਚ ਸੀਵਰੇਜ ਟਰੀਟਮੈਂਟ ਪ੍ਰਬੰਧਾਂ ਨੂੰ ਅਸਰਦਾਰ ਬਣਾਉਣ, ਪ੍ਰਦੂਸ਼ਣ ਕਰਨ ਵਾਲੀਆਂ ਸਨਅਤਾਂ ਉੱਤੇ ਸਖ਼ਤੀ ਨਾਲ ਨਕੇਲ ਕਸਣ ਅਤੇ ਪੀਣ ਵਾਲੇ ਪਾਣੀ ਤੇ ਹੋਰ ਵਰਤੋਂ ਦੇ ਪਾਣੀ ਵਿੱਚ ਨਿਖੇੜਾ ਕਰਨ ਵਰਗੇ ਕਈ ਕਦਮਾਂ ਨਾਲ ਪਾਣੀ ਦੇ ਸੰਕਟ ਨਾਲ ਨਜਿੱਠਿਆ ਜਾ ਸਕਦਾ ਹੈ। ਦਰਅਸਲ, ਕੇਂਦਰੀ ਅਤੇ ਸੂਬਾਈ ਸਰਕਾਰਾਂ ਦੀ ਦਿਲਚਸਪੀ ਇਸ ਮੁੱਦੇ ਨੂੰ ਹੱਲ ਕਰਨ ਦੀ ਬਜਾਏ ਆਪਣੀਆਂ ਸੌੜੀਆਂ ਸਿਆਸੀ ਗਿਣਤੀਆਂ-ਮਿਣਤੀਆਂ ਤਹਿਤ ਸੂਬਿਆਂ ਵਿਚਕਾਰ ਆਪਸੀ ਟਕਰਾਅ ਦੇ ਮੁੱਦੇ ਵਜੋਂ ਇਸ ਨੂੰ ਮਘਦਾ ਰੱਖਣ ਵਿੱਚ ਹੀ ਰਹੀ ਹੈ। ਦੋਵੇਂ ਸੂਬਿਆਂ ਦੇ ਸਿਆਸਤਦਾਨ ਪੰਜਾਬ ਅਤੇ ਹਰਿਆਣਾ ਦੇ ਲੋਕਾਂ ਤੋਂ ਪਾਣੀਆਂ ਦੀ ਰਾਖੀ ਦੇ ਨਾਂ ਉੱਤੇ ਵੋਟਾਂ ਬਟੋਰਦੇ ਆ ਰਹੇ ਹਨ।

ਪਿਛਲੇ ਸਮੇਂ ਦੌਰਾਨ ਕਿਸਾਨ ਸੰਘਰਸ਼ ਵੇਲੇ ਦੋਵਾਂ ਸੂਬਿਆਂ ਦੇ ਲੋਕਾਂ ਵਿੱਚ ਪਾਣੀ ਦੁਆਲੇ ਪੈਦਾ ਹੋਏ ਪਾੜਿਆਂ ਨੂੰ ਦਰਕਿਨਾਰ ਕਰਕੇ ਪੰਜਾਬ ਅਤੇ ਹਰਿਆਣੇ ਦੀ ਕਿਸਾਨੀ ਇਕਜੁੱਟ ਤਾਕਤ ਸਿਰਜਣ ਅਤੇ ਤਿੰਨ ਖੇਤੀ ਕਾਨੂੰਨਾਂ ਦਾ ਮੂੰਹ ਮੋੜਨ ਵਿੱਚ ਕਾਮਯਾਬ ਰਹੀ ਹੈ। ਇਸ ਏਕਤਾ ਨੂੰ ਬਚਾਉਣਾ ਅਤੇ ਹੋਰ ਵਧੇਰੇ ਵਿਸ਼ਾਲ ਤੇ ਤਕੜੀ ਕਰਨਾ ਸਾਰੀਆਂ ਧਿਰਾਂ ਦਾ ਸਰੋਕਾਰ ਹੋਣਾ ਚਾਹੀਦਾ ਹੈ। ਇਹ ਏਕਤਾ ਅਤੇ ਵਿਕਾਸ ਦੇ ਮੌਜੂਦਾ ਮਾਡਲ ਖ਼ ?ਲਾਫ਼ ਸਾਂਝੇ ਲੋਕ ਸੰਘਰਸ਼ ਹੀ ਉਪਰੋਕਤ ਸਾਰੇ ਕਦਮ ਚੁੱਕਣ ਲਈ ਹਕੂਮਤਾਂ ਨੂੰ ਮਜਬੂਰ ਕਰ ਸਕਦੇ ਹਨ। ਇਸ ਲਈ ਕੁਦਰਤੀ ਸੋਮਿਆਂ ਦੀ ਲੁੱਟ ਦੇ ਸ਼ਿਕਾਰ ਸਾਰੇ ਸੂਬਿਆਂ ਦੇ ਲੋਕਾਂ ਦਾ ਆਪਸੀ ਵਖਰੇਵਿਆਂ ਤੋਂ ਉੱਪਰ ਉੱਠ ਕੇ ਇਕਜੁੱਟ ਹੋਣਾ ਪਾਣੀ ਦੇ ਸੰਕਟ ਦੇ ਹੱਲ ਲਈ ਅਣਸਰਦੀ ਲੋੜ ਹੈ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਅੰਤਿਮ ਵਿਦਾਇਗੀ ਬਣੀ ਲੋਕ ਲਹਿਰ

ਪਰਵਿੰਦਰ ਸਿੰਘ ਝੋਟਾ ਦੀਆਂ ਤਸਵੀਰਾਂ ਹੱਥਾਂ 'ਚ ਫੜ ਕੇ ਮਾਨਸਾ ਵਿਖੇ ਹਜ਼ਾਰਾਂ ਸਮਰਥਕਾਂ ਨੇ ਦਿੱਤੀ ਨਮ ਅੱਖਾਂ ਨਾਲ ਸ਼ਰਧਾਂਜਲੀ

ਕਤਲ ਦੇ 26 ਦਿਨਾਂ ਬਾਅਦ ਚਕੇਰੀਆਂ ਰੋਡ ਸਥਿਤ ਜੱਦੀ ਖੇਤਾਂ ਵਿੱਚ ਹੋਇਆ ਅੰਤਿਮ ਸੰਸਕਾਰ









ਮਾਨਸਾ/ਚੰਡੀਗੜ੍ਹ (ਬਿਊਰੋ) : ਪੰਜਾਬ ਵਿੱਚ ਨਸ਼ਿਆਂ ਦੇ ਕੋਹੜ ਵਿਰੁੱਧ ਨਿਡਰ ਹੋ ਕੇ ਆਵਾਜ਼ ਬੁਲੰਦ ਕਰਨ ਵਾਲੇ ਨੌਜਵਾਨ ਸਮਾਜਿਕ ਕਾਰਕੁੰਨ ਪਰਵਿੰਦਰ ਸਿੰਘ ਉਰਫ਼ ਝੋਟਾ ਨੂੰ ਐਤਵਾਰ (8 ਨਵੰਬਰ 2026) ਨੂੰ ਮਾਨਸਾ ਵਿਖੇ ਹਜ਼ਾਰਾਂ ਸੇਜਲ ਅੱਖਾਂ ਅਤੇ ਲੋਕ ਰੋਹ ਦੇ ਵਿਸ਼ਾਲ ਇਕੱਠ ਦਰਮਿਆਨ ਅੰਤਿਮ ਵਿਦਾਇਗੀ ਦਿੱਤੀ ਗਈ। 13 ਅਕਤੂਬਰ ਨੂੰ ਹੋਏ ਦਿਨ-ਦਿਹਾੜੇ ਕਤਲ ਤੋਂ 26 ਦਿਨਾਂ ਬਾਅਦ ਚਕੇਰੀਆਂ ਰੋਡ ਸਥਿਤ ਉਨ੍ਹਾਂ ਦੇ ਪਰਿਵਾਰਕ ਖੇਤਾਂ ਵਿੱਚ ਅੰਤਿਮ ਸੰਸਕਾਰ ਕੀਤਾ ਗਿਆ।

ਇਸ ਮੌਕੇ ਮਾਲਵੇ ਸਮੇਤ ਪੰਜਾਬ ਭਰ ਤੋਂ ਪਹੁੰਚੇ ਨੌਜਵਾਨਾਂ, ਇਲਾਕਾ ਨਿਵਾਸੀਆਂ ਅਤੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਦੇ ਕਾਰਕੁੰਨਾਂ ਨੇ ਹੱਥਾਂ ਵਿੱਚ ਪਰਵਿੰਦਰ ਸਿੰਘ ਝੋਟਾ ਦੀਆਂ ਵੱਡੀਆਂ ਤਸਵੀਰਾਂ ਤੇ ਪੋਸਟਰ ਫੜ ਕੇ ਅਤੇ ਫੁੱਲਾਂ ਦੀ ਵਰਖਾ ਕਰਦਿਆਂ 'ਪਰਵਿੰਦਰ ਸਿੰਘ ਅਮਰ ਰਹੇ' ਦੇ ਨਾਅਰਿਆਂ ਨਾਲ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

26 ਦਿਨਾਂ ਬਾਅਦ ਸੰਸਕਾਰ: ਪੀ.ਜੀ.ਆਈ. ਚੰਡੀਗੜ੍ਹ ਵਿਖੇ ਪੋਸਟਮਾਰਟਮ ਮਗਰੋਂ ਮਾਨਸਾ ਦੇ ਜੱਦੀ ਖੇਤਾਂ 'ਚ ਹੋਇਆ ਅੰਤਿਮ ਸੰਸਕਾਰ।

ਹਜ਼ਾਰਾਂ ਨੌਜਵਾਨਾਂ ਦਾ ਹੜ੍ਹ: ਹੱਥਾਂ ਵਿੱਚ ਤਸਵੀਰਾਂ ਤੇ ਪੋਸਟਰ ਫੜ ਕੇ ਅਤੇ ਫੁੱਲਾਂ ਦੀ ਵਰਖਾ ਕਰਦਿਆਂ 'ਪਰਵਿੰਦਰ ਸਿੰਘ ਅਮਰ ਰਹੇ' ਦੇ ਨਾਅਰਿਆਂ ਨਾਲ ਦਿੱਤੀ ਅੰਤਿਮ ਵਿਦਾਇਗੀ।

ਇਨਸਾਫ਼ ਦੀ ਜੰਗ ਜਾਰੀ: ਪਿਤਾ ਭੀਮ ਸਿੰਘ ਵੱਲੋਂ ਦੋਸ਼ੀ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ ਜਾਰੀ ਰੱਖਣ ਦਾ ਐਲਾਨ।

ਘਟਨਾ : ਨਸ਼ਾ ਵਿਰੋਧੀ ਕਾਰਕੁੰਨ ਪਰਵਿੰਦਰ ਸਿੰਘ ਝੋਟਾ ਦੀ ਅੰਤਿਮ ਯਾਤਰਾ ਅਤੇ ਸੰਸਕਾਰ ਸਥਾਨ : ਚਕੇਰੀਆਂ ਰੋਡ ਸਥਿਤ ਪਰਿਵਾਰਕ ਖੇਤ, ਜ਼ਿਲ੍ਹਾ ਮਾਨਸਾ (ਪੰਜਾਬ)

ਦਿਨ ਅਤੇ ਮਿਤੀ : ਐਤਵਾਰ, 8 ਨਵੰਬਰ 2026 (ਕਤਲ ਤੋਂ 26 ਦਿਨਾਂ ਬਾਅਦ)

ਪੋਸਟਮਾਰਟਮ ਪ੍ਰਕਿਰਿਆ

ਪੀ.ਜੀ.ਆਈ. (PGIMER), ਚੰਡੀਗੜ੍ਹ ਵਿਖੇ ਮੁਕੰਮਲ

ਮੁੱਖ ਝਲਕ ਹਜ਼ਾਰਾਂ ਨੌਜਵਾਨਾਂ ਵੱਲੋਂ ਹੱਥਾਂ ਵਿੱਚ ਤਸਵੀਰਾਂ ਤੇ ਪੋਸਟਰ ਫੜ ਕੇ ਅੰਤਿਮ ਯਾਤਰਾ ਵਿੱਚ ਸ਼ਮੂਲੀਅਤ

ਪਰਿਵਾਰ ਦਾ ਸਟੈਂਡ : ਪਿਤਾ ਭੀਮ ਸਿੰਘ ਵੱਲੋਂ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ ਜਾਰੀ

ਘਟਨਾਕ੍ਰਮ, ਪਿਛੋਕੜ ਅਤੇ ਇਨਸਾਫ਼ ਦੀ ਜੰਗ

26 ਦਿਨਾਂ ਦੇ ਸੰਘਰਸ਼ ਮਗਰੋਂ ਅੰਤਿਮ ਸੰਸਕਾਰ: ਜ਼ਿਕਰਯੋਗ ਹੈ ਕਿ 13 ਅਕਤੂਬਰ 2026 ਨੂੰ ਮਾਨਸਾ ਦੇ ਇੱਕ ਭੀੜ-ਭੜੱਕੇ ਵਾਲੇ ਬਾਜ਼ਾਰ ਵਿੱਚ ਨਸ਼ੇ ਦੀ ਵਿਕਰੀ ਦਾ ਪਰਦਾਫਾਸ਼ ਕਰਦਿਆਂ ਫੇਸਬੁੱਕ ਲਾਈਵ ਦੌਰਾਨ ਪਰਵਿੰਦਰ ਸਿੰਘ ਝੋਟਾ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਪਰਿਵਾਰ ਅਤੇ ਜੁਆਇੰਟ ਐਕਸ਼ਨ ਕਮੇਟੀ (JAC) ਵੱਲੋਂ ਇਨਸਾਫ਼ ਅਤੇ ਸੀ.ਬੀ.ਆਈ. (CBI) ਜਾਂਚ ਦੀ ਮੰਗ ਨੂੰ ਲੈ ਕੇ ਲਗਭਗ ਚਾਰ ਹਫ਼ਤੇ ਅੰਤਿਮ ਸੰਸਕਾਰ ਨਹੀਂ ਕੀਤਾ ਗਿਆ ਸੀ।

ਪੀ.ਜੀ.ਆਈ. ਚੰਡੀਗੜ੍ਹ ਤੋਂ ਮਾਨਸਾ ਤੱਕ ਅੰਤਿਮ ਸਫ਼ਰ: ਸਰਕਾਰ ਵੱਲੋਂ ਸੀ.ਬੀ.ਆਈ. ਜਾਂਚ, ਜ਼ਖ਼ਮੀਆਂ ਲਈ ਮੁਆਵਜ਼ੇ, ਝੋਟਾ ਦੇ ਨਾਂ 'ਤੇ ਟਰੌਮਾ ਸੈਂਟਰ ਬਣਾਉਣ ਅਤੇ ਯਾਦਗਾਰੀ ਬੁੱਤ ਲਗਾਉਣ ਦੀਆਂ ਮੰਗਾਂ ਮੰਨੇ ਜਾਣ ਮਗਰੋਂ ਪੀ.ਜੀ.ਆਈ. ਚੰਡੀਗੜ੍ਹ ਵਿਖੇ ਪੋਸਟਮਾਰਟਮ ਕਰਵਾਇਆ ਗਿਆ। ਐਤਵਾਰ ਨੂੰ ਜਦੋਂ ਮ੍ਰਿਤਕ ਦੇਹ ਮਾਨਸਾ ਪਹੁੰਚੀ ਤਾਂ ਸਮੁੱਚਾ ਇਲਾਕਾ ਗ਼ਮਗੀਨ ਹੋ ਉੱਠਿਆ।

ਪਿਤਾ ਅਤੇ ਵੱਡੇ ਪੁੱਤਰ ਨੇ ਦਿੱਤੀ ਮੁੱਖ ਅਗਨੀ: ਅੰਤਿਮ ਸੰਸਕਾਰ ਮੌਕੇ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਅਤੇ ਵੱਡੇ ਸਪੁੱਤਰ ਨੇ ਸੇਜਲ ਅੱਖਾਂ ਨਾਲ ਚਿਖਾ ਨੂੰ ਮੁੱਖ ਅਗਨੀ ਦਿੱਤੀ।

ਪੁਲਿਸ ਅਧਿਕਾਰੀਆਂ ਵਿਰੁੱਧ ਭੁੱਖ ਹੜਤਾਲ ਜਾਰੀ: ਅੰਤਿਮ ਸੰਸਕਾਰ ਦੇ ਬਾਵਜੂਦ ਪਿਤਾ ਭੀਮ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਲਾਪਰਵਾਹੀ ਵਰਤਣ ਵਾਲੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣ ਤੱਕ ਉਨ੍ਹਾਂ ਦੀ ਭੁੱਖ ਹੜਤਾਲ ਅਤੇ ਇਨਸਾਫ਼ ਦੀ ਲੜਾਈ ਨਿਰੰਤਰ ਜਾਰੀ ਰਹੇਗੀ।

ਅੰਤਿਮ ਯਾਤਰਾ ਦੇ ਵਿਜ਼ੂਅਲ ਦ੍ਰਿਸ਼ (ਵੀਡੀਓ ਕਵਰੇਜ)

ਮਾਨਸਾ ਵਿਖੇ ਪਰਵਿੰਦਰ ਸਿੰਘ ਝੋਟਾ ਦੀ ਅੰਤਿਮ ਯਾਤਰਾ ਦੌਰਾਨ ਉਮੜੇ ਹਜ਼ਾਰਾਂ ਲੋਕਾਂ ਦੇ ਇਕੱਠ ਅਤੇ ਸ਼ਰਧਾਂਜਲੀ ਸਮਾਗਮ ਦੀਆਂ ਝਲਕੀਆਂ ਹੇਠਾਂ ਦਿੱਤੀਆਂ ਵੀਡੀਓ ਰਿਪੋਰਟਾਂ ਵਿੱਚ ਵੇਖੀਆਂ ਜਾ ਸਕਦੀਆਂ ਹਨ:

ਰਿਚਮੰਡ ਹਿੱਲ 'ਚ ਬੰਦੀ ਛੋੜ ਦਿਵਸ ਮੌਕੇ ਸ਼ਹੀਦੀ ਗੈਲਰੀ 'ਚ ਸਜਾਈ ਭਾਈ ਪਰਵਿੰਦਰ ਸਿੰਘ 'ਝੋਟਾ' ਦੀ ਤਸਵੀਰ

ਨਿਊਯਾਰਕ : ਰਿਚਮੰਡ ਹਿੱਲ ਦੇ ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਵਿਖੇ ਐਤਵਾਰ ਨੂੰ ਬੰਦੀ ਛੋੜ ਦਿਵਸ ਮਨਾਇਆ ਗਿਆ ਅਤੇ ਪੰਥਕ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥਕ ਜਥੇਬੰਦੀਆਂ ਵਲੋਂ ਭਾਈ ਪਰਵਿੰਦਰ ਸਿੰਘ ਝੋਟਾ ਦੀ ਤਸਵੀਰ ਸ਼ਹੀਦੀ ਗੈਲਰੀ ਵਿੱਚ ਸਜਾਈ ਗਈ। ਸਮਾਗਮ ਵਿੱਚ ਵੱਡੀ ਗਿਣਤੀ 'ਚ ਸੰਗਤ ਨੇ ਹਾਜ਼ਰੀ ਭਰੀ। ਸਵੇਰੇ ਸਾਢੇ ਨੌਂ ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮਗਰੋਂ ਸਾਰਾ ਦਿਨ ਦੀਵਾਨ ਸਜੇ, ਜਿਨ੍ਹਾਂ ਵਿੱਚ ਗੁਰਬਾਣੀ ਕੀਰਤਨ, ਕਥਾ ਅਤੇ ਪੰਥਕ ਵਿਚਾਰਾਂ ਦੀ ਸਾਂਝ ਪਾਈ ਗਈ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਧਰਮਵੀਰ ਸਿੰਘ ਨੇ ਬੰਦੀ ਛੋੜ ਦਿਵਸ ਦਾ ਇਤਿਹਾਸ ਸਾਂਝਾ ਕਰਦਿਆਂ ਦੱਸਿਆ ਕਿ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਦੇ ਕਿਲ੍ਹੇ ਵਿੱਚੋਂ 52 ਰਾਜਿਆਂ ਦੀ ਰਿਹਾਈ ਕਰਵਾਈ ਸੀ। ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਜੀਵਨ, ਸਿੱਖ ਇਤਿਹਾਸ ਅਤੇ ਕੌਮ ਦੀ ਚੜ੍ਹਦੀ ਕਲਾ ਬਾਰੇ ਵੀ ਵਿਚਾਰ ਸਾਂਝੇ ਕੀਤੇ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਤਿੰਦਰ ਸਿੰਘ ਬੋਪਾਰਾਏ ਨੇ ਸੰਗਤ ਨੂੰ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਅਤੇ ਉਨ੍ਹਾਂ ਦੇ ਪੂਰਨਿਆਂ 'ਤੇ ਚੱਲਣਾ ਸਿੱਖ ਕੌਮ ਦਾ ਫ਼ਰਜ਼ ਹੈ। ਉਨ੍ਹਾਂ ਨੇ ਪੰਥਕ ਸਮਾਗਮਾਂ ਲਈ ਜਥੇਬੰਦੀਆਂ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਅੱਗੇ ਵੀ ਸਹਿਯੋਗ ਦਾ ਭਰੋਸਾ ਦਿੱਤਾ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਨਵੀਨਰ ਬੂਟਾ ਸਿੰਘ ਖੜੌਦ ਨੇ 1947 ਤੋਂ ਬਾਅਦ ਸਿੱਖਾਂ ਨੂੰ ਦਰਪੇਸ਼ ਸਿਆਸੀ ਹਾਲਾਤ ਬਾਰੇ ਗੱਲ ਕੀਤੀ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਹਮਲੇ ਅਤੇ ਨਵੰਬਰ 1984 ਵਿੱਚ ਦਿੱਲੀ ਸਮੇਤ ਹੋਰਨਾਂ ਥਾਵਾਂ 'ਤੇ ਹੋਏ ਸਿੱਖ ਕਤਲੇਆਮ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਨੂੰ ਵੀ ਯਾਦ ਕੀਤਾ। ਸਿੱਖਸ ਫ਼ਾਰ ਜਸਟਿਸ ਦੇ ਅਵਤਾਰ ਸਿੰਘ ਪੰਨੂ ਨੇ ਕਿਹਾ ਕਿ ਪੰਜਾਬ ਦੀ ਆਜ਼ਾਦੀ ਲਈ ਚੱਲ ਰਹੀ ਰਾਇਸ਼ੁਮਾਰੀ ਮੁਹਿੰਮ ਵਿੱਚ ਦੁਨੀਆ ਭਰ ਤੋਂ ਸਿੱਖ ਵੋਟ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਜਾਰੀ ਰਹੇਗੀ। ਸਿੱਖ ਫੈਡਰੇਸ਼ਨ ਅਮਰੀਕਾ ਦੇ ਭਾਈ ਬਲਾਕਾ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਨੌਜਵਾਨਾਂ ਨੂੰ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਕੌਮ ਦੀ ਸੇਵਾ ਕਰਨ ਤੇ ਖ਼ਾਲਿਸਤਾਨ ਦੀ ਸਥਾਪਨਾ ਲਈ ਸੰਘਰਸ਼ ਜਾਰੀ ਰੱਖਣ ਦਾ ਸੱਦਾ ਦਿੱਤਾ। ਹੋਰਨਾਂ ਪੰਥਕ ਬੁਲਾਰਿਆਂ ਨੇ ਵੀ ਸਿੱਖ ਕੌਮ ਦੇ ਭਵਿੱਖ ਅਤੇ ਆਜ਼ਾਦੀ ਦੇ ਹੱਕ ਬਾਰੇ ਆਪਣੇ ਵਿਚਾਰ ਰੱਖੇ। ਸਮਾਗਮ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੁਰਜੀਤ ਸਿੰਘ ਕੁਲਾਰ ਤੇ ਜੋਗਾ ਸਿੰਘ, ਵਰਲਡ ਸਿੱਖ ਪਾਰਲੀਮੈਂਟ ਅਤੇ ਸਿੱਖ ਕੌਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੌਆਰਡੀਨੇਟਰ ਹਿੰਮਤ ਸਿੰਘ, ਨਿਊਯਾਰਕ ਸਿਟੀ ਦੇ ਮਨੁੱਖੀ ਅਧਿਕਾਰ ਕਮਿਸ਼ਨਰ ਗੁਰਦੇਵ ਸਿੰਘ ਕੰਗ, ਸਰਪ੍ਰਸਤ ਸ. ਹਰਬੰਸ ਸਿੰਘ ਢਿੱਲੋਂ ਅਤੇ ਸਿੱਖ ਕਲਚਰਲ ਸੋਸਾਇਟੀ ਦੇ ਸਾਬਕਾ ਪ੍ਰਧਾਨ ਟਹਿਲ ਸਿੰਘ ਹਾਜ਼ਰ ਸਨ । ਪੈਨਸਿਲਵੇਨੀਆ ਤੋਂ ਭਗਤ ਸਿੰਘ ਡੇਕਵਾਲਾ, ਬਾਬਾ ਬੰਦਾ ਸਿੰਘ ਬਹਾਦਰ ਸੋਸਾਇਟੀ ਦੇ ਸ. ਰਜਿੰਦਰ ਸਿੰਘ, ਸਿੱਖ ਸੈਂਟਰ ਆਫ਼ ਨਿਊਯਾਰਕ ਇੰਕ. ਦੇ ਪ੍ਰਧਾਨ ਜਿੰਦਰ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਸੋਸਾਇਟੀ ਦੇ ਲਖਵਿੰਦਰ ਸਿੰਘ, ਵਰਲਡ ਸਿੱਖ ਪਾਰਲੀਮੈਂਟ ਦੇ ਹਰਮਿੰਦਰ ਸਿੰਘ ਆਹਲੂਵਾਲੀਆ, ਸਕਲਵੰਤ ਸਿੰਘ ਮਿਆਣੀ , ਬੂਟਾ ਸਿੰਘ ਚੀਮਾ, ਜਸਵੀਰ (ਜੱਸੀ) ਸਿੰਘ ਅਤੇ ਬਾਬਾ ਬੁੱਢਾ ਜੀ ਸੋਸਾਇਟੀ ਵੱਲੋਂ ਦੀਦਾਰ ਸਿੰਘ ਚੀਮਾ ਨੇ ਵੀ ਹਾਜ਼ਰੀ ਭਰੀ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਨਿਊਯਾਰਕ ਇਕਾਈ ਦੇ ਪ੍ਰਧਾਨ ਦਲਵਿੰਦਰ ਸਿੰਘ ਅਤੇ ਨਰਿੰਦਰ ਸਿੰਘ ਆਪਣੇ ਸਾਥੀਆਂ ਸਮੇਤ ਸ਼ਾਮਲ ਹੋਏ। ਸਿੱਖਸ ਫ਼ਾਰ ਜਸਟਿਸ ਦੇ ਗੁਰਦਿਆਲ ਸਿੰਘ, ਕੁਲਦੀਪ ਸਿੰਘ, ਜਗਜੀਤ ਸਿੰਘ ਅਤੇ ਹੋਰ ਮੈਂਬਰ ਵੀ ਪਹੁੰਚੇ। ਮਾਲਵਾ ਬ੍ਰਦਰਜ਼, ਗੁਰੂ ਰਾਮਦਾਸ ਵੈਲਫੇਅਰ ਸੋਸਾਇਟੀ, ਸੰਤ ਪ੍ਰੇਮ ਸਿੰਘ ਸੋਸਾਇਟੀ, ਬਾਬਾ ਦੀਪ ਸਿੰਘ ਸੋਸਾਇਟੀ ਅਤੇ ਹੋਰ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੀ ਸਮਾਗਮ ਵਿੱਚ ਹਿੱਸਾ ਲਿਆ। ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਪ੍ਰਬੰਧਕਾਂ ਨੇ ਸੰਗਤ ਅਤੇ ਸਹਿਯੋਗ ਦੇਣ ਵਾਲੀਆਂ ਜਥੇਬੰਦੀਆਂ ਦਾ ਧੰਨਵਾਦ ਕੀਤਾ।



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਇਤਿਹਾਸ ਦੇ ਝਰੋਖੇ ਵਿਚੋਂ

ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

(ਸ) ਕੜਾਹ ਪ੍ਰਸ਼ਾਦ ਭੇਟਾ ਕਰਨ ਵੇਲੇ ਘੱਟ ਤੋਂ ਘਟ ਇਕ ਟਕਾ ਨਕਦ ਅਰਦਾਸ ਭੀ ਹੋਵੇ।

੫. ਗੁਰਬਾਣੀ ਦੀ ਕਥਾ :

(ੳ) ਸੰਗਤ ਵਿਚ ਗੁਰਬਾਣੀ ਦੀ ਕਥਾ ਸਿੱਖ ਹੀ ਕਰੇ।

(ਅ) ਕਥਾ ਦਾ ਮਨੋਰਥ ਗੁਰਮਤ ਦਾ ਦ੍ਰਿੜਾਉਣਾ ਹੀ ਹੋਵੇ।

(ੲ) ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ, ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣੀਕ ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ (ਜੋ ਗੁਰਮਤ ਅਨੁਕੂਲ ਹੋਣ) ਦੀ ਹੋ ਸਕਦੀ ਹੈ; ਪਰ ਅਨਮਤ ਦੇ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ। ਹਾਂ, ਪਰਮਾਣ ਕਿਸੇ ਮਹਾਤਮਾ ਜਾਂ ਪੁਸਤਕ ਦੀ ਉਤਮ ਸਿੱਖਿਆ ਦਾ ਲਿਆ ਜਾ ਸਕਦਾ ਹੈ।

੬. ਵਖਿਆਨ : ਗੁਰਦੁਆਰੇ ਵਿਚ ਗੁਰਮੱਤ ਤੋਂ ਵਿਰੁੱਧ ਕੋਈ ਵਖਿਆਨ ਨਹੀਂ ਹੋ ਸਕਦਾ।

੭. ਗੁਰਦੁਆਰੇ ਵਿਚ ਸੰਗਤਿ ਦਾ ਪ੍ਰੋਗਰਾਮ ਆਮ ਤੌਰ 'ਤੇ ਇਉਂ ਹੁੰਦਾ ਹੈ :

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਕੀਰਤਨ, ਕਥਾ, ਵਖਿਆਨ, ਅਨੰਦ ਸਾਹਿਬ, ਅਰਦਾਸ, ਫ਼ਤਹ, ਸਤਿ ਸ੍ਰੀ ਅਕਾਲ ਦਾ ਜੈਕਾਰਾ ਤੇ 'ਹੁਕਮ'।

੧. ਸਿੱਖ ਦੀ ਆਮ ਰਹਿਣੀ, ਕਿਰਤੀ ਵਿਰਤ ਗੁਰਮਤ ਅਨੁਸਾਰ ਹੋਵੇ।

ਗੁਰਮਤ ਇਹ ਹੈ :

(ੳ) ਇਕ ਅਕਾਲ ਪੁਰਖ ਤੋਂ ਛੁਟ ਸਿ ਦੇਵੀ ਦੇਵਤੇ ਦੀ ਉਪਾਸ਼ਨਾ ਨਹੀਂ ਕਰਨੀ।

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀਗ_ਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤਿ ਦਾ ਪ੍ਰਕਾਸ਼ ਇਕੋ ਰੂਪ ਕਰਕੇ ਮੰਨਣਾ।

(ਸ) ਜਾਤ ਪਾਤ, ਛੂਤ ਛਾਤ, ਜੰਤ੍ਰ ਮੰਤ੍ਰ, ਤੰਤ੍ਰ, ਸ਼ਗਨ, ਤਿਸ, ਮਹੂਰਤ, ਗ੍ਰਹਿ, ਰਾਸ਼ਾਂ, ਸ਼ਰਾਧ, ਪਿਤਰ, ਖਿਆਹ, ਪਿੰਡ ਪੱਤਿਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭਦਣ, ਇਕਾਦਸ਼ੀ ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ ਮਾਲਾ, ਗੋਰ, ਮਟ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ।

ਗੁਰ ਅਸਥਾਨ ਤੋਂ ਬਿਨਾਂ ਕਿਸੇ ਅਨ-ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ।

ਪੀਰ, ਬ੍ਰਾਹਮਣ, ਪੁੱਛਣਾ, ਸੁਖਣਾ, ਸ਼ੀਰਨੀ, ਵੇਦ, ਸ਼ਾਸਤ੍ਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਉਤੇ ਨਿਸ਼ਚਾ ਨਹੀਂ ਕਰਨਾ। ਹਾਂ, ਆਮ ਵਾਕਫ਼ੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ।


(ਹ) ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਪਰ ਕਸੇ ਅਨ-ਧਰਮੀ ਦਾ ਦਿਲ ਦਾ ਦੁਖਾਵੇ।

(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੋ।

(ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿਦਿਆ ਭੀ ਪੜ੍ਹੇ।

(ਗ) ਸੰਤਾਨ ਨੂੰ ਗੁਰਸਿੱਖੀ ਦੀ ਵਿਦਿਆ ਦੁਆਉਣੀ ਸਿੱਖ ਦਾ ਫਰਜ਼ ਹੈ।

(ਘ) 'ਕੇਸ ਲੜਕੇ ਕੇ ਜੋ ਹੋਇ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ। ਕੇਸ ਉਹੀ ਰੱਖੇ, ਨਾਮ ਸਿੰ ਰੱਖੇ। ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰੱਖੇ।



(ਙ) ਸਿੱਖ ਭੰਗ, ਅਫ਼ੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰੱਖੇ।

(ਚ) ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨਕ ਕੰਨ ਛੇਦਨਾ ਮਨ੍ਹਾਂ ਹੈ।

(ਛ) ਗੁਰੂ ਕਾ ਸਿੱਖ ਕੰਨਿਆਂ ਦਾ ਮਾਰੇ, ਕੁੜੀ-ਮਾਰ ਨਾ ਨਾ ਵਰਤੇ।

(ਜ) ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰਕੇ ਨਿਹਬਾਹ ਕਰੇ।

(ਝ) ਗੁਰੂ ਕਾ ਸਿੱਖ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ

(ਞ) ਚੋਰੀ ਯਾਹੀ ਨਾ ਕਰੇ, ਜੂਆ ਨਾ ਖੇਡੇ।

(ਟ) 'ਪਰ ਬੇਟੀ ਕੋ ਬੇਟੀ ਜਾਨੈ।
ਪਰ-ਇਸਤ੍ਰੀ ਕੋ ਮਾਤ ਬਖਾਨੈ।
ਅਪਨੀ ਇਸਤ੍ਰੀ ਸੋ ਰਤ ਹੋਈ
ਰਹਿਤਵਾਨ ਗੁਰ ਕਾ ਸਿੱਖ ਸੋਈ।'

ਇਸੇ ਤਰ੍ਹਾਂ ਸਿੱਖ ਇਸਤ੍ਰੀ ਆਪਣੇ ਪਤੀਬ੍ਰਤ ਧਰਮ ਵਿਚ ਰਹੇ।

(ਠ) ਗੁਰੂ ਦਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤੱਕ ਗੁਰ ਮਰਯਾਦਾ ਕਰੇ।

(ਡ) ਸਿੱਖ ਸਿੱਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਮਰਦ ਇਸਤ੍ਰੀ ਦੋਹਾਂ ਲਈ ਇਹੋ ਹੁਕਮ ਹੈ।

(ਢ) ਸਿੱਖ ਇਸਤ੍ਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ।

(ਣ) ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿੱਖ ਇਸਤ੍ਰੀ ਦਸਤਾਰ ਸਜਾਵੇ ਜਾਂ ਨਾ ਸਜਾਵੇ ਦੋਵੇਂ ਠੀਕ ਹਨ।

੨. ਜਨਮ ਤੇ ਨਾਮ-ਸੰਸਕਾਰ

(ੳ) ਜਦ ਵਾਹਿਗੁਰੂ ਦੀ ਕਿਰਪਾ ਨਾਲ ਸਿੱਖ ਦੇ ਘਰ ਬਾਲਕ ਦਾ ਜਨਮ ਹੋਵੇ ਤਾਂ ਗੁੜਤੀ ਦੀ ਥਾਂ ਜਲ ਵਿਚ ਪਤਾਸੇ ਪਾ ਕੇ ਮੂਲ ਮੰਤ੍ਰ ਉਚਾਰਣ ਕਰਕੇ ਕਿਰਪਾਨ ਦੀ ਨੋਕ ਨਾਲ ਇਕ ਦੋ ਬੂੰਦਾਂ ਬਾਲਕ ਦੇ ਮੂੰਹ ਵਿਚ ਪਾ ਦਿੱਤੀਆਂ ਜਾਣ। ਬਾਕੀ ਦਾ ਜਲ ਮਾਤਾ ਪੀ ਲਵੇ। ਫੇਰ 'ਧੀਆਂ ਪੂਤ ਸਭ ਹਰਿ ਕੇ ਕੀਏ' ਗੁਰਵਾਕ ਅਨੁਸਾਰ ਵਾਹਿਗੁਰੂ ਦੇ ਧੰਨਵਾਦ ਅਤੇ ਮਾਤਾ ਦੀ ਅਰੋਗਤਾ ਲਈ ਅਰਦਾਸਾ ਕੀਤਾ ਜਾਵੇ।

(ਚਲਦਾ)

ਟਰੰਪ ਕੈਬਨਿਟ 'ਚ ਵੱਡਾ ਫੇਰਬਦਲ

5 ਔਰਤਾਂ ਦੀ ਕੀਤੀ ਗਈ ਛੁੱਟੀ, ਸਾਰਿਆਂ ਦੀ ਜਗ੍ਹਾ ਪੁਰਸ਼ਾਂ ਨੂੰ ਕੀਤਾ ਗਿਆ ਤਾਇਨਾਤ

ਵਾਸ਼ਿੰਗਟਨ : ਅਮਰੀਕੀ ਮਿਡਟਰਮ ਚੋਣਾਂ ਦੇ ਨਤੀਜੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ 'ਚ ਰਾਸ਼ਟਰਪਤੀ ਟਰੰਪ ਦੀ ਰਿਪਬਲੀਕਨ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਸੇ ਵੱਡੇ ਉਲਟਫੇਰ ਵਿਚਾਲੇ ਟਰੰਪ ਪ੍ਰਸ਼ਾਸਨ 'ਚ ਵੱਡਾ ਰਾਜਨੀਤਕ ਫੇਰਬਦਲ ਦੇਖਣ ਨੂੰ ਮਿਲਿਆ ਹੈ।



ਟਰੰਪ ਨੇ ਅਮਰੀਕਾ ਦੀ ਪਹਿਲੀ ਮਹਿਲਾ ਚੀਫ਼ ਆਫ਼ ਸਟਾਫ਼ ਸੂਜ਼ੀ ਵਾਈਲਸ ਨੂੰ ਹਟਾ ਕੇ ਉਨ੍ਹਾਂ ਦੀ ਜਗ ?ਹਾ ਆਪਣੇ ਕਰੀਬੀ ਅਤੇ ਕੱਟੜਪੰਥੀ ਆਗੂ ਸਟੀਫ਼ਨ ਮਿਲਰ ਨੂੰ ਨਵਾਂ ਚੀਫ਼ ਆਫ਼ ਸਟਾਫ਼ ਨਿਯੁਕਤ ਕੀਤਾ ਹੈ। ਇਸ ਦੇ ਨਾਲ ਹੀ ਟਰੰਪ ਕੈਬਨਿਟ ਦੀਆਂ 5 ਪ੍ਰਮੁੱਖ ਮਹਿਲਾ ਆਗੂਆਂ ਦੀ ਛੁੱਟੀ ਕਰਕੇ ਉਨ੍ਹਾਂ ਦੀ ਥਾਂ ਪੁਰਸ਼ਾਂ ਨੂੰ ਕਮਾਨ ਸੌਂਪ ਦਿੱਤੀ ਗਈ ਹੈ। ਟਰੰਪ ਨੇ ਮਿਡਟਰਮ ਚੋਣਾਂ 'ਚ ਹਾਰ ਲਈ ਵਾਈਲਸ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਅਹੁਦੇ ਤੋਂ ਹਟਾ ਦਿੱਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਅਟਰਨੀ ਜਨਰਲ ਪੈਮ ਬੌਂਡੀ ਨੂੰ ਐਪਸਟਾਈਨ ਫਾਈਲਾਂ ਨੂੰ ਪਬਲਿਕ ਕਰਨ ਦੇ ਤਰੀਕੇ ਅਤੇ ਵਿਰੋਧੀਆਂ ਖ਼ਿਲਾਫ਼ ਮਾਮਲਿਆਂ 'ਚ ਦੇਰੀ ਕਾਰਨ ਹੋਏ ਟਕਰਾਅ ਤੋਂ ਬਾਅਦ ਹਟਾਇਆ ਗਿਆ ਸੀ। ਇਰਾਨ ਜੰਗ ਦਾ ਵਿਰੋਧ ਕਰਨ ਅਤੇ ਟਰੰਪ ਨਾਲ ਮਤਭੇਦਾਂ ਕਾਰਨ ਅਮਰੀਕੀ ਨੈਸ਼ਨਲ ਇੰਟੈਲੀਜੈਂਸ ਦੀ ਡਾਇਰੈਕਟਰ ਤੁਲਸੀ ਗਬਾਰਡ ਨੂੰ ਵੀ ਕੈਬਿਨਟ ਤੋਂ ਬਾਹਰ ਦਾ ਰਾਹ ਦਿਖਾ ਦਿੱਤਾ ਗਿਆ ਸੀ। ਹੋਮਲੈਂਡ ਸਕਿਓਰਿਟੀ ਮੰਤਰੀ ਕ੍ਰਿਸਟੀ ਨਿਯੋਮ ਅਤੇ ਲੇਬਰ ਮੰਤਰੀ ਲੋਰੀ ਚਾਵੇਜ਼ ਨੂੰ ਵੀ ਅਹੁਦਿਆਂ ਤੋਂ ਹਟਾ ਦਿੱਤਾ ਗਿਆ ਹੈ, ਜਿਨ੍ਹਾਂ ਦੀ ਜਗ ?ਹਾ ਸਾਰੇ ਪੁਰਸ਼ਾਂ ਨੂੰ ਤਾਇਨਾਤ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਸਟੀਫ਼ਨ ਮਿਲਰ ਦੀ ਚੀਫ਼ ਆਫ਼ ਸਟਾਫ਼ ਵਜੋਂ ਨਿਯੁਕਤੀ ਨਾਲ 8-12 ਵੀਜ਼ਾ ਨਿਯਮਾਂ ਵਿੱਚ ਹੋਰ ਸਖ਼ਤੀ ਆਉਣ ਦੀ ਸੰਭਾਵਨਾ ਹੈ। ਮਿਲਰ ਨੂੰ ਟਰੰਪ ਦੇ ਮਾਸ ਡਿਪੋਰਟੇਸ਼ਨ ਪਲਾਨ ਦਾ ਮੁੱਖ ਸੂਤਰਧਾਰ ਮੰਨਿਆ ਜਾਂਦਾ ਹੈ। ਉਨ੍ਹਾਂ ਦੀ ਤਾਇਨਾਤੀ ਮਗਰੋਂ ਅਮਰੀਕਾ 'ਚ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੀ ਕਾਰਵਾਈ 'ਚ ਹੋਰ ਤੇਜ਼ੀ ਆ ਸਕਦੀ ਹੈ।

ਕਤਰ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨਗੇ ਟਰੰਪ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਸੋਮਵਾਰ ਨੂੰ ਵ ?ਹਾਈਟ ਹਾਊਸ (ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫ਼ਤਰ) ਵਿਖੇ ਕਤਰ ਦੇ ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਅਬਦੁਲਰਹਿਮਾਨ ਅਲ ਥਾਨੀ ਨਾਲ ਮੁਲਾਕਾਤ ਕਰਨਗੇ। ਟਰੰਪ ਦੇ ਅਧਿਕਾਰਤ ਸ਼ਡਿਊਲ ਅਨੁਸਾਰ ਇਹ ਜਾਣਕਾਰੀ ਸਾਹਮਣੇ ਆਈ। ਐਸੋਸੀਏਟਿਡ ਪ੍ਰੈਸ (ਏਪੀ) ਦੀ ਇੱਕ ਰਿਪੋਰਟ ਦੇ ਅਨੁਸਾਰ ਈਰਾਨ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਅਮਰੀਕਾ ਨਾਲ ਮਤਭੇਦਾਂ ਨੂੰ ਸੁਲਝਾਉਣ ਲਈ ਮੁੱਖ ਵਿਚੋਲੇ ਕਤਰ ਦੁਆਰਾ ਪੇਸ਼ ਕੀਤੇ ਗਏ ਪ੍ਰਸਤਾਵਾਂ ਦੀ ਸਮੀਖਿਆ ਕਰ ਰਿਹਾ ਹੈ। ਹਾਲਾਂਕਿ ਅਧਿਕਾਰੀਆਂ ਦੇ ਅਨੁਸਾਰ ਈਰਾਨ ਆਪਣੀਆਂ ਪ੍ਰਮਾਣੂ ਗਤੀਵਿਧੀਆਂ 'ਤੇ ਟਰੰਪ ਪ੍ਰਸ਼ਾਸਨ ਨਾਲ ਗੱਲਬਾਤ ਕਰਨ ਲਈ ਤਿਆਰ ਨਹੀਂ ਜਾਪਦਾ ਹੈ ਜਦੋਂ ਤੱਕ ਅਮਰੀਕਾ ਕਈ ਮੁੱਖ ਸ਼ਰਤਾਂ ਨੂੰ ਸਵੀਕਾਰ ਨਹੀਂ ਕਰਦਾ ਜੋ ਈਰਾਨ ਕਿਸੇ ਵੀ ਜੰਗਬੰਦੀ ਸਮਝੌਤੇ ਦੇ ਹਿੱਸੇ ਵਜੋਂ ਮੰਗ ਰਿਹਾ ਹੈ।



ਇਨ੍ਹਾਂ ਸ਼ਰਤਾਂ ਵਿੱਚ ਈਰਾਨੀ ਬੰਦਰਗਾਹਾਂ ਦੀ ਅਮਰੀਕੀ ਨਾਕਾਬੰਦੀ ਨੂੰ ਖਤਮ ਕਰਨਾ, ਪਾਬੰਦੀਆਂ ਹਟਾਉਣਾ, ਫਰੀਜ਼ ਈਰਾਨੀ ਸੰਪਤੀਆਂ ਨੂੰ ਬਹਾਲ ਕਰਨਾ, ਯੁੱਧ ਦੇ ਨੁਕਸਾਨ ਲਈ ਮੁਆਵਜ਼ਾ ਪ੍ਰਦਾਨ ਕਰਨਾ ਅਤੇ ਲੇਬਨਾਨ ਵਿੱਚ ਇਜ਼ਰਾਈਲ ਦੇ ਫੌਜੀ ਕਾਰਜਾਂ ਸਮੇਤ ਪੂਰੇ ਖੇਤਰ ਵਿੱਚ ਦੁਸ਼ਮਣੀ ਨੂੰ ਖਤਮ ਕਰਨਾ ਸ਼ਾਮਲ ਹੈ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਇਸ ਸਮੇਂ ਇੱਕ ਕੂਟਨੀਤਕ ਸਫਲਤਾ ਦੀ ਸੰਭਾਵਨਾ ਨਹੀਂ ਹੈ। ਹਾਲਾਂਕਿ ਟਰੰਪ ਨੇ ਐਤਵਾਰ ਨੂੰ ਸੀਐਨਐਨ ਨਾਲ ਇੱਕ ਫੋਨ ਇੰਟਰਵਿਊ ਵਿੱਚ ਕਿਹਾ ਕਿ ਜੇਕਰ ਅਮਰੀਕਾ ਈਰਾਨ ਨਾਲ ਗੱਲਬਾਤ ਵਿੱਚ ਪ੍ਰਗਤੀ ਦੇਖਦਾ ਹੈ ਅਤੇ ਦੋਵੇਂ ਧਿਰਾਂ ਇੱਕ 'ਠੋਸ ਸਮਝੌਤੇ' 'ਤੇ ਪਹੁੰਚਦੀਆਂ ਹਨ, ਤਾਂ ਹਮਲੇ ਦੁਬਾਰਾ ਸ਼ੁਰੂ ਕਰਨ ਦੀ 'ਬਹੁਤ ਘੱਟ ਸੰਭਾਵਨਾ' ਹੋਵੇਗੀ। ਹਾਲਾਂਕਿ ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਨੇ 38 ਪੁਲਾਂ ਸਮੇਤ ਕੁਝ ਬੁਨਿਆਦੀ ਢਾਂਚੇ ਦੇ ਟੀਚਿਆਂ ਦੀ ਪਛਾਣ ਕੀਤੀ ਹੈ ਅਤੇ ਜੇਕਰ ਫੌਜੀ ਕਾਰਵਾਈ ਦੁਬਾਰਾ ਸ਼ੁਰੂ ਹੁੰਦੀ ਹੈ, ਤਾਂ ਇਨ੍ਹਾਂ ਟੀਚਿਆਂ 'ਤੇ ਹਮਲਾ ਕੀਤਾ ਜਾਵੇਗਾ।

ਇਸ ਦੌਰਾਨ ਅਮਰੀਕੀ ਫੌਜ ਨੇ ਪਿਛਲੇ ਹਫ਼ਤੇ ਈਰਾਨ 'ਤੇ ਘੱਟੋ ਘੱਟ ਦੋ ਵਾਰ ਸੀਮਤ ਹਮਲੇ ਕੀਤੇ ਹਨ, ਜਿਸ ਵਿੱਚ ਈਰਾਨੀ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਉਣਾ ਸ਼ਾਮਲ ਹੈ। ਅਮਰੀਕੀ ਫੌਜ ਨੇ ਸ਼ਨੀਵਾਰ ਨੂੰ ਇੱਕ ਵਪਾਰਕ ਜਹਾਜ਼ 'ਤੇ ਗੋਲੀਬਾਰੀ ਅਤੇ ਅਯੋਗ ਵੀ ਕੀਤਾ। ਅਮਰੀਕਾ ਦਾ ਕਹਿਣਾ ਹੈ ਕਿ ਜਹਾਜ਼ ਈਰਾਨੀ ਬੰਦਰਗਾਹਾਂ ਦੀ ਆਪਣੀ ਜਲ ਸੈਨਾ ਦੀ ਨਾਕਾਬੰਦੀ ਨੂੰ ਤੋੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਰੂਬੀਓ ਨੇ ਸਵੀਕਾਰ ਕੀਤਾ ਕਿ ਜੇਕਰ ਲੋੜ ਪਈ ਤਾਂ ਅਮਰੀਕਾ ਰੱਖਿਆਤਮਕ ਕਾਰਵਾਈ ਕਰੇਗਾ। ਰੂਬੀਓ ਨੇ ਕਿਹਾ, 'ਜੇਕਰ ਇਸ ਖੇਤਰ ਵਿੱਚ ਸਾਡੇ ਜਹਾਜ਼ਾਂ ਜਾਂ ਸਾਡੇ ਸੈਨਿਕਾਂ ਲਈ ਕੋਈ ਸਪੱਸ਼ਟ ਅਤੇ ਤੁਰੰਤ ਖ਼ਤਰਾ ਹੈ, ਤਾਂ ਸਾਨੂੰ ਆਪਣਾ ਬਚਾਅ ਕਰਨ ਦਾ ਅਧਿਕਾਰ ਹੈ।'

BASRA
Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ



Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

ਸ. ਰਜਿੰਦਰ ਸਿੰਘ ਬਸਰਾ (209) 834-6188

Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੂਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਸੰਕਲਪਾਂ ਨੂੰ ਤਿਆਗਣ ਵਿੱਚ ਹੀ ਲਾਭ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਨ੍ਹਾਂ ਵਿਚਾਰਾਂ ਦੀ ਉਧੇੜ-ਬੁਣ ਪਿਛੋਂ ਆਪ ਨੇ ਭਾਈ ਅਮਰ ਸਿੰਘ ਨੂੰ ਫਿਰ ਕਿਹਾ ਕਿ ਤੁਸੀਂ ਬਾਬਾ ਜੀ ਨੂੰ ਅਵਾਜ਼ ਮਾਰ ਕੇ ਬੂਹਾ ਖੁਲ੍ਹਵਾ ਦੇਵੋ। ਭਾਈ ਅਮਰ ਸਿੰਘ ਨੇ ਉੱਤਰ ਦਿੱਤਾ ਕਿ ਭਾਵੇਂ ਕਿੰਨਾ ਵੀ ਜ਼ਰੂਰੀ ਕੰਮ ਹੋਵੇ ਅਸੀਂ ਬਾਬਾ ਜੀ ਦੇ ਨੀਯਤ ਕੀਤੇ ਪ੍ਰੋਗਰਾਮ ਵਿੱਚ ਦਖ਼ਲ ਨਹੀਂ ਦੇਈਦਾ, ਨਾ ਹੀ ਉਹ ਆਪਣਾ ਨਿਯਮ ਪੂਰੇ ਕੀਤੇ ਤੋਂ ਬਿਨਾਂ ਬਾਹਰ ਆਉਂਦੇ ਹਨ। ਸੋ ਆਪ ਜੀ ਠਹਿਰ ਜਾਵੋ, ਜਲ-ਪਾਣੀ ਛਕੋ। ਦੋ ਕੁ ਘੰਟੇ ਦਾ ਸਮਾਂ ਬਾਕੀ ਰਹਿ ਗਿਆ ਹੈ, ਉਡੀਕ ਕਰ ਲਵੋ ਜਾਂ ਫਿਰ ਮੁੜ ਵਾਪਿਸ ਆ ਜਾਣਾ। ਸ. ਹਰੀ ਸਿੰਘ ਨੇ ਆਪਣੀ ਮਜ਼ਬੂਰੀ ਦੱਸੀ ਤੇ ਬਾਹਰੋਂ ਹੀ ਨਮਸਕਾਰ ਕਰ ਫ਼ਤਹਿ ਬੁਲਾ ਕੇ ਥੋੜ੍ਹੀ ਦੂਰ ਉਸ ਖੇਤ ਵਿੱਚ ਚਲੇ ਗਏ ਜਿੱਥੇ ਭਾਈ ਸੁਰਜੀਤ ਸਿੰਘ ਖੇਤ ਵਿੱਚ ਕਮਾਦ ਨੂੰ ਗੋਡੀ ਕਰ ਰਹੇ ਸਨ। ਸੁਰਜੀਤ ਸਿੰਘ ਜੀ ਨੂੰ ਵੀ ਸ. ਹਰੀ ਸਿੰਘ ਨੇ ਆਪਣੇ ਮਨ ਵਿਚਲੀ ਗੱਲ ਦੁਹਰਾਈ ਤੇ ਆਪਣੀ ਮਜ਼ਬੂਰੀ ਦੱਸੀ ਕਿ ਮੁੜ ਕੇ ਪਤਾ ਨਹੀਂ ਕਿੰਨੇ ਮਹੀਨਿਆਂ ਪਿਛੋਂ ਫੇੱਰੀ ਮਿਲਣੀ ਹੈ। ਮੇਰੇ ਪਾਸ ਦਿਨ ਵੀ ਅੱਜ ਦਾ ਹੀ ਹੈ ਤੇ ਰੁਝੇਵੇਂ ਵੀ ਅਜੇ ਕਾਫ਼ੀ ਹਨ, ਮੈਂ ਬਾਬਾ ਜੀ ਨੂੰ ਮਿਲਣਾ ਵੀ ਜ਼ਰੂਰੀ ਹੈ। ਸ. ਸੁਰਜੀਤ ਸਿੰਘ ਹੁਰਾਂ ਵੀ ਇਹੋ ਹੀ ਉੱਤਰ ਦਿੱਤਾ ਕਿ ਅਸੀਂ ਮਹਾਂਪੁਰਖਾਂ ਦੇ ਚੱਲ ਰਹੇ ਸਿਮਰਨ ਭਜਨ ਵਿੱਚ ਵਿਘਨ ਨਹੀਂ ਪਾ ਸਕਦੇ ਕਿਉਂਕਿ ਪਤਾ ਨਹੀਂ ਇਸ ਵੇਲੇ ਸਿਮਰਨ ਵਿੱਚ ਲੀਨ ਉਨ੍ਹਾਂ ਦੀ ਸੁਰਤ ਕਿਹੜੀ ਉੱਚੀ ਅਵੱਸਥਾ ਵਿੱਚ ਵਿਚਰ ਰਹੀ ਹੋਵੇ। ਅਸੀਂ ਆਪਣੀ ਗਰਜ਼ ਦੀ ਖ਼ਾਤਰ ਅਵਾਜ਼ ਮਾਰ ਕੇ ਉਹਨਾਂ ਦੀ ਸੁਰਤ ਨੂੰ ਉਖੇੜ ਕੇ ਪਾਪਾਂ ਦੇ ਭਾਗੀ ਨਹੀਂ ਬਣਨਾ। ਇਨ੍ਹਾਂ ਪਾਸੋਂ ਵੀ ਨਾਂਹ ਦਾ ਉੱਤਰ ਸੁਣਕੇ ਆਪ ਦਾ ਇੱਕ ਮਨ ਵਾਪਿਸ ਜਾਣ ਲਈ ਕਹੇ, ਦੂਸਰਾ ਮਨ ਠਹਿਰ ਕੇ ਉਡੀਕ ਕਰਨ ਲਈ ਸਲਾਹ ਦੇਵੇ। ਸ. ਹਰੀ ਸਿੰਘ ਮੁੜ ਗੁਰਦੁਆਰਾ ਸਾਹਿਬ ਵਿਖੇ ਆ ਗਏ ਤੇ ਮੁੜ-ਮੁੜ ਮਨ ਵਿੱਚ ਪਹਿਲੀਆਂ ਵਿਚਾਰਾਂ ਹੀ ਚੱਲੀ ਜਾਣ। ਮਨ ਵਿੱਚ ਇਹ ਖਿਆਲ ਵੀ ਆ ਰਿਹਾ ਸੀ ਕਿ ਬਾਬਾ ਜੀ ਜਾਣੀ-ਜਾਣ ਹਨ, ਮੇਰੀ ਮਜ਼ਬੂਰੀ ਨੂੰ ਸਮਝਦੇ ਹੋਣਗੇ। ਜੇ ਕਿਰਪਾ ਕਰਕੇ ਛੰਨ ਦਾ ਬੂਹਾ ਖੋਲ੍ਹ ਦੇਣ ਤਾਂ ਚੰਗਾ ਹੈ, ਮੈਂ ਦਸਵੰਧ ਦੀ ਮਾਇਆ ਵੀ ਦੇ ਦੇਵਾਂ; ਨਾਲੇ ਮੈਨੂੰ ਦਰਸ਼ਨ ਹੋ ਜਾਣਗੇ। ਇਹਨਾਂ ਵਿਚਾਰਾਂ ਵਿੱਚ ਘਿਰੇ ਹੋਏ ਆਪ ਜੀ ਹੇਠਾਂ ਗੁਰਦੁਆਰੇ ਦੇ ਬਰਾਂਡੇ ਵਿੱਚ ਬੈਠੇ ਸਨ; ਅਚਾਨਕ ਬਾਬਾ ਜੀ ਦੀ ਛੰਨ ਵਾਲੇ ਕਮਰੇ ਦਾ ਦਰਵਾਜ਼ਾ ਖੁੱਲ੍ਹਣ ਦੀ ਅਵਾਜ਼ ਆਈ, ਜੋ ਹਰੀ ਸਿੰਘ ਨੇ ਵੀ ਸੁਣ ਲਈ। ਬਾਬਾ ਜੀ ਕਮਰੇ 'ਚੋਂ ਬਾਹਰ ਆ ਕੇ ਹੇਠਾਂ ਵੱਲ ਵੇਖਣ ਲੱਗੇ। ਅੱਗੋਂ ਭਾਈ ਹਰੀ ਸਿੰਘ ਨੇ ਆਪ ਜੀ ਨੂੰ ਜਾ ਫ਼ਤਹਿ ਬੁਲਾਈ ਤੇ ਦਸਵੰਧ ਦੀ ਮਾਇਆ ਗੁਰਦੁਆਰਾ ਸਾਹਿਬ ਲਈ ਭੇਟਾ ਕੀਤੀ।

ਆਪ ਜੀ ਨੇ ਉੱਥੇ ਖੜ੍ਹੇ ਹੀ ਗੁਰੂ ਚਰਨਾਂ ਦਾ ਧਿਆਨ ਧਰਕੇ ਦਸਵੰਧ ਦੀ ਮਾਇਆ ਦੀ ਅਰਦਾਸ ਕਰ ਦਿੱਤੀ ਤੇ ਬੜੇ ਪ੍ਰੇਮ ਨਾਲ ਸ. ਹਰੀ ਸਿੰਘ ਨੂੰ ਅੰਦਰ ਆਪਣੀ ਛੰਨ ਵਿੱਚ ਲੈ ਗਏ। ਹਰੀ ਸਿੰਘ ਨੂੰ ਸੰਬੋਧਨ ਕਰਕੇ ਆਪ ਜੀ ਨੇ ਕਿਹਾ ਕਿ ਦੇਖੋ ਹਰੀ ਸਿੰਘ ਜੀ! ਅਸੀਂ ਗੁਰੂ ਮਿਹਰ ਨਾਲ ਬੜੇ ਅਨੰਦੀ ਰਸ ਵਿੱਚ ਸਿਮਰਨ ਲੀਨ ਸਾਂ ਪਰ ਜਦੋਂ ਦੇ ਤੁਸੀਂ ਆਏ ਹੋ, ਤੁਹਾਡੀ ਦਸਵੰਧ ਦੀ ਮਾਇਆ ਦੇਣ ਦੀ ਭਾਵਨਾ ਅਤੇ ਵਾਪਿਸ ਜਾਣ ਦੀ ਕਾਹਲੀ ਕਾਰਨ ਤੁਹਾਡੇ ਮਨ ਦੀਆਂ ਭਾਵਨਾਵਾਂ ਸਾਡੇ ਸਿਮਰਨ ਵਿੱਚ ਵਿਘਨਕਾਰੀ ਬਣ ਰਹੀਆਂ ਸਨ। ਯਤਨ ਕਰਨ ਤੇ ਵੀ ਸਾਡੀ ਸੁਰਤ ਉੱਤੇ ਤੁਹਾਡੇ ਕਾਹਲੇਪਨ ਅਤੇ ਭਾਵਨੀ ਦਾ ਅਸਰ ਪੈਂਦਾ ਰਿਹਾ ਹੈ; ਜਿਸ ਕਾਰਨ ਸਾਨੂੰ ਸਿਮਰਨ ਦਾ ਨਿਯਮ ਵਿੱਚੇ ਛੱਡ ਕੇ ਬੂਹਾ ਖੋਲ੍ਹਣਾ ਪਿਆ। ਉਂਝ ਜੇ ਆਪਾਂ ਵਿਚਾਰ ਕਰੀਏ, ਮਾਇਆ ਗੁਰੂ ਕੇ ਦਸਵੰਧ ਦੀ ਸੀ, ਜੇ ਤੁਸੀਂ ਗੁਰੂ ਚਰਨਾਂ ਵਿੱਚ ਗੁਰੂ-ਗੋਲਕ ਨੂੰ ਅਰਪਨ ਕਰ ਦਿੰਦੇ ਸਤਿਗੁਰੂ ਜੀ ਤਾਂ ਜਾਣੀਂ-ਜਾਣ ਹਨ, ਉਹ ਤਾਂ 'ਘਟ ਘਟ ਕੇ ਅੰਤਰ ਕੀ ਜਾਨਤ' ਅਤੇ ਬਿਨ ਬੋਲਿਆਂ ਸਭ ਕਿਛ ਜਾਣਦੇ ਹਨ। ਤੁਹਾਡੀ ਦਿੱਤੀ ਮਾਇਆ ਤਾਂ ਸਤਿਗੁਰੂ ਜੀ ਦੇ ਦਰ ਪ੍ਰਵਾਨ ਹੋ ਹੀ ਜਾਣੀ ਸੀ। ਗੋਲਕ ਦੀ ਮਾਇਆ ਵੀ ਤਾਂ ਗੁਰੂ ਕਾਰਜ ਵਿੱਚ ਹੀ ਲੱਗਣੀ ਸੀ। ਸੋ ਮੇਰੇ ਹੱਥੀਂ ਗੁਰੂ ਪਾਤਸ਼ਾਹ ਨੂੰ ਅਰਪਨ ਕਰਨ ਦੀ ਥਾਂ ਜੇ ਤੁਸੀਂ ਸਿੱਧੀ ਗੁਰੂ ਚਰਨਾਂ ਵਿੱਚ ਅਰਪ ਦਿੰਦੇ ਤਾਂ ਤੁਸੀਂ ਵੀ ਸੌਖੇ ਰਹਿੰਦੇ, ਮਨ ਵਿੱਚ ਤੌਖਲਾ, ਕਾਹਲਾਪਨ ਜੋ ਸ਼ਾਂਤੀ ਨੂੰ ਭੰਗ ਕਰਦਾ ਰਿਹਾ ਹੈ ਉਹ ਵੀ ਨਹੀਂ ਆਉਣਾ ਸੀ ਤੇ ਮੇਰੇ ਸਿਮਰਨ ਵਿੱਚ ਵੀ ਤੁਹਾਡੀਆਂ ਮਨ-ਤਰੰਗਾਂ ਦਾ ਅਸਰ ਵਿਘਨਕਾਰੀ ਨਾ ਬਣਦਾ। ਦੂਸਰੇ ਜੋ ਤੁਹਾਡੇ ਮਨ ਵਿੱਚ ਸਾਡੇ ਦਰਸ਼ਨਾਂ ਦੀ ਖਿੱਚ ਬਣੀ ਸੀ, ਸਤਿਗੁਰੂ ਜੀ ਦੇ ਦਰਸ਼ਨ ਕਰਨ ਨਾਲ ਹੋਰ ਵਿਅਕਤੀਗਤ ਦਰਸ਼ਨ ਦੀ ਝਾਕ ਮੁੱਕ ਜਾਣੀ ਚਾਹੀਦੀ ਹੈ। ਸੁਤੇ ਹੀ ਗੁਰਸਿੱਖਾਂ ਦੇ, ਜੇ ਸਤਿਗੁਰੂ ਜੀ ਦਰਸ਼ਨ ਕਰਵਾ ਦੇਣ, ਧੰਨ ਭਾਗ ਹਨ ਕਿਉਂਕਿ ਗੁਰੂ ਪਾਤਸ਼ਾਹ ਦਾ ਬਚਨ ਹੈ ਕਿ

ਖਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮੋਂ ਹਉ ਕਰੋਂ ਨਿਵਾਸ॥

ਸੋ ਜੇ ਖ਼ਾਲਸੇ ਵਿੱਚ ਨਿਵਾਸ ਕਰਨ ਵਾਲੇ ਗੁਰੂ ਸਾਹਿਬ ਜੀ ਦੇ ਦਰਸ਼ਨ ਹੋ ਗਏ, ਖ਼ਾਲਸੇ ਦੇ ਦਰਸ਼ਨਾਂ ਦਾ ਫਲ਼ ਇਸੇ ਵਿੱਚ ਹੀ ਜਾਣਾ ਹੈ।

ਤੀਸਰੇ, ਜਦੋਂ ਵੀ ਗੁਰੂ ਚਰਨਾਂ ਵਿੱਚ ਜਾਣਾ ਹੋਵੇ ਕਾਹਲਾਪਨ ਘਰ ਹੀ ਛੱਡ ਕੇ ਆਉਣਾ ਚਾਹੀਦਾ ਹੈ ਕਿਉਂਕਿ ਰਸ ਦਾ ਅਤੇ ਕਾਹਲੇਪਨ ਦਾ ਆਪਸੀ ਕੋਈ ਜੋੜ ਨਹੀਂ ਹੈ। ਜਿੱਥੇ ਕਾਹਲਾਪਨ, ਤੌਖਲਾ, ਚਿੰਤਾ ਹੈ ਉੱਥੇ ਰਸ ਕਿੱਥੇ? ਜਿੰਨਾ ਸਮਾਂ ਵੀ ਗੁਰੂ ਦਰ ਵਿੱਚ ਜਾਣ ਲਈ ਸਤਿਗੁਰੂ ਜੀ ਬਖ਼ਸ਼ਿਸ਼ ਕਰਨ; ਸੰਸਾਰਿਕ ਕੰਮਾਂ ਦੀਆਂ ਸੋਚਾਂ, ਫ਼ਿਕਰ, ਚਿੰਤਾ, ਕਾਹਲਾਪਨ ਇਹਨਾਂ ਨੂੰ ਛੱਡ ਦੇਣਾ ਹੀ ਯੋਗ ਹੈ; ਇਸ ਤਰ੍ਹਾਂ ਵਧੇਰੇ ਲਾਹਾ ਪ੍ਰਾਪਤ ਹੁੰਦਾ ਹੈ।

ਚੌਥੇ, ਮਨ ਵਿੱਚ ਕਿਸੇ ਦੀ ਪ੍ਰੀਖਿਆ ਲੈਣ ਦੀ ਧਾਰਨਾ ਵੀ ਬਣਾ ਕੇ ਨਹੀਂ ਆਉਣਾ ਚਾਹੀਦਾ ਕਿ ਅੰਤਰਯਾਮੀ ਹੋਣਗੇ ਤਾਂ ਆਪੇ ਬੁਲਾ ਲੈਣਗੇ, ਇਹ ਲਾਹੇਵੰਦਾ ਵਿਚਾਰ ਨਹੀਂ ਹੈ। ਕਿਸੇ ਨੂੰ ਗੁਰੂ ਪਾਤਸ਼ਾਹ ਅੰਤਰਯਾਮਤਾ ਦੇ ਦੇਣ ਜਾਂ ਨਾ ਦੇਣ ਇਹ ਕਿਸੇ ਦੀ ਆਤਮਿਕ ਉੱਚਤਾ ਨੂੰ ਮਾਪਣ ਦਾ ਕੋਈ ਪੈਮਾਨਾ ਨਹੀਂ ਹੈ। ਇਹ ਸਭ ਦਾਤਾਂ ਤਾਂ ਗੁਰੂ ਜੀ ਦੀਆਂ ਹਨ। ਗੁਰਸਿੱਖ ਦਾ ਕੰਮ ਹੈ ਨਾਮ ਵਿੱਚ ਲੱਗੇ ਰਹਿਣਾ, ਉਸ ਵਿੱਚ ਢਿੱਲ ਨਾ ਵਰਤੇ ਬਾਕੀ ਸਭ ਅਵੱਸਥਾਵਾਂ ਗੁਰੂ ਜੀ ਦੇ ਹੱਥ ਹਨ। ਹਰੀ ਸਿੰਘ ਜੀ, ਜੋ ਹੋ ਗਿਆ ਸੋ ਵਾਹ! ਵਾਹ! ਸਾਨੂੰ ਤੁਹਾਡੇ ਗੁਰਸਿੱਖਾਂ ਦੇ ਦਰਸ਼ਨ ਹੋ ਗਏ। ਅਗਾਂਹ ਲਈ ਇਹਨਾਂ ਛੋਟੀਆਂ-ਛੋਟੀਆਂ ਗੱਲਾਂ ਦਾ ਖ਼ਿਆਲ ਰੱਖਣਾ ਚਾਹੀਦਾ। ਦੇਖਣ ਨੂੰ ਤਾਂ ਭਾਵੇਂ ਇਹ ਮਾਮੂਲੀ ਹਨ ਪਰ ਅਸਰ ਇਨ੍ਹਾਂ ਦਾ ਵਧੇਰੇ ਹੈ। ਭਾਈ ਹਰੀ ਸਿੰਘ ਜੀ ਨੇ ਆਪ ਜੀ ਦੇ ਬਚਨਾਂ ਨੂੰ ਮਨ ਵਿੱਚ ਥਾਂ ਦਿੱਤੀ ਤੇ ਮਨ ਵਿੱਚ ਪਛਤਾਵਾ ਕਰਕੇ ਖਿਮਾ ਮੰਗੀ।

(ਚਲਦਾ)




ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ 'ਚ ਭਾਰਤੀ ਭਾਈਚਾਰੇ ਨਾਲ ਮਨਾਈ ਦੀਵਾਲੀ

ਭਾਰਤੀ ਉਦਯੋਗਪਤੀ ਵਿਸ਼ਾਲ ਗੋਂਡਲ ਨੇ ਭੇਂਟ ਕੀਤਾ ਹਨੂੰਮਾਨ ਚਾਲੀਸਾ







ਵਾਸ਼ਿੰਗਟਨ, (ਰਾਜ ਗੋਗਨਾ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਈਟ ਹਾਊਸ 'ਚ ਭਾਰਤੀ ਭਾਈਚਾਰੇ ਦੇ ਨਾਲ ਦੀਵਾਲੀ ਮਨਾਈ, ਓਵਲ ਦਫਤਰ ਵਿੱਚ ਦੀਵਾਲੀ ਦੇ ਜਸ਼ਨ ਦੌਰਾਨ ਹਨੂੰਮਾਨ ਚਾਲੀਸਾ ਦੀ ਇੱਕ ਕਾਪੀ ਵੀ ਭੇਂਟ ਕੀਤੀ ਗਈ। ਅਮਰੀਕੀ ਭਾਰਤੀ ਉੱਦਮੀ ਉਦਯੋਗਪਤੀ ਵਿਸ਼ਾਲ ਗੋਂਡਲ ਦੇ ਅਨੁਸਾਰ ਇਸ ਮੌਕੇ ਭਗਤੀ ਪਾਠ ਕੀਤਾ ਗਿਆ ਅਤੇ ਭਾਰਤ ਅਤੇ ਅਮਰੀਕਾ ਵਿਚਕਾਰ ਦੋਸਤੀ ਲਈ ਵੀ ਅਰਦਾਸ ਕੀਤੀ ਗਈ। ਇਸ ਯੋਜਨਾਬੱਧ ਹਿੱਸਾ ਲੈਣ ਵਾਲਿਆਂ ਵਿੱਚ ਵਿਦੇਸ਼ ਸਕੱਤਰ ਮਾਰਕੋ ਰੂਬੀਓ, ਐਫਬੀਆਈ ਡਾਇਰੈਕਟਰ ਕਸ਼ ਪਟੇਲ ਅਤੇ ਰਾਸ਼ਟਰੀ ਸਿਹਤ ਸੰਸਥਾਨ ਦੇ ਡਾਇਰੈਕਟਰ ਜੈ ਭੱਟਾਚਾਰੀਆ ਭਾਰਤੀ ਰਾਜਦੂਤ ਵਿਨੈ ਮੋਹਨ ਕਵਾਤਰਾ, ਆਈਬੀਐਮ ਦੇ ਮੁੱਖ ਕਾਰਜਕਾਰੀ ਅਰਵਿੰਦ ਕ੍ਰਿਸ਼ਨਾ, ਮਾਈਕ੍ਰੋਨ ਤਕਨਾਲੋਜੀ ਦੇ ਮੁੱਖ ਕਾਰਜਕਾਰੀ ਸੰਜੇ ਮਹਿਰੋਤਰਾ, ਸ਼ੈੱਫ ਵਿਕਾਸ ਖੰਨਾ ਅਤੇ ਕਾਰੋਬਾਰੀ ਲੇਡੀ ਰੂਬੀ ਢੱਲਾ ਵੀ ਸ਼ਾਮਿਲ ਸੀ। 'ਇਸ ਦੀਵਾਲੀ 'ਤੇ ਉਦਯੋਗਪਤੀ ਕੋਂਡਲ ਨੂੰ ਟਰੰਪ ਦੀ ਫੋਟੋ ਵਾਲਾ ਸਿੱਕਾ ਵੀ ਭੇਂਟ ਕੀਤਾ ਗਿਆ। ਦੱਸਣਯੋਗ ਹੈ ਕਿ ਵ੍ਹਾਈਟ ਹਾਊਸ 'ਚ ਦੀਵਾਲੀ ਮਨਾਉਣ ਦੀ ਸ਼ੁਰੂਆਤ 2003 ਵਿੱਚ ਜਾਰਜ ਡਬਲਯੂ ਬੁਸ਼ ਦੇ ਪ੍ਰਸ਼ਾਸਨ ਦੌਰਾਨ ਹੋਈ ਸੀ ਅਤੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ 2009 ਵਿੱਚ ਵ੍ਹਾਈਟ ਹਾਊਸ ਵਿੱਚ ਦੀਵਾ ਜਗਾਉਣ ਵਾਲੇ ਪਹਿਲੇ ਅਮਰੀਕੀ ਰਾਸ਼ਟਰਪਤੀ ਬਣੇ ਸੀ ਜੋ ਇਹ ਸਮਾਰੋਹ ਈਸਟ ਰੂਮ ਵਿੱਚ ਕਰਦੇ ਸੀ।

ਫਰਿਜ਼ਨੋ 'ਚ ਹੰਸ ਰਾਜ ਹੰਸ ਦੀ ਸੂਫ਼ੀਆਨਾ ਗਾਇਕੀ ਨੇ ਕੀਲੇ ਸਰੋਤੇ, ਸੁਰਾਂ ਦੀ ਮਹਿਫ਼ਲ ਨੇ ਛੂਹੀਆਂ ਰੂਹਾਂ



ਫਰਿਜ਼ਨੋ, ਕੈਲੀਫੋਰਨੀਆ (ਗੁਰਿੰਦਰਜੀਤ ਨੀਟਾ ਮਾਛੀਕੇ) : ਪੰਜਾਬੀ ਅਤੇ ਸੂਫ਼ੀ ਗਾਇਕੀ ਦੇ ਬੇਤਾਜ ਬਾਦਸ਼ਾਹ, ਆਪਣੀ ਦਿਲਕਸ਼ ਆਵਾਜ਼ ਨਾਲ ਕਰੋੜਾਂ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਵਿਸ਼ਵ ਪ੍ਰਸਿੱਧ ਗਾਇਕ ਹੰਸ ਰਾਜ ਹੰਸ ਨੇ ਬੀਤੀ ਰਾਤ ਫਰਿਜ਼ਨੋ ਦੇ ਵੈਟਰਨਜ਼ ਮੈਮੋਰੀਅਲ ਆਡੀਟੋਰੀਅਮ ਵਿੱਚ ਆਪਣੀ ਗਾਇਕੀ ਦਾ ਅਜਿਹਾ ਜਾਦੂ ਬਿਖੇਰਿਆ ਕਿ ਹਾਜ਼ਰ ਸਰੋਤੇ ਅਸ਼-ਅਸ਼ ਕਰ ਉੱਠੇ। ਸੁਰਾਂ, ਸੰਗੀਤ ਅਤੇ ਸੂਫ਼ੀਆਨਾ ਰੰਗ ਵਿੱਚ ਰੰਗੀ ਇਸ ਸ਼ਾਮ ਨੇ ਦਰਸ਼ਕਾਂ ਦੇ ਦਿਲਾਂ 'ਤੇ ਅਜਿਹੀ ਅਮਿੱਟ ਛਾਪ ਛੱਡੀ ਕਿ ਇਹ ਮਹਿਫ਼ਲ ਲੰਮੇ ਸਮੇਂ ਤੱਕ ਯਾਦ ਰਹੇਗੀ। ਅੰਤਰਰਾਸ਼ਟਰੀ ਪ੍ਰਮੋਟਰ ਬਲਵਿੰਦਰ ਬਾਜਵਾ ਵੱਲੋਂ ਲਿਆਂਦੇ ਗਏ ਇਸ ਸ਼ੋਅ ਦਾ ਆਯੋਜਨ ਫਰਿਜ਼ਨੋ ਵਿਖੇ ਰਾਬਤਾ ਪ੍ਰੋਡਕਸ਼ਨ ਦੀ ਜੋਤ ਰਣਜੀਤ ਕੌਰ ਵੱਲੋਂ ਕੀਤਾ ਗਿਆ। ਇਸ ਸੰਗੀਤਕ ਸ਼ਾਮ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਹਾਲ ਸੰਗੀਤ ਪ੍ਰੇਮੀਆਂ ਨਾਲ ਖਚਾਖਚ ਭਰਿਆ ਨਜ਼ਰ ਆਇਆ।

ਹੰਸ ਰਾਜ ਹੰਸ ਨੇ ਜਦੋਂ ਆਪਣੀ ਮਖਮਲੀ ਆਵਾਜ਼ ਵਿੱਚ ਸੁਰਾਂ ਦੀ ਛਹਿਬਰ ਲਾਈ ਤਾਂ ਸਮੁੱਚਾ ਮਾਹੌਲ ਸੂਫ਼ੀਆਨਾ ਰੰਗ ਵਿੱਚ ਰੰਗਿਆ ਗਿਆ। ਉਨ੍ਹਾਂ ਨੇ ਆਪਣੇ ਨਵੇਂ ਅਤੇ ਪੁਰਾਣੇ ਮਕਬੂਲ ਗੀਤਾਂ ਰਾਹੀਂ ਸਰੋਤਿਆਂ ਨੂੰ ਅਜਿਹਾ ਕੀਲਿਆ ਕਿ ਸਮੇਂ ਦੇ ਬੀਤਣ ਦਾ ਅਹਿਸਾਸ ਹੀ ਨਾ ਹੋਇਆ। ਉਨ੍ਹਾਂ ਦੀ ਗਾਇਕੀ ਦੀ ਸਭ ਤੋਂ ਵੱਡੀ ਖੂਬਸੂਰਤੀ ਇਹ ਰਹੀ ਕਿ ਅਜੋਕੇ ਸ਼ੋਰ-ਸ਼ਰਾਬੇ ਅਤੇ ਉੱਚੀ-ਉੱਚੀ ਵੱਜਦੇ ਸੰਗੀਤ ਦੇ ਦੌਰ ਵਿੱਚ ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਅਸਲ ਗਾਇਕੀ ਆਵਾਜ਼ ਦੇ ਸ਼ੋਰ ਵਿੱਚ ਨਹੀਂ, ਸਗੋਂ ਸੁਰਾਂ ਦੀ ਪਾਕੀਜ਼ਗੀ, ਸ਼ਬਦਾਂ ਦੀ ਗਹਿਰਾਈ ਅਤੇ ਰੂਹ ਦੀਆਂ ਗਹਿਰਾਈਆਂ ਵਿੱਚ ਉਤਰਨ ਵਾਲੇ ਅਹਿਸਾਸਾਂ ਵਿੱਚ ਵੱਸਦੀ ਹੈ। ਹੰਸ ਰਾਜ ਹੰਸ ਦੀ ਆਵਾਜ਼ ਵਿੱਚ ਅਜਿਹੀ ਕਸ਼ਿਸ਼ ਅਤੇ ਮਿਠਾਸ ਸੀ ਕਿ ਕਈ ਵਾਰ ਇੰਜ ਮਹਿਸੂਸ ਹੁੰਦਾ ਸੀ ਜਿਵੇਂ ਸਰੋਤੇ ਕਿਸੇ ਸੰਗੀਤਕ ਪ੍ਰੋਗਰਾਮ ਵਿੱਚ ਨਹੀਂ, ਸਗੋਂ ਕਿਸੇ ਰੂਹਾਨੀ ਮਹਿਫ਼ਲ ਵਿੱਚ ਬੈਠੇ ਹੋਣ। ਉਨ੍ਹਾਂ ਦੀ ਗਾਇਕੀ ਵਿੱਚ ਪੰਜਾਬ ਦੀ ਮਿੱਟੀ ਦੀ ਮਹਿਕ, ਸੂਫ਼ੀ ਫ਼ਕੀਰਾਂ ਦੇ ਕਲਾਮ ਦੀ ਰੂਹਾਨੀਅਤ ਅਤੇ ਲੋਕ ਸੰਗੀਤ ਦੀ ਮਿਠਾਸ ਦਾ ਅਨੋਖਾ ਸੁਮੇਲ ਵੇਖਣ ਨੂੰ ਮਿਲਿਆ। ਇਸ ਮੌਕੇ ਹਾਲ ਵਿੱਚ ਬੈਠੇ ਦਰਸ਼ਕ ਹਰ ਗੀਤ ਤੋਂ ਬਾਅਦ ਆਪਮੁਹਾਰੇ ਤਾੜੀਆਂ ਮਾਰ ਕੇ ਆਪਣੇ ਚਹੇਤੇ ਗਾਇਕ ਦੀ ਹੌਸਲਾ-ਅਫ਼ਜ਼ਾਈ ਕਰਦੇ ਰਹੇ। ਕਈ ਵਾਰ ਤਾਂ ਤਾੜੀਆਂ ਦੀ ਗੂੰਜ ਹੀ ਇਸ ਗੱਲ ਦੀ ਗਵਾਹੀ ਭਰ ਰਹੀ ਸੀ ਕਿ ਹੰਸ ਰਾਜ ਹੰਸ ਅੱਜ ਵੀ ਆਪਣੇ ਸੁਰਾਂ ਦੇ ਦਮ 'ਤੇ ਸਰੋਤਿਆਂ ਦੇ ਦਿਲਾਂ ਵਿੱਚ ਪਹਿਲਾਂ ਵਾਂਗ ਹੀ ਵੱਸਦੇ ਹਨ।

ਇਸ ਸ਼ਾਮ ਦੀ ਇੱਕ ਹੋਰ ਖ਼ਾਸ ਗੱਲ ਇਹ ਰਹੀ ਕਿ ਹੰਸ ਰਾਜ ਹੰਸ ਨੇ ਸਿਰਫ਼ ਗੀਤ ਹੀ ਨਹੀਂ ਸੁਣਾਏ, ਸਗੋਂ ਆਪਣੀ ਗਾਇਕੀ ਰਾਹੀਂ ਇਹ ਸੁਨੇਹਾ ਵੀ ਦਿੱਤਾ ਕਿ ਚੰਗਾ ਸੰਗੀਤ ਉਹ ਹੁੰਦਾ ਹੈ ਜੋ ਕੰਨਾਂ ਰਾਹੀਂ ਦਿਲ ਵਿੱਚ ਉਤਰੇ ਅਤੇ ਫਿਰ ਰੂਹ ਦਾ ਹਿੱਸਾ ਬਣ ਜਾਵੇ। ਉਨ੍ਹਾਂ ਦੀ ਹਰ ਪੇਸ਼ਕਾਰੀ ਵਿੱਚ ਤਜਰਬੇਕਾਰ ਫ਼ਨਕਾਰ ਦੀ ਪੁਖ਼ਤਗੀ ਅਤੇ ਸੰਗੀਤ ਪ੍ਰਤੀ ਸਮਰਪਣ ਸਾਫ਼ ਝਲਕਦਾ ਸੀ। ਇਸ ਸਫ਼ਲ ਸੰਗੀਤਕ ਸ਼ਾਮ ਲਈ ਅੰਤਰਰਾਸ਼ਟਰੀ ਪ੍ਰਮੋਟਰ ਬਲਵਿੰਦਰ ਬਾਜਵਾ ਅਤੇ ਰਾਬਤਾ ਪ੍ਰੋਡਕਸ਼ਨ ਦੀ ਜੋਤ ਰਣਜੀਤ ਕੌਰ ਦੇ ਉਪਰਾਲੇ ਦੀ ਵੀ ਸ਼ਲਾਘਾ ਕਰਨੀ ਬਣਦੀ ਹੈ, ਜਿਨ੍ਹਾਂ ਨੇ ਫਰਿਜ਼ਨੋ ਦੇ ਪੰਜਾਬੀ ਸੰਗੀਤ ਪ੍ਰੇਮੀਆਂ ਨੂੰ ਅਜਿਹੇ ਮਹਾਨ ਫ਼ਨਕਾਰ ਦੀ ਗਾਇਕੀ ਦਾ ਸਿੱਧਾ ਆਨੰਦ ਮਾਣਨ ਦਾ ਮੌਕਾ ਪ੍ਰਦਾਨ ਕੀਤਾ। ਕੁੱਲ ਮਿਲਾ ਕੇ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਫਰਿਜ਼ਨੋ ਦੀ ਇਸ ਸੰਗੀਤਕ ਸ਼ਾਮ ਵਿੱਚ ਹੰਸ ਰਾਜ ਹੰਸ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਫ਼ਨਕਾਰ ਦੀ ਅਸਲ ਪਛਾਣ ਚਮਕ-ਦਮਕ, ਸ਼ੋਰ-ਸ਼ਰਾਬੇ ਜਾਂ ਸਟੇਜ ਦੀ ਸਜਾਵਟ ਨਾਲ ਨਹੀਂ, ਸਗੋਂ ਉਸ ਦੀ ਆਵਾਜ਼ ਵਿੱਚ ਵੱਸਦੇ ਸੁਰ ਅਤੇ ਸਰੋਤਿਆਂ ਦੇ ਦਿਲਾਂ ਵਿੱਚ ਬਣਾਈ ਥਾਂ ਨਾਲ ਹੁੰਦੀ ਹੈ। ਹੰਸ ਰਾਜ ਹੰਸ ਆਏ, ਗਾਏ ਅਤੇ ਫਰਿਜ਼ਨੋ ਦੇ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਆਪਣੀ ਸੁਰੀਲੀ ਆਵਾਜ਼ ਦੀ ਅਮਿੱਟ ਛਾਪ ਛੱਡ ਗਏ।

ਪਰਵਾਸੀਆਂ ਖ਼ਿਲਾਫ਼ ਨਸਲੀ ਟਿੱਪਣੀਆਂ ਦਾ ਵਾਧਾ

ਸਿਡਨੀ 'ਚ ਪਰਵਾਸ ਦੇ ਵਿਰੋਧ ਵਿੱਚ ਪ੍ਰਦਰਸ਼ਨ; ਪਰਵਾਸੀਆਂ ਦੇ ਹੱਕ 'ਚ ਵੀ ਨਿੱਤਰੇ ਲੋਕ



ਸਿਡਨੀ : ਸਿਡਨ ਵਿੱਚ ਭਾਰੀ ਮੀਂਹ ਦੇ ਬਾਵਜੂਦ ਪਰਵਾਸ-ਵਿਰੋਧੀ ਪ੍ਰਦਰਸ਼ਨਕਾਰੀਆਂ ਦਾ ਇੱਕਠ ਹੋਇਆ। ਹਜ਼ਾਰਾਂ ਲੋਕਾਂ ਦੇ ਇਕੱਠ ਦੀਆਂ ਚਰਚਾਵਾਂ ਵਿਚਕਾਰ ਲਗਪਗ 2,000 ਲੋਕਾਂ ਨੇ ਰਾਇਲ ਬੋਟੈਨਿਕ ਗਾਰਡਨ ਵਿਖੇ 'ਮਾਰਚ ਫਾਰ ਆਸਟਰੇਲੀਆ' ਰੈਲੀ ਵਿੱਚ ਹਿੱਸਾ ਲਿਆ। ਪ੍ਰਦਰਸ਼ਨਕਾਰੀਆਂ ਨੇ ਆਸਟਰੇਲੀਆ ਵਿੱਚ ਵੱਡੇ ਪੱਧਰ 'ਤੇ ਪਰਵਾਸ ਰੋਕਣ ਅਤੇ 'ਆਸਟਰੇਲੀਆ ਫ਼ਰਸਟ' ਨੀਤੀ ਲਾਗੂ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਦੀ ਸਰਕਾਰ ਦੀਆਂ ਪਰਵਾਸ ਨੀਤੀਆਂ ਵਿਰੁੱਧ ਨਾਅਰੇਬਾਜ਼ੀ ਕੀਤੀ। ਰੈਲੀ ਵਿੱਚ ਸ਼ਾਮਲ ਲੋਕ ਹਾਈਡ ਪਾਰਕ ਅਤੇ ਸੰਸਦ ਭਵਨ ਵੱਲ ਵੀ ਮਾਰਚ ਕਰਦੇ ਗਏ।

ਦੂਜੇ ਪਾਸੇ, ਸਿਡਨੀ ਟਾਊਨ ਹਾਲ ਵਿਖੇ ਪਰਵਾਸੀਆਂ ਅਤੇ ਸ਼ਰਨਾਰਥੀਆਂ ਦੇ ਹੱਕ ਵਿੱਚ ਜਵਾਬੀ ਪ੍ਰਦਰਸ਼ਨ ਕੀਤਾ ਗਿਆ। ਇਸ ਵਿੱਚ 100 ਤੋਂ ਘੱਟ ਲੋਕ ਸ਼ਾਮਲ ਹੋਏ। ਸ਼ਰਨਾਰਥੀ ਹਮਾਇਤੀ ਜਥੇਬੰਦੀਆਂ ਨੇ ਨਸਲਵਾਦ ਅਤੇ ਪਰਵਾਸੀਆਂ ਵਿਰੁੱਧ ਨਫ਼ਰਤ ਫੈਲਾਉਣ ਦਾ ਵਿਰੋਧ ਕੀਤਾ। ਬੁਲਾਰਿਆਂ ਨੇ ਕਿਹਾ ਕਿ ਪਰਵਾਸੀਆਂ ਖ਼ਿਲਾਫ਼ ਨਸਲੀ ਟਿੱਪਣੀਆਂ ਵਿੱਚ ਵਾਧਾ ਹੋਇਆ ਹੈ।

ਦੋਵੇਂ ਧਿਰਾਂ ਦੇ ਆਹਮੋ-ਸਾਹਮਣੇ ਆਉਣ ਨਾਲ ਮਾਹੌਲ ਕੁਝ ਸਮੇਂ ਲਈ ਤਣਾਅਪੂਰਨ ਹੋ ਗਿਆ। ਪੁਲੀਸ ਨੇ ਫ਼ਲਸਤੀਨ ਪੱਖੀ ਲਗਪਗ 20 ਪ੍ਰਦਰਸ਼ਨਕਾਰੀਆਂ ਅਤੇ 'ਵਨ ਨੇਸ਼ਨ' ਦੇ ਕੁਝ ਸਮਰਥਕਾਂ ਨੂੰ ਵੱਖ ਕੀਤਾ। ਹੁਣ ਇਹ ਪ੍ਰਦਰਸ਼ਨ ਆਸਟਰੇਲੀਆ ਵਿੱਚ ਪਰਵਾਸ, ਰਾਸ਼ਟਰੀ ਪਛਾਣ ਅਤੇ ਬਹੁ-ਸੱਭਿਆਚਾਰਕ ਸਮਾਜ ਬਾਰੇ ਵਧ ਰਹੀ ਸਿਆਸੀ ਬਹਿਸ ਨੂੰ ਮੁੜ ਚਰਚਾ ਵਿੱਚ ਲੈ ਆਇਆ ਹੈ।

ਹੈਗਸੈਥ ਖ਼ਿਲਾਫ਼ ਮਹਾਂਦੋਸ਼ ਮਤੇ ਲਈ ਥਾਮਸ ਮੈਸੀ ਨੂੰ ਮਿਲਿਆ ਜੈ਼ਫਰੀਜ਼ ਦਾ ਸਾਥ



ਨਿਊਯਾਰਕ : ਅਮਰੀਕੀ ਰੱਖਿਆ ਮੰਤਰੀ ਪੀਟ ਹੈਗਸੈਥ ਖ਼ਿਲਾਫ਼ ਮਹਾਦੋਸ਼ ਮਤਾ ਲਿਆਉਣ ਦੀ ਰਿਪਬਲਿਕਨ ਮੈਂਬਰ ਥਾਮਸ ਮੈਸੀ ਦੀ ਕੋਸ਼ਿਸ਼ ਨੂੰ ਡੈਮੋਕ੍ਰੈਟਿਕ ਆਗੂ ਹਕੀਮ ਜੈ਼ਫਰੀਜ਼ ਦਾ ਸਾਥ ਮਿਲ ਗਿਆ ਹੈ। ਪ੍ਰਤੀਨਿਧੀ ਸਭਾ 'ਚ ਡੈਮੋਕ੍ਰੈਟਿਕ ਧਿਰ ਦੀ ਅਗਵਾਈ ਕਰਦੇ ਜੈ਼ਫਰੀਜ਼ ਨੇ ਕਿਹਾ ਕਿ ਮਤਾ ਵੋਟ ਲਈ ਆਇਆ ਤਾਂ ਉਹ ਇਸ ਦੇ ਹੱਕ 'ਚ ਵੋਟ ਪਾਉਣਗੇ। ਜੈ਼ਫਰੀਜ਼ ਨੇ ਦੋਸ਼ ਲਾਇਆ ਕਿ ਹੈਗਸੈਥ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਤੇ ਇਰਾਨ ਨਾਲ ਜੰਗ ਛੇੜ ਕੇ ਅਮਰੀਕਾ ਦੀ ਸੁਰੱਖਿਆ ਨੂੰ ਖ਼ਤਰੇ ਵਿਚ ਪਾਇਆ। ਉਨ੍ਹਾਂ ਕਿਹਾ ਕਿ ਇਸ ਜੰਗ ਦਾ ਬੋਝ ਵਧਦੀਆਂ ਕੀਮਤਾਂ ਦੇ ਰੂਪ ਵਿਚ ਆਮ ਲੋਕਾਂ 'ਤੇ ਪਿਆ ਹੈ। ਮਤੇ ਬਾਰੇ ਡੈਮੋਕ੍ਰੈਟਿਕ ਮੈਂਬਰ ਇਸ ਹਫ਼ਤੇ ਆਪਸ ਵਿਚ ਗੱਲਬਾਤ ਕਰਨਗੇ। ਮੈਸੀ ਪਹਿਲਾਂ ਵੀ ਇਹ ਮਤਾ ਲਿਆ ਚੁੱਕੇ ਹਨ। ਉਸ ਵੇਲੇ ਰਿਪਬਲਿਕਨ ਆਗੂਆਂ ਨੇ ਤੈਅ ਵੋਟਾਂ ਰੱਦ ਕਰ ਦਿੱਤੀਆਂ ਸਨ, ਜਿਸ ਕਾਰਨ ਮਤੇ 'ਤੇ ਵੋਟ ਚੋਣਾਂ ਤੋਂ ਬਾਅਦ ਤੱਕ ਟਲ ਗਈ ਸੀ। ਹੁਣ ਇਸੇ ਹਫ਼ਤੇ ਮਤਾ ਮੁੜ ਪੇਸ਼ ਹੋਣ ਅਤੇ ਉਸ 'ਤੇ ਵੋਟ ਪੈਣ ਦੀ ਉਮੀਦ ਹੈ। ਹੈਗਸੈਥ ਨੇ ਇਸ ਕੋਸ਼ਿਸ਼ ਨੂੰ ਨਿੱਜੀ ਸਿਆਸੀ ਹਮਲਾ ਦੱਸਿਆ ਹੈ। ਉਧਰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਹੈਗਸੈਥ ਆਪਣਾ ਕੰਮ ਚੰਗੀ ਤਰ੍ਹਾਂ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਬਦਲਣ ਦੀ ਕੋਈ ਯੋਜਨਾ ਨਹੀਂ ਹੈ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

CITIZENSHIP ELIGIBILITY AND GREEN CARD APPLICATION

VISIT US NOW!

DR. RAJESH MAHESHWARI, MD

SAN RAMON
San Ramon
URGENT CARE & CLINIC
9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE
15810 Harlan Road #A
Lathrop, CA 95330
(209) 983-9000

MAIN STREET
Main Street
URGENT CARE
1040 North Main Street
Manteca, CA 95336
(209) 825-5155

https://www.sanramonurgentcare.com/
Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ


ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

ਅੰਬੇਡਕਰ ਉੱਤੇ ਇਹ ਵਿਦਵਤਾ ਸਹਿਤ ਵਿਚ ਬਹੁਤ ਅਰਥਪੂਰਨ ਸੰਘਰਸ਼ ਕਰਨ ਦੁਆਰਾ ਹੱਡੀ ਦੇ ਪੋਲੇ ਹਿੱਸੇ ਨੂੰ ਨਿਸ਼ਾਨਾ ਬਣਾਉਂਦਿਆਂ ਵੀ ਹਿੰਦੂ ਸੰਗਠਨਾਂ ਦਾ (proto) ਢਾਂਚਾ ਦੇਸ਼ ਭਗਤ ਸੋਚਣੀ ਅਤੇ ਮਹਾਰਾਸ਼ਟਰੀਆਂ ਦੀ ਪ੍ਰਾਂਤੱਕ ਜਾਣਕਾਰੀ ਦੀ ਛਾਪ ਛੱਡੇਗਾ। ਸਾਲ 1920ਵਿਆਂ ਦੇ ਸ਼ੁਰੂ ਵਿਚ ਅਛੂਤਾਂ ਦੇ ਇਕ ਲੀਡਰ ਵਜੋਂ ਉਭਾਰ ਰਾਹੀਂ ਉਸ ਦੀ 1956 ਵਿਚ ਮੌਤ ਦੇ ਸਮੇਂ ਦੌਰਾਨ ਅੰਬੇਡਕਰ ਨੇ ਧਿਆਨ ਰੱਖਿਆ ਕਿ ਭਾਰਤੀ ਸਭਿਆਚਾਰ ਤੋਂ ਵਿਦੇਸ਼ੀ ਅਤੇ ਭਾਰਤੀ ਕੌਮ ਦੇ ਹਿੱਸੇ ਦੱਖਣੀ ਏਸ਼ੀਆ ਦੇ ਮੁਸਲਮਾਨ ਦੋਹਾਂ ਵਿਚੋਂ ਕਿਹੜਾ ਅਜਿਹਾ ਦੋ-ਭਾਸ਼ੀ ਸੀ?

ਭੀਮ ਰਾਓ ਜੀ ਅੰਬੇਡਕਰ ਬਾਰੇ ਥੋੜ੍ਹੀ ਜਾਣਕਾਰੀ ਦੀ ਮੰਗ ਕਰਦੀ ਤੇ ਇਕ ਮਹਾਰ ਦੀ ਤਾਕਤ ਅਤੇ ਅਕਲਮੰਦੀ ਤੇ ਮਿਹਨਤ ਦੁਆਰਾ ਵਾਇਸਰਾਏ ਦੀ ਕੌਂਸਲ ਦਾ ਮੈਂਬਰ ਬਣਨ ਤੋਂ ਪਹਿਲਾਂ ਭਾਰਤੀ ਸਰਕਾਰ ਵਿਚ ਪਹਿਲੇ ਨਿਆਂ ਮੰਤਰੀ ਬਣਨ ਲਈ ਖੜ੍ਹਾ ਹੋਇਆ, ਅੰਬੇਡਕਰ 'ਦਲਿਤ' ਮੁਕਤੀ ਦੇ ਸਿਧਾਂਤ ਬਣਾਉਣ ਅਤੇ ਇਕ ਸੰਤ ਦੇ ਤੌਰ ਉੱਤੇ ਅੱਜ ਬਹੁਤਿਆਂ ਦੁਆਰਾ ਸਨਮਾਨਿਤ ਕੀਤਾ ਗਿਆ ਹੈ। ਡਾ. ਬਾਲਕ੍ਰਿਸ਼ਨ ਸ਼ਿਵਰਾਮ ਮੁੰਜੇ ਇਕ ਮਹਾਰਾਸ਼ਟਰੀਅਨ ਬ੍ਰਾਹਮਣ 20ਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਮੱਧ ਪ੍ਰਦੇਸ਼ ਦੇ ਇਲਾਕੇ ਦੇ ਬੀ. ਜੀ. ਤਿਲਕ ਦਾ ਸਭ ਤੋਂ ਵਧ ਮਸ਼ਹੂਰ ਸਾਥੀ ਸੀ ਅਤੇ 1920ਵਿਆਂ ਦੇ ਬਹੁਤ ਜ਼ਿਆਦਾ ਸਰਬ ਭਾਰਤੀ ਸਟੇਜ6 ਤੇ ਕਾਂਗਰਸੀ ਰਾਜਨੀਤੀ ਵਿਚ ਉਹ ਇਕ ਵੱਡਾ ਖਿਡਾਰੀ ਸੀ। ਮਦਨ ਮੋਹਨ ਮਾਲਵੀਆ ਦੀ 'ਕਾਂਗਰਸ ਨੈਸ਼ਨਲਿਸਟ ਪਾਰਟੀ ਉਸ ਦੀ ਸ਼ਮੂਲੀਅਤ ਰਾਹੀਂ ਸ਼ਾਮਲ ਹੁੰਦਿਆਂ ਇੰਡੀਅਨ ਨੈਸ਼ਨਲ ਕਾਂਗਰਸ ਨੇ ਭਾਰਤੀ ਰਾਜਨੀਤੀ ਵਿਚ ਦਖ਼ਲ ਦੇਣਾ ਸ਼ੁਰੂ ਕੀਤਾ ਪ੍ਰੰਤੂ 1936 ਦੇ ਨੇੜੇ ਉਹ ਹਿੰਦੂ ਮਹਾਂ ਸਭਾ ਨੂੰ ਆਪਣਾ ਮੁੱਖ ਰਾਜਨੀਤੱਕ ਅਖਾੜਾ ਲਗਪਗ ਇਕ ਦਹਾਕੇ ਤੋਂ ਬਣਾ ਚੁੱਕਾ ਸੀ।

ਹਿੰਦੂ ਮਹਾਂ ਸਭਾ ਦੇ ਨਾਂ ਤੇ ਇਹ ਸੀ.....ਕਿ ਮੁੰਜੇ ਨੇ 1936 ਵਿਚ ਅੰਬੇਡਕਰ ਨਾਲ ਗੱਲਬਾਤ ਕੀਤੀ ਅਤੇ ਇਹ ਹਿੰਦੂ ਮਹਾਂ ਸਭਾ ਵੱਲੋਂ ਸੀ ਕਿ ਮੁੰਜੇ ਨੇ ਸਮਝੌਤੇ ਦੀਆਂ ਸ਼ਰਤਾਂ ਦੀ ਹਿਮਾਇਤ ਵਿਚ ਪਿੱਛੇ ਨਿਗਾਹ ਮਾਰ ਕੇ ਬਾਅਦ ਵਿਚ ਲਿਖਤੀ ਪੁਸ਼ਟੀ ਕੀਤੀ।



1936 ਦੇ ਆਸ ਪਾਸ ਹਿੰਦੂ ਮਹਾਂ ਸਭਾ ਅਜੇ-ਇਸੇ ਦੇ ਪਲਟੇ ਤੋਂ ਪਖੰਡ ਭਰਿਆ ਇਕ ਗੈਰ ਰਾਜਨੀਤੱਕ ਸੰਸਥਾ ਹਿੰਦੂ ਏਕਤਾ ਲਈ ਤੇ ਸਮਾਜਿਕ ਸੁਧਾਰ ਇਕ ਫ਼?ਰਕੂ ਰਾਜਨੀਤੱਕ ਪਾਰਟੀ ਵਿਚ ਪੂਰਾ ਨਹੀਂ ਕਰ ਸਕੀ ਸੀ।

SOUTH ASIA

ਵੀ. ਡੀ. ਸਾਵਰਕਰ ਅਧੀਨ 1937 ਦੇ ਅਖੀਰ ਜੋ ਇਸ ਦਾ ਪ੍ਰਧਾਨ ਬਣਿਆ ਹਿੰਦੂ ਮਹਾਂ ਸਭਾ, ਕਾਂਗਰਸ ਦੇ ਉਦਾਰ-ਲੋਕਤੰਤਰਿਕ, ਹਿੰਦੂਆਂ ਦੀ ਕੌਮ ਦੇ ਵਜੋਂ ਪ੍ਰਦੇਸ਼ਿਕ ਕੌਮਪ੍ਰਸਤ ਭਾਰਤ ਦੀ ਦ੍ਰਿਸ਼ਟੀ (ie) ਹਿੰਦੂਤਵ ਦੇ ਸਿਧਾਂਤ ਨੂੰ ਅੱਗੇ ਰੱਖਣ ਦਾ ਪਾਖੰਡ ਕੀਤਾ ਹੋਵੇਗਾ। ਪ੍ਰੰਤੂ 1936 ਵਿਚ ਹਿੰਦੂ ਮਹਾਂ ਸਭਾ ਦੇ ਮੌਜੂਦਾ (working) ਪ੍ਰਧਾਨ ਮਦਨ ਮੋਹਨ ਮਾਲਵੀਆ ਦੁਆਰਾ ਇਸ ਦਾ ਮਾਨਵੀਕਰਨ ਕਰਨਾ ਅਜੇ ਕਾਂਗਰਸ ਦੀ ਦੇਸ਼-ਭਗਤੀ ਵਲ, ਬੇ-ਮੇਲ ਦੋ ਭਾਸ਼ੀ ਰਵੱਈਆ ਸੀ। ਚਾਹੇ ਮਾਲਵੀਆ 1932 ਦੇ ਫ਼?ਰਕੂ ਅਵਾਰਡ ਦੇ ਰੱਦ ਕਰਨ ਦੀ ਮੁਹਿੰਮ ਚਲਾਉਣ ਲਈ ਇਹਦੇ ਤੇ ਗਾਂਧੀ-ਪਟੇਲ-ਨਹਿਰੂ ਕਾਂਗਰਸ ਦੀ ਲੀਡਰਸ਼ਿਪ ਨਾਲ ਗੈਰ-ਰਜ਼ਾਮੰਦੀ ਦੇ ਉਹ ਪੱਕੀ ਆਸ ਨਾਲ ਦੱਖਣੀ ਏਸ਼ੀਆ ਦੇ ਮੁਸਲਮਾਨਾਂ ਨੂੰ ਵੋਟ ਦੇਣ ਵਾਲੇ ਤੱਤ8 ਭਾਰਤੀ ਕੌਮੀ ਭਾਵਨਾ ਨੂੰ ਚੰਬੜਿਆ ਹੋਇਆ ਅਤੇ ਕਾਂਗਰਸ ਦੀ ਰਾਜਨੀਤੀ ਵਿਚ ਉਹ ਡੂੰਘਾ ਲੀਨ ਹੋਇਆ ਸੀ। ਸਿਰਫ਼ ਤਿੰਨ ਸਾਲ ਪਹਿਲਾਂ ਇਕ ਬੇ-ਮਿਸਾਲ ਤੀਸਰੀ ਵਾਰ ਕਾਂਗਰਸ ਦੇ ਸਲਾਨਾ ਇਜਲਾਸ ਲਈ ਮਾਲਵੀਆ, ਪ੍ਰਧਾਨਗੀ ਕਰਨ ਵਾਸਤੇ ਚੁਣਿਆਂ ਗਿਆ ਸੀ।

ਅੰਬੇਡਕਰ ਦੀ ਧਰਮ ਬਦਲੀ ਦੀ ਧਮਕੀ ਅਤੇ ਧਾਰਮਿਕ-ਫ਼ਿਰਕੂ ਝਗੜਾ ਮੌਜੇ-ਅੰਬੇਡਕਰ ਸਮਝੌਤਾ ਡਾ. ਅੰਬੇਡਕਰ ਦੇ ਬੰਬਈ ਵਿਚ ਦੱਬੀਆਂ ਕੁਚਲੀਆਂ ਕੌਮਾਂ ਨੂੰ 13 ਅਕਤੂਬਰ 1935 ਦੇ ਦਿੱਤੇ ਹੋਏ ਬਚਨ ਵਿਚੋਂ ਬਾਹਰਾ ਪ੍ਰਕਾਸ਼ ਵਿਚ ਆਇਆ ਕਿ ਸੀਟੀ ਵਜਾ ਕੇ ਉਸ ਨੇ ਕਿਹਾ, 'ਉਹ ਇਕ ਹਿੰਦੂ ਪੈਦਾ ਹੋਇਆ ਸੀ, ਉਹ ਹਿੰਦੂ ਧਰਮ ਵਿਚ ਮਰੇਗਾ ਨਹੀਂ। 9 ਸੱਤ ਮਹੀਨੇ ਬਾਅਦ ਅੰਬੇਡਕਰ ਦੀ ਆਪਣੀ ਜਾਤੀ ਦੀ ਕਾਨਫ਼ਰੰਸ ਜਿਹੜੀ ਬੰਬਈ ਪ੍ਰੈਜ਼ੀਡੈਂਸੀ ਵਿਚ ਸਾਰੇ ਅਛੂਤਾਂ ਦੀ ਮੁਕਾਬਲਤਨ ਬਹੁਗਿਣਤੀ ਜਿਸ ਨੇ ਹਾਮੀ ਭਰੀ ਕਿ ਧਰਮ ਦੀ ਬਦਲੀ ਸਿਰਫ਼ ਹੱਲ ਸੀ... ਮੁਹਾਰ ਜਾਤੀ ਨੂੰ ਬਰਾਬਰੀ ਪ੍ਰਾਪਤ ਕਰਨ ਦੀ ਲੋੜ ਕਾਨਫ਼ਰੰਸ ਦੇ ਡੈਲੀਗੇਟਾਂ ਨੇ ਅੰਬੇਡਕਰ ਨੂੰ ਕਮਿਊਨਿਟੀ ਦੇ ਲੀਡਰ ਦਾ ਅਧਿਕਾਰ ਦਿੱਤਾ।

(ਚਲਦਾ)



ਗੁਰਦੁਆਰਾ ਨਾਨਕ ਦਰਬਾਰ ਸਾਹਿਬ ਓਲੇਥਾ ਕੈਨਸਾਸ
126 S Cherry Street Olathe, Kansas 66061



ਲਾਂਗਰੀ ਦੀ ਲੋੜ
ਗੁਰਦੁਵਾਰਾ ਸਾਹਿਬ ਵਿਖੇ ਲੰਗਰ ਤਿਆਰ ਕਰਨ ਲਈ
ਯੋਗ ਅਤੇ ਸੇਵਾਭਾਵੁਕ ਲਾਂਗਰੀ ਸਿੰਘ ਦੀ ਲੋੜ ਹੈ
ਤਨਖਾਹ ਯੋਗਤਾ ਅਨੁਸਾਰ
ਅਮਰੀਕਾ ਜਾਂ ਕੈਨੇਡਾ ਵੀਜ਼ਾ 'ਤੇ ਆਇਆ ਬੰਦਾ ਵੀ ਵਿਚਾਰਿਆ ਜਾ ਸਕਦਾ ਹੈ।
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸ: ਸੁੱਚਾ ਸਿੰਘ ਕੈਨਸਾਸ ਫੋਨ : (913) 256-9498



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

ਹੈਲਥ ਗਾਈਡ

ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

3. ਇਨਫ਼ੈਕਸ਼ਨ : ਜੇਕਰ ਇਹ ਇਨਫ਼ੈਕਸ਼ਨ ਕਾਰਨ ਹੋਇਆ ਹੈ, ਤਾਂ ਐਂਟੀਬਾਓਟਿਕ ਅਤੇ ਸਟਿਰੌਇਡ ਇਸ ਵਿੱਚ ਮੱਦਦਗਾਰ ਹਨ।
4. ਐਕੂਪੰਕਚਰ : ਜੇਕਰ ਤੁਹਾਨੂੰ ਲਗਾਤਾਰ ਲੱਛਣ ਦਿਖਦੇ ਹਨ ਜਾਂ ਇਹ ਲੱਛਣ ਪਿਛਲੇ ਕਾਫ਼ੀ ਲੰਬੇ ਸਮੇਂ ਤੋਂ ਹਨ ਤਾਂ ਐਕੂਪੰਕਚਰ ਇਸ ਵਿੱਚ ਮੱਦਦਗਾਰ ਹੋ ਸਕਦਾ ਹੈ।

ਸਿਰ ਦੇ ਘੁੰਮਣ (ਵਰਟੀਗੋ) ਅਤੇ ਚੱਕਰ ਆਉਣ (ਡੀਜ਼ਿਨੈੱਸ) ਵਿੱਚ ਕੀ ਫ਼ਰਕ ਹੈ :

ਡੀਜ਼ਿਨੈੱਸ ਨਾਲ ਡਿੱਗਣ ਦਾ ਅਹਿਸਾਸ ਹੁੰਦਾ ਹੈ। ਵਰਟੀਗੋ ਵਿੱਚ ਸਿਰ ਦੇ ਘੁੰਮਣ ਦਾ ਅਹਿਸਾਸ ਹੁੰਦਾ ਹੈ। ਜੇ ਤੁਹਾਨੂੰ ਚੱਕਰ ਆਉਂਦੇ ਹਨ ਤਾਂ ਇਹ ਪੱਕਾ ਕਰ ਲਵੋ ਕਿ ਤੁਹਾਡੇ ਸਰੀਰ ਵਿੱਚ ਪਾਣੀ ਦੀ ਕਮੀ ਤਾਂ ਨਹੀਂ ਜਾਂ ਤੁਹਾਡਾ ਬਲੱਡ ਪ੍ਰੈਸ਼ਰ ਘੱਟ-ਵੱਧ ਤਾਂ ਨਹੀਂ।


ਕੰਨਾਂ ਦੀ ਮੈਲ (ਵੈਕਸ)

ਕੰਨਾਂ ਦੀ ਮੈਲ ਕੰਨਾਂ ਦੀ ਸੁਰੱਖਿਆ ਕਰਨ ਵਾਲਾ ਇੱਕ ਕੁਦਰਤੀ ਪਦਾਰਥ ਹੈ, ਜੋ ਕਿ ਧੂੜ ਨੂੰ ਛਾਣਦਾ (ਫਿਲਟਰ ਕਰਦਾ) ਹੈ ਅਤੇ ਕੰਨਾਂ ਨੂੰ ਸਾਫ਼ ਰੱਖਦਾ ਹੈ। ਕਦੇ ਕਦੇ ਇਹ ਗਾੜ੍ਹਾ ਪਦਾਰਥ ਠੋਸ ਹੋ ਜਾਂਦਾ ਹੈ ਅਤੇ ਕੰਨਾਂ ਦੇ ਰਸਤੇ ਵਿੱਚ ਜੰਮ ਜਾਂਦਾ ਹੈ, ਇਸ ਨਾਲ ਘੱਟ ਸੁਣਨਾ ਅਤੇ ਕੰਨਾਂ ਵਿੱਚ ਦਰਦ ਹੁੰਦਾ ਹੈ।

ਘਰੇਲੂ ਇਲਾਜ :

ਕੰਨਾਂ ਵਿੱਚ ਕੋਸਾ ਤੇਲ ਪਾਵੋ। ਕੋਸਾ ਤੇਲ ਮੈਲ ਨੂੰ ਤਰਲ ਕਰਦਾ ਹੈ, ਅਤੇ ਇਸ ਤੋਂ ਬਾਅਦ ਕੰਨਾਂ ਨੂੰ ਆਰਾਮ ਨਾਲ ਕੋਸੇ ਪਾਣੀ ਨਾਲ ਸਾਫ਼ ਕਰੋ।

ਡਾਕਟਰ ਨੂੰ ਕਦੋਂ ਦਿਖਾਈਏ :



1. ਘੱਟ ਸੁਣਨਾ।
2. ਕੰਨਾਂ ਦਾ ਦਰਦ।
3. ਕੰਨਾਂ ਵਿੱਚ ਘੰਟੀਆਂ ਸੁਣਾਈ ਦੇਣੀਆਂ।

ਇਹ ਨਾ ਕਰੋ :

1. ਆਪਣੇ ਕੰਨਾਂ ਨੂੰ ਤਿੱਖੀ ਚੀਜ਼ ਨਾਲ ਸਾਫ਼ ਨਾ ਕਰੋ (ਕੰਨ ਦੇ ਪਰਦੇ ਵਿੱਚ ਛੇਦ ਹੋ ਸਕਦਾ ਹੈ ਅਤੇ ਪੱਕੇ ਤੌਰ 'ਤੇ ਸੁਣਨਾ ਬੰਦ ਹੋ ਸਕਦਾ ਹੈ)।
2. ਜੋ ਵਿਅਕਤੀ ਨਿਪੁੰਨ ਨਾ ਹੋਵੇ, ਉਸ ਕੋਲੋਂ ਕੰਨਾਂ ਨੂੰ ਸਾਫ਼ ਨਾ ਕਰਵਾਓ।

ਕੰਨ ਵਿੱਚ ਕੀਟ-ਪਤੰਗੇ ਫਸਣਾ

1. ਕੰਨ ਵਿੱਚ ਰੋਸ਼ਨੀ (ਫ਼ਲੈਸ਼ ਲਾਈਟ) ਨਾਲ ਦੇਖੋ, ਕੀਟ-ਪਤੰਗੇ ਰੋਸ਼ਨੀ ਵੱਲ ਆਕਰਸ਼ਕ ਹੁੰਦੇ ਹਨ ਅਤੇ ਬਾਹਰ ਆ ਜਾਂਦੇ ਹਨ।
2. ਜੇਕਰ ਕੀਟ-ਪਤੰਗਾ ਰੋਸ਼ਨੀ ਨਾਲ ਬਾਹਰ ਨਹਲ ਆਉਂਦਾ, ਤਾਂ ਕੰਨ ਵਿੱਚ ਕੋਸਾ ਤੇਲ ਪਾਵੋ, ਕੀਟ-ਪਤੰਗਾ ਤੈਰ ਕੇ ਬਾਹਰ ਆ ਜਾਵੇਗਾ।
3. ਜੇਕਰ ਕੰਨ ਵਿੱਚ ਦਰਦ ਜਾਂ ਸੁਣਨ ਵਿੱਚ ਤਕਲੀਫ਼ ਹੈ ਤਾਂ ਆਪਣੇ ਡਾਕਟਰ ਨੂੰ ਦਿਖਾਓ।

ਬਦਬੂਦਾਰ ਸਾਹ

ਆਮ ਤੌਰ 'ਤੇ ਜਿਨ੍ਹਾਂ ਲੋਕਾਂ ਦਾ ਸਾਹ ਬਦਬੂਦਾਰ ਹੁੰਦਾ ਹੈ, ਉਹ ਆਪ ਖ਼ੁਦ ਇਸ ਬਾਬਤ ਨਹਲ ਜਾਣਦੇ।

ਕਾਰਨ :

1. ਕਈ ਖਾਣੇ, ਜਿਵੇਂ ਲਸਣ, ਪਿਆਜ਼, ਸ਼ਰਾਬ ਅਤੇ ਕੁਝ ਮਸਾਲੇ।
2. ਖ਼ੁਸ਼ਕ ਮੂੰਹ : ਖ਼ੁਸ਼ਕ ਮੂੰਹ ਵਿੱਚ ਜੀਵਾਣੂ (ਬੈਕਟੀਰੀਆ) ਪੈਦਾ ਹੁੰਦੇ ਹਨ ਅਤੇ ਸਾਹ ਨੂੰ ਬਦਬੂਦਾਰ ਕਰਦੇ ਹਨ।
3. ਮਸੂੜੇ ਅਤੇ ਦੰਦਾਂ ਦੀਆਂ ਬਿਮਾਰੀਆਂ।
4. ਸਾਈਨਸ ਦਾ ਇਨਫ਼ੈਕਸ਼ਨ।
5. ਖਾਣੇ ਦਾ ਸਹੀ ਪਾਚਣ ਨਾ ਹੋਣਾ।
6. ਸਿਗਰਟ ਪੀਣਾ।
7. ਸ਼ੂਗਰ ਰੋਗ।
8. ਫੇਫੜੇ, ਜਿਗਰ ਅਤੇ ਗੁਰਦਿਆਂ ਦੀਆਂ ਬਿਮਾਰੀਆਂ।

ਰੋਕਥਾਮ/ਬਚਾਅ :

1. ਵੱਧ ਤੋਂ ਵੱਧ ਪਾਣੀ ਪੀਓ।
2. ਉਹ ਖਾਣੇ ਨਾ ਖਾਓ ਜਿਨ੍ਹਾਂ ਨਾਲ ਸਾਹ ਵਿੱਚ ਬਦਬੂ ਆਉਂਦੀ ਹੈ।
3. ਆਪਣੇ ਦੰਦ ਰੋਜ਼ਾਨਾ ਬੁਰਸ਼ ਨਾਲ ਸਾਫ਼ ਕਰੋ।
4. ਸਿਗਰਟ ਪੀਣਾ ਛੱਡੋ।
5. ਆਪਣੀ ਜੀਭ ਨੂੰ ਬੁਰਸ਼ ਨਾਲ ਹਰ ਰੋਜ਼ ਸਾਫ਼ ਕਰੋ।

ਡਾਕਟਰ ਨੂੰ ਕਦੋਂ ਦਿਖਾਈਏ :

1. ਜੇਕਰ ਤੁਹਾਡਾ ਮੂੰਹ ਖ਼ੁਸ਼ਕ ਹੈ ਜਾਂ ਮਸੂੜੇ ਵਿੱਚ ਤਕਲੀਫ਼ ਹੈ ਤਾਂ ਆਪਣੇ ਡਾਕਟਰ ਨੂੰ ਦਿਖਾਓ।
2. ਜੇਕਰ ਪਾਚਣ ਕਿਰਿਆ ਠੀਕ ਨਹਲ ਹੈ ਜਾਂ ਫੇਫੜੇ, ਜਿਗਰ ਅਤੇ ਗੁਰਦਿਆਂ ਦੀਆਂ ਬਿਮਾਰੀਆਂ ਹਨ, ਤਾਂ ਡਾਕਟਰ ਦੀ ਸਲਾਹ ਲਵੋ।

ਨਕਸੀਰ

(ਨੱਕ ਵਿੱਚੋਂ ਖ਼ੂਨ ਵਗਣਾ)

ਕਾਰਨ :

1. ਨੱਕ ਵਿੱਚ ਸੱਟ ਲੱਗਣਾ।
2. ਨੱਕ ਵਿੱਚ ਖ਼ੁਸ਼ਕੀ।
3. ਐਲਰਜੀ।
4. ਬਹੁਤ ਜ਼ੋਰ ਨਾਲ ਛਿੱਕ ਮਾਰਨੀ।
5. ਬਹੁਤ ਜ਼ਿਆਦਾ ਬਲੱਡ ਪ੍ਰੈਸ਼ਰ (ਖ਼ੂਨ ਦਾ ਦਬਾਓ)।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

ਦੀਵਾਲੀ ਦੀ ਰਾਤ ਪੰਜਾਬ ਦੇ ਲੋਕਾਂ ਨੇ ਕਰੀਬ 200 ਕਰੋੜ ਰੁਪਏ ਦੇ ਪਟਾਕੇ ਫੂਕੇ

ਸੂਬੇ 'ਚ ਤਿਉਹਾਰਾਂ ਮੌਕੇ 200 ਕਰੋੜ ਰੁਪਏ ਤੋਂ ਵੀ ਵੱਧ ਦੀ ਵਿਕੀ ਮਠਿਆਈ



ਜਲੰਧਰ : ਦੀਵਾਲੀ ਦੇ ਤਿਉਹਾਰ ਤੇ ਵਿਸ਼ਵਕਰਮਾ ਦਿਵਸ ਦੀ ਖ਼ੁਸ਼ੀ ਵਿਚ ਪੰਜਾਬ ਦੇ ਲੋਕਾਂ ਨੇ ਦੋ ਦਿਨਾਂ ਅੰਦਰ ਹੀ 200 ਕਰੋੜ ਰੁਪਏ ਤੋਂ ਵੀ ਵੱਧ ਦੇ ਪਟਾਕਿਆਂ ਨੂੰ ਅੱਗ ਲਾ ਦਿੱਤੀ । ਬੇਸ਼ੱਕ ਇਸ ਨਾਲ ਪਟਾਕਾ ਕਾਰੋਬਾਰੀਆਂ ਨੂੰ ਵੱਡੇ ਪੱਧਰ 'ਤੇ ਕਮਾਈ ਹੋਈ ਪਰ ਬੇਤਹਾਸ਼ਾ ਪਟਾਕੇ ਚੱਲਣ ਨਾਲ ਸੂਬੇ 'ਚ ਪ੍ਰਦੂਸ਼ਣ ਦਾ ਪੱਧਰ ਏਨਾ ਜ਼ਿਆਦਾ ਹੋ ਗਿਆ ਕਿ ਲੋਕਾਂ ਨੂੰ ਸਾਹ ਲੈਣ ਵਿਚ ਵੀ ਦਿੱਕਤ ਮਹਿਸੂਸ ਹੋ ਰਹੀ ਹੈ। ਇਕ ਅੰਦਾਜ਼ੇ ਮੁਤਾਬਕ ਦੀਵਾਲੀ ਦੀਆਂ ਖ਼ੁਸ਼ੀਆਂ ਮਨਾਉਣ ਲਈ ਲੋਕਾਂ ਨੇ ਇਸ ਵਾਰ ਪਟਾਕਿਆਂ ਦੀ ਰਿਕਾਰਡਤੋੜ ਖਰੀਦ ਕੀਤੀ। ਹੋਲਸੇਲ ਕ੍ਰੈਕਰਜ਼ ਡੀਲਰ ਐਸੋਸੀਏਸ਼ਨ ਦੇ ਅੰਦਾਜ਼ੇ ਮੁਤਾਬਕ ਪੰਜਾਬ ਅੰਦਰ ਪਿੰਡਾਂ ਦੇ ਮੁਕਾਬਲੇ ਸ਼ਹਿਰੀ ਖੇਤਰਾਂ ਵਿਚ ਵਧੇਰੇ ਪਟਾਕੇ ਵਿਕੇ ਹਨ। ਦੱਸਿਆ ਜਾ ਰਿਹਾ ਹੈ ਕਿ ਸੂਬੇ ਦੇ ਪੰਜ ਮਹਾਨਗਰਾਂ ਅੰਦਰ ਲੋਕਾਂ ਵਲੋਂ ਸਭ ਤੋਂ ਵਧੇਰੇ ਪਟਾਕੇ ਖਰੀਦੇ ਗਏ ਹਨ। ਲੁਧਿਆਣਾ ਵਿਚ ਅੰਦਾਜ਼ਨ 40 ਤੋਂ 45 ਕਰੋੜ ਰੁਪਏ, ਜਲੰਧਰ ਵਿਚ 30 ਕਰੋੜ ਰੁਪਏ, ਅੰਮ੍ਰਿਤਸਰ ਵਿਚ 25 ਕਰੋੜ, ਪਟਿਆਲਾ ਵਿਚ 20 ਕਰੋੜ ਤੇ ਬਠਿੰਡਾ ਵਿਚ ਕਰੀਬ 15 ਕਰੋੜ ਰੁਪਏ ਦੀ ਕੀਮਤ ਦੇ ਪਟਾਕਿਆਂ ਦੀ ਵਿਕਰੀ ਹੋਈ। ਪੰਜਾਬ ਅੰਦਰ ਪਟਾਕਿਆਂ ਦਾ ਸਭ ਤੋਂ ਵਧੇਰੇ ਕਾਰੋਬਾਰ ਕੁਰਾਲੀ ਵਿਖੇ ਲਾਈ ਗਈ ਪਟਾਕਿਆਂ ਦੀ ਮਾਰਕੀਟ ਵਿਚ ਹੋਇਆ, ਜਿੱਥੇ 100 ਕਰੋੜ ਰੁਪਏ ਤੋਂ ਵੀ ਵੱਧ ਦੇ ਪਟਾਕੇ ਵਿਕੇ । ਦੱਸਣਯੋਗ ਹੈ ਕਿ ਕੁਰਾਲੀ ਦੀ ਇਸ ਪਟਾਕਾ ਮਾਰਕੀਟ ਤੋਂ ਚੰਡੀਗੜ੍ਹ, ਮੋਹਾਲੀ ਤੇ ਪੰਜਾਬ ਦੇ ਆਸ-ਪਾਸ ਦੇ ਖੇਤਰਾਂ ਤੋਂ ਪਟਾਕਿਆਂ ਦੇ ਸ਼ੌਕੀਨ ਪਟਾਕੇ ਖਰੀਦਣ ਲਈ ਪੁੱਜੇ । ਪੰਜਾਬ ਦੇ ਲੋਕ ਅੱਜ ਵੀ ਮਿੱਠਾ ਖਾਣ ਦੇ ਸ਼ੌਕੀਨ ਹਨ, ਇਹ ਅੰਦਾਜ਼ਾ ਇਸ ਗੱਲ ਤੋਂ ਭਲੀ-ਭਾਂਤ ਲਾਇਆ ਜਾ ਸਕਦਾ ਹੈ ਕਿ ਸੂਬੇ ਅੰਦਰ ਲੋਕਾਂ ਨੇ 230 ਕਰੋੜ ਰੁਪਏ ਤੋਂ ਵੀ ਵਧੇਰੇ ਦੀ ਮਠਿਆਈ ਦੀ ਖਰੀਦੋ-ਫਰੋਖਤ ਕੀਤੀ । ਇਕ ਅੰਦਾਜ਼ੇ ਮੁਤਾਬਕ ਮਹਾਨਗਰ ਲੁਧਿਆਣਾ ਵਿਚ ਦੀਵਾਲੀ ਦੀ ਤਿਉਹਾਰ ਮੌਕੇ ਮਠਿਆਈ ਤਿਆਰ ਕਰਨ ਲਈ ਹਲਵਾਈਆਂ ਵਲੋਂ 3000 ਕੁਇੰਟਲ ਦੇ ਕਰੀਬ ਚੀਨੀ ਖਰੀਦੀ ਗਈ ਸੀ । ਜੇਕਰ ਲੁਧਿਆਣਾ, ਅੰਮ੍ਰਿਤਸਰ ਤੇ ਪਟਿਆਲਾ ਦੀ ਗੱਲ ਕੀਤੀ ਜਾਵੇ ਤਾਂ ਉਥੇ ਵੀ ਵੱਡੇ ਪੱਧਰ 'ਤੇ ਮਠਿਆਈਆਂ ਤਿਆਰ ਕਰਨ ਲਈ ਕੁਇੰਟਲਾਂ ਦੇ ਹਿਸਾਬ ਨਾਲ ਚੀਨੀ ਦੀ ਵਰਤੋਂ ਕੀਤੀ ਗਈ।

ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਸੰਬੰਧੀ ਪੰਜਾਬ ਕਾਂਗਰਸ ਦੀ ਅਹਿਮ ਮੀਟਿੰਗ ਵੜਿੰਗ, ਚੰਨੀ, ਬਾਜਵਾ ਤੇ ਰੰਧਾਵਾ ਰਹੇ ਗ਼ੈਰ-ਹਾਜ਼ਰ



ਚੰਡੀਗੜ੍ਹ : ਪੰਜਾਬ ਕਾਂਗਰਸ ਵਲੋਂ ਸੂਬੇ ਦੇ ਲੋਕਾਂ ਦੀਆਂ ਸਮੱਸਿਆਵਾਂ ਤੇ ਹੱਕਾਂ ਦੀ ਆਵਾਜ਼ ਬੁਲੰਦ ਕਰਨ ਲਈ 'ਪੰਜਾਬ ਮੰਗਦਾ ਇਨਸਾਫ਼' ਮੁਹਿੰਮ ਦੀ ਰਸਮੀ ਸ਼ੁਰੂਆਤ 11 ਨਵੰਬਰ ਤੋਂ ਕੀਤੀ ਗਈ। ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ ਅੱਜ ਚੰਡੀਗੜ੍ਹ ਵਿਖੇ ਇਸ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਮੁਹਿੰਮ ਰਾਹੀਂ ਪਾਰਟੀ ਪੰਜਾਬ ਦੇ ਹਰ ਵਰਗ ਨਾਲ ਸਿੱਧਾ ਸੰਵਾਦ ਸਥਾਪਤ ਕਰੇਗੀ ਤੇ ਉਨ੍ਹਾਂ ਦੀਆਂ ਸਮੱਸਿਆਵਾਂ, ਲੋੜਾਂ ਤੇ ਉਮੀਦਾਂ ਨੂੰ ਸਮਝ ਕੇ ਉਨ੍ਹਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚਾਏਗੀ । ਕਾਂਗਰਸ ਭਵਨ ਵਿਖੇ ਜ਼ਿਲ੍ਹਾ ਪ੍ਰਧਾਨਾਂ ਤੇ ਪਾਰਟੀ ਦੇ ਹੋਰ ਆਗੂਆਂ ਨਾਲ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਰਗਟ ਸਿੰਘ ਨੇ ਦੱਸਿਆ ਕਿ 4 ਨਵੰਬਰ ਨੂੰ ਸੰਗਰੂਰ ਵਿਖੇ ਕਰਵਾਈ ਗਈ ਇਨਸਾਫ਼ ਰੈਲੀ ਨਾਲ ਇਸ ਮੁਹਿੰਮ ਦੀ ਸ਼ੁਰੂਆਤ ਹੋ ਚੁੱਕੀ ਹੈ । ਹੁਣ ਇਸ ਨੂੰ ਪੂਰੇ ਪੰਜਾਬ ਵਿੱਚ ਵੱਡੇ ਪੱਧਰ 'ਤੇ ਚਲਾਇਆ ਜਾਵੇਗਾ । ਇਸ ਮੁਹਿੰਮ ਤਹਿਤ ਮਾਲਵਾ, ਮਾਝਾ ਅਤੇ ਦੁਆਬਾ ਖੇਤਰਾਂ ਵਿਚ ਵਿਸ਼ੇਸ਼ ਜਨ ਸਪਰਕ ਪ੍ਰੋਗਰਾਮ ਕਰਵਾਏ ਜਾਣਗੇ। ਆਈ.ਟੀ. ਸੈਕਟਰ, ਖੇਤੀਬਾੜੀ, ਉਦਯੋਗਾਂ, ਵਪਾਰੀਆਂ, ਮੁਲਾਜ਼ਮਾਂ ਅਤੇ ਸਮਾਜ ਦੇ ਹੋਰ ਵਰਗਾਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਜਾਣੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਕੈਂਪੇਨ ਕਮੇਟੀ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ 'ਜਵਾਨੀ ਸੰਭਾਲ, ਜੱਟਾ' ਸਾਈਕਲ ਰੈਲੀ ਰਾਹੀਂ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿਚ ਜਾ ਕੇ ਲੋਕਾਂ ਨਾਲ ਸੰਵਾਦ ਕਰਨਗੇ । ਇਸ ਤੋਂ ਇਲਾਵਾ ਕਾਂਗਰਸ ਦੇ ਪੰਜ ਤੋਂ ਛੇ ਸੀਨੀਅਰ ਆਗੂ ਵੱਖ-ਵੱਖ ਖੇਤਰਾਂ ਵਿਚ ਮੁਹਿੰਮ ਦੀ ਅਗਵਾਈ ਕਰਨਗੇ ਅਤੇ ਪਾਰਟੀ ਦਾ ਸੰਦੇਸ਼ ਘਰ-ਘਰ ਤੱਕ ਪਹੁੰਚਾਉਣਗੇ । ਪਰਗਟ ਸਿੰਘ ਨੇ ਪੰਜਾਬ ਦੀ ਮੌਜੂਦਾ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸੂਬਾ ਨਸ਼ਿਆਂ, ਗੈਂਗਸਟਰਵਾਦ, ਵਿਗੜਦੀ ਕਾਨੂੰਨ ਵਿਵਸਥਾ ਅਤੇ ਪੁਲਿਸ ਸਟੇਟ ਵਰਗੇ ਹਾਲਾਤ ਨਾਲ ਜੂਝ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਫ਼ਸਰਸ਼ਾਹੀ ਦੀ ਮਾੜੀ ਕਾਰਗੁਜ਼ਾਰੀ ਕਾਰਨ ਆਮ ਲੋਕਾਂ ਅਤੇ ਨੌਜਵਾਨਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰ ਨੇ ਨਸ਼ਿਆਂ ਦੇ ਖਾਤਮੇ ਲਈ ਦੋ ਸਾਲ ਦਾ ਸਮਾਂ ਮੰਗਿਆ ਸੀ, ਪਰ ਇਸ ਦੇ ਬਾਵਜੂਦ ਸੂਬੇ ਵਿਚ ਨਸ਼ਿਆਂ ਦੀ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਚੋਣ ਮਨੋਰਥ ਪੱਤਰ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਸੰਸਦ ਮੈਂਬਰ ਤੇ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਡਾ. ਅਮਰ ਸਿੰਘ ਨਾਲ ਮਿਲ ਕੇ ਵੱਖ-ਵੱਖ ਵਰਗਾਂ ਤੇ ਖੇਤਰਾਂ ਦੇ ਮਾਹਿਰਾਂ ਤੋਂ ਸੁਝਾਅ ਲਏ ਜਾ ਰਹੇ ਹਨ । ਲੋਕਾਂ ਦੇ ਹਿੱਤ ਵਿਚ ਆਉਣ ਵਾਲੇ ਬਿਹਤਰ ਸੁਝਾਵਾਂ ਨੂੰ ਚੋਣ ਮਨੋਰਥ ਪੱਤਰ ਵਿਚ ਸ਼ਾਮਿਲ ਕੀਤਾ ਜਾਵੇਗਾ । ਝੋਨੇ ਦੀ ਖਰੀਦ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਦਿਆਂ ਪਰਗਟ ਸਿੰਘ ਨੇ ਕਿਹਾ ਕਿ ਮੰਡੀਆਂ ਵਿਚ ਕਿਸਾਨਾਂ ਦੀ ਹਾਲਤ ਬੇਹੱਦ ਮਾੜੀ ਹੈ । ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਮੁਹਿੰਮ ਕਿਸੇ ਇੱਕ ਵਰਗ ਤੱਕ ਸੀਮਤ ਨਹੀਂ ਰਹੇਗੀ, ਸਗੋਂ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ, ਮੁਲਾਜ਼ਮਾਂ, ਨੌਜਵਾਨਾਂ ਅਤੇ ਔਰਤਾਂ ਸਮੇਤ ਹਰ ਵਰਗ ਦੀ ਆਵਾਜ਼ ਬਣੇਗੀ । ਇਸ ਦੌਰਾਨ ਆਗਾਮੀ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਪਹਿਲੀ ਸੂਚੀ ਬਾਰੇ ਉਨ੍ਹਾਂ ਕਿਹਾ ਕਿ ਪਾਰਟੀ ਵਲੋਂ ਸਰਵੇਖਣ ਕਰਵਾਏ ਜਾ ਰਹੇ ਹਨ ਤੇ ਵੱਖ-ਵੱਖ ਪੱਧਰਾਂ 'ਤੇ ਮੀਟਿੰਗਾਂ ਜਾਰੀ ਹਨ । ਕਾਂਗਰਸ ਦੀ ਕੋਸ਼ਿਸ਼ ਹੈ ਕਿ ਜਲਦ ਤੋਂ ਜਲਦ ਪਹਿਲੀ ਸੂਚੀ ਜਾਰੀ ਕੀਤੀ ਜਾਵੇ । ਹਾਲਾਂਕਿ ਅੱਜ ਦੀ ਅਹਿਮ ਮੀਟਿੰਗ ਵਿਚ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਹਾਜ਼ਰ ਨਹੀਂ ਸਨ। ਇਸ ਮੌਕੇ ਚੋਣ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਤੇ ਸੰਸਦ ਮੈਂਬਰ ਡਾ. ਅਮਰ ਸਿੰਘ, ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ, ਸੰਗਤ ਸਿੰਘ ਗਿਲਜੀਆਂ ਤੇ ਰਾਜ ਕੁਮਾਰ ਵੇਰਕਾ ਸਮੇਤ ਹੋਰ ਕਾਂਗਰਸੀ ਆਗੂ ਮੌਜੂਦ ਰਹੇ।

ਦਿੱਲੀ ਸਮੇਤ ਉੱਤਰੀ ਭਾਰਤ ’ਚ ਸਾਹ ਲੈਣਾ ਹੋਇਆ ਔਖਾ



ਨਵੀਂ ਦਿੱਲੀ : ਉੱਤਰੀ ਭਾਰਤ ਦੇ ਕਈ ਹਿੱਸੇ ਧੂੰਏਂ ਅਤੇ ਧੁੰਦ (ਸਮੌਗ) ਦੀ ਸੰਘਣੀ ਪਰਤ ਦੀ ਲਪੇਟ ’ਚ ਰਹੇ। ਦੀਵਾਲੀ ਦੇ ਜਸ਼ਨਾਂ ਦੌਰਾਨ ਨਿਰਧਾਰਤ ਸਮੇਂ ਤੋਂ ਵੱਧ ਪਟਾਕੇ ਚਲਾਏ ਗਏ, ਜਿਸ ਕਾਰਨ ਹਵਾ ਦੀ ਗੁਣਵੱਤਾ ਖ਼ਤਰਨਾਕ ਹੱਦ ਤੱਕ ਖਰਾਬ ਹੋ ਗਈ। ਦਿੱਲੀ, ਹਰਿਆਣਾ, ਪੰਜਾਬ ਅਤੇ ਪੱਛਮੀ ਉੱਤਰ ਪ੍ਰਦੇਸ਼ ’ਚ ਹਵਾ ਗੁਣਵੱਤਾ ਸੂਚਕਅੰਕ 350 ਤੋਂ ਉੱਪਰ ਦਰਜ ਕੀਤਾ ਗਿਆ, ਜੋ ਕਿ ‘ਬਹੁਤ ਖਰਾਬ’ ਸ਼੍ਰੇਣੀ ’ਚ ਆਉਂਦਾ ਹੈ। ਪ੍ਰਦੂਸ਼ਣ ਕਾਰਨ ਜ਼ਹਿਰੀਲੀ ਹੋਈ ਹਵਾ ’ਚ ਸਾਹ ਲੈਣਾ ਵੀ ਮੁਸ਼ਕਿਲ ਹੋ ਗਿਆ ਹੈ, ਦਿੱਲੀ ਸਮੇਤ ਕਈ ਥਾਵਾਂ ’ਤੇ ਜਿਥੇ ਦੇਖਣ ਦੀ ਸਮਰੱਥਾ ’ਚ ਕਮੀ ਆਈ ਹੈ, ਉਥੇ ਹੀ ਇਹ ਪ੍ਰਦੂਸ਼ਣ ਕਾਰਨ ਜ਼ਹਿਰੀਲੀ ਹੋਈ ਹਵਾ ਸਿਹਤ ਲਈ ਵੀ ਖ਼ਤਰਨਾਕ ਹੈ। ਦਿੱਲੀ ’ਚ ਪਿਛਲੇ ਪੰਜ ਸਾਲਾਂ ’ਚ ਸਭ ਤੋਂ ਵੱਧ ਪ੍ਰਦੂਸ਼ਿਤ ਦੀਵਾਲੀ ਦਰਜ ਕੀਤੀ ਗਈ, ਜਿਸ ’ਚ ਔਸਤ ਹਵਾ ਗੁਣਵੱਤਾ ਸੂਚਕਅੰਕ 376 ਰਿਹਾ। ਦੀਵਾਲੀ ਤੋਂ ਅਗਲੀ ਸਵੇਰ, ਸੋਮਵਾਰ ਸਵੇਰੇ 10 ਵਜੇ ਇਹ ਅੰਕੜਾ 371 ਦਰਜ ਕੀਤਾ ਗਿਆ, ਜੋ ਕਿ ਪਿਛਲੇ ਦਿਨ ਦੇ ਮੁਕਾਬਲੇ ਮਾਮੂਲੀ ਜਿਹਾ ਬਿਹਤਰ ਸੀ; ਇਸ ਸਮੇਂ ਦੌਰਾਨ ਸ਼ਹਿਰ ਧੁਆਂਖੀ ਧੁੰਦ ਦੀ ਚਾਦਰ ’ਚ ਲਿਪਟਿਆ ਹੋਇਆ ਸੀ। ਸੋਮਵਾਰ ਸਵੇਰੇ 10 ਵਜੇ ਸਮੁੱਚਾ ਏ. ਕਿਊ. ਆਈ. 371 ਸੀ, ਜੋ ਕਿ 2021 ਤੋਂ ਬਾਅਦ ਦੀਵਾਲੀ ਤੋਂ ਅਗਲੇ ਦਿਨ ਲਈ ਸਭ ਤੋਂ ਉੱਚਾ ਪੱਧਰ ਹੈ। ਡਾਟਾ ਦਰਜ ਕਰਨ ਵਾਲੇ 51 ਨਿਗਰਾਨੀ ਕੇਂਦਰਾਂ ’ਚੋਂ, 14 ‘ਗੰਭੀਰ’ ਸ਼੍ਰੇਣੀ ’ਚ, 4 ‘ਖਰਾਬ’ ਸ਼੍ਰੇਣੀ ’ਚ ਅਤੇ ਬਾਕੀ 33 ‘ਬਹੁਤ ਖਰਾਬ’ ਸ਼੍ਰੇਣੀ ’ਚ ਸਨ। ਦਿੱਲੀ ਟੈਕਨਾਲੋਜੀਕਲ ਯੂਨੀਵਰਸਿਟੀ ’ਚ ਸਭ ਤੋਂ ਖਰਾਬ ਅੰਕੜਾ 439 ਦਰਜ ਕੀਤਾ ਗਿਆ। ਸਵੇਰੇ 8 ਵਜੇ ਸਮੁੱਚਾ ਏ. ਕਿਊ. ਆਈ. 370 ਸੀ। ਸੀ. ਪੀ. ਸੀ. ਬੀ. ਦੇ ਅੰਕੜਿਆਂ ਅਨੁਸਾਰ, ਦੀਵਾਲੀ ਵਾਲੇ ਦਿਨ ਏ. ਕਿਊ. ਆਈ. 376 ਸੀ, ਜੋ ਕਿ 2021 (ਜਦੋਂ ਇਹ 382 ਸੀ) ਤੋਂ ਬਾਅਦ ਤਿਉਹਾਰ ਵਾਲੇ ਦਿਨ ਦਰਜ ਕੀਤਾ ਗਿਆ ਸਭ ਤੋਂ ਉੱਚਾ ਪੱਧਰ ਹੈ। ਤਿਉਹਾਰ ਤੋਂ ਅਗਲੇ ਦਿਨ ਵੀ ਪ੍ਰਦੂਸ਼ਣ ਦਾ ਪੱਧਰ ਉੱਚਾ ਬਣਿਆ ਰਿਹਾ। ਦੀਵਾਲੀ ਤੋਂ ਅਗਲੇ ਦਿਨ ਪੂਰੇ ਦਿਨ ਦਾ ਔਸਤ ਹਵਾ ਗੁਣਵੱਤਾ ਸੂਚਕਾਂਕ 2025 ’ਚ 351, 2024 ’ਚ 338, 2023 ’ਚ 360, 2022 ’ਚ 302 ਤੇ 2021 ’ਚ 462 ਸੀ। ਸੋਮਵਾਰ ਨੂੰ ਸ਼ਹਿਰ ’ਚ ਧੂੰਏਂ ਅਤੇ ਧੁੰਦ ਦੀ ਸੰਘਣੀ ਪਰਤ ਛਾਈ ਰਹੀ, ਜਿਸ ਕਾਰਨ ਸਵੇਰ ਦੇ ਸਮੇਂ ਦਿੱਲੀ ਦੇ ਦੋਵਾਂ ਪ੍ਰਮੁੱਖ ਮੌਸਮ ਕੇਂਦਰਾਂ ’ਤੇ ਦੇਖਣ ਦੀ ਸਮਰੱਥਾ ’ਚ ਭਾਰੀ ਕਮੀ ਆਈ। ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਧੁੰਦ ਦੇ ਨਾਲ-ਨਾਲ ਧੂੰਆਂ ਵੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਏ. ਕਿਊ. ਆਈ. ’ਚ ਆਈ ਗਿਰਾਵਟ ਅਤੇ ਧੁੰਦਲੇ ਹਾਲਾਤ ਦਾ ਕਾਰਨ ਖੁਸ਼ਕ ਮੌਸਮ ਅਤੇ ਹਵਾਵਾਂ ਦਾ ਸ਼ਾਂਤ ਰਹਿਣਾ ਹੈ। ਇਸ ਦੌਰਾਨ ਏ. ਕਿਊ. ਆਈ.ਇਨ ’ਤੇ ਮੌਜੂਦਾ ਸਮੇਂ ਦੇ ਅੰਕੜਿਆਂ ਨੇ ਦਿਖਾਇਆ ਕਿ ਦੀਵਾਲੀ ਤੋਂ ਬਾਅਦ ਦਿੱਲੀ ਦਾ ਏ. ਕਿਊ. ਆਈ. ਵਧ ਕੇ 2,283 ਹੋ ਗਿਆ ਸੀ। ਇਸ ਪਲੇਟਫਾਰਮ ਅਨੁਸਾਰ ਐਤਵਾਰ ਰਾਤ 9 ਵਜੇ ਛੇ ਹੋਰ ਭਾਰਤੀ ਸ਼ਹਿਰਾਂ ’ਚ ਵੀ ਏ. ਕਿਊ. ਆਈ. ਦਾ ਪੱਧਰ 1,000 ਤੋਂ ਉੱਪਰ ਦਰਜ ਕੀਤਾ ਗਿਆ। ਸੋਮਵਾਰ ਸਵੇਰੇ, ਏ. ਕਿਊ. ਆਈ.ਇਨ ਨੇ ਦਿੱਲੀ ਦੀ ਹਵਾ ਦੀ ਗੁਣਵੱਤਾ 637 ਦਰਜ ਕੀਤੀ, ਜਿਸਨੂੰ ‘ਖ਼ਤਰਨਾਕ’ ਸ਼੍ਰੇਣੀ ’ਚ ਰੱਖਿਆ ਗਿਆ ਹੈ। ਬਵਾਨਾ, ਬੁਰਾੜੀ, ਜਹਾਂਗੀਰਪੁਰੀ, ਸੋਨੀਆ ਵਿਹਾਰ, ਪੰਜਾਬੀ ਬਾਗ, ਓਖਲਾ ਅਤੇ ਰੋਹਿਣੀ ਸਮੇਤ ਕਈ ਇਲਾਕਿਆਂ ’ਚ ਸੋਮਵਾਰ ਨੂੰ ਵੀ ਹਵਾ ਦੀ ਗੁਣਵੱਤਾ ਬਹੁਤ ਖਰਾਬ ਰਹੀ, ਜਿਥੇ ਐਤਵਾਰ ਰਾਤ ਤੋਂ ਹੀ ਪ੍ਰਦੂਸ਼ਣ ਦਾ ਪੱਧਰ ਉੱਚਾ ਬਣਿਆ ਹੋਇਆ ਸੀ। ਪਟਾਕੇ ਚਲਾਉਣ ’ਤੇ ਪਾਬੰਦੀਆਂ ਦੇ ਬਾਵਜੂਦ ਐਤਵਾਰ ਸ਼ਾਮ ਨੂੰ ਦਿੱਲੀ ਦੇ ਕਈ ਹਿੱਸਿਆਂ ’ਚ ਆਤਿਸ਼ਬਾਜ਼ੀ ਹੁੰਦੀ ਰਹੀ।

ਦਿੱਲੀ ਦਾ ਫਿਰ ਘੁੱਟਿਆ ਦਮ





ਚੰਡੀਗੜ੍ਹ : ਦਿੱਲੀ ਦਾ ਪ੍ਰਦੂਸ਼ਣ ਸੰਕਟ, ਜਿਸ ਵਿੱਚ ਦੀਵਾਲੀ ਦੇ ਪਟਾਕਿਆਂ ਕਾਰਨ ਹੋਰ ਵੀ ਵਾਧਾ ਹੋਇਆ ਹੈ, ਨੇ ਇੱਕ ਵਾਰ ਫਿਰ ਆਪਣੇ ਬਾਸ਼ਿੰਦਿਆਂ ਨੂੰ ਜ਼ਹਿਰੀਲੀ ਹਵਾ ਤੋਂ ਬਚਾਉਣ ਵਿੱਚ ਰਾਜਧਾਨੀ ਦੀ ਨਾਕਾਮੀ ਨੂੰ ਬੇਨਕਾਬ ਕਰ ਦਿੱਤਾ ਹੈ। ਇਸ ਸਾਲ, ਖ਼ਤਰਨਾਕ ਹਵਾ ਦੇ ਪੱਧਰ ਦੇ ਨਾਲ ਇੱਕ ਗੰਭੀਰ ਸਵਾਲ ਵੀ ਖੜ੍ਹਾ ਹੋ ਗਿਆ ਹੈ ਕਿ ਕੀ ਲੋਕ ਸਰਕਾਰੀ ਅੰਕੜਿਆਂ ਉੱਤੇ ਭਰੋਸਾ ਕਰ ਵੀ ਸਕਦੇ ਹਨ ਜਾਂ ਨਹੀਂ? ਦਿੱਲੀ ਵਿੱਚ ਪਿਛਲੇ ਪੰਜ ਸਾਲਾਂ ਦੀ ਸਭ ਤੋਂ ਵੱਧ ਪ੍ਰਦੂਸ਼ਣ ਵਾਲੀ ਦੀਵਾਲੀ ਰਹੀ, ਜਿੱਥੇ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ (ਏਕਿਊਆਈ) ਔਸਤਨ 376 ਤੱਕ ਪਹੁੰਚ ਗਿਆ। ਸੋਮਵਾਰ ਸਵੇਰੇ ਏ ਕਿਊ ਆਈ ਵਿੱਚ ਭਾਵੇਂ ਮਾਮੂਲੀ ਜਿਹਾ ਸੁਧਾਰ ਆਇਆ ਪਰ ਜਦੋਂ ਪ੍ਰਦੂਸ਼ਣ ਆਪਣੇ ਸਿਖਰ ਉੱਤੇ ਸੀ ਤਾਂ 20 ਤੋਂ ਵੱਧ ਨਿਗਰਾਨੀ ਕੇਂਦਰਾਂ ਨੇ ਅਚਾਨਕ ਡਾਟਾ ਦੇਣਾ ਹੀ ਬੰਦ ਕਰ ਦਿੱਤਾ, ਜਿਸ ਨਾਲ ਸਰਕਾਰੀ ਦਾਅਵਿਆਂ ਦੀ ਸਾਖ ਉੱਤੇ ਵੱਡੇ ਸਵਾਲ ਖੜ੍ਹੇ ਹੋ ਗਏ ਹਨ।

ਹਾਲਾਤ ਇੱਥੋਂ ਤੱਕ ਮਾੜੇ ਹੋ ਗਏ ਸਨ ਕਿ ਮੁਸ਼ਕਿਲ ਨਾਲ ਇੱਕ-ਤਿਹਾਈ ਨਿਗਰਾਨੀ ਕੇਂਦਰ ਹੀ ਕੰਮ ਕਰ ਰਹੇ ਸਨ। ਅਜਿਹੀਆਂ ਗੰਭੀਰ ਖ਼ਾਮੀਆਂ ਨੂੰ ਕਿਸੇ ਵੀ ਕੀਮਤ ਉੱਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਖ਼ਾਸ ਕਰਕੇ ਉਦੋਂ ਜਦੋਂ ਲੱਖਾਂ ਬੇਕਸੂਰ ਵਸਨੀਕਾਂ ਦੀ ਸਿਹਤ ਸਿੱਧੇ ਤੌਰ ਉੱਤੇ ਸਹੀ ਅਤੇ ਦਰੁਸਤ ਜਾਣਕਾਰੀ ਨਾਲ ਜੁੜੀ ਹੋਈ ਹੋਵੇ। ਸਰਕਾਰੀ ਅਤੇ ਪ੍ਰਾਈਵੇਟ ਨਿਗਰਾਨੀ ਪਲੇਟਫਾਰਮਾਂ ਦੇ ਅੰਕੜਿਆਂ ਵਿੱਚ ਦਿਖਾਈ ਦੇਣ ਵਾਲੇ ਵੱਡੇ ਫ਼ਰਕ ਨੇ ਆਮ ਲੋਕਾਂ ਦੇ ਸ਼ੰਕਿਆਂ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਭਾਵੇਂ ਇਹ ਲਾਪਰਵਾਹੀ ਕਿਸੇ ਤਕਨੀਕੀ ਖ਼ਰਾਬੀ ਕਾਰਨ ਹੋਵੇ ਜਾਂ ਫਿਰ ਸੋਚੀ-ਸਮਝੀ ਪ੍ਰਸ਼ਾਸਨਿਕ ਲਾਪਰਵਾਹੀ ਦਾ ਨਤੀਜਾ ਹੋਵੇ, ਇਸ ਗੰਭੀਰ ਜਨਤਕ ਸਿਹਤ ਐਮਰਜੈਂਸੀ ਦੌਰਾਨ ਅਚਾਨਕ ਡੇਟਾ ਦਾ ਗ਼ਾਇਬ ਹੋ ਜਾਣ ਦੀ ਨਿਰਪੱਖ ਅਤੇ ਸੁਤੰਤਰ ਜਾਂਚ ਹੋਣੀ ਲਾਜ਼ਮੀ ਹੈ। ਇਨ੍ਹਾਂ ਫ਼ਿਕਰਾਂ ਨੂੰ ਸੁਲਝਾਉਣ ਦੀ ਬਜਾਏ ਸਿਆਸੀ ਪਾਰਟੀਆਂ ਦੂਸ਼ਣਬਾਜ਼ੀ ਵਿੱਚ ਲੱਗੀਆਂ ਹੋਈਆਂ ਹਨ। ਭਾਜਪਾ ਦਿੱਲੀ ਦੇ ਪ੍ਰਦੂਸ਼ਣ ਲਈ ‘ਆਪ’ ਸਰਕਾਰ ਵਾਲੇ ਪੰਜਾਬ ਵਿੱਚ ਪਰਾਲੀ ਸਾੜੇ ਜਾਣ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ, ਜਦਕਿ ‘ਆਪ’ ਨੇ ਭਾਜਪਾ ਉੱਤੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਨਾ ਕਰਨ ਅਤੇ ਪ੍ਰਦੂਸ਼ਣ ਦੇ ਅੰਕੜਿਆਂ ਨਾਲ ਹੇਰਾਫੇਰੀ ਕਰਨ ਦੇ ਦੋਸ਼ ਲਾਏ ਹਨ। ਸਿਆਸਤ ਦੀ ਇਸ ਖੇਡ ਨਾਲ ਸਾਹ ਲੈਣ ਲਈ ਤੜਫ਼ ਰਹੇ ਆਮ ਲੋਕਾਂ ਨੂੰ ਕੋਈ ਰਾਹਤ ਨਹੀਂ ਮਿਲਣ ਵਾਲੀ। ਇਸ ਸਮੇਂ ਸਭ ਤੋਂ ਵੱਡੀ ਤਰਜੀਹ ਪਾਰਦਰਸ਼ੀ ਤੇ ਨਿਰਵਿਘਨ ਨਿਗਰਾਨੀ ਅਤੇ ਵਾਹਨਾਂ, ਉਦਯੋਗਾਂ ਤੇ ਖੇਤੀਬਾੜੀ ਤੋਂ ਹੋਣ ਵਾਲੇ ਨਿਕਾਸ ਖ਼ਿਲਾਫ਼ ਰਲ-ਮਿਲ ਕੇ ਠੋਸ ਕਦਮ ਚੁੱਕਣ ਦੀ ਹੈ। ਸਰਕਾਰਾਂ ਨੂੰ ਬੱਚਿਆਂ, ਬਜ਼ੁਰਗਾਂ ਅਤੇ ਸਾਹ ਦੇ ਮਰੀਜ਼ਾਂ ਲਈ ਸਿਹਤ ਸਬੰਧੀ ਦਿਸ਼ਾ-ਨਿਰਦੇਸ਼ ਵੀ ਹੋਰ ਸਖ਼ਤ ਕਰਨੇ ਚਾਹੀਦੇ ਹਨ। ਦਿੱਲੀ ਹੁਣ ਬਹਾਨੇਬਾਜ਼ੀਆਂ, ਆਰਜ਼ੀ ਹੱਲ ਅਤੇ ਸਿਆਸੀ ਡਰਾਮੇਬਾਜ਼ੀਆਂ ਨਾਲ ਭਰਿਆ ਇੱਕ ਹੋਰ ਸਿਆਲਾਂ ਦਾ ਮੌਸਮ ਨਹੀਂ ਝੱਲ ਸਕਦੀ। ਸਰਕਾਰ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਲੋਕਾਂ ਵੱਲੋਂ ਸਾਹ ਵਿੱਚ ਲਈ ਜਾ ਰਹੀ ਹਵਾ ਬਾਰੇ ਸੱਚਾਈ ਕਦੇ ਵੀ ਉਸ ਸਿਸਟਮ ਹੱਥੋਂ ਹੀ ਧੁੰਦਲੀ ਨਾ ਹੋਵੇ, ਜਿਸ ਨੇ ਇਸ ਨੂੰ ਮਾਪਣਾ ਹੈ।

ਪੰਜਾਬ ’ਚ ਪਰਾਲੀ ਸਾੜਨ ਦੇ ਮਾਮਲੇ 2,787 ਤੱਕ ਪੁੱਜੇ; ਤਰਨ ਤਾਰਨ 586 ਕੇਸਾਂ ਨਾਲ ਮੋਹਰੀ

ਪ੍ਰਸ਼ਾਸਨ ਨੇ 46 ਲੱਖ ਤੋਂ ਵੱਧ ਦਾ ਜੁਰਮਾਨਾ ਠੋਕਿਆ, 710 ਐੱਫ.ਆਈ.ਆਰ. ਦਰਜ




ਚੰਡੀਗੜ੍ਹ : ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਇਸ ਸਾਲ 15 ਸਤੰਬਰ ਤੋਂ 5 ਨਵੰਬਰ ਦਰਮਿਆਨ ਖੇਤਾਂ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਗਿਣਤੀ 2,787 ਤੱਕ ਪਹੁੰਚ ਗਈ ਹੈ। ਇਨ੍ਹਾਂ ਵਿੱਚੋਂ ਸਭ ਤੋਂ ਵੱਧ 586 ਮਾਮਲੇ ਇਕੱਲੇ ਜ਼ਿਲ੍ਹਾ ਤਰਨ ਤਾਰਨ ਵਿੱਚ ਅਤੇ 361 ਕੇਸ ਫ਼ਿਰੋਜ਼ਪੁਰ ਵਿੱਚ ਦਰਜ ਕੀਤੇ ਗਏ ਹਨ। ਅੰਕੜਿਆਂ ਮੁਤਾਬਕ 4 ਨਵੰਬਰ ਤੱਕ ਸੂਬੇ ਵਿੱਚ ਪਰਾਲੀ ਸਾੜਨ ਦੇ ਕੁੱਲ 2,347 ਮਾਮਲੇ ਸਾਹਮਣੇ ਆਏ ਸਨ। ਵੀਰਵਾਰ ਤੱਕ ਹੋਰਨਾਂ ਜ਼ਿਲ੍ਹਿਆਂ ਵਿੱਚੋਂ ਸੰਗਰੂਰ ਵਿੱਚ 240, ਅੰਮ੍ਰਿਤਸਰ ਵਿੱਚ 221, ਬਠਿੰਡਾ ਵਿੱਚ 216 ਅਤੇ ਪਟਿਆਲਾ ਵਿੱਚ ਖੇਤਾਂ ਨੂੰ ਅੱਗ ਲਾਉਣ ਦੇ 156 ਮਾਮਲੇ ਰਿਕਾਰਡ ਕੀਤੇ ਗਏ। ਜ਼ਿਕਰਯੋਗ ਹੈ ਕਿ ਪਰਾਲੀ ਦੀ ਨਿਗਰਾਨੀ ਦਾ ਸਾਲਾਨਾ ਦੌਰ 15 ਸਤੰਬਰ ਤੋਂ ਸ਼ੁਰੂ ਹੁੰਦਾ ਹੈ, ਜੋ ਕਿ 1 ਅਕਤੂਬਰ ਤੋਂ ਸ਼ੁਰੂ ਹੋਣ ਵਾਲੀ ਝੋਨੇ ਦੀ ਖ਼ਰੀਦ ਤੋਂ ਦੋ ਹਫ਼ਤੇ ਪਹਿਲਾਂ ਦਾ ਸਮਾਂ ਹੁੰਦਾ ਹੈ।

ਪਰਾਲੀ ਸਾੜਨ ਦੀਆਂ ਵਧਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਪ੍ਰਸ਼ਾਸਨ ਵੱਲੋਂ ਹੁਣ ਤੱਕ 914 ਮਾਮਲਿਆਂ ਵਿੱਚ ਵਾਤਾਵਰਨ ਮੁਆਵਜ਼ੇ ਵਜੋਂ 46 ਲੱਖ ਰੁਪਏ ਤੋਂ ਵੱਧ ਦਾ ਜੁਰਮਾਨਾ ਲਗਾਇਆ ਗਿਆ ਹੈ, ਜਿਸ ਵਿੱਚੋਂ 24 ਲੱਖ ਰੁਪਏ ਤੋਂ ਵੱਧ ਦੀ ਵਸੂਲੀ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਸੂਬੇ ਭਰ ਵਿੱਚ 710 ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਇਕੱਲੇ ਤਰਨ ਤਾਰਨ ਵਿੱਚ ਭਾਰਤੀ ਨਿਆਂ ਸੰਹਿਤਾ (ਬੀ.ਐੱਨ.ਐੱਸ.) ਦੀ ਧਾਰਾ 223 (ਸਰਕਾਰੀ ਹੁਕਮਾਂ ਦੀ ਉਲੰਘਣਾ) ਤਹਿਤ 294 ਪਰਚੇ ਦਰਜ ਕੀਤੇ ਗਏ ਹਨ।

ਦੂਜੇ ਪਾਸੇ, ਪੰਜਾਬ ਵਿੱਚ ਖੇਤਾਂ ਨੂੰ ਲਾਈ ਜਾ ਰਹੀ ਅੱਗ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਦਾ ਗੰਭੀਰ ਨੋਟਿਸ ਲੈਂਦਿਆਂ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ.ਏ.ਕਿਊ.ਐੱਮ.) ਨੇ ਬੁੱਧਵਾਰ ਨੂੰ 12 ਜ਼ਿਲ੍ਹਿਆਂ ਦੇ ਉੱਚ ਅਧਿਕਾਰੀਆਂ ਅਤੇ ਪੁਲੀਸ ਮੁਖੀਆਂ ਨਾਲ ਇੱਕ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ। ਐੱਨ.ਸੀ.ਆਰ. ਅਤੇ ਆਸ-ਪਾਸ ਦੇ ਇਲਾਕਿਆਂ ਲਈ ਕਮਿਸ਼ਨ ਦੇ ਚੇਅਰਪਰਸਨ ਰਾਜੇਸ਼ ਵਰਮਾ ਨੇ ਸੂਬੇ ਦੇ ਵਾਤਾਵਰਨ ਸਕੱਤਰ, ਖੇਤੀਬਾੜੀ ਸਕੱਤਰ, ਡਿਪਟੀ ਕਮਿਸ਼ਨਰਾਂ (ਡੀ.ਸੀ.) ਅਤੇ ਸੀਨੀਅਰ ਪੁਲੀਸ ਕਪਤਾਨਾਂ (ਐੱਸ.ਐੱਸ.ਪੀ.) ਨਾਲ ਵੀਡੀਓ ਕਾਨਫ਼ਰੰਸਿੰਗ ਰਾਹੀਂ ਇਹ ਮੀਟਿੰਗ ਕੀਤੀ। ਕਮਿਸ਼ਨ ਨੇ ਹਦਾਇਤ ਕੀਤੀ ਕਿ ਨਿਗਰਾਨੀ ਅਤੇ ਕਾਨੂੰਨ ਲਾਗੂ ਕਰਨ ਦੀ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇ ਅਤੇ ਅੱਗ ਰੋਕਣ ਵਿੱਚ ਅਸਫ਼ਲ ਰਹਿਣ ਵਾਲੇ ਨੋਡਲ ਅਫ਼ਸਰਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇ।

ਚੰਦਰਮਾ ’ਤੇ ਪਹਿਲਾ ਮਾਨਵ ਬੇਸ ਬਣਾਉਣ ਦੀ ਯੋਜਨਾ ’ਤੇ ਕੰਮ ਸ਼ੁਰੂ

ਲਾਸ ਏਂਜਲਸ : ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਧਰਤੀ ਤੋਂ ਬਾਹਰ ਪੁਲਾੜ ਵਿਚ




ਚੰਦਰਮਾ ’ਤੇ ਪਹਿਲਾ ਮਾਨਵ ਬੇਸ ਬਣਾਉਣ ਦੀ ਯੋਜਨਾ ’ਤੇ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਦੇ ਲਈ ਰੋਡਮੈਪ ਬਣ ਚੁੱਕਾ ਹੈ ਅਤੇ ਅਰਬਾਂ ਡਾਲਰ ਦੇ ਕਰਾਰ ਕੀਤੇ ਗਏ ਹਨ। ਇਨ੍ਹਾਂ ਕਰਾਰਾਂ ਤਹਿਤ ਕਮਰਸ਼ੀਅਲ ਰੋਬੋਟਿਕ ਸੇਵਾਵਾਂ ਅਤੇ ਜ਼ਮੀਨੀ ਢਾਂਚੇ ’ਤੇ ਕੰਮ ਕੀਤਾ ਜਾਵੇਗਾ।

ਦੱਖਣੀ ਧਰੁਵ ’ਤੇ ਹੋਵੇਗੀ ਬਸਤੀ : ਨਾਸਾ ਅਤੇ ਉਸ ਦੇ ਨਿੱਜੀ ਭਾਈਵਾਲ ਚੰਦ ਦੇ ਦੱਖਣੀ ਧਰੁਵ ਨੇੜੇ ਇਕ ਵਿਸਤ੍ਰਿਤ ਰਿਸਰਚ ਸੈਂਟਰ ਅਤੇ ਰਹਿਣ ਦਾ ਟਿਕਾਣਾ ਵਿਕਸਿਤ ਕਰ ਰਹੇ ਹਨ। ਇਥੇ ਪੁਲਾੜ ਯਾਤਰੀ ਲੰਬੇ ਸਮੇਂ ਤੱਕ ਰੁਕ ਕੇ ਵਿਗਿਆਨਕ ਖੋਜਾਂ ਕਰ ਸਕਣਗੇ। ਅਮਰੀਕਾ 2032 ਤੱਕ ਉਥੇ ਪਹਿਲੀ ਮਾਨਵ ਬਸਤੀ ਬਣਾਉਣ ਦੀ ਯੋਜਨਾ ਰੱਖਦਾ ਹੈ। ਉਥੇ ਹੀ ਚੀਨ ਵੀ ਇਸ ਦੌੜ ਵਿਚ ਸ਼ਾਮਲ ਹੈ, ਉਹ 2030 ਤੱਕ ਚੰਦ ’ਤੇ ਆਪਣਾ ਬੇਸ ਬਣਾਉਣ ਦਾ ਟੀਚਾ ਰੱਖਦਾ ਹੈ।

ਸਿੱਖ ਕਤਲੇਆਮ ਦੇਸ਼ ਦੇ ਇਤਿਹਾਸ ਦਾ ਸਭ ਤੋਂ ਸ਼ਰਮਨਾਕ ਅਧਿਆਇ : ਸੋਨੀਆ ਗਾਂਧੀ

'ਅਪਰੇਸ਼ਨ ਬਲੂ ਸਟਾਰ' ਤੋਂ ਬਾਅਦ ਦੀਆਂ ਤਸਵੀਰਾਂ ਦੇਖ ਕੇ ਰੋ ਪਈ ਸੀ ਇੰਦਰਾ





ਨਵੀਂ ਦਿੱਲੀ : ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ ਹੈ ਕਿ ਸਾਲ 1984 ਵਿੱਚ 'ਅਪਰੇਸ਼ਨ ਬਲੂ ਸਟਾਰ' ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਨਾਲ ਜੁੜੀਆਂ ਤਸਵੀਰਾਂ ਅਤੇ ਵੀਡੀਓਜ਼ ਦੇਖ ਕੇ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਸਨ, ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਗੰਭੀਰ ਦੁੱਖ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਵਿੱਚ ਫ਼ੌਜੀ ਕਾਰਵਾਈ ਦਾ ਅੰਤ ਐਨੇ ਵੱਡੇ ਖ਼ੂਨ-ਖ਼ਰਾਬੇ ਅਤੇ ਜਾਨ-ਮਾਲ ਦੇ ਨੁਕਸਾਨ ਨਾਲ ਹੋਇਆ। ਆਪਣੀ ਯਾਦ-ਕਥਾ 'ਬਿਲੌਂਗਿੰਗ: ਏ ਜਰਨੀ ਆਫ਼ ਲਵ' (Belonging: A Journey Of Love) ਵਿੱਚ, ਸੋਨੀਆ ਗਾਂਧੀ ਲਿਖਦੀ ਹਨ ਕਿ 15 ਸਾਲਾਂ ਦੇ ਅਰਸੇ ਦੌਰਾਨ, ਜਰਨੈਲ ਸਿੰਘ ਭਿੰਡਰਾਂਵਾਲਾ—ਜੋ ਪਹਿਲਾਂ ਇੱਕ ਅਣਜਾਣ ਸਿੱਖ ਪ੍ਰਚਾਰਕ ਸਨ—ਪੰਜਾਬ ਦੀ ਸਿਆਸਤ ਵਿੱਚ ਪ੍ਰਮੁੱਖ ਹੋ ਗਏ ਸਨ। ਕਿਹਾ ਜਾਂਦਾ ਹੈ ਕਿ ਪੰਜਾਬ ਕਾਂਗਰਸ ਪਾਰਟੀ ਦੇ ਅੰਦਰਲੇ ਦੋ ਵਿਰੋਧੀ ਧੜਿਆਂ ਦੇ ਆਗੂਆਂ ਨੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਸੀ, ਕਿਉਂਕਿ ਹਰੇਕ ਧੜਾ ਦੂਜੇ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ।

ਉਨ੍ਹਾਂ ਕਿਹਾ, 'ਹੁਣ ਉਸ ਨੇ ਉਨ੍ਹਾਂ ਨਾਲੋਂ ਆਪਣਾ ਨਾਤਾ ਤੋੜ ਲਿਆ ਅਤੇ ਕੁਝ ਸਿਆਸੀ ਮੰਗਾਂ ਦੇ ਆਧਾਰ 'ਤੇ ਲੋਕਾਂ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਭਿੰਡਰਾਂਵਾਲੇ ਨੇ ਇੱਕ ਹਿੰਸਕ ਵੱਖਵਾਦੀ ਲਹਿਰ ਦੀ ਅਗਵਾਈ ਕੀਤੀ, ਜਿਸ ਦਾ ਮੁੱਖ ਮਕਸਦ ਹਿੰਦੂ ਅਤੇ ਸਿੱਖ ਭਾਈਚਾਰਿਆਂ ਵਿਚਕਾਰ ਪਾੜਾ ਪਾਉਣਾ ਸੀ। ਪਾਕਿਸਤਾਨੀ ਖੁਫੀਆ ਏਜੰਸੀਆਂ ਨੇ ਇਸ ਅੰਦੋਲਨ ਵਿੱਚ ਘੁਸਪੈਠ ਕਰ ਲਈ ਸੀ। ਉਨ੍ਹਾਂ ਨੇ ਹਿੰਸਾ ਅਤੇ ਅਰਾਜਕਤਾ ਨੂੰ ਇੰਨਾ ਵਧਾ ਦਿੱਤਾ ਕਿ ਪੰਜਾਬ ਵਿੱਚੋਂ ਹਿੰਦੂਆਂ ਨੂੰ ਵੱਡੇ ਪੱਧਰ 'ਤੇ ਪਲਾਇਨ ਕਰਨ ਲਈ ਮਜਬੂਰ ਹੋਣਾ ਪਿਆ; ਇਸ ਸਭ ਦਾ ਮਕਸਦ ਪੰਜਾਬ ਨੂੰ ਭਾਰਤ ਤੋਂ ਵੱਖ ਕਰਨਾ ਸੀ।'

ਉਹ ਯਾਦ ਕਰਦੇ ਹਨ ਕਿ ਬੰਬ ਧਮਾਕੇ ਅਤੇ ਨਿਰਦੋਸ਼ ਲੋਕਾਂ ਦੇ ਕਤਲ ਰੋਜ਼ਾਨਾ ਦਾ ਨੇਮ ਬਣ ਗਏ ਸਨ।

ਬੱਸਾਂ ਨੂੰ ਅਗਵਾ ਕਰਨ, ਉਨ੍ਹਾਂ ਦੇ ਹਿੰਦੂ ਯਾਤਰੀਆਂ ਨੂੰ ਹੇਠਾਂ ਉਤਾਰਨ ਅਤੇ ਬੇਰਹਿਮੀ ਨਾਲ ਗੋਲੀਆਂ ਮਾਰ ਕੇ ਭੁੰਨ ਦੇਣ ਦੀਆਂ ਵਾਰ-ਵਾਰ ਵਾਪਰੀਆਂ ਘਟਨਾਵਾਂ ਦਾ ਵੀ ਜ਼ਿਕਰ ਕੀਤਾ।

ਉਹ ਕਿਤਾਬ ਵਿੱਚ ਕਹਿੰਦੇ ਹਨ ਕਿ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਸਿੱਖਾਂ ਅਤੇ ਹਿੰਦੂਆਂ ਵਿਚਕਾਰ ਪਾੜਾ ਪੈ ਗਿਆ।

ਗਾਂਧੀ ਨੇ ਲਿਖਿਆ, 'ਜਿੱਥੇ ਦੋਵੇਂ ਭਾਈਚਾਰੇ ਭਾਈਚਾਰਕ ਸਾਂਝ ਨਾਲ ਰਹਿੰਦੇ ਸਨ, ਉੱਥੇ ਹੁਣ ਵੱਖਰੇਵੇਂ ਦਾ ਭਾਵ ਵਧ ਰਿਹਾ ਸੀ। ਦੁਸ਼ਮਣੀ ਨੂੰ ਵਧਾਵਾ ਦੇਣ ਵਿੱਚ ਸਭ ਤੋਂ ਖ਼ਤਰਨਾਕ ਉਦੇਸ਼ ਖਾਲਿਸਤਾਨ ਬਣਾਉਣ ਦਾ ਵਿਚਾਰ ਸੀ, ਜੋ ਸਿੱਖ ਧਰਮ ਦੀ ਰਾਖੀ ਦੇ ਨਾਂ 'ਤੇ ਸਿੱਖਾਂ ਲਈ ਇੱਕ ਵੱਖਰਾ ਪ੍ਰਭੂਸੱਤਾ ਸੰਪੰਨ ਦੇਸ਼ ਸੀ।"

ਉਹ ਦੱਸਦੇ ਹਨ, "1982 ਵਿੱਚ, ਭਿੰਡਰਾਂਵਾਲਾ ਨੇ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ, ਜੋ ਕਿ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨਾਂ ਵਿੱਚੋਂ ਇੱਕ ਹੈ, ਵਿੱਚ ਆਪਣੇ ਆਪ ਨੂੰ ਸਥਾਪਿਤ ਕਰ ਲਿਆ।" ਉੱਥੇ ਉਸ ਨੇ ਵਿਵਾਦਾਂ ਨੂੰ ਨਿਪਟਾਉਣ, ਫ਼ਰਮਾਨ ਅਤੇ ਹਿੱਟ ਲਿਸਟਾਂ ਜਾਰੀ ਕਰਨ ਲਈ ਆਪਣੇ ਨਿਆਇਕ ਸੰਗਠਨ ਨਾਲ ਇੱਕ 'ਸਮਾਨਾਂਤਰ ਸਰਕਾਰ' ਕਾਇਮ ਕੀਤੀ। ਉਸ ਨੇ ਪਿਸਤੌਲਾਂ ਤੋਂ ਲੈ ਕੇ ਕਲਾਸ਼ਨਿਕੋਵ ਅਤੇ ਮੋਰਟਾਰ ਤੱਕ ਹਥਿਆਰ ਜਮ੍ਹਾਂ ਕਰਨੇ ਸ਼ੁਰੂ ਕਰ ਦਿੱਤੇ, ਜਿਸ ਨਾਲ ਸਮੇਂ ਦੇ ਨਾਲ ਇਹ ਧਾਰਮਿਕ ਅਸਥਾਨ ਇੱਕ ਹਥਿਆਰਬੰਦ ਕਿਲੇ ਵਿੱਚ ਤਬਦੀਲ ਹੋ ਗਿਆ।

ਉਹ ਕਹਿੰਦੇ ਹਨ, "ਉਸ ਨੇ ਆਪਣੇ ਰਾਜਨੀਤਿਕ ਵਿਰੋਧੀਆਂ, ਚਾਹੇ ਉਹ ਸਿੱਖ ਹੋਣ ਜਾਂ ਹਿੰਦੂ, ਨੂੰ ਯੋਜਨਾਬੱਧ ਤਰੀਕੇ ਨਾਲ ਖ਼ਤਮ ਕਰਨ ਲਈ ਹੱਤਿਆਰੇ ਦਸਤਿਆਂ ਨੂੰ ਵੀ ਹੁਕਮ ਦਿੱਤੇ।"

ਜਿਵੇਂ-ਜਿਵੇਂ ਇਹ ਘਟਨਾਕ੍ਰਮ ਮਹੀਨੇ-ਦਰ-ਮਹੀਨੇ ਜਾਰੀ ਰਹੇ, ਇੰਦਰਾ ਗਾਂਧੀ ਸਮਝੌਤੇ 'ਤੇ ਪਹੁੰਚਣ ਲਈ ਸ਼੍ਰੋਮਣੀ ਅਕਾਲੀ ਦਲ (ਸ਼੍ਰੋਅਦ) ਦੀ ਲੀਡਰਸ਼ਿਪ ਨਾਲ ਗੁਪਤ ਗੱਲਬਾਤ ਕਰਦੇ ਰਹੇ ਅਤੇ ਨਾਲ ਹੀ ਜੋੜਿਆ ਕਿ ਅਕਾਲੀਆਂ ਨੂੰ ਭਿੰਡਰਾਂਵਾਲੇ ਵੱਲੋਂ ਸ਼ਕਤੀਹੀਣ ਕਰ ਦਿੱਤਾ ਗਿਆ ਸੀ। ਉਹ ਯਾਦ ਕਰਦੇ ਹਨ ਕਿ ਜਨਵਰੀ 1984 ਵਿੱਚ, ਪਵਿੱਤਰ ਅਸਥਾਨ ਦੇ ਬਾਹਰ ਇੱਕ ਇਮਾਰਤ ਉੱਪਰ ਖਾਲਿਸਤਾਨੀ ਝੰਡਾ ਲਹਿਰਾਇਆ ਗਿਆ ਸੀ। ਅਤੇ ਲਿਖਿਆ 'ਫਿਰ ਖੁਫ਼ੀਆ ਰਿਪੋਰਟਾਂ ਨੇ ਸ਼੍ਰੀਮਤੀ ਗਾਂਧੀ ਨੂੰ ਸੂਚਿਤ ਕੀਤਾ ਕਿ ਇੱਕ ਆਜ਼ਾਦ ਰਾਜ ਵਜੋਂ ਖਾਲਿਸਤਾਨ ਦਾ ਐਲਾਨ ਨੇੜੇ ਸੀ: ਭਿੰਡਰਾਂਵਾਲੇ ਅਤੇ ਉਸ ਦੇ ਸਾਥੀਆਂ ਨੇ ਭਾਰਤ ਦੇ ਆਜ਼ਾਦੀ ਦਿਹਾੜੇ, 15 ਅਗਸਤ ਨੂੰ ਸ੍ਰੀ ਹਰਿਮੰਦਰ ਸਾਹਿਬ 'ਤੇ ਇਸ ਦਾ ਐਲਾਨ ਕਰਨ ਅਤੇ ਇਸ ਦਾ ਝੰਡਾ ਲਹਿਰਾਉਣ ਦੀ ਯੋਜਨਾ ਬਣਾਈ ਸੀ।"

ਸੋਨੀਆ ਗਾਂਧੀ ਨੇ ਲਿਖਿਆ, ਇਹ ਦੇਸ਼ ਧ੍ਰੋਹ ਤੋਂ ਘੱਟ ਨਹੀਂ ਹੁੰਦਾ, ਭਾਰਤੀ ਯੂਨੀਅਨ ਦੇ ਵਿਰੁੱਧ ਯੁੱਧ ਦੀ ਕਾਰਵਾਈ, ਜਿਸ ਦੇ ਦੇਸ਼ ਲਈ ਗੰਭੀਰ ਸਿੱਟੇ ਨਿਕਲ ਸਕਦੇ ਸਨ।

ਉਨ੍ਹਾਂ ਲਿਖਿਆ, ਇੰਦਰਾ ਗਾਂਧੀ ਦੇ ਆਪਣੇ ਸਿੱਖ ਭਾਈਚਾਰੇ ਨਾਲ ਸਬੰਧ ਡੂੰਘੇ ਅਤੇ ਮਜ਼ਬੂਤ ਸਨ, ਪਰ ਸਮੱਸਿਆ ਵਧਦੀ ਜਾ ਰਹੀ ਸੀ; ਉਹ ਦੇਰ ਰਾਤ ਤੱਕ ਬੈਠਕਾਂ ਕਰਦੇ ਸਨ, ਮੁਸ਼ਕਲ ਨਾਲ ਖਾਣਾ ਖਾਂਦੇ ਸਨ ਅਤੇ ਦਿਨਾਂ ਤੱਕ ਪਰੇਸ਼ਾਨ ਦਿਖਾਈ ਦਿੰਦੇ ਸਨ। ਅੱਗੇ ਕਿਹਾ "ਅਣਚਾਹੇ ਮਨ ਨਾਲ, ਇਹ ਮਹਿਸੂਸ ਕਰਦੇ ਹੋਏ ਕਿ ਉਨ੍ਹਾਂ ਕੋਲ ਕੋਈ ਹੋਰ ਚਾਰਾ ਨਹੀਂ ਸੀ, ਉਨ੍ਹਾਂ ਨੇ ਹਥਿਆਰਬੰਦ ਬਲਾਂ ਨੂੰ ਅਪਰੇਸ਼ਨ ਕੋਡ-ਨੇਮ ਬਲੂ ਸਟਾਰ ਵਿੱਚ ਕਾਰਵਾਈ ਕਰਨ ਦਾ ਹੁਕਮ ਦਿੱਤਾ। ਇਹ ਅਭਿਆਨ 1 ਜੂਨ, 1984 ਨੂੰ ਸ਼ੁਰੂ ਹੋਇਆ ਅਤੇ 4 ਜੂਨ ਨੂੰ ਫ਼ੌਜ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਦਾਖ਼ਲ ਹੋਈ।"

"ਇਹ ਭਾਰੀ ਹਥਿਆਰਾਂ ਨਾਲ ਪੂਰੀ ਤਰ੍ਹਾਂ ਕਿਲੇਬੰਦ ਨਿਕਲਿਆ, ਸੁਰੱਖਿਆ ਪ੍ਰਣਾਲੀ ਵੱਲੋਂ ਰਿਪੋਰਟ ਕੀਤੇ ਗਏ ਨਾਲੋਂ ਕਿਤੇ ਵੱਧ। ਦੋਵਾਂ ਪਾਸਿਆਂ ਦੇ ਕਈ ਜਾਨੀ ਨੁਕਸਾਨ ਦੇ ਨਾਲ ਇੱਕ ਭਿਆਨਕ ਲੜਾਈ ਤੋਂ ਬਾਅਦ, ਹਥਿਆਰਬੰਦ ਬਲਾਂ ਨੇ ਪਵਿੱਤਰ ਅਸਥਾਨ 'ਤੇ ਮੁੜ ਕੰਟਰੋਲ ਹਾਸਲ ਕਰ ਲਿਆ।" ਸੋਨੀਆ ਗਾਂਧੀ ਨੇ ਲਿਖਿਆ ਕਿ, "ਇਸ ਕਾਰਵਾਈ ਦੇ ਨਤੀਜੇ ਵਜੋਂ ਕੰਪਲੈਕਸ ਦਾ ਕਾਫ਼ੀ ਨੁਕਸਾਨ ਅਤੇ ਤਬਾਹੀ ਹੋਈ, ਸਿੱਖ ਭਾਈਚਾਰੇ ਲਈ, ਇਹ ਕਿਸੇ ਅਪਵਿੱਤਰ ਕਾਰਜ ਤੋਂ ਘੱਟ ਨਹੀਂ ਸੀ।" "ਲਗਭਗ ਇੱਕ ਹਫ਼ਤੇ ਬਾਅਦ, ਇੱਕ ਖੁਫ਼ੀਆ ਅਧਿਕਾਰੀ ਸ਼੍ਰੀਮਤੀ ਗਾਂਧੀ ਕੋਲ ਇਸ ਦੇ ਬਾਅਦ ਦੇ ਖ਼ੌਫ਼ਨਾਕ ਦ੍ਰਿਸ਼ਾਂ ਵਾਲੀ ਇੱਕ ਰੀਲ ਲੈ ਕੇ ਆਇਆ: ਜ਼ਮੀਨ 'ਤੇ ਲਾਸ਼ਾਂ, ਜਿਨ੍ਹਾਂ ਵਿੱਚੋਂ ਇੱਕ ਭਿੰਡਰਾਂਵਾਲਾ ਦੀ ਸੀ, ਜੋ ਭਿਆਨਕ ਲੜਾਈ ਵਿੱਚ ਮਾਰਿਆ ਗਿਆ ਸੀ; ਕਿਲੇਬੰਦੀਆਂ, ਭੂਮੀਗਤ ਜਾਲ ਜਿੱਥੋਂ ਸਿਪਾਹੀਆਂ 'ਤੇ ਗੋਲੀਆਂ ਚਲਾਈਆਂ ਗਈਆਂ ਸਨ; ਬੁਰਜਾਂ ਅਤੇ ਕਿਲੇਬੰਦ ਪੋਜੀਸ਼ਨਾਂ 'ਤੇ ਅਜੇ ਵੀ ਭਾਰੀ ਹਥਿਆਰ ਅਤੇ ਰੌਕਟ ਲਾਂਚਰ ਮੌਜੂਦ ਸਨ।

ਸੋਨੀਆ ਗਾਂਧੀ ਯਾਦ ਕਰਦੇ ਹਨ ਕਿ, "ਜਿਵੇਂ ਹੀ ਮੇਰੀ ਸੱਸ ਨੇ ਹੌਲੀ-ਹੌਲੀ ਚੱਲ ਰਹੇ ਰਿਕਾਰਡ ਨੂੰ ਦੇਖਿਆ, ਮੈਂ ਉਨ੍ਹਾਂ ਦਾ ਚਿਹਰਾ ਹੰਝੂਆਂ ਨਾਲ ਭਿੱਜਿਆ ਦੇਖ ਸਕਦੀ ਸੀ-ਪੀੜ ਅਤੇ ਅਫ਼ਸੋਸ ਦੇ ਹੰਝੂ, ਮੈਨੂੰ ਲੱਗਦਾ ਹੈ: ਉਸ ਤਰੀਕੇ 'ਤੇ ਦੁੱਖ ਜਿਸ ਨਾਲ ਘੇਰਾਬੰਦੀ ਸਮਾਪਤ ਹੋਈ ਸੀ, ਵੱਡੀ ਗਿਣਤੀ ਵਿੱਚ ਗਈਆਂ ਜਾਨਾਂ 'ਤੇ।"

ਅਪਰੇਸ਼ਨ ਬਲੂ ਸਟਾਰ ਤੋਂ ਬਾਅਦ, ਨਹਿਰੂ-ਗਾਂਧੀ ਪਰਿਵਾਰ ਦੀ ਜ਼ਿੰਦਗੀ 'ਤੇ ਉਨ੍ਹਾਂ ਦੀ ਸੱਸ ਲਈ ਖ਼ਤਰੇ ਦਾ ਪਰਛਾਵਾਂ ਮੰਡਰਾ ਰਿਹਾ ਸੀ।

ਸੋਨੀਆ ਗਾਂਧੀ ਨੇ ਲਿਖਿਆ ਕਿ, "ਉਨ੍ਹਾਂ ਨੇ ਮੈਨੂੰ ਬੱਚਿਆਂ ਨੂੰ ਅਕਬਰ ਰੋਡ 'ਤੇ ਪਹਿਲਾਂ ਵਾਂਗ ਬਾਹਰ ਨਾ ਖੇਡਣ ਦੇਣ ਲਈ ਕਿਹਾ ਸੀ, ਅਤੇ ਸ਼ਾਮ ਤੋਂ ਬਾਅਦ ਤਾਂ ਬਿਲਕੁਲ ਵੀ ਨਹੀਂ। ਉੱਥੇ ਉਨ੍ਹਾਂ ਦੀ ਸੁਰੱਖਿਆ ਵਿੱਚ ਸਿੱਖ ਮੈਂਬਰ ਸਨ। ਉਨ੍ਹਾਂ ਨੇ ਆਪਣੀ ਸਾਰੇ ਸੁਰੱਖਿਆ ਦਸਤਿਆਂ ਵਿੱਚੋਂ ਸਿੱਖ ਗਾਰਡਾਂ ਨੂੰ ਬਦਲਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ: ਅਜਿਹਾ ਫ਼ੈਸਲਾ ਉਸ ਸਭ ਦੇ ਵਿਰੁੱਧ ਜਾਵੇਗਾ ਜਿਸ ਲਈ ਉਹ ਖੜ੍ਹੇ ਰਹੇ ਸਨ।"

ਉਨ੍ਹਾਂ ਦੇ ਲਈ, ਭਾਰਤ ਦਾ ਹਰੇਕ ਨਾਗਰਿਕ, ਖੇਤਰ, ਜਾਤ ਜਾਂ ਧਰਮ ਦੀਪ੍ਰਵਾਹ ਕੀਤੇ ਬਿਨਾਂ, ਬਰਾਬਰ ਸਤਿਕਾਰ ਦਾ ਹੱਕਦਾਰ ਸੀ, ਉਹ ਅੱਗੇ ਕਹਿੰਦੇ ਹਨ। ਕਾਂਗਰਸੀ ਆਗੂ ਨੇ ਲਿਖਿਆ ਕਿ, "ਉਨ੍ਹਾਂ ਨੂੰ ਆਪਣੇ ਫ਼ੈਸਲਿਆਂ ਅਤੇ ਸਿਧਾਂਤਾਂ ਦੀ ਕੀਮਤ ਛੋਟੇ ਗੇਟ 'ਤੇ ਤਾਇਨਾਤ ਦੋ ਸਿੱਖ ਗਾਰਡਾਂ ਵੱਲੋਂ ਮਸ਼ੀਨਗਨਾਂ ਤੋਂ ਚਲਾਈਆਂ ਗਈਆਂ ਗੋਲੀਆਂ ਦੀ ਬੌਛਾਰ ਨਾਲ ਚੁਕਾਉਣੀ ਪਈ। ਉਨ੍ਹਾਂ ਵਿੱਚੋਂ ਇੱਕ ਅਕਬਰ ਰੋਡ 'ਤੇ ਰਾਹੁਲ ਅਤੇ ਪ੍ਰਿਯੰਕਾ ਨਾਲ ਉਨ੍ਹਾਂ ਦੀਆਂ ਖੇਡਾਂ ਵਿੱਚ ਅਕਸਰ ਸਾਥੀ ਹੁੰਦਾ ਸੀ।"

ਸੋਨੀਆ ਗਾਂਧੀ ਦੀ ਕਿਤਾਬ 'ਚ ਸਿੱਖ ਕਤਲੇਆਮ ਬਾਰੇ ਪੇਸ਼ ਕਹਾਣੀ ਤੱਥਾਂ ਤੋਂ ਉਲਟ : ਫੂਲਕਾ

ਕਿਤਾਬ ਰਾਹੀਂ ਗਾਂਧੀ ਪਰਿਵਾਰ ਨੂੰ ਕਲੀਨ ਨੂੰ ਚਿੱਟ ਦੇਣ ਦੀ ਕੋਸ਼ਿਸ਼



ਨਵੀਂ ਦਿੱਲੀ : ਭਾਜਪਾ ਆਗੂ ਐੱਚ ਐੱਸ ਫੂਲਕਾ ਨੇ ਮੰਗਲਵਾਰ ਨੂੰ ਸੋਨੀਆ ਗਾਂਧੀ 'ਤੇ ਦੇਸ਼ ਦੇ ਲੋਕਾਂ ਨੂੰ 'ਗੁਮਰਾਹ' ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿੱਚ ਫ਼ੌਜ ਦੀ ਤਾਇਨਾਤੀ ਵਿੱਚ ਹੋਈ ਦੇਰ ਲਈ ਤਤਕਾਲੀ ਫ਼ੌਜ ਮੁਖੀ ਏ ਐੱਸ ਵੈਦਿਆ ਸਿਰ ਭਾਂਡਾ ਭੰਨ ਕੇ ਕਾਂਗਰਸੀ ਆਗੂ ਨੇ ਆਪਣੇ ਪਤੀ ਰਾਜੀਵ ਗਾਂਧੀ ਨੂੰ 'ਕਲੀਨ ਚਿੱਟ' ਦਿੱਤੀ ਹੈ। ਇਥੇ ਭਾਜਪਾ ਹੈੱਡ ਕੁਆਰਟਰ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫੂਲਕਾ, ਜੋ ਸੁਪਰੀਮ ਕੋਰਟ ਵਿੱਚ ਪੀੜਤਾਂ ਦੇ ਕੇਸ ਲੜ ਰਹੇ ਹਨ, ਨੇ ਦਾਅਵਾ ਕੀਤਾ ਕਿ ਗਾਂਧੀ ਵੱਲੋਂ ਆਪਣੀ ਕਿਤਾਬ ਵਿੱਚ ਕੀਤਾ ਗਿਆ ਖੁਲਾਸਾ ਕਿ 'ਵੈਦਿਆ ਨੂੰ ਕਤਲ ਵਾਲੀ ਰਾਤ ਹੀ ਹੁਕਮ ਮਿਲ ਗਏ ਸਨ' ਅਤੇ ਉਨ੍ਹਾਂ ਨੇ ਨੇੜਲੀਆਂ ਟੁਕੜੀਆਂ ਨੂੰ ਤਾਇਨਾਤ ਨਾ ਕਰਨ ਦਾ ਫ਼ੈਸਲਾ ਕੀਤਾ ਕਿਉਂਕਿ ਉਨ੍ਹਾਂ ਵਿੱਚ ਸਿੱਖ ਫ਼ੌਜੀ ਸਨ, ਤੇ ਫ਼ੌਜੀ ਰਿਕਾਰਡ ਦੇ ਉਲਟ ਦੇਹਰਾਦੂਨ ਤੋਂ ਟੁਕੜੀਆਂ ਮੰਗਵਾਈਆਂ।

ਭਾਜਪਾ ਆਗੂ ਨੇ ਦਾਅਵਾ ਕੀਤਾ, "ਜਨਰਲ ਵੈਦਿਆ ਨੇ ਇਹ ਕਦੇ ਨਹੀਂ ਕਿਹਾ ਕਿ ਉਨ੍ਹਾਂ ਨੂੰ ਰਾਜੀਵ ਗਾਂਧੀ ਜਾਂ ਪ੍ਰਧਾਨ ਮੰਤਰੀ ਵੱਲੋਂ ਕੋਈ ਹਦਾਇਤਾਂ ਮਿਲੀਆਂ ਸਨ। ਜਨਰਲ ਵੈਦਿਆ ਨੇ ਕਿਹਾ ਸੀ ਕਿ ਉਨ੍ਹਾਂ ਨੇ ਦਿੱਲੀ ਵਿੱਚ (ਫ਼ੌਜੀ ਟੁਕੜੀਆਂ ਦੀ ਉਪਲਬਧਤਾ ਬਾਰੇ) ਖ਼ੁਦ ਪਤਾ ਕੀਤਾ ਸੀ। ਉਨ੍ਹਾਂ ਨੇ ਇਸ ਬਾਰੇ ਦਿੱਲੀ ਦੇ ਜੀ ਓ ਸੀ ਤੋਂ ਪੁੱਛਿਆ ਸੀ, ਜਿਨ੍ਹਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਸੀ ਫ਼ੌਜ ਦੇ 6000 ਜਵਾਨ ਉਪਲਬਧ ਸਨ। ਇਸ ਤੋਂ ਇਲਾਵਾ, ਜਨਰਲ ਵੈਦਿਆ ਨੇ ਮੇਰਠ ਤੋਂ ਵੀ ਫ਼ੌਜੀ ਟੁਕੜੀਆਂ ਮੰਗਵਾਈਆਂ ਸਨ, ਜੋ 31 ਅਕਤੂਬਰ, 1984 ਦੀ ਰਾਤ ਨੂੰ ਦਿੱਲੀ ਪਹੁੰਚ ਗਈਆਂ ਸਨ।"

ਸੋਨੀਆ ਦੇ ਬਿਆਨ 'ਤੇ ਭਾਜਪਾ ਤੇ ਅਕਾਲੀ ਦਲ ਹੋਏ ਹਮਲਾਵਰ

ਸੋਨੀਆ ਗਾਂਧੀ ਵੱਲੋਂ 'ਬਲੂ ਸਟਾਰ' ਆਪ੍ਰੇਸ਼ਨ ਅਤੇ '84 ਦੇ ਦੰਗਿਆਂ ਬਾਰੇ ਕਿਤਾਬ 'ਚ ਕੀਤੇ ਖੁਲਾਸੇ ਤੋਂ ਬਾਅਦ ਭਾਜਪਾ ਅਤੇ ਅਕਾਲੀ ਦਲ ਹਮਲਾਵਰ ਹੋ ਗਏ। ਭਾਜਪਾ ਨੇਤਾ ਤਰੁਣ ਚੁੱਘ ਨੇ ਤਿੱਖਾ ਸ਼ਬਦੀ ਹਮਲਾ ਕਰਦਿਆਂ ਕਿਹਾ ਕਿ ਸੋਨੀਆ ਗਾਂਧੀ ਆਪਣੀ ਕਿਤਾਬ 'ਚ ਦੇਸ਼ ਦੀਆਂ ਮੁੱਖ ਘਟਨਾਵਾਂ ਦਾ ਚੋਣਵੇਂ ਤਰੀਕੇ ਨਾਲ ਸਮੀਖਿਆ ਨਾ ਕਰਨ, ਸਗੋਂ ਉਨ੍ਹਾਂ ਸਾਰੀਆਂ ਅਹਿਮ ਘਟਨਾਵਾਂ 'ਤੇ ਆਪਣੇ ਪਰਿਵਾਰ ਦਾ ਨਜ਼ਰੀਆ ਵੀ ਸਪੱਸ਼ਟ ਕਰਨ। ਭਾਜਪਾ ਦੇ ਬੁਲਾਰੇ ਸੀ.ਆਰ. ਕੇਸ਼ਵਨ ਨੇ ਦੋਸ਼ ਲਾਉਂਦਿਆਂ ਕਿਹਾ ਕਿ ਇਸ ਕਿਤਾਬ ਦਾ ਮਕਸਦ ਨਹਿਰੂ ਗਾਂਧੀ ਪਰਿਵਾਰ ਅਤੇ ਕਾਂਗਰਸ ਦੀਆਂ ਇਤਿਹਾਸਕ ਗਲਤੀਆਂ 'ਤੇ ਪਰਦਾ ਪਾਉਣਾ ਭਾਵ 'ਵ੍ਹਾਈਟ ਵਾਸ਼' ਕਰਨਾ ਹੈ। ਕੇਸ਼ਵਨ ਨੇ ਸੋਸ਼ਲ ਮੀਡੀਆ 'ਤੇ ਪਾਏ ਸੰਦੇਸ਼ 'ਚ ਕਿਹਾ ਕਿ ਇਸ ਕਿਤਾਬ ਦਾ ਸਿਰਲੇਖ 'ਬਿਲੌਂਗਿੰਗ' ਦੀ ਥਾਂ 'ਤੇ ਵ੍ਹਾਈਟਵਾਸ਼ਿੰਗ ਹੋਣਾ ਚਾਹੀਦਾ ਸੀ ਕਿਉਂਕਿ ਇਸ 'ਚ ਕਾਂਗਰਸ ਦੀਆਂ ਇਤਿਹਾਸਕ ਗਲਤੀਆਂ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਜਪਾ ਨੇਤਾ ਨੇ ਬਾਬਰੀ ਮਸਜਿਦ ਦੀ ਤਬਾਹੀ 'ਤੇ ਸੋਨੀਆ ਗਾਂਧੀ ਵੱਲੋਂ ਹੰਝੂ ਵਹਾਉਣ ਦੇ ਜ਼ਿਕਰ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਕੀ ਉਨ੍ਹਾਂ (ਸੋਨੀਆ ਗਾਂਧੀ) ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਲਈ ਇਕ ਵੀ ਹੰਝੂ ਵਗਾਇਆ? ਕੇਸ਼ਵਨ ਨੇ ਕਿਹਾ ਕਿ ਕਾਂਗਰਸ ਦੇ ਰਾਜ 'ਚ ਗੁਰਦੁਆਰਿਆਂ 'ਤੇ ਹਮਲੇ ਹੋਏ ਅਤੇ ਹਜ਼ਾਰਾਂ ਬੇਗੁਨਾਹਾਂ ਸਿੱਖਾਂ ਦਾ ਕਤਲੇਆਮ ਹੋਇਆ, ਪਰ ਉਸ ਤ੍ਰਾਸਦੀ 'ਤੇ ਗਾਂਧੀ ਪਰਿਵਾਰ ਖਾਮੋਸ਼ ਰਿਹਾ। ਸ਼੍ਰੋਮਣੀ ਅਕਾਲੀ ਦਲ ਨੇ ਵੀ ਸੋਨੀਆ ਗਾਂਧੀ 'ਤੇ ਤਿੱਖਾ ਸ਼ਬਦੀ ਹਮਲਾ ਕਰਦਿਆਂ ਕਿਹਾ ਕਿ ਆਪ੍ਰੇਸ਼ਨ 'ਬਲੂ ਸਟਾਰ' ਕੋਈ ਸਾਧਾਰਨ ਘਟਨਾ ਨਹੀਂ ਸੀ, ਸਗੋਂ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ 'ਤੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੱਧਾ ਹਮਲਾ ਸੀ। ਅਕਾਲੀ ਦਲ ਦੇ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨੇ ਸਵਾਲ ਕਰਦਿਆਂ ਕਿਹਾ ਕਿ ਜਿਸ ਸਿਆਸੀ ਪਾਰਟੀ ਦੀ ਸਰਕਾਰ ਨੇ ਇਹ ਫ਼ੌਜੀ ਕਾਰਵਾਈ ਕਰਵਾਈ, ਉਹ ਅੱਜ ਉਸ ਦੇ ਦਰਦ 'ਤੇ ਹਮਦਰਦੀ ਪ੍ਰਗਟਾ ਕੇ ਖ਼ੁਦ ਨੂੰ ਕਿਵੇਂ ਬੇਗਨਾਹ ਸਾਬਤ ਕਰ ਸਕਦੀ ਹੈ। ਕਲੇਰ ਨੇ ਦੋਸ਼ ਲਾਇਆ ਕਿ ਆਪ੍ਰੇਸ਼ਨ 'ਬਲੂ ਸਟਾਰ' ਇਕ ਸੋਚੀ -ਸਮਝੀ ਸਾਜਿਸ਼ ਦਾ ਹਿੱਸਾ ਸੀ ਅਤੇ ਇਸ ਦੇ ਜ਼ਖ਼ਮ ਅੱਜ ਵੀ ਸਿੱਖ ਸਮਾਜ ਦੇ ਮਨ 'ਚ ਤਾਜ਼ਾ ਹਨ। ਕਲੇਰ ਨੇ '84 ਦੇ ਦੰਗਿਆਂ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਕਾਂਗਰਸ ਵਲੋਂ ਸਿੱਖ ਭਾਈਚਾਰੇ ਨੂੰ ਪਹੁੰਚਾਏ ਗਏ ਦਰਦ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਜੇਕਰ ਕਾਂਗਰਸ ਲੀਡਰਸ਼ਿਪ ਅਸਲ 'ਚ '84 ਦੇ ਦੰਗਿਆਂ ਦੇ ਪੀੜਤਾਂ ਦੇ ਦਰਦ ਨੂੰ ਸਮਝਣਾ ਚਾਹੁੰਦੀ ਹੈ ਤਾਂ ਉਸ ਨੂੰ ਉਨ੍ਹਾਂ ਪਰਿਵਾਰਾਂ ਨਾਲ ਮਿਲਣਾ ਚਾਹੀਦਾ ਹੈ ਜਿਨ੍ਹਾਂ ਨੇ ਆਪਣਿਆਂ ਨੂੰ ਗੁਆਇਆ ਹੈ, ਆਪਣੇ ਘਰ ਸੜਦੇ ਵੇਖੇ ਹਨ ਅਤੇ ਸਾਲਾਂ ਤੱਕ ਇਨਸਾਫ਼ ਲਈ ਸੰਘਰਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਭਾਵਨਾਤਮਿਕ ਬਿਆਨ ਦੇਣ ਨਾਲ ਇਤਿਹਾਸ ਦੀ ਤ੍ਰਾਸਦੀ ਨਹੀਂ ਮਿਟ ਸਕਦੀ ਅਤੇ ਨਾ ਹੀ ਭਾਈਚਾਰੇ ਦੇ ਜ਼ਖ਼ਮ ਭਰ ਸਕਦੇ ਹਨ।

COMPLETE SOLAR & BATTERY STARTING AT $23,000

For a standard 5kW Solar & 14kWh Battery system

Price is for installation on code-compliant homes.
Electrical panel or roof upgrades are extra.



TSP ROOFING & SOLAR

Permits and Utility Approvals Included

Main Panel Upgrade Bundle from $3,000

CALL OR TEXT HARRY FOR A QUOTE | (925) 537-2732

TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

ਜਦ ਚੰਦੂਮਾਜਰੇ ਨੇ ਮੈਨੂੰ ਵਧਾਈਆਂ ਦੇਣ ਆਏ ਨੇ ਮੇਰਾ ਮੁੱਲ ਪਾਉਣਾ ਚਾਹਿਆ !



ਸੰਨ 2002 ਦੇ ਨਵੰਬਰ ਮਹੀਨੇ ਮੈਂ ਬਾਲਾ ਸਰੋਂ ਬਾਦਲ ਦਲ ਤੋਂ ਬਗਾਵਤ ਕਰਕੇ ਪਿੰਡ ਆਇਆ ਤਾਂ ਚੰਦੂਮਾਜਰਾ ਮੈਨੂੰ 'ਵਧਾਈ' ਦੇਣ ਆ ਗਿਆ। ਜੋ ਉਸ ਵੇਲੇ ਟੌਹੜਾ ਸਾਹਿਬ ਦੇ 'ਸਰਬ ਹਿੰਦ ਅਕਾਲੀ ਦਲ' ਦਾ ਮੋਹਰੀ ਆਗੂ ਸੀ।

ਸਾਡੇ ਘਰੇ ਉਸਦੇ ਨਾਲ ਆਏ ਸਨ ਜਥੇਦਾਰ ਨਰਿੰਦਰ ਪਾਲ ਸਿੰਘ ਹੁੰਦਲ ਅਤੇ ਮੇਰਾ ਗੁਆਂਢੀ ਜਥੇਦਾਰ ਤਾਰਾ ਸਿੰਘ ਸ਼ੇਖੂਪੁਰ। ਸਾਡਾ ਗਾਡਰ-ਬਾਲਿਆਂ ਵਾਲਾ ਸਧਾਰਨ ਜਿਹਾ ਘਰ ਦੇਖ ਕੇ ਉਸਨੇ ਮੇਰੀਆਂ ਬੜੀਆਂ ਸਿਫਤਾਂ ਕੀਤੀਆਂ! ਮੈਨੂੰ ਭਾਈ ਲਾਲੋ ਦੀ ਮਿਸਾਲ ਦਿੰਦਿਆਂ ਵਡਿਆਇਆ ਕਿ ਤੁਸੀਂ ਮਲਕ ਭਾਗੋ ਨੂੰ ਤਿਆਗ ਕੇ ਪੁਰਾਤਨ ਅਕਾਲੀਆਂ ਵਾਲੀ ਪੰਥਕ ਦ੍ਰਿੜਤਾ ਦਿਖਾਈ ਹੈ।

ਭਾਈ ਹੁੰਦਲ ਨੇ ਮੈਨੂੰ ਕਿਤੇ ਬਾਅਦ ਵਿੱਚ ਮਿਲਣ 'ਤੇ ਦੱਸਿਆ ਕਿ ਓਦਣ ਦੁਪਾਲਪੁਰ ਨੂੰ ਜਾਂਦਿਆਂ ਰਾਹ 'ਚ ਚੰਦੂ ਮਾਜਰਾ ਸਾਨੂੰ ਕਹਿੰਦਾ ਅਖੇ ਦੁਪਾਲਪੁਰੀ (ਮੈਂ) ਲੱਖ-ਦੋ ਲੱਖ ਰੁਪਏ ਲੈ ਕੇ ਸਾਡੇ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਸਕਦਾ ?

ਹੁੰਦਲ ਸਾਹਿਬ ਕਹਿੰਦੇ ਮੈਂ ਉਹਨੂੰ ਟੋਕਦਿਆਂ ਕਿਹਾ ਕਿ ਉਹਦੇ ਕੋਲ ਹਾਅ ਗੱਲ ਕਰਕੇ ਸਾਡੀ ਵੀ ਬੇਜਤੀ ਨਾ ਕਰਾਈਂ!

ਇਹ ਸੁਣਕੇ ਮੈਂ ਦਿਲ 'ਚ ਤਾਂ ਹੱਸਿਆ ਕਿ ਚੰਦੂ ਮਾਜਰਿਆ ਜੇ ਮੈਂ ਮੁੱਲ ਹੀ ਵਿਕਣਾ ਹੁੰਦਾ ਤਾਂ ਮਾਡਰਨ 'ਕਾਰੂੰ ਬਾਦਸ਼ਾਹ' ਬਾਦਲ ਕੋਲ ਵਿਕ ਜਾਂਦਾ! ਪਰ ਬਾਅਦ ਵਿੱਚ ਮੈਂ ਦੋ ਤਿੰਨ ਮੌਕਿਆਂ 'ਤੇ ਚੰਦੂਮਾਜਰੇ ਨਾਲ ਗੁੱਸੇ ਦਾ ਪ੍ਰਗਟਾਵਾ ਦਿਖਾਇਆ!

ਇੱਕ ਵਾਰ ਉਹ ਬਬਰ ਅਕਾਲੀ ਕਰਮ ਸਿੰਘ ਦੀ ਬਰਸੀ ਮੌਕੇ ਦੌਲਤ ਪੁਰ ਸਟੇਜ 'ਤੇ ਬੈਠਾ ਮੈਨੂੰ ਹੇਠਾਂ ਸੰਗਤ 'ਚ ਬੈਠੇ ਨੂੰ ਉੱਤੇ ਆਉਣ ਦੇ ਇਸ਼ਾਰੇ ਕਰੀ ਗਿਆ ਪਰ ਮੈਂ ਨੀ ਉੱਠਿਆ!

ਦੂਜੀ ਵਾਰ ਪ੍ਰਸਿੱਧ ਪੱਤਰਕਾਰ ਹੁਸਨ ਲੜੋਏ ਦੇ ਬੇਟੇ ਦੀ ਸ਼ਾਦੀ ਮੌਕੇ ਬੰਗੇ ਵਿਖੇ ਵੀ ਏਦਾਂ ਹੀ ਹੋਇਆ!

ਤੀਜੀ ਵਾਰ ਚੰਦੂਮਾਜਰਾ ਸਾਡੇ ਪਿੰਡ ਹੀ ਇੱਕ ਘਰੇਲੂ ਸਮਾਗਮ ਵਿੱਚ ਪਹੁੰਚਿਆ ਜਿੱਥੇ ਮੈਂ ਸਟੇਜ ਸਕੱਤਰ ਸਾਂ। ਉੱਥੇ ਉਹ ਮੈਨੂੰ ਪੂਰੇ ਜੋਰ ਨਾਲ ਕਹਿ ਕੇ ਗਿਆ ਅਖੇ ਅੱਜ ਤਾਂ ਮੈਨੂੰ ਬਹੁਤ ਕਾਹਲੀ ਆ ਨਹੀਂ ਤਾਂ ਮੈਂ ਘਰੇ ਬਹਿੰਦਾ ਤੁਹਾਡੇ ਨਾਲ, ਪਰ ਮੈਨੂੰ ਮਿਲੇ ਬਗੈਰ ਅਮਰੀਕਾ ਨਾ ਜਾਇਉ.!

ਅੰਤਿਕਾ-

ਜੂਨ ਚੁਰਾਸੀ ਤੋਂ ਬਾਅਦ ਇੱਕ ਕਾਂਗਰਸੀ ਸੱਜਣ ਕੋਈ ਗੱਲ ਚੱਲੀ ਤੋਂ ਆਪਣੇ ਕੱਟੜ ਅਕਾਲੀ ਗੁਆਂਢੀ ਨੂੰ ਕਹਿੰਦਾ ਕਿ ਮੈਂ ਫਲਾਣੇ ਕੋਲ ਪੰਜ ਗ੍ਰੰਥੀ 'ਤੇ ਹੱਥ ਰੱਖ ਕੇ ਸੰਹੁ ਖਾ ਲਈ ਐ ਕਿ ਹੁਣ ਕਾਂਗਰਸ ਨੂੰ ਵੋਟ ਨਹੀਂ ਪਾਉਣੀ!

ਅਕਾਲੀ ਭਾਈ ਨੇ ਅੱਗੇ ਪਿੰਡ ਦੇ ਆਪਣੇ ਕਿਸੇ ਹੋਰ ਜਾਣੂ ਨੂੰ ਹੁੱਬ ਕੇ ਪੰਜ ਗ੍ਰੰਥੀ ਵਾਲੀ ਗੱਲ ਦੱਸੀ! ਉਸ ਗੁਆਂਢੀ ਨੂੰ ਸ਼ਾਇਦ ਪਤਾ ਨਹੀਂ ਸੀ ਕਿ ਪੰਜ ਗ੍ਰੰਥੀ ਨਾਮ ਦੀ ਇੱਕ ਪੋਥੀ ਹੁੰਦੀ ਹੈ!

ਪਰ ਸੀਗਾ ਉਹ ਸੰਹੁ ਖਾਣ ਵਾਲੇ ਕਾਂਗਰਸੀ ਸੱਜਣ ਦੀ ਰਗ ਰਗ ਤੋਂ ਵਾਕਿਫ! ਉਹ ਹੱਸ ਕੇ ਕਹਿੰਦਾ-

"ਉਏ ਭਰਾਵਾ, ਪੰਜ ਗ੍ਰੰਥੀ ਛੱਡਿਆ ਭਾਵੇਂ ਉਹ 'ਵੀਹ ਗ੍ਰੰਥੀ' ਉੱਤੇ ਹੱਥ ਰੱਖ ਕੇ ਸੰਹੁ ਖਾ ਲਵੇ. ਤਦ ਵੀ ਉਹਦਾ ਇਤਬਾਰ ਨਹੀਂ ਹੈ!

'ਯੇ ਰਾਜਨੀਤੀ ਭੀ ਤੋ ਤਵਾਇਫ ਸੇ ਕਮ ਨਹੀਂ
ਪਕੜਾ ਹੈ ਇਸਕਾ ਹਾਥ ਉਧਰ ਛੋੜ ਰਹੀ ਹੈ!'

(ਅਸ਼ੋਕ ਅੰਜੁਮ)

-ਤਰਲੋਚਨ ਸਿੰਘ ਦੁਪਾਲ ਪੁਰ
ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ
001-408-905-5517

ਮੁੱਖ ਮੰਤਰੀ ਦਾ ਚਿਹਰਾ ਪੁੱਛ ਕੇ ਵੋਟ ਦਿਓ: ਸੁਖਬੀਰ



ਸ੍ਰੀ ਮੁਕਤਸਰ ਸਾਹਿਬ : 'ਸੂਬੇ ਵਿੱਚ 'ਕੱਲਾ ਮੁੱਖ ਮੰਤਰੀ ਚੰਗਾ ਚੁਣ ਲਓ ਸਾਰੀਆਂ ਬਿਮਾਰੀਆਂ ਦਾ ਹੱਲ ਹੋ ਜਾਊ। ਤੁਹਾਡੇ ਕੋਲ ਜਿਹੜੀਆਂ ਵੀ ਪਾਰਟੀਆਂ ਆਉਣਗੀਆਂ ਉਨ੍ਹਾਂ ਨੂੰ ਪੁੱਛੋ ਤੁਹਾਡਾ ਮੁੱਖ ਮੰਤਰੀ ਕੌਣ ਆ? ਫਿਰ ਹਿਸਾਬ ਲਓ ਕਿ ਕੀ ਉਹ ਲੀਡਰ ਤੁਹਾਡੀਆਂ ਮੰਗਾਂ ਪੂਰੀਆਂ ਕਰ ਸਕਦਾ, ਸੂਬਾ ਚਲਾਉਣ ਦਾ ਉਸਦਾ ਤਜ਼ਰਬਾ ਕੀ ਹੈ, ਕੀ ਉਹ ਫੈਸਲੇ ਖੁਦ ਕਰ ਸਕਦਾ ਹੈ...।' ਇਹ ਗੱਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇੱਥੇ ਵਪਾਰੀਆਂ ਨਾਲ ਬੈਠਕ ਨੂੰ ਸੰਬੋਧਨ ਕਰਦਿਆਂ ਆਖੀ। ਸ੍ਰੀ ਬਾਦਲ ਨੇ ਕਿਹਾ ਕਿ ਜਿਸ ਤਰ੍ਹਾਂ ਮਾੜਾ ਮੈਨੇਜਰ ਦੁਕਾਨ ਫੇਲ੍ਹ ਕਰ ਦਿੰਦਾ ਹੈ, ਇਸੇ ਤਰ੍ਹਾਂ ਮਾੜਾ ਮੁੱਖ ਮੰਤਰੀ ਸੂਬਾ ਫੇਲ੍ਹ ਕਰ ਦਿੰਦਾ ਹੈ। ਇਸ ਮੌਕੇ ਸਾਬਕਾ ਵਿਧਾਇਕ ਕੰਵਰਜੀਤ ਰੋਜ਼ੀ ਬਰਕੰਦੀ, ਵਾਪਰ ਮੰਡਰ ਪ੍ਰਧਾਨ ਇੰਦਰਜੀਤ, ਟੇਕ ਚੰਦ ਬੱਤਰਾ, ਹਨੀ ਫੱਤਣਵਾਲਾ, ਹਰਪਾਲ ਸਿੰਘ ਬੇਦੀ, ਮਨਜਿੰਦਰ ਸਿੰਘ ਬਿੱਟੂ ਤੇ ਹੋਰ ਆਗੂ ਵੀ ਮੌਜੂਦ ਸਨ।

ਇਸ ਦੌਰਾਨ ਉਨ੍ਹਾਂ ਵੱਡੇ ਬਾਦਲ ਨੂੰ ਵਾਰ-ਵਾਰ ਯਾਦ ਕੀਤਾ। ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਜੋੜ ਕੇ ਵੋਟਾਂ ਲੈਂਦਾ, ਪਰ ਇੱਕ ਪਾਰਟੀ ਲੋਕਾਂ ਨੂੰ ਤੋੜ ਕੇ ਵੋਟਾਂ ਲੈਂਦੀ ਹੈ। ਪਿੰਡਾਂ - ਸ਼ਹਿਰਾਂ ਨੂੰ ਪਾੜ ਕੇ, ਵਰਗਾਂ ਨੂੰ ਪਾੜ ਕੇ ਵੋਟਾਂ ਲੈਂਦੀ ਆ। ਅਕਾਲੀ ਦਲ ਦਾ ਜਿਉਣਾ-ਮਰਨਾ ਪੰਜਾਬ ਨਾਲ ਹੈ। ਵਪਾਰੀਆਂ ਦੇ ਇਕ ਸਵਾਲ ਦਾ ਜਵਾਬ ਦਿੰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਜੀ ਐੱਸ ਟੀ 'ਕੱਲੇ-'ਕੱਲੇ ਦੁਕਾਨਦਾਰਾਂ ਤੋਂ ਲੈ ਕੇ ਨਹੀਂ ਘਰ ਪੂਰਾ ਹੁੰਦਾ ਇਸ ਵਾਸਤੇ ਵੱਡੀਆਂ ਕੰਪਨੀਆਂ ਹਨ। ਉਨ੍ਹਾਂ ਕਿਹਾ,'ਵਪਾਰੀਆਂ ਨੂੰ ਖੁੱਲ੍ਹ ਦੇਵਾਂਗੇ, ਕਿਸੇ ਵਪਾਰੀ ਦੀ ਦੁਕਾਨ 'ਚ ਕੋਈ ਅਫਸਰ ਨਹੀਂ ਵੜੇਗਾ। ਇਸ ਵੇਲੇ ਪੰਜਾਬ 'ਚ ਗੈਂਗਸਟਰ ਤੇ ਨਸ਼ੇ ਨੇ ਘਰ ਕਰ ਲਿਆ। ਪੁਲੀਸ ਤੇ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ।'

ਲਾਹੌਰ ਦਾ ਇਤਿਹਾਸਕ ਗੁਰਦੁਆਰਾ 79 ਸਾਲਾਂ ਤੋਂ ਬਾਅਦ ਮੁੜ ਖੁੱਲ੍ਹਿਆ

1947 ਦੀ ਵੰਡ ਤੋਂ ਬੰਦ ਪਿਆ ਸੀ ਛੇਵੀਂ ਪਾਤਸ਼ਾਹੀ ਦਾ ਗੁਰਦੁਆਰਾ; ਸਿੱਖ ਧਾਰਮਿਕ ਰਵਾਇਤਾਂ ਵਾਲੇ ਸਮਾਗਮ 'ਚ ਭਾਈਚਾਰੇ ਦੇ ਲੋਕ ਸ਼ਾਮਲ ਹੋਏ

ਲਾਹੌਰ : ਇਥੋਂ ਦਾ ਇਤਿਹਾਸਕ 'ਗੁਰਦੁਆਰਾ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ' ਐਤਵਾਰ ਨੂੰ ਮੁੜ ਖੋਲ੍ਹ ਦਿੱਤਾ ਗਿਆ। ਇਹ ਗੁਰਦੁਆਰਾ 1947 ਵਿੱਚ ਵੰਡ ਮਗਰੋਂ ਪਿਛਲੇ 79 ਸਾਲਾਂ ਤੋਂ ਬੰਦ ਪਿਆ ਸੀ। ਗੁਰਦੁਆਰੇ ਨੂੰ ਮੁੜ ਖੋਲ੍ਹਣ ਮੌਕੇ ਸਿੱਖ ਧਾਰਮਿਕ ਰਵਾਇਤਾਂ ਅਨੁਸਾਰ ਸਮਾਗਮ ਕੀਤਾ ਗਿਆ, ਜਿਸ ਵਿੱਚ ਸਿੱਖ ਭਾਈਚਾਰੇ ਦੇ ਲੋਕ ਸ਼ਾਮਲ ਹੋਏ। ਇਥੇ ਟੈਂਪਲ ਰੋਡ ਸਥਿਤ ਇਹ ਗੁਰਦੁਆਰਾ ਗੁਰੂ ਹਰਗੋਬਿੰਦ ਸਾਹਿਬ (1595-1644) ਦੀ ਲਾਹੌਰ ਫੇਰੀ ਨਾਲ ਜੁੜਿਆ ਹੋਇਆ ਹੈ।

ਐਤਵਾਰ ਨੂੰ ਹੋਏ ਸਮਾਗਮ ਵਿੱਚ ਲਹਿੰਦੇ ਪੰਜਾਬ ਸੂਬੇ ਦੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ, ਔਕਾਫ ਟਰੱਸਟ ਪ੍ਰਾਪਰਟੀ ਬੋਰਡ (ਈ ਟੀ ਪੀ ਬੀ) ਦੇ ਸਕੱਤਰ ਨਾਸਿਰ ਮੁਸ਼ਤਾਕ ਅਤੇ ਹੋਰ ਅਧਿਕਾਰੀ ਸ਼ਾਮਲ ਹੋਏ। ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਇਤਿਹਾਸਕ ਅਸਥਾਨ ਦੀ ਬਹਾਲੀ ਦਾ ਕੰਮ ਮੁਕੰਮਲ ਹੋ ਗਿਆ ਹੈ ਅਤੇ ਹੁਣ ਇਹ ਸਿੱਖ ਭਾਈਚਾਰੇ ਲਈ ਧਾਰਮਿਕ ਅਕੀਦਤ ਵਾਸਤੇ ਖੁੱਲ੍ਹ ਗਿਆ ਹੈ। ਸਿੱਖ ਧਾਰਮਿਕ ਵਿਰਸੇ ਨੂੰ ਸੰਭਾਲਣ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਕੀਤੇ ਯਤਨਾਂ ਦੀ ਕੜੀ ਵਜੋਂ ਦੇਸ਼ ਭਰ ਵਿੱਚ 50 ਤੋਂ ਵੱਧ ਗੁਰਦੁਆਰਿਆਂ ਦੀ ਮੁਰੰਮਤ ਅਤੇ ਨਵੀਨੀਕਰਨ ਦਾ ਕੰਮ ਜਾਰੀ ਹੈ।



ਇਤਿਹਾਸਕ ਬਿਰਤਾਂਤ ਅਨੁਸਾਰ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਥਾਨਕ ਸਿੱਖ ਸੰਗਤ ਦਾ ਸੱਦਾ ਸਵੀਕਾਰ ਕੀਤਾ ਅਤੇ ਲਾਹੌਰ ਵਿੱਚ ਭਾਈ ਜੀਵਨ ਨਾਮਕ ਸ਼ਰਧਾਲੂ ਦੇ ਘਰ ਤਿੰਨ ਦਿਨਾਂ ਲਈ ਠਹਿਰੇ। ਭਾਈ ਜੀਵਨ ਨੇ ਮਗਰੋਂ ਘਰ ਨੂੰ ਗੁਰਦੁਆਰੇ ਦਾ ਰੂਪ ਦੇ ਦਿੱਤਾ। ਇਹ ਗੁਰਦੁਆਰਾ ਭਾਈ ਬਿਧੀ ਚੰਦ ਜੀ ਨਾਲ ਵੀ ਜੁੜਿਆ ਹੈ। ਉਹ ਉਦੋਂ ਮੁਗਲ ਗਵਰਨਰ ਵੱਲੋਂ ਜ਼ਬਤ ਕੀਤੇ ਗਏ ਘੋੜਿਆਂ ਨੂੰ ਵਾਪਸ ਲਿਆਉਣ ਲਈ ਲਾਹੌਰ ਦੀਆਂ ਆਪਣੀਆਂ ਦੋ ਫੇਰੀਆਂ ਦੌਰਾਨ ਇੱਥੇ ਠਹਿਰੇ ਸਨ। ਇਹ ਘੋੜੇ ਸ਼ਰਧਾਲੂਆਂ ਵੱਲੋਂ ਗੁਰੂ ਹਰਿਗੋਬਿੰਦ ਸਾਹਿਬ ਲਈ ਭੇਟ ਵਜੋਂ ਲਿਆਂਦੇ ਗਏ ਸਨ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਸਮੇਤ ਪ੍ਰਮੁੱਖ ਨਿਹੰਗ ਸਿੰਘ ਦਲਾਂ ਦੇ ਮੁਖੀਆਂ ਦਾ ਸਨਮਾਨ

ਅੰਮ੍ਰਿਤਸਰ : ਬੰਦੀ ਛੋੜ ਦਿਵਸ ਦਿਵਾਲੀ ਮੌਕੇ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿ. ਕੁਲਦੀਪ ਸਿੰਘ ਗੜਗਜ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਜਾਏ ਸੰਖੇਪ ਸਮਾਗਮ ਦੌਰਾਨ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸਮੇਤ ਗੁਰੂ ਸਾਹਿਬਾਨ ਵਲੋਂ ਸਾਜੇ ਨਿਵਾਜੇ ਨਿਹੰਗ ਸਿੰਘ ਦਲਾਂ ਦੇ ਮੁਖੀਆਂ ਤੇ ਪ੍ਰਤੀਨਿਧੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਨਿਹੰਗ ਬਾਬਾ ਹਰਜੀਤ ਸਿੰਘ ਬਟਾਲੇ ਵਾਲਿਆਂ ਦੇ ਰਾਗੀ ਜਥੇ ਨੇ ਦਸਮ ਬਾਣੀ ਦਾ ਮਨੋਹਰ ਕੀਰਤਨ ਕੀਤਾ। ਪੁਰਾਤਨ ਬੰਦੀ ਛੋੜ ਦਿਵਸ ਦੀ ਪਰੰਪਰਾ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਰਹਿਰਾਸ ਦਾ ਪਾਠ ਗਿਆਨੀ ਗੁਰਬਖਸ਼ੀਸ਼ ਸਿੰਘ ਨੇ ਕੀਤਾ ਅਤੇ ਇਤਿਹਾਸਕ ਪੁਰਾਤਨ ਸ਼ਸਤਰਾਂ ਦੇ ਦਰਸ਼ਨ ਕਰਵਾਏ ਗਏ। ਉਪਰੰਤ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗਜ ਜਥੇਦਾਰ ਸ੍ਰੀ ਅਕਾਲ ਤਖਤ ਨੇ ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੂੰ ਸਨਮਾਨਿਤ ਕੀਤਾ ਉਪਰੰਤ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਨੇ ਜਥੇਦਾਰ ਬਾਬਾ ਅਵਤਾਰ ਸਿੰਘ ਮੁਖੀ ਤਰਨਾ ਦਲ ਬਾਬਾ ਬਿਧੀ ਚੰਦ ਸੁਰਸਿੰਘ, ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਤੇ ਬਾਬਾ ਨਾਗਰ ਸਿੰਘ, ਬਾਬਾ ਜੋਗਾ ਸਿੰਘ ਮੁਖੀ ਤਰਨਾ ਦਲ ਬਾਬਾ ਬਕਾਲਾ, ਦਸ਼ਮੇਸ਼ ਤਰਨਾਦਲ ਦੇ ਮੁਖੀ ਬਾਬਾ ਮੇਜਰ ਸਿੰਘ ਸੋਢੀ ਨੂੰ ਸਿਰਪਾਉ ਦੋਸ਼ਾਲੇ ਭੇਟ ਕਰਕੇ ਸਨਮਾਨਿਤ ਕਰਨ ਉਪਰੰਤ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਬਾਬਾ ਜਗਜੀਤ ਸਿੰਘ ਗੁਰੂ ਨਾਨਕ ਦਲ ਮੜ੍ਹੀਆਂ ਵਾਲਾ (ਬਟਾਲਾ), ਬਾਬਾ ਬਲਵਿੰਦਰ ਸਿੰਘ ਤਰਨਾ ਦਲ ਮਹਿਤਾ ਚੌਂਕ, ਬਾਬਾ ਤਰਲੋਕ ਸਿੰਘ ਰਘਬੀਰ ਸਿੰਘ ਤਰਨਾ ਦਲ ਖਿਆਲਾ ਕਲਾਂ, ਬਾਬਾ ਗੁਰਰਾਜਪਾਲ ਸਿੰਘ ਡੇਰਾ ਛਾਉਣੀ ਨਿਹੰਗ ਸਿੰਘਾਂ, ਬਾਬਾ ਛਿੰਦਾ ਸਿੰਘ ਤਰਨਾ ਦਲ ਭਿਖੀਵਿੰਡੀਏ, ਬਾਬਾ ਹਰਦੀਪ ਸਿੰਘ ਡੇਰਾ ਬਾਬਾ ਮਹਾਰਾਜ ਸਿੰਘ, ਬਾਬਾ ਦਰਸਨ ਸਿੰਘ ਤਰਨਾ ਦਲ ਗੁ: ਟਾਹਲਾ ਸਾਹਿਬ, ਬਾਬਾ ਬਲਦੇਵ ਸਿੰਘ ਤਰਨਾ ਦਲ ਸ਼ਹੀਦ ਬਾਬਾ ਜੀਵਨ ਸਿੰਘ ਮਹਿਤਾ ਰੋਡ (ਵੱਲਾ), ਬਾਬਾ ਪ੍ਰਗਟ ਸਿੰਘ ਪੰਥ ਅਕਾਲੀ ਤਰਨਾ ਦਲ, ਮਜੀਠਾ ਰੋਡ, ਬਾਬਾ ਲਾਲ ਸਿੰਘ ਮਾਲਵਾ ਤਰਨਾ ਦਲ, ਬਾਬਾ ਰਘਬੀਰ ਸਿੰਘ ਤਰਨਾ ਦਲ ਖਿਆਲਾ ਕਲਾਂ, ਬਾਬਾ ਪ੍ਰਤਾਪ ਸਿੰਘ ਸ਼ਹੀਦ ਭਾਈ ਮਨੀ ਸਿੰਘ ਦਲ, ਬਾਬਾ ਤਰਸੇਮ ਸਿੰਘ ਤਰਨਾ ਦਲ ਮਹਿਤਾ ਚੌਂਕ, ਬਾਬਾ ਕੁਲਵਿੰਦਰ ਸਿੰਘ ਚਮਕੌਰ ਸਾਹਿਬ, ਬਾਬਾ ਸਤਨਾਮ ਸਿੰਘ ਤਰਨਾ ਦਲ ਬਾਬਾ ਸ਼ਾਮ ਸਿੰਘ ਅਟਾਰੀ ਚੌਂਤਾ, ਬਾਬਾ ਚੜ੍ਹਤ ਸਿੰਘ ਤਰਨਾ ਦਲ ਮਾਲਵਾ ਖੇੜੀ, ਬਾਬਾ ਬਲਦੇਵ ਸਿੰਘ ਦਲ ਮਿਸਲ ਬਾਬਾ ਬਚਿੱਤਰ ਸਿੰਘ, ਬਾਬਾ ਦਰਸ਼ਨ ਸਿੰਘ ਖਜਾਨਾ ਗੇਟ, ਬਾਬਾ ਗੁਰਦੀਪ ਸਿੰਘ ਤਰਨਾ ਦਲ ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਦਰਸ਼ਨ ਸਿੰਘ ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ, ਬਾਬਾ ਮਹਿੰਦਰ ਸਿੰਘ ਤਰਨਾ ਦਲ, ਬਾਬਾ ਜਵੰਦ ਸਿੰਘ, ਬਾਬਾ ਛਤਰਪਾਲ ਸਿੰਘ ਠੱਟਾ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ਼, ਬਾਬਾ ਜੋਗਾ ਸਿੰਘ ਦਲ ਬਾਬਾ ਨੋਧ ਸਿੰਘ ਸ਼ਹੀਦ ਚੱਬਾ, ਬਾਬਾ ਤਾਰਾ ਸਿੰਘ ਤਰਨਾ ਦਲ, ਬਾਬਾ ਬੀਰ ਸਿੰਘ ਰੱਤੋਕੇ, ਬਾਬਾ ਪਰਗਟ ਸਿੰਘ ਤਰਨਾ ਦਲ, ਬਾਬਾ ਬੀਰ ਸਿੰਘ ਪੱਟੀ, ਬਾਬਾ ਨਿਰਮਲ ਸਿੰਘ ਦਲ ਝਾੜ ਸਾਹਿਬ, ਦਲ ਬਾਬਾ ਥਾਨ ਸਿੰਘ, ਬਾਬਾ ਗੁਰਦੇਵ ਸਿੰਘ ਬਜਵਾੜਾ, ਬਾਬਾ ਗੁਰਮੇਜ ਸਿੰਘ ਬਾਲੇਵਾਲ, ਬਾਬਾ ਬਲਦੇਵ ਸਿੰਘ ਮਿਸਲ ਬਾਬਾ ਨਿਬਾਹੂ ਸਿੰਘ ਮੁਸਤਰਾਪੁਰ (ਗੁਰਦਾਸਪੁਰ), ਬਾਬਾ ਦਲਬੀਰ ਸਿੰਘ ਮੁੱਖੀ ਬਾਬਾ ਜੀਵਨ ਸਿੰਘ ਤਰਨਾ ਦਲ ਸ੍ਰੀ ਅਨੰਦਪੁਰ ਸਾਹਿਬ, ਆਦਿ ਜਥੇਬੰਦੀਆਂ ਦੇ ਮੁਖੀਆਂ ਨੂੰ ਸਿਰਪਾਉ ਨਾਲ ਸਨਮਾਨਿਤ ਕੀਤਾ। ਸਨਮਾਨ ਉਪਰੰਤ ਬਾਬਾ ਬਲਬੀਰ ਸਿੰਘ ਅਤੇ ਬਾਕੀ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸਾਹਿਬਾਨਾਂ ਨੇ ਸਵੱਈਆਂ ਦਾ ਪਾਠ ਕੀਤਾ। ਇਸ ਸਮੇਂ ਬਾਬਾ ਗੁਰਪਿੰਦਰ ਸਿੰਘ ਵਡਾਲਾ, ਇੰਦਰਬੀਰ ਸਿੰਘ ਸਤਲਾਣੀ ਸਾਹਿਬ ਵਾਲੇ, ਪਰਮਜੀਤ ਸਿੰਘ ਮੈਨੇਜਰ ਬੁੱਢਾ ਦਲ, ਸ. ਐਸ.ਪੀ ਸਿੰਘ, ਬਾਬਾ ਬਘੇਲ ਸਿੰਘ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਹੀਰਾ ਸਿੰਘ ਝੂਲਣੇ ਮਹਿਲ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਗੁਰਮੁਖ ਸਿੰਘ, ਬਾਬਾ ਤਰਸੇਮ ਸਿੰਘ ਮੋਰਾਂਵਾਲੀ, ਬਾਬਾ ਰਣਜੋਧ ਸਿੰਘ, ਬਾਬਾ ਕਰਮ ਸਿੰਘ, ਬਾਬਾ ਬੂਟਾ ਸਿੰਘ, ਬਾਬਾ ਜਗਤਾਰ ਸਿੰਘ ਠੱਠੇ ਵਾਲੇ, ਬਾਬਾ ਢੂੰਡਾ ਸਿੰਘ ਮਿਸਲ ਭਾਈ ਬਚਿੱਤਰ ਸਿੰਘ, ਬਾਬਾ ਦਲੇਰ ਸਿੰਘ, ਬਾਬਾ ਮਲੂਕ ਸਿੰਘ, ਬਾਬਾ ਹਰਦੀਪ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਭਗਤ ਸਿੰਘ ਬਹਾਦਰਗੜ੍ਹ ਆਦਿ ਹਾਜ਼ਰ ਸਨ।



ਸ੍ਰੀ ਦਰਬਾਰ ਸਾਹਿਬ ਵਿਖੇ ਬੰਦੀ ਛੋੜ ਦਿਵਸ ਉਤਸ਼ਾਹ ਸਹਿਤ ਮਨਾਇਆ



ਅੰਮ੍ਰਿਤਸਰ : ਕਰੀਬ ਚਾਰ ਸਦੀਆਂ ਪਹਿਲਾਂ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਬੰਦੀ ਰਾਜਿਆਂ ਨੂੰ ਮੁਗ਼ਲਾਂ ਦੀ ਕੈਦ ਵਿਚੋਂ ਰਿਹਾਅ ਕਰਵਾ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਅੰਮ੍ਰਿਤਸਰ ਵਿਖੇ ਪੁੱਜਣ ਦੀ ਖ਼ੁਸ਼ੀ ਵਿਚ ਸੰਗਤਾਂ ਵਲੋਂ ਖ਼ੁਸ਼ੀ ਵਿਚ ਘਿਓ ਦੇ ਦੀਵੇ ਬਾਲ ਕੇ ਮਨਾਇਆ ਜਾਂਦਾ ਬੰਦੀ ਛੋੜ ਦਿਵਸ, ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ਼ਰਧਾ ਤੇ ਉਤਸ਼ਾਹ ਸਹਿਤ ਮਨਾਇਆ ਗਿਆ। ਇਸ ਦੌਰਾਨ ਦੇਸ਼-ਵਿਦੇਸ਼ ਤੋਂ ਪੁੱਜੀ ਵੱਡੀ ਗਿਣਤੀ 'ਚ ਸੰਗਤ ਨੇ ਸਰੋਵਰ ਵਿਚ ਇਸ਼ਨਾਨ ਕਰਕੇ ਅਤੇ ਗੁਰੂ ਦਰ 'ਤੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਸਤਿਕਾਰ ਦਾ ਪ੍ਰਗਟਾਵਾ ਕੀਤਾ। ਸ਼ਾਮ ਨੂੰ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸੰਗਤਾਂ ਨੇ ਪ੍ਰਬੰਧਕਾਂ ਵਲੋਂ ਕੀਤੀ ਗਈ ਦੀਪਮਾਲਾ ਅਤੇ ਚਲਾਈ ਗਈ ਆਤਿਸ਼ਬਾਜ਼ੀ ਦਾ ਅਲੌਕਿਕ ਨਜ਼ਾਰਾ ਪਰਿਕਰਮਾ ਵਿਚ ਬੈਠ ਕੇ ਮਾਣਿਆਂ, ਉਥੇ ਸ਼ਰਧਾਲੂਆਂ ਵਲੋਂ ਵੀ ਦੇਸੀ ਘਿਓ ਦੇ ਦੀਵਿਆਂ ਦੀ ਰਵਾਇਤੀ ਦੀਪਮਾਲਾ ਪਾਵਨ ਸਰੋਵਰ ਕਿਨਾਰੇ ਕਰਦਿਆਂ ਛੇਵੇਂ ਗੁਰੂ ਸਾਹਿਬ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਸਮਾਗਮਾਂ ਵਿਚ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ, ਬਾਬਾ ਨਿਹਾਲ ਸਿੰਘ ਤਰਨਾ ਦਲ ਹਰੀਆਂ ਵੇਲਾਂ, ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰ ਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ ਅਤੇ ਬਾਬਾ ਮੇਜਰ ਸਿੰਘ ਸੋਢੀ ਸਮੇਤ ਹੋਰ ਪ੍ਰਮੁੱਖ ਪੰਥਕ ਸ਼ਖ਼ਸੀਅਤਾਂ ਨੇ ਵੀ ਸ਼ਮੂਲੀਅਤ ਕੀਤੀ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਗੁਰਮਤਿ ਸਮਾਗਮਾਂ ਦੌਰਾਨ ਰਾਗੀ, ਢਾਡੀ, ਕਵੀਸ਼ਰ ਜਥਿਆਂ, ਪ੍ਰਚਾਰਕਾਂ ਅਤੇ ਕਵੀਆਂ ਨੇ ਗੁਰਬਾਣੀ ਕੀਰਤਨ ਅਤੇ ਇਤਿਹਾਸ ਦੁਆਰਾ ਸੰਗਤ ਨਾਲ ਸਾਂਝ ਪਾਈ। ਪ੍ਰਧਾਨ ਧਾਮੀ ਤੇ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸੰਦੇਸ਼ ਸਮਾਗਮ 'ਚ ਨਹੀਂ ਹੋਏ ਸ਼ਾਮਿਲ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਬੰਦੀ ਛੋੜ ਦਿਵਸ ਸਬੰਧੀ ਹੋਰ ਸਮਾਗਮਾਂ ਵਿਚ ਤਾਂ ਸ਼ਾਮਿਲ ਹੋਏ, ਪਰ ਸ਼ਾਮ ਨੂੰ ਜਥੇਦਾਰ ਗਿਆਨੀ ਗੜਗੱਜ ਵਲੋਂ ਦਰਸ਼ਨੀ ਡਿਉੜੀ ਤੋਂ ਸਿੱਖ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਨ ਮੌਕੇ ਹੋਏ ਸਮਾਗਮ ਵਿਚ ਹਾਜ਼ਰ ਨਹੀਂ ਸਨ। ਇਸੇ ਤਰ੍ਹਾਂ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ, ਜੋ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਤਾਂ ਮੌਜੂਦ ਸਨ, ਪਰ ਜਥੇਦਾਰ ਦੇ ਸੰਦੇਸ਼ ਜਾਰੀ ਕਰਨ ਵੇਲੇ ਉਹ ਵੀ ਦਰਸ਼ਨੀ ਡਿਉੜੀ ਵਾਲੇ ਸਮਾਗਮ ਵਿਚ ਸ਼ਾਮਿਲ ਨਹੀਂ ਸਨ। ਦਮਦਮੀ ਟਕਸਾਲ ਦੇ ਮੁਖੀ ਦੀ ਗੈਰ-ਹਾਜ਼ਰੀ ਵੀ ਰੜਕੀ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਥੇਦਾਰ ਗੜਗੱਜ ਤੇ ਜਥੇਦਾਰ ਗਿਆਨੀ ਟੇਕ ਸਿੰਘ ਵਲੋਂ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਵਾਰ ਨਹੀਂ ਹੋਈ ਪ੍ਰਦੂਸ਼ਨ ਰਹਿਤ ਡਿਜੀਟਲ ਆਤਿਸ਼ਬਾਜੀ ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਵਿਦੇਸ਼ਾਂ ਵਿਚ ਹੁੰਦੀ ਆਤਿਸ਼ਬਾਜੀ ਦੀ ਤਰਜ਼ 'ਤੇ ਚਲਾਈ ਗਈ ਡਿਜੀਟਲ ਤੇ ਪ੍ਰਦੂਸ਼ਨ ਰਹਿਤ ਆਤਿਸ਼ਬਾਜੀ ਵਾਂਗ ਇਸ ਵਾਰ ਰਵਾਇਤੀ ਆਤਿਸ਼ਬਾਜ਼ੀ ਹੀ ਚਲਾਈ ਗਈ। ਇਸ ਦੌਰਾਨ ਵਾਤਵਰਣ ਪ੍ਰੇਮੀਆਂ ਨੇ ਮੰਗ ਕੀਤੀ ਹੈ ਕਿ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਪ੍ਰਦੂਸ਼ਨ ਰਹਿਤ ਹਰੇ ਪਟਾਕਿਆਂ ਵਾਲੀ ਆਤਿਸ਼ਬਾਜ਼ੀ ਹੀ ਚਲਾਈ ਜਾਣੀ ਚਾਹੀਦੀ ਹੈ। ਬੰਦੀ ਛੋੜ ਦਿਵਸ ਸਮਾਗਮਾਂ ਦੌਰਾਨ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਓ.ਐਸ.ਡੀ. ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਸੁਖਮਿੰਦਰ ਸਿੰਘ, ਨਿੱਜੀ ਸਕੱਤਰ ਸਾਹਬਾਜ਼ ਸਿੰਘ, ਵਧੀਕ ਸਕੱਤਰ ਜਸਵਿੰਦਰ ਸਿੰਘ ਜੱਸੀ, ਭਗਵੰਤ ਸਿੰਘ ਧੰਗੇੜਾ, ਬਿਜੈ ਸਿੰਘ, ਤਜਿੰਦਰ ਸਿੰਘ ਪੱਡਾ, ਪ੍ਰੀਤਪਾਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਮੇਜਰ ਸਿੰਘ, ਮੀਤ ਸਕੱਤਰ ਗੁਰਨਾਮ ਸਿੰਘ, ਗੁਰਦਿਆਲ ਸਿੰਘਸੁਖਬੀਰ ਸਿੰਘ, ਮਨਜੀਤ ਸਿੰਘ ਤਲਵੰਡੀ, ਆਜ਼ਾਦਦੀਪ ਸਿੰਘ, ਮੈਨੇਜਰ ਰਜਿੰਦਰ ਸਿੰਘ ਰੂਬੀ, ਨਰਿੰਦਰ ਸਿੰਘ, ਜਤਿੰਦਰਪਾਲ ਸਿੰਘ, ਸਤਿੰਦਰ ਸਿੰਘ, ਇੰਚਾਰਜ ਬਗੀਚਾ ਸਿੰਘ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਸਮੇਤ ਹੋਰ ਅਧਿਕਾਰੀ, ਕਰਮਚਾਰੀ ਅਤੇ ਸੰਗਤਾਂ ਆਦਿ ਹਾਜ਼ਰ ਸਨ।

ਜਥੇਦਾਰ ਗੜਗੱਜ ਵਲੋਂ ਕੌਮ ਦੇ ਨਾਂਅ ਸੰਦੇਸ਼ ਜਾਰੀ : ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਸਿੱਖ ਪੰਥ ਦੇ ਨਾਂਅ ਸੰਦੇਸ਼ ਜਾਰੀ ਕਰਦਿਆਂ ਪੰਥਕ ਏਕਤਾ, ਬੰਦੀ ਸਿੰਘਾਂ ਦੀ ਰਿਹਾਈ, ਸਿੱਖ ਸੰਸਥਾਵਾਂ ਦੀ ਮਜ਼ਬੂਤੀ ਅਤੇ ਸਿੱਖੀ ਸਿਧਾਂਤਾਂ 'ਤੇ ਪਹਿਰਾ ਦੇਣ ਦਾ ਸੱਦਾ ਦਿੰਦਿਆਂ ਕਿਹਾ ਕਿ ਬੰਦੀ ਛੋੜ ਦਿਵਸ ਸਾਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਨੂੰ ਰਿਹਾਅ ਕਰਵਾਉਣ ਦੀ ਇਤਿਹਾਸਕ ਘਟਨਾ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਕਿਹਾ ਕਿ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਪੰਥ ਨੂੰ ਇਕਜੁੱਟ ਹੋ ਕੇ ਆਵਾਜ਼ ਉਠਾਉਣੀ ਚਾਹੀਦੀ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਗੁਰਦੀਪ ਸਿੰਘ ਖੇੜਾ ਅਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਸੁਹਿਰਦਤਾ ਨਾ ਦਿਖਾਉਣ ਦੀ ਸੂਰਤ ਵਿਚ ਸ਼ ?ਰੋਮਣੀ ਕਮੇਟੀ ਨੂੰ ਸਮੁੱਚੇ ਪੰਥ ਦੇ ਸਹਿਯੋਗ ਨਾਲ ਵਿਸ਼ੇਸ਼ ਪ੍ਰੋਗਰਾਮ ਉਲੀਕਣਾ ਚਾਹੀਦਾ ਹੈ। ਉਨ੍ਹਾਂ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਉਨ੍ਹਾਂ ਨੂੰ ਸਿੱਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ 'ਤੇ ਜ਼ੋਰ ਦਿੱਤਾ ਤੇ ਵਿਦੇਸ਼ਾਂ ਵਿਚ ਵੱਸਦੀ ਚੌਥੀ ਅਤੇ ਪੰਜਵੀਂ ਪੀੜ੍ਹੀ ਨੂੰ ਪੰਜਾਬ, ਆਪਣੇ ਪਿੰਡਾਂ ਅਤੇ ਸ੍ਰੀ ਦਰਬਾਰ ਸਾਹਿਬ ਨਾਲ ਜੋੜੀ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਣ, ਵਿਛੜੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਸਹੂਲਤ ਦੇਣ ਅਤੇ ਗੁਰੂ ਸਾਹਿਬਾਨ, ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਤੇ ਸਿੱਖ ਸ਼ਹੀਦਾਂ ਨਾਲ ਸਬੰਧਤ ਵਿਰਾਸਤਾਂ ਨੂੰ ਮੂਲ ਸਰੂਪ ਵਿਚ ਸੰਭਾਲਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਮੂਹ ਪੰਥਕ, ਧਾਰਮਿਕ ਅਤੇ ਸਿਆਸੀ ਧਿਰਾਂ ਨੂੰ ਪੰਥ ਅਤੇ ਪੰਜਾਬ ਦੇ ਹਿੱਤਾਂ ਲਈ ਇਕ ਮੰਚ 'ਤੇ ਇਕੱਠੇ ਹੋਣਾ ਚਾਹੀਦਾ ਹੈ। ਇਸ ਮੌਕੇ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਵੀ ਸੰਗਤਾਂ ਨੂੰ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਕੀਤੀ।

ਸ਼੍ਰੋਮਣੀ ਕਮੇਟੀ ਵਲੋਂ 20 ਜਨਵਰੀ ਨੂੰ ਵਾਰਾਣਸੀ ਤੋਂ ਸਜਾਇਆ ਜਾਵੇਗਾ ਨਗਰ ਕੀਰਤਨ : ਭਾਈ ਮਹਿਤਾ

ਗੁਰੂ ਰਵਿਦਾਸ ਦੀ 650 ਸਾਲਾ ਜਨਮ ਸ਼ਤਾਬਦੀ ਨਗਰ ਕੀਰਤਨ ਸਬ ਕਮੇਟੀ ਦੀ ਇਕੱਤਰਤਾ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਵਲੋਂ ਗੁਰੂ ਰਵਿਦਾਸ ਦੀ 650 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਗੁਰੂ ਰਵਿਦਾਸ ਦੇ ਜਨਮ ਅਸਥਾਨ ਕਾਂਸ਼ੀ (ਵਾਰਾਣਸੀ) ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ 20 ਜਨਵਰੀ 2027 ਨੂੰ ਨਗਰ ਕੀਰਤਨ ਸਜਾਇਆ ਜਾਵੇਗਾ। ਇਸ ਨਗਰ ਕੀਰਤਨ ਦੀਆਂ ਤਿਆਰੀਆਂ ਸੰਬੰਧੀ ਸਬ ਕਮੇਟੀ ਦੀ ਹੋਈ ਇਕੱਤਰਤਾ ਵਿਚ ਸ਼ਾਮਿਲ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਜੈਬ ਸਿੰਘ ਅਭਿਆਸੀ, ਕੇਵਲ ਸਿੰਘ ਬਾਦਲ, ਬਾਬਾ ਬੂਟਾ ਸਿੰਘ ਤੇ ਧਰਮ ਪ੍ਰਚਾਰ ਕਮੇਟੀ ਦੇ ਵਧੀਕ ਸਕੱਤਰ ਭਗਵੰਤ ਸਿੰਘ ਧੰਗੇੜਾ ਨੇ ਨਗਰ ਕੀਰਤਨ ਦੀ ਰੂਪ ਰੇਖਾ ਸੰਬੰਧੀ ਵਿਚਾਰਾਂ ਕੀਤੀਆਂ। ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਫਰਵਰੀ 2027 ਵਿਚ ਸ਼੍ਰੋਮਣੀ ਕਮੇਟੀ ਵਲੋਂ ਮਨਾਈ ਜਾ ਰਹੀ ਗੁਰੂ ਰਵਿਦਾਸ ਦੀ 650 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ 20 ਜਨਵਰੀ ਨੂੰ ਇਕ ਵਿਸ਼ਾਲ ਨਗਰ ਕੀਰਤਨ ਜਨਮ ਅਸਥਾਨ ਕਾਂਸ਼ੀ (ਵਾਰਾਣਸੀ) ਤੋਂ ਅਰੰਭ ਹੋਵੇਗਾ ਅਤੇ ਰਾਤ ਦਾ ਵਿਸ਼ਰਾਮ ਪ੍ਰਯਾਗਰਾਜ (ਇਲਾਹਾਬਾਦ) ਹੋਵੇਗਾ। ਇਸੇ ਤਰ੍ਹਾਂ 21 ਜਨਵਰੀ ਨੂੰ ਪ੍ਰਯਾਗਰਾਜ ਤੋਂ ਰਾਇ ਬਰੇਲੀ, 22 ਜਨਵਰੀ ਨੂੰ ਰਾਇ ਬਰੇਲੀ ਤੋਂ ਲਖਨਊ, 23 ਨੂੰ ਲਖਨਊ ਤੋਂ ਕਾਨਪੁਰ, 24 ਨੂੰ ਕਾਨ੍ਹਪੁਰ ਤੋਂ ਅਲੀਗੜ੍ਹ, 25 ਨੂੰ ਅਲੀਗੜ੍ਹ ਤੋਂ ਗੁਰਦੁਆਰਾ ਗੁਰੂ ਕਾ ਤਾਲ ਆਗਰਾ, 26 ਨੂੰ ਆਗਰਾ ਤੋਂ ਦਿੱਲੀ ਪਹੁੰਚੇਗਾ ਤੇ 27 ਜਨਵਰੀ ਨੂੰ ਦਿੱਲੀ ਰੁਕੇਗਾ। ਜਿਥੋਂ 28 ਜਨਵਰੀ ਨੂੰ ਕਰਨਾਲ (ਹਰਿਆਣਾ), 29 ਨੂੰ ਕਰਨਾਲ ਤੋਂ ਅੰਬਾਲਾ, 30 ਨੂੰ ਅੰਬਾਲਾ (ਹਰਿਆਣਾ) ਤੋਂ ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਪਹੁੰਚੇਗਾ। 31 ਜਨਵਰੀ ਨੂੰ ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਤੋਂ ਚੱਲ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਵੇਗਾ। ਇਕੱਤਰਤਾ ਮੌਕੇ ਸਬ ਕਮੇਟੀ ਮੈਂਬਰਾਂ ਤੋਂ ਇਲਾਵਾ ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਸੁਖਬੀਰ ਸਿੰਘ ਤੇ ਭੁਪਿੰਦਰ ਸਿੰਘ ਆਦਿ ਸ਼ਾਮਿਲ ਸਨ।

ਗਿਆਨੀ ਪਿੰਦਰਪਾਲ ਸਿੰਘ ਦਾ ਗੁ: ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਨਮਾਨ



ਅੰਮ੍ਰਿਤਸਰ : ਪਿਛਲੇ 15 ਦਿਨਾਂ ਤੋਂ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਹੁਕਮਨਾਮੇ ਦੀ ਕਥਾ ਅਤੇ ਗੁਰਮਤਿ ਵਿਚਾਰਾਂ ਸਰਵਨ ਕਰਾਉਂਦੇ ਆ ਰਹੇ ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਗਿਆਨੀ ਪਿੰਦਰਪਾਲ ਸਿੰਘ ਨੂੰ ਅੱਜ ਕਥਾ ਸਮਾਪਤੀ ਸਮੇਂ ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਤੇ ਧਾਰਮਿਕ ਸੁਸਾਇਟੀਆਂ ਵਲੋਂ ਸਨਮਾਨਿਤ ਕੀਤਾ ਗਿਆ। ਉਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਬੰਧੀ 25 ਅਕਤੂਬਰ ਤੋਂ ਅੱਜ ਤੱਕ ਲਗਾਤਾਰ ਕਥਾ ਦੀ ਸੇਵਾ ਨਿਭਾਅ ਰਹੇ ਸਨ। ਕਥਾ ਸਮਾਪਤੀ ਉਪਰੰਤ ਅੱਜ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਜਥੇਦਾਰ ਗਿਆਨੀ ਟੇਕ ਸਿੰਘ ਸਮੇਤ ਵੱਖ-ਵੱਖ ਜਥੇਬੰਦੀਆਂ ਵਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗਿਆਨੀ ਸੰਤ ਸਿੰਘ ਮਸਕੀਨ ਦੇ ਸਪੁੱਤਰ ਭਾਈ ਅਮਰਜੀਤ ਸਿੰਘ, ਬਾਬਾ ਗੁਰਦੇਵ ਸਿੰਘ ਕੁੱਲੀ ਵਾਲੇ, ਬਾਬਾ ਅਵਤਾਰ ਸਿੰਘ ਧੱਤਲ, ਮੰਗਵਿੰਦਰ ਸਿੰਘ ਖਾਪੜਖੇੜੀ, ਸੁਰਜੀਤ ਸਿੰਘ ਭਿੱਟੇਵੱਡ, ਜਰਨੈਲ ਸਿੰਘ ਡੋਗਰਾਂਵਾਲਾ, ਸਤਬੀਰ ਸਿੰਘ ਧਾਮੀ, ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਭਗਵੰਤ ਸਿੰਘ ਧੰਗੇੜਾ, ਜਸਵਿੰਦਰ ਸਿੰਘ ਜੱਸੀ, ਸ਼ਾਹਬਾਜ ਸਿੰਘ, ਬਿਜੈ ਸਿੰਘ, ਹਰਭਜਨ ਸਿੰਘ ਵਕਤਾ, ਜਨਰਲ ਮੈਨੇਜਰ ਮੇਜਰ ਸਿੰਘ, ਡਾ. ਧਰਮਵੀਰ ਸਿੰਘ, ਭਾਈ ਜਸਵੰਤ ਸਿੰਘ ਹਜ਼ੂਰੀ ਰਾਗੀ, ਭਾਈ ਪਿੰਦਰਪਾਲ ਸਿੰਘ ਦੀ ਸੁਪਤਨੀ ਬੀਬੀ ਦਲਜੀਤ ਕੌਰ ਆਦਿ ਮੌਜੂਦ ਸਨ।

ਕਰਤਾਰਪੁਰ ਸਾਹਿਬ ਰਾਵੀ ਦਰਸ਼ਨ ਅਭਿਲਾਖੀ ਸੰਸਥਾ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਲਾਂਘੇ ਲਈ ਕੀਤੀ ਅਰਦਾਸ



ਡੇਰਾ ਬਾਬਾ ਨਾਨਕ : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲਣ ਵਾਸਤੇ ਅੱਜ ਸਵ. ਜਥੇਦਾਰ ਕੁਲਦੀਪ ਸਿੰਘ ਵਡਾਲਾ ਦੀ ਦਰਸ਼ਨ ਅਭਿਲਾਖੀ ਸੰਸਥਾ ਦੇ ਆਗੂਆਂ ਵਲੋਂ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਹੇਠ ਡੇਰਾ ਬਾਬਾ ਨਾਨਕ ਦੀ ਅੰਤਰਰਾਸ਼ਟਰੀ ਸਰਹੱਦ 'ਤੇ ਬਣੇ ਦਰਸ਼ਨ ਸਥੱਲ 'ਤੇ ਕੀਤੀ ਗਈ। ਇਸ ਮੌਕੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸਾ. ਮੰਤਰੀ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਤੇ ਸ: ਗੁਰਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਸਾਡੀ ਸੰਸਥਾ ਵਲੋਂ ਅੱਜ ਮੱਸਿਆ ਦੇ ਦਿਹਾੜੇ ਮੌਕੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲਣ ਵਾਸਤੇ ਅਰਦਾਸ ਕੀਤੀ ਗਈ ਹੈ। ਉਨ੍ਹਾਂ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਸੰਗਤਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਹੋਇਆਂ ਇਹ ਲਾਂਘਾ ਜਲਦ ਖੋਲਿਆ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਲਾਂਘਾ ਖੋਲਣ ਦੇ ਨਾਲ ਨਾਲ ਸੰਗਤਾਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਰਾਤ ਰਹਿਣ ਦੀ ਵੀ ਇਜਾਜ਼ਤ ਦਿੱਤੀ ਜਾਵੇ। ਇਸ ਮੌਕੇ ਜਥੇਦਾਰ ਜਸਬੀਰ ਸਿੰਘ ਜੱਫਰਵਾਲ, ਅਵਤਾਰ ਸਿੰਘ ਕਲੇਰ ਸਾ. ਸੂਚਨਾ ਕਮਿਸ਼ਨਰ ਪੰਜਾਬ, ਜਥੇ. ਸੁਖਵੰਤ ਸਿੰਘ ਰੌਲੀ, ਜਥੇ. ਊਧਮ ਸਿੰਘ ਔਲਖ, ਜਥੇ. ਤਰਲੋਕ ਸਿੰਘ, ਬਾਬਾ ਗੁਰਮੇਜ਼ ਸਿੰਘ ਦਾਬਾਂਵਾਲਾ, ਇੰ. ਨਿਰਮਲ ਸਿੰਘ, ਜਤਿੰਦਰ ਸਿੰਘ ਦਾਬਾਂਵਾਲਾ, ਨਿਰਮਲ ਸਿੰਘ ਸਾਗਰਪੁਰ, ਜਥੇ. ਦਿਲਬਾਗ ਸਿੰਘ, ਸੁਖਦੇਵ ਸਿੰਘ, ਸੁਖਚੈਨ ਸਿੰਘ, ਪਿੰਦਰਪਾਲ ਸਿੰਘ ਭੁੱਲਟ, ਹਰਭਜਨ ਸਿੰਘ ਰੱਤੜਵਾਂ, ਜਸਵੰਤ ਸਿੰਘ ਜਫਰਵਾਲ, ਸੁਲੱਖਣ ਸਿੰਘ ਜਫਰਵਾਲ, ਗੁਰਪ੍ਰੀਤ ਸਿੰਘ ਖਾਸਾਂਵਾਲਾ, ਮੋਹਨ ਸਿੰਘ ਅਰਲੀਭੰਨ, ਤਰਸੇਮ ਸਿੰਘ ਜਫਰਵਾਲ, ਬਲਬੀਰ ਸਿੰਘ ਕੋਟਲਾ, ਸੁਰਿੰਦਰ ਸਿੰਘ ਨਕੋਦਰ, ਭੋਲਾ ਸਿੰਘ ਜਫਰਵਾਲ, ਦਲਬੀਰ ਸਿੰਘ ਸਰਫਕੋਟ, ਸੁਖਦੇਵ ਸਿੰਘ ਦਰਗਾਬਾਦ, ਦਿਲਬਾਗ ਸਿੰਘ ਬਿੱਲ ਨਵਾਬ ਤੇ ਜੋਗਿੰਦਰ ਸਿੰਘ ਆਦਿ ਹਾਜ਼ਰ ਸਨ।

ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼

ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

(ਲੜੀ-24)

ਪੰਜਾਬੀ ਸਭਿਆਚਾਰ ਵਿਚ ਪਲੇਠੇ ਬੱਚੇ ਦਾ ਜਨਮ ਹੀ ਨਾਨਕੇ ਘਰ ਹੁੰਦਾ ਸੀ। ਨਾਨੀ-ਨਾਨੇ ਦਾ ਦੋਹਤੀਆਂ -ਦੋਹਤਿਆਂ ਨਾਲ ਅਥਾਹ ਪਿਆਰ ਹੁੰਦਾ ਸੀ।

ਵਿਆਹ ਦਾ ਸਾਹਾ ਪੱਕਾ ਹੋਣ ਤੋਂ ਬਾਅਦ ਸਭ ਤੋਂ ਪਹਿਲਾਂ ਕਾਰਡ ਅਤੇ ਲੱਡੂ ਨਾਨਕੇ ਘਰ ਜਾਂਦੇ ਸਨ। ਇਸ ਨੂੰ ਭਾਜੀ ਲੈ ਕੇ ਜਾਣਾ ਕਿਹਾ ਜਾਂਦਾ ਸੀ। ਨਾਨਕੇ ਭਾਜੀ ਲੈ ਕੇ ਆਏ ਧੀ ਜਵਾਈ ਨੂੰ ਸ਼ਗਨ ਵਿਚ ਕੱਪੜੇ ਜਾਂ ਪੈਸੇ ਦੇ ਕੇ ਤੋਰਦੇ ਸਨ। ਨਾਨਕਿਆਂ ਵਲੋਂ ਸ਼ਰੀਕੇ ਭਾਈਚਾਰੇ ਵਿੱਚ ਭਾਜੀ ਵੰਡੀ ਜਾਂਦੀ ਸੀ। ਇਸਦੇ ਨਾਲ ਹੀ ਨਾਨਕੇ ਘਰ ਵਿਚ ਵੀ ਵਿਆਹ ਦੀ ਤਿਆਰੀ ਜ਼ੋਰ-ਸ਼ੋਰ ਨਾਲ ਸ਼ੁਰੂ ਹੋ ਜਾਂਦੀ ਸੀ। ਤਿਆਰ ਕੀਤੀ ਹੋਈ ਨਾਨਕੀ ਸ਼ੱਕ ਸੱਦਾ ਭੇਜ ਕੇ ਪਹਿਲਾਂ ਆਪਣੇ ਸ਼ਰੀਕੇ -ਭਾਈਚਾਰੇ ਨੂੰ ਦਿਖਾਈ ਜਾਂਦੀ ਸੀ। ਨਾਨਕੀ ਸ਼ੱਕ ਦੇਖਣ ਆਏ ਸ਼ਰੀਕੇ -ਭਾਈਚਾਰੇ ਵਲੋਂ ਨਾਨਕੇ ਘਰ ਸ਼ਗਨ-ਸਲਾਮੀਆਂ ਦਿੱਤੀਆਂ ਜਾਂਦੀਆਂ ਸਨ।

ਵਿਆਹ ਤੋਂ ਇਕ ਦਿਨ ਪਹਿਲਾਂ ਨਾਨਕੇ ਆਪਣੇ ਸ਼ਰੀਕੇ-ਭਾਈਚਾਰੇ ਨੂੰ ਨਾਲ ਲੈ ਕੇ ਵਿਆਹ ਵਾਲੇ ਘਰ ਪਹੁੰਚਦੇ ਸਨ। ਇਸ ਨੂੰ ਨਾਨਕਾ ਮੇਲ ਕਿਹਾ ਜਾਂਦਾ ਸੀ। ਨਾਨਕੇ ਵਿਆਹ ਵਾਲੇ ਘਰ ਖ਼ੁਸ਼ੀ ਵਿਚ ਸ਼ਰੀਕ ਹੁੰਦੇ ਸਨ। ਉਹ ਆਪਣੇ ਧੀ ਜਵਾਈ ਦੀ ਆਰਥਿਕ ਮਦਦ ਵੀ ਕਰਦੇ ਸਨ। ਵਿਆਹ ਵੇਲੇ ਇਨ੍ਹਾਂ ਸਭ ਰਿਸ਼ਤੇਦਾਰਾਂ ਦਾ ਇੱਕਤਰ ਹੋਣਾ ਇਕ ਤਰ੍ਹਾਂ ਨਾਲ ਨਵੀਂ ਵਿਆਹੀ ਜੋੜੀ ਨੂੰ ਅਸ਼ੀਰਵਾਦ ਦੇਣਾ, ਖ਼ੁਸ਼ੀ ਸਾਂਝੀ ਕਰਨਾ ਅਤੇ ਕੰਮ-ਕਾਰ ਵਿਚ ਹੱਥ ਵਟਾਉਣਾ ਹੁੰਦਾ ਸੀ। ਰਿਸ਼ਤੇਦਾਰਾਂ ਦੀ ਹਾਜ਼ਰੀ ਵਿਚ ਪ੍ਰਵਾਨ ਚੜ੍ਹੇ ਵਿਆਹ ਨੂੰ ਬਾਅਦ ਵਿਚ ਵੀ ਇਨ੍ਹਾਂ ਰਿਸ਼ਤਿਆਂ ਵਲੋਂ ਭਰਪੂਰ ਸਹਿਯੋਗ ਅਤੇ ਪਿਆਰ ਮਿਲਦਾ ਸੀ। ਇੱਥੇ ਹੀ ਬੱਸ ਨਹੀਂ। ਨਾਨਕੀਆਂ ਵਲੋਂ ਨਾਨਕੀ ਸ਼ੱਕ ਦੇ ਨਾਲ ਸਿੱਠਣੀਆਂ ਦੀ ਵੀ ਪੂਰੀ ਤਿਆਰੀ ਹੁੰਦੀ ਸੀ। ਸਿੱਠਣੀ ਵਿਅੰਗ ਭਰਪੂਰ ਕਾਵਿ ਰੂਪ ਦਾ ਨਾਮ ਹੈ। ਪੰਜਾਬੀ ਦੀ ਇਕ ਅਖਾਣ 'ਵਿਆਹ ਦੀਆਂ ਸਿੱਠਣੀਆਂ ਲੜਾਈ ਦੇ ਮਿਹਣੇ-ਅਸੀਂ ਨਿੱਤ ਨਹੀਂ ਦੇਣੇ' ਸਪਸ਼ਟ ਕਰਦੀ ਹੈ ਕਿ ਸਿੱਠਣੀਆਂ ਵਿਅੰਗ ਅਤੇ ਹਾਸੇ- ਠੱਠੇ ਦੀ ਪੇਸ਼ਕਾਰੀ ਦਾ ਹੀ ਨਾਮ ਹੈ। ਇਨ੍ਹਾਂ ਸਿੱਠਣੀਆਂ ਵਿਚ ਦੋਵਾਂ ਧਿਰਾਂ ਵਲੋਂ ਆਪਣੀ ਭਰਪੂਰ ਪ੍ਰਸ਼ੰਸਾ ਕੀਤੀ ਜਾਂਦੀ ਹੈ ਅਤੇ ਦੂਜੀ ਧਿਰ ਦੇ ਨੁਕਸ ਕੱਢੇ ਜਾਂਦੇ ਹਨ। ਮਹਾਨ ਕੋਸ਼ ਦੇ ਰਚਨਹਾਰੇ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸਿੱਠਣੀ ਦਾ ਭਾਵ ਅਰਥ ਵਿਅੰਗ ਨਾਲ ਕਹੀ ਹੋਈ ਬਾਣੀ ਹੈ। ਵਿਆਹ ਸਮੇਂ ਇਸਤਰੀਆਂ ਜੋ ਗਾਲ੍ਹੀਆਂ ਨਾਲ ਮਿਲਾ ਕੇ ਗੀਤ ਗਾਉਂਦੀਆਂ ਹਨ, ਉਹਨਾਂ ਦੀ ਸਿੱਠਣੀ ਸੰਗਯਾ ਹੈ।"

ਸਿੱਠਣੀਆਂ ਦੀ ਪੂਰੀ ਤਿਆਰੀ ਨਾਲ ਨਾਨਕਾ ਮੇਲ ਵਿਆਹ ਵਾਲੇ ਪਿੰਡ ਪੁੱਜਦੇ ਹੀ ਉੱਤੇ ਦਾ ਵਾਤਾਵਰਨ ਬਦਲ ਜਾਂਦਾ ਸੀ। ਸਭ ਪਾਸੇ ਖ਼ੁਸ਼ੀ ਦੀ ਲਹਿਰ ਦੌੜ ਜਾਂਦੀ ਸੀ। ਵਿਆਹ ਵਾਲੇ ਘਰ ਚਹਿਲ-ਪਹਿਲ ਹੁੰਦੀ ਸੀ। ਨਾਨਕੀਆਂ ਦਾ ਝੁੰਡ ਵਿਆਹ ਵਾਲੇ ਘਰ ਦੇ ਕੋਲ ਪੁੱਜ ਕੇ ਸਿੱਠਣੀਆਂ ਦੇਣੀਆਂ ਸ਼ੁਰੂ ਕਰ ਦਿੰਦਾ ਸੀ। ਸਭ ਸ਼ਰੀਕਣਾਂ ਨਾਨਕੀਆਂ



ਗਾਉਂਦੀਆਂ ਸੁਣ ਕੇ ਹਥਲਾ ਕੰਮ-ਕਾਜ ਵਿਚਾਲੇ ਛੱਡ ਕੇ ਵਿਆਹ ਵਾਲੇ ਘਰ ਮੁਕਾਬਲਾ ਕਰਨ ਲਈ ਪੁੱਜ ਜਾਂਦੀਆਂ ਸਨ। ਇਹ ਰਸਮ ਵੀ ਵਿਰਲੀ ਟਾਵੀਂ ਹੋ ਰਹੀ ਹੈ। ਪਰਦੇਸਾਂ ਵਿਚ ਨਾਨਕੀਆਂ-ਦਾਦਕੀਆਂ ਇੱਕਠੀਆਂ ਤਾਂ ਹੁੰਦੀਆਂ ਹਨ ਪਰ ਨਾਨਕਾ ਮੇਲ਼ ਵਾਲਾ ਰੰਗ ਨਹੀਂ ਬੱਝਦਾ। ਨਾਨਕਾ ਮੇਲ ਦੀਆਂ ਸਿੱਠਣੀਆਂ 'ਤੇ ਡੀ.ਜੇ ਭਾਰੂ ਹੋ ਜਾਂਦਾ ਹੈ।

ਨਾਨਕਾ ਮੇਲ਼ ਦੇ ਗੀਤ:

ਇਸ ਪਿੰਡ ਦਿਓ ਪੰਚੋ, ਵੇ ਸਰਪੰਚੋ, ਲੰਬੜਦਾਰੋ!

ਵੇ ਮੇਲ ਆਇਆ ਨਾਨਕਿਆਂ ਦਾ,
ਜ਼ਰਾ ਹਟ ਕੇ ਪਰ੍ਹਾਂ ਨੂੰ ਲੰਘ ਜਾਇਓ।
ਬਈ ਵੱਡੀ ਮਾਮੀ ਜ਼ੈਲਦਾਰਨੀ,
ਕਿਤੇ ਮਾਮੀ ਦੇ ਨਾ ਹੱਥ ਲੱਗ ਜਾਇਓ।
ਆਉਂਦੀ ਕੁੜੀਏ, ਜਾਂਦੀ ਕੁੜੀਏ,
ਭਰ ਲਿਆ ਟੋਕਰਾ ਨੜਿਆਂ ਦਾ,
ਕਿੱਥੇ ਲਾਹੇਂਗੀ, ਕਿੱਥੇ ਲਾਹੇਂਗੀ,
ਨੀ ਸਾਰਾ ਪਿੰਡ ਛੜਿਆਂ ਦਾ।
ਆਉਂਦੀ ਕੁੜੀਏ, ਜਾਂਦੀ ਕੁੜੀਏ,
ਕਿਹੜੀਆਂ ਗੱਲਾਂ ਦੇ ਰੋਣੇ,
ਨੀ ਪਿੰਡ ਸਰਦਾਰਾਂ ਦਾ, ਮੁੰਡੇ ਗੱਭਰੂ ਜੱਟਾਂ ਦੇ ਬੜੇ ਸੁਹਣੇ।

ਇੱਥੇ ਇਕ ਘਟਨਾ ਦਾ ਜ਼ਿਕਰ ਕਰਨਾ ਚਾਹਾਂਗੀ। ਇਹ ਗੱਲ ਉਸ ਵੇਲੇ ਦੀ ਹੈ; ਜਦ ਮੈਂ ਪੰਜਵੀਂ ਕਲਾਸ ਵਿਚ ਪੜ੍ਹਦੀ ਸੀ। ਮੈਂ ਆਪਣੀ ਸਹੇਲੀ ਜੀਤੀ (ਜੋ ਨਾਲ ਦੇ ਪਿੰਡ ਛੋਟੀਆਂ ਮੁਨਕਾਂ) ਵਿਚ ਰਹਿੰਦੀ ਸੀ, ਦੇ ਘਰ ਵੱਲ ਜਾ ਰਹੀ ਸੀ। ਰਸਤੇ ਵਿਚ ਇਕ ਨਾਨਕਾ ਮੇਲ ਜਾ ਰਿਹਾ ਸੀ। ਮੈਂ ਨਾਨਕਾ ਮੇਲ ਦੇ ਪਿੱਛੇ-ਪਿੱਛੇ ਤੁਰਨਾ ਸ਼ੁਰੂ ਕਰ ਦਿੱਤਾ। ਉਹ ਕੀ ਗਾਉਂਦੀਆਂ ਸਨ ਮੇਰੇ ਚੇਤੇ ਵਿਚੋਂ ਵਿਸਰ ਚੁੱਕਾ ਹੈ ਪਰ ਇਹ ਯਾਦ ਹੈ ਕਿ ਪਿੰਡ ਦੇ ਇਕ ਪਾਸੇ ਇਕ ਖੁੱਲ੍ਹੀ ਹਵੇਲੀ ਵਿਚ ਇਕ ਬਜ਼ੁਰਗ ਔਰਤ ਹੱਥ-ਮੂੰਹ ਧੋ ਰਹੀ ਸੀ। ਨਾਨਕਾ ਮੇਲ ਨੇ ਖੜ੍ਹ ਕੇ ਉਸ ਵੱਲ ਤੱਕਦੇ ਹਾਸੇ ਦੇ ਠਹਾਕੇ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਨਾਲ ਹੀ ਆਪਣਾ ਗੀਤ ਬਦਲ ਕੇ ਗਾਉਣਾ ਸ਼ੁਰੂ ਕਰ ਦਿੱਤਾ:

ਬੁੱਢੀਆਂ ਤਰਸਦੀਆਂ, ਸਾਨੂੰ ਮੁੜ ਕੇ ਜਵਾਨੀ ਆਵੇ।

ਉਹ ਗਾਉਂਦੀਆਂ-ਗਾਉਂਦੀਆਂ ਹੱਸ-ਹੱਸ ਕੇ ਲੋਟ-ਪੋਟ ਹੋ ਰਹੀਆਂ ਸਨ ਅਤੇ ਨਲਕੇ ਤੇ ਖੜ੍ਹੀ ਮਾਈ ਵੀ ਉਨ੍ਹਾਂ ਦਾ ਗੀਤ ਸੁਣ ਕੇ ਹੱਸ ਰਹੀ ਸੀ। ਇਸ ਘਟਨਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਨਾਨਕਾ ਮੇਲ ਰਸਤੇ ਵਿਚ ਕਿਸੇ ਵੀ ਆਉਂਦੇ ਜਾਂਦੇ ਨੂੰ ਬਖ਼ਸ਼ਦਾ ਨਹੀਂ ਸੀ। ਨਾਨਕਾ ਮੇਲ ਸਾਰੇ ਪਿੰਡ ਲਈ ਮਹਿਮਾਨ ਹੁੰਦਾ ਸੀ। ਇਸ ਲਈ ਵਿਆਹ ਵਾਲੇ ਪਿੰਡ ਵਿਚ ਨਾਨਕੀਆਂ ਦੀ ਹਰ ਵਧੀਕੀ ਨੂੰ ਖਿੜੇ ਮੱਥੇ ਸਵੀਕਾਰ ਕੀਤਾ ਜਾਂਦਾ ਸੀ। ਉਹ ਵਿਆਹ ਵਾਲੇ ਘਰ ਤੱਕ ਪੁੱਜਦੇ ਰਸਤੇ ਵਿਚ ਜੇਕਰ ਕੋਈ ਮੰਜੇ ਤੇ ਬੈਠਾ ਹੋਵੇ ਤਾਂ ਮੰਜਾ ਉਲਟਾਉਂਦੇ, ਮਸ਼ਕਰੀਆਂ ਕਰਦੇ, ਹੱਸਦੇ-ਗਾਉਂਦੇ ਘਰ ਕੋਲ ਪੁੱਜਦੇ ਹੀ ਨਿਮਨਲਿਖਤ ਗੀਤ ਸ਼ੁਰੂ ਕਰ ਦਿੰਦੀਆਂ ਸਨ:

ਉੱਤੇ ਨੀ ਲਾਡੋ ਸੁੱਤੜੀਏ,
ਨੀ ਮਾਮੇ ਤੇਰੇ ਆਏ।
ਮਾਮੀਆਂ ਕਾਨ੍ਹਾਂ ਦੀਆਂ ਗੋਪੀਆਂ,
ਨੀ ਮਾਮੇ ਕਾਨ੍ਹ ਜੀ ਆਏ।

ਦਾਦਕੀਆਂ ਸੁਣਦੇ ਹੀ ਵਾਰੀ ਵਿਚ ਜਵਾਬ ਦਿੰਦੀਆਂ ਸਨ:

ਉੱਤੇ ਨੀ ਲਾਡੋ ਸੁੱਤੜੀਏ,
ਨੀ ਮਾਮੇ ਤੇਰੇ ਆਏ।
ਮਾਮੀਆਂ ਚਾਉਣੇ ਦੀਆਂ ਵੱਛੀਆਂ,
ਨੀ ਮਾਮੇ ਚਾਰਦੇ ਆਏ।
ਮਾਮੀਆਂ ਚਿੱੜ-ਮ-ਚਿੱੜੀਆਂ,
ਨੀ ਮਾਮੇ ਸੂਰਾਂ ਦੇ ਜਾਏ।
ਹਰੀ ਹਰੀ ਗੰਦਲ ਮੰਗਾ ਦਾਰੀਏ,
ਸਾਡੇ ਆਉਂਦਿਆਂ ਦੇ-ਸਾਡੇ ਆਉਂਦਿਆਂ ਦੇ।
ਸ਼ਗਨ ਮਨਾ ਦਾਰੀਏ,
ਕੌਲ਼ੇ ਨਾਲ ਤੇਲ ਚੁਆ ਦਾਰੀਏ।

(ਚਲਦਾ)

ਗਾਖਲ ਪਰਿਵਾਰ ਨਨਕਾਣਾ ਸਾਹਿਬ ਵਿਖੇ ਪੀਣ ਵਾਲੇ ਪਾਣੀ ਦੀ ਕਰੇਗਾ

ਸੇਵਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਕੀਤੀ ਜਾ ਰਹੀ ਸੇਵਾ : ਅਮੋਲਕ ਸਿੰਘ ਗਾਖਲ

ਸਾਨ ਫਰਾਂਸਿਸਕੋ : ਗਾਖਲ ਗਰੁੱਪ ਯੂ.ਐੱਸ.ਏ. ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ) ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਮੇਤ ਪਾਕਿਸਤਾਨ ਦੇ ਹੋਰ ਸਾਰੇ ਗੁਰੂਘਰਾਂ ਵਿਚ ਹੋਣ ਵਾਲੇ ਧਾਰਮਿਕ ਸਮਾਗਮਾਂ ਵਿਚ ਦੇਸ਼ ਵਿਦੇਸ਼ ਤੋਂ ਪੁੱਜਣ ਵਾਲੀ ਸੰਗਤ ਦੀ 70 ਹਜ਼ਾਰ ਪਾਣੀ ਦੀਆਂ ਬੋਤਲਾਂ ਨਾਲ ਸੇਵਾ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਉਹ ਸਮੁੱਚੀ ਦੁਨੀਆਂ 'ਚ ਵਸਦੇ ਭਾਈਚਾਰੇ ਨੂੰ ਹੱਥ ਜੋੜ ਕੇ ਬੇਨਤੀ ਕਰਦੇ ਹਨ ਕਿ ਇਸ ਵਾਰ 22, 23, 24 ਨਵੰਬਰ 2026 ਨੂੰ ਪਾਕਿਸਤਾਨ ਦੇ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਮਨਾਏ ਜਾ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਪੁਰਬ ਵਿਚ ਸ਼ਾਮਿਲ ਜ਼ਰੂਰ ਹੋਇਆ ਜਾਵੇ। ਉਹਨਾਂ ਕਿਹਾ ਕਿ ਸਮੂਹ ਪ੍ਰਵਾਸੀ ਵੀਰਾਂ ਭੈਣਾਂ ਨੂੰ ਚਾਹੀਦਾ ਹੈ ਕਿ ਉਹ ਖੁਦ ਪਾਕਿਸਤਾਨ ਜਾ ਕੇ ਗੁਰੂਘਰਾਂ ਦੇ ਦਰਸ਼ਨ ਕਰਨ ਤੇ ਗੁਰੂਘਰਾਂ ਦੀ ਆਰਥਿਕ ਮਦਦ ਕਰ ਕੇ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਪਾਕਿਸਤਾਨ ਦੇ ਗੁਰੂਘਰਾਂ ਵਿਚ ਕੀਤੀ ਜਾ ਰਹੀ ਪਾਣੀ ਤੇ ਲੰਗਰ ਦੀ ਸੇਵਾ ਬਾਰੇ ਬੋਲਦਿਆਂ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਹ ਅਰਦਾਸ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਉਹਨਾਂ ਦੇ ਪਰਿਵਾਰ ਤੋਂ ਅਜਿਹੀ ਸੇਵਾ ਹਮੇਸ਼ਾ ਹੀ ਲੈਂਦੇ ਰਹਿਣ।



ਦੀਵਾਲੀ ਦੇ ਤਿਉਹਾਰ ਮੌਕੇ ਕਰੋੜਾਂ ਰੁਪਏ ਦੀਆਂ ਗੈਰ-ਮਿਆਰੀ ਮਠਿਆਈਆਂ ਛਕ ਗਏ ਭਾਰਤੀ ਲੋਕ

ਬਠਿੰਡਾ : ਤਿਉਹਾਰਾਂ ਦੇ ਸੀਜ਼ਨ ਦੌਰਾਨ ਦੇਸ਼ ਭਰ ਦੇ ਲੋਕਾਂ ਵਲੋਂ 35 ਹਜ਼ਾਰ ਕਰੋੜ ਦੀਆਂ ਮਠਿਆਈਆਂ ਅਤੇ ਨਮਕੀਨ ਪਦਾਰਥਾਂ ਦੀ ਖਰੀਦ ਕੀਤੀ ਗਈ, ਪਰ ਇਨ੍ਹਾਂ ਵਿਚੋਂ ਕਿੰਨੇ ਉਤਪਾਦ ਗੁਣਵੱਤਾ ਦੀ ਕਸੌਟੀ 'ਤੇ ਖਰੇ ਉਤਰੇ, ਇਹ ਸਵਾਲ ਇਕ ਵਾਰ ਫਿਰ ਖਾਧ ਸੁਰੱਖਿਆ ਪ੍ਰਬੰਧਾਂ 'ਤੇ ਉੱਠਣ ਲੱਗਾ ਹੈ। ਤਿਉਹਾਰਾਂ ਦੇ ਸੀਜ਼ਨ ਦੌਰਾਨ ਨਕਲੀ ਅਤੇ ਗੈਰ-ਮਿਆਰੀ ਦੁੱਧ, ਖੋਆ, ਪਨੀਰ, ਦੇਸੀ ਘਿਓ ਅਤੇ ਮਠਿਆਈਆਂ ਦੀ ਵਿਕਰੀ ਦਾ ਬੋਲਬਾਲਾ ਰਹਿਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਖਾਧ ਸੁਰੱਖਿਆ ਵਿਭਾਗ ਵਲੋਂ ਦੇਸ਼ ਭਰ ਵਿਚ ਛਾਪੇਮਾਰੀ ਅਤੇ ਜਾਂਚ ਮੁਹਿੰਮ ਚਲਾਉਣ ਦੇ ਬਾਵਜੂਦ ਮਿਲਾਵਟਖੋਰਾਂ ਵਲੋਂ ਮਿਲਾਵਟੀ ਦੁੱਧ ਪਦਾਰਥਾਂ ਦੀਆਂ ਬਣਾਈਆਂ ਗਈਆ ਮਠਿਆਈਆਂ ਨੂੰ ਬਜ਼ਾਰਾਂ ਵਿਚ ਵਿਕਰੀ ਲਈ ਪਰੋਸਿਆ ਗਿਆ ਹੈ। ਚਾਲੂ ਵਰ੍ਹੇ ਨਰਾਤਿਆਂ ਦੇ ਦਿਨਾਂ ਸਣੇ ਦੇਸ਼ 'ਚ 27 ਹਜ਼ਾਰ ਕਰੋੜ ਰੁਪਏ ਦਾ ਮਠਿਆਈਆਂ ਦਾ ਕਾਰੋਬਾਰ ਹੋਇਆ। ਸਾਲ 2026 ਦੌਰਾਨ ਭਾਰਤ ਵਿਚ 7 ਲੱਖ ਕਰੋੜ ਰੁਪਏ ਤੱਕ ਮਠਿਆਈਆਂ ਦਾ ਕਾਰੋਬਾਰ ਹੋਣ ਦੀ ਸੰਭਾਵਨਾ ਹੈ। ਲੰਘੇ ਵਰ੍ਹੇ ਨਾਲੋਂ ਚਾਲੂ ਵਰ੍ਹੇ ਦੌਰਾਨ ਮਠਿਆਈਆਂ ਦਾ ਵਪਾਰ ਇਕ ਲੱਖ ਕਰੋੜ ਰੁਪਏ ਵੱਧ ਗਿਆ ਹੈ। ਕੇਂਦਰੀ ਖਾਧ ਸੁਰੱਖਿਆ ਅਤੇ ਮਿਆਰ ਅਥਾਰਟੀ (ਐਫ.ਐਸ.ਐਸ.ਏ.ਆਈ.) ਵਲੋਂ ਜਾਰੀ ਅੰਕੜਿਆਂ ਅਨੁਸਾਰ 1 ਸਤੰਬਰ ਤੋਂ 5



ਨਵੰਬਰ 2026 ਤੱਕ ਦੇਸ਼ ਭਰ ਵਿਚ 56,431 ਖਾਧ ਕਾਰੋਬਾਰੀ ਅਦਾਰਿਆਂ ਦੀ ਜਾਂਚ ਕੀਤੀ ਗਈ। ਇਸ ਦੌਰਾਨ 3,279.57 ਟਨ ਪਾਬੰਦੀਸ਼ੁਦਾ ਅਤੇ ਨਿਰਧਾਰਿਤ ਮਿਆਰਾਂ 'ਤੇ ਖਰੇ ਨਾ ਉਤਰਨ ਵਾਲੇ ਖਾਧ ਪਦਾਰਥ ਜ਼ਬਤ ਕੀਤੇ ਗਏ, ਜਿਨ੍ਹਾਂ ਦੀ ਕੀਮਤ ਲਗਭਗ 81.80 ਕਰੋੜ ਰੁਪਏ ਦੱਸੀ ਗਈ ਹੈ। ਇਸੇ ਮੁਹਿੰਮ ਤਹਿਤ 1,133 ਕਾਰੋਬਾਰੀਆਂ ਦੇ ਲਾਇਸੈਂਸ ਮੁਅੱਤਲ ਕੀਤੇ ਗਏ, 52 ਲਾਇਸੈਂਸ ਰੱਦ ਕੀਤੇ ਗਏ ਅਤੇ 314 ਅਦਾਰਿਆਂ ਨੂੰ ਸੀਲ ਕੀਤਾ ਗਿਆ। ਇਸ ਤੋਂ ਇਲਾਵਾ 10,047 ਸੁਧਾਰ ਨੋਟਿਸ ਵੀ ਜਾਰੀ ਕੀਤੇ ਗਏ। ਮਿਲਾਵਟੀ ਖਾਧ ਪਦਾਰਥਾਂ ਦੇ ਮਾਮਲੇ ਵਿਚ ਰਾਜਧਾਨੀ ਦਿੱਲੀ ਸਭ ਤੋਂ ਅੱਗੇ ਹੈ। ਖਾਧ ਸੁਰੱਖਿਆ ਵਿਭਾਗ ਵਲੋਂ ਕੀਤੀ ਵੱਡੀ ਕਾਰਵਾਈ ਦੌਰਾਨ ਲਗਭਗ 7,000 ਕਿੱਲੋ ਬਦਬੂਦਾਰ ਅਤੇ ਗੈਰ-ਸਿਹਤਮੰਦ ਖੋਆ ਜ਼ਬਤ ਕਰਕੇ ਨਸ਼ਟ ਕੀਤਾ ਗਿਆ। ਇਸੇ ਕਾਰਵਾਈ ਦੌਰਾਨ 44 ਨਮੂਨੇ ਲਏ ਗਏ, ਜਿਨ੍ਹਾਂ ਵਿਚੋਂ 35 ਮੁੱਢਲੀ ਜਾਂਚ ਵਿਚ ਫੇਲ੍ਹ ਪਾਏ ਗਏ। ਸਰਕਾਰੀ ਅੰਕੜੇ ਇਹ ਵੀ ਦੱਸਦੇ ਹਨ ਕਿ ਦੁੱਧ ਅਤੇ ਦੁੱਧ ਤੋਂ ਬਣਨ ਵਾਲੇ ਪਦਾਰਥਾਂ ਦੀ ਗੁਣਵੱਤਾ ਸਬੰਧੀ ਸਮੱਸਿਆ ਕਿੰਨੀ ਗੰਭੀਰ ਹੈ। ਵਿੱਤੀ ਸਾਲ 2024-25 ਦੌਰਾਨ ਦੇਸ਼ ਵਿਚ ਦੁੱਧ ਅਤੇ ਦੁੱਧ ਉਤਪਾਦਾਂ ਦੇ 33,405 ਨਮੂਨਿਆਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿਚੋਂ 12,780 ਨਮੂਨੇ ਨਿਰਧਾਰਿਤ ਮਿਆਰਾਂ ਅਨੁਸਾਰ ਖਰੇ ਨਹੀਂ ਉਤਰੇ। ਇਹ ਕੁੱਲ ਜਾਂਚੇ ਨਮੂਨਿਆਂ ਦਾ ਲਗਭਗ 38.3 ਫ਼ੀਸਦੀ ਬਣਦਾ ਹੈ। ਇਹ ਅੰਕੜੇ ਖਾਧ ਪਦਾਰਥਾਂ ਦੀ ਗੁਣਵੱਤਾ ਅਤੇ ਜਾਂਚ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਦਰਸਾਉਂਦੇ ਹਨ। ਲੋਕਾਂ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਖਾਧ ਪਦਾਰਥਾਂ ਵਿਚ ਮਿਲਾਵਟ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦੋ ਕੀਰਤਨੀ ਜਥਿਆਂ 'ਤੇ ਕਾਰਵਾਈ

ਭਾਈ ਜਗਜੀਤ ਸਿੰਘ ਬਬੀਹਾ ਅਤੇ ਭਾਈ ਕੁਲਵਿੰਦਰ ਸਿੰਘ ਖਰੜ ਵਾਲੇ ਦੇ ਕੀਰਤਨੀ ਜਥਿਆਂ ਖ਼ਿਲਾਫ਼ ਕੀਤੀ ਕਾਰਵਾਈ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਭਾਈ ਜਗਜੀਤ ਸਿੰਘ ਬਬੀਹਾ ਅਤੇ ਭਾਈ ਕੁਲਵਿੰਦਰ ਸਿੰਘ ਖਰੜ ਦੇ ਕੀਰਤਨੀ ਜਥਿਆਂ 'ਤੇ ਸੰਗਤ ਵਿਚ ਕੀਰਤਨ ਕਰਨ ਤੋਂ 13 ਨਵੰਬਰ ਤੋਂ ਲੈ ਕੇ 12 ਦਸੰਬਰ ਤੱਕ ਇਕ ਮਹੀਨੇ ਦੀ ਰੋਕ ਲਗਾਈ ਗਈ ਹੈ। ਇਹ ਕਾਰਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ ਬੀਤੇ ਦਿਨਾਂ ਤੋਂ ਦੋਵਾਂ ਜਥਿਆਂ ਵਿਚਕਾਰ ਚੱਲ ਰਹੇ ਆਪਸੀ ਵਿਵਾਦ ਅਤੇ ਸੰਗਤ ਵਲੋਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਗਾਤਾਰ ਪੁੱਜ ਰਹੀਆਂ ਸ਼ਿਕਾਇਤਾਂ ਤੋਂ ਬਾਅਦ ਕੀਤੀ ਗਈ ਹੈ।

ਸਕੱਤਰੇਤ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੋਏ ਆਦੇਸ਼ ਵਿਚ ਕਿਹਾ ਗਿਆ ਹੈ ਕਿ ਸਿੱਖ ਰਹਿਤ ਮਰਯਾਦਾ, ਸੰਗਤ ਵਿਚ ਵਿਚਰਨ ਅਤੇ ਗੁਰਮਤਿ ਸੰਗੀਤ ਦੀ ਸੋਝੀ ਪ੍ਰਾਪਤ ਕਰਨ ਲਈ ਭਾਈ ਜਗਜੀਤ ਸਿੰਘ ਬਬੀਹਾ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਅਤੇ ਭਾਈ ਕੁਲਵਿੰਦਰ ਸਿੰਘ ਖਰੜ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕ ਮਹੀਨੇ ਲਈ ਗੁਰਮਤਿ ਦੀ ਜਾਣਕਾਰੀ ਪ੍ਰਾਪਤ ਕਰਨਗੇ ਅਤੇ ਮਨ ਵਿਚ ਨਿਮਰਤਾ ਲਿਆਉਣ ਲਈ ਲੰਗਰ ਹਾਲ ਵਿਚ ਸਵੇਰੇ-ਸ਼ਾਮ ਸੇਵਾ ਕਰਨ ਉਪਰੰਤ ਇਕ ਮਹੀਨੇ ਬਾਅਦ ਸਕੱਤਰੇਤ ਅਕਾਲ ਤਖ਼ਤ ਸਾਹਿਬ ਵਿਖੇ ਸੰਬੰਧਿਤ ਸੰਸਥਾਵਾਂ ਤੋਂ ਪ੍ਰਮਾਣ ਪੱਤਰ ਲੈ ਕੇ ਨਿੱਜੀ ਰੂਪ ਵਿਚ ਪੇਸ਼ ਹੋਣਗੇ। ਆਦੇਸ਼ ਵਿਚ ਕਿਹਾ ਗਿਆ ਹੈ ਕਿ ਗੁਰਬਾਣੀ ਕੀਰਤਨ ਗੁਰੂ ਪਾਤਸ਼ਾਹ ਵਲੋਂ ਬਖ਼ਸ਼ੀ ਦਾਤ ਅਤੇ ਰੂਹ ਦੀ ਖ਼ੁਰਾਕ ਹੈ। ਗੁਰਬਾਣੀ ਕੀਰਤਨ ਕਰਨ ਵਾਲੇ ਇਨਸਾਨ ਵਿਚ ਗੁਰੂ ਦੀ ਭੈਅ ਭਾਵਨੀ, ਨਿਮਰਤਾ, ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਅਤੇ ਗੁਰਬਾਣੀ ਸੰਗੀਤ ਪ੍ਰਣਾਲੀ ਦਾ ਗਿਆਨ ਹੋਣਾ ਜ਼ਰੂਰੀ ਹੈ। ਪਿਛਲੇ ਕੁਝ ਸਮੇਂ ਤੋਂ ਭਾਈ ਜਗਜੀਤ ਸਿੰਘ ਬਬੀਹਾ ਅਤੇ ਭਾਈ ਕੁਲਵਿੰਦਰ ਸਿੰਘ ਖਰੜ ਵਲੋਂ ਜਿਥੇ ਗੁਰਬਾਣੀ ਕੀਰਤਨ ਦੀ ਮਰਿਆਦਾ ਦੀ ਉਲੰਘਣਾ ਕੀਤੀ ਗਈ ਹੈ, ਉੱਥੇ ਹੀ ਇਕ ਦੂਜੇ ਵਿਰੁੱਧ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਸੋਸ਼ਲ ਮੀਡੀਆ ਰਾਹੀਂ ਹਲਕੇ ਪੱਧਰ ਦੀ ਦੂਸ਼ਣਬਾਜੀ ਵੀ ਕੀਤੀ ਜਾ ਰਹੀ ਹੈ। ਕਿਹਾ ਗਿਆ ਕਿ ਇਸ ਨਾਲ ਪੁਰਾਤਨ ਕੀਰਤਨੀਏ ਅਤੇ ਸੰਗਤ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ।

ਪੰਜਾਬ ਦੀ ਤਰੱਕੀ ਲਈ ਜੋ ਪਾਰਟੀ ਸਾਥ ਦੇਵੇ, ਲੈ ਲੈਣਾ ਚਾਹੀਦੈ: ਚੰਦੂਮਾਜਰਾ



ਦੇਵੀਗੜ੍ਹ : ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਅੱਜ ਉਨ੍ਹਾਂ ਦੇ ਪੁੱਤਰ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨਾਲ ਇਤਿਹਾਸਕ ਗੁਰਦੁਆਰਾ ਮਗਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਨੂੰ ਹੱਸਦਾ-ਵੱਸਦਾ ਰੱਖਣ ਲਈ ਇਥੋਂ ਗੈਰ-ਪੰਜਾਬੀਆਂ ਨੂੰ ਭਜਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਪੰਜਾਬ ਦੀ ਧਰਤੀ ਨੂੰ ਬਾਹਰਲੇ ਧਾੜਵੀਆਂ ਨੇ ਆ ਕੇ ਬਹੁਤ ਲੁੱਟਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਸਨੌਰ ਦਾ ਇੰਚਾਰਜ ਲਾਏ ਜਾਣ ਦੀ ਖ਼ੁਸ਼ੀ ਵਿੱਚ ਅੱਜ ਗੁਰੂ ਘਰ ਮੱਥਾ ਟੇਕਿਆ ਹੈ। ਹਲਕੇ ਦੇ ਲੋਕਾਂ ਵਿੱਚ ਖ਼ੁਸ਼ੀ ਪਾਈ ਜਾ ਰਹੀ ਹੈ ਅਤੇ ਉਨ੍ਹਾਂ ਦੇ ਚਿਹਰੇ ਖਿੜ ਗਏ ਹਨ। ਇਸ ਕਰ ਕੇ ਹੀ ਹਲਕੇ ਦੇ ਹਰ ਪਿੰਡ ਵਿੱਚੋਂ ਵਰਕਰਾਂ ਦੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਲਈ ਸੁਨੇਹੇ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰੱਕੀ ਲਈ ਜੋ ਵੀ ਪਾਰਟੀ ਸਾਥ ਦੇਵੇ ਉਸ ਦਾ ਸਾਥ ਲੈ ਲੈਣਾ ਚਾਹੀਦਾ ਹੈ। ਹਲਕਾ ਸਨੌਰ ਦੀ ਤਰੱਕੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਹਰੇਕ ਘਰ ਨੂੰ 50-50 ਹਜ਼ਾਰ ਪ੍ਰਤੀ ਮਹੀਨੇ ਦੇ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇਗਾ ਅਤੇ ਬੈਂਕਾਂ ਤੋਂ ਬਿਨਾਂ ਵਿਆਜ ਕਰਜ਼ੇ ਦਿਵਾਏ ਜਾਣਗੇ, ਤਾਂ ਕਿ ਬੇਰੁਜ਼ਗਾਰ ਆਪਣੇ ਕਾਰੋਬਾਰ ਸ਼ੁਰੂ ਕਰ ਸਕਣ। ਇਸ ਮੌਕੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਹਲਕੇ ਵਿੱਚ ਚੰਗੀ ਸੇਧ ਦੇਣ ਵਾਲੀ ਰਾਜਨੀਤੀ ਕੀਤੀ ਜਾਵੇਗੀ ਅਤੇ ਕਿਸੇ ਨਾਲ ਵੈਰ ਵਿਰੋਧ ਨਹੀਂ ਰੱਖਿਆ ਜਾਵੇਗਾ। ਉਨ੍ਹਾਂ ਹਲਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦਾ ਵੱਧ ਤੋਂ ਵੱਧ ਸਾਥ ਦੇਣ ਤਾਂ ਕਿ ਹਲਕਾ ਸਨੌਰ ਨੂੰ ਮੁੜ ਤਰੱਕੀ ਦੀਆਂ ਲੀਹਾਂ 'ਤੇ ਤੋਰਿਆ ਜਾ ਸਕੇ। ਇਸ ਮੌਕੇ ਜਰਨੈਲ ਸਿੰਘ ਕਰਤਾਰਪੁਰ, ਜਸਮੇਰ ਸਿੰਘ ਲਾਛੜੂ ਦੋਵੇਂ ਸ਼੍ਰੋਮਣੀ ਕਮੇਟੀ ਮੈਂਬਰ, ਜਥੇਦਾਰ ਤਰਸੇਮ ਸਿੰਘ ਕੋਟਲਾ, ਬਿਕਰਮ ਸਿੰਘ ਫਰੀਦਪੁਰ, ਤਰਲੋਕ ਸਿੰਘ ਹਾਜੀਪੁਰ, ਬਲਜਿੰਦਰ ਸਿੰਘ ਅਬਦਲਪੁਰ, ਗੁਰਬਖ਼ਸ਼ ਸਿੰਘ ਟਿਵਾਣਾ, ਪਰਗਟ ਸਿੰਘ ਮਸੀਂਗਣ, ਮੁਖਤਿਆਰ ਸਿੰਘ ਮੋਹਲਗੜ੍ਹ, ਜਸਵਿੰਦਰ ਸਿੰਘ ਬ੍ਰਹਮਪੁਰ, ਸੁਖਵਿੰਦਰ ਸਿੰਘ ਭੰਗੂ, ਮਲਕੀਤ ਸਿੰਘ, ਗੁਰਮੁਖ ਸਿੰਘ ਪੀ ਏ, ਅਕਾਸ਼ਦੀਪ ਸਿੰਘ ਨੌਰੰਗਵਾਲ, ਸ਼ਾਨਵੀਰ ਸਿੰਘ ਬ੍ਰਹਮਪੁਰ, ਪ੍ਰੀਤਮ ਸਿੰਘ ਅਲੀਪੁਰ ਵਜੀਰ ਸਾਹਿਬ ਮੌਜੂਦ ਸਨ।

ਕੇਦਾਰਨਾਥ ਧਾਮ ਦੇ ਕਿਵਾੜ ਸਰਦੀਆਂ ਲਈ ਬੰਦ

ਅਪ੍ਰੈਲ-ਮਈ ਵਿੱਚ ਮੁੜ ਸ਼ਰਧਾਲੂਆਂ ਲਈ ਖੋਲ੍ਹੇ ਜਾਣਗੇ ਕਿਵਾੜ



ਰੁਦਰਪ੍ਰਯਾਗ : ਉੱਤਰਾਖੰਡ ਦੇ ਉੱਚ ਗੜ੍ਹਵਾਲ ਹਿਮਾਲਿਆ ਵਿੱਚ ਸਥਿਤ ਭਗਵਾਨ ਸ਼ਿਵ ਦੇ ਪ੍ਰਸਿੱਧ ਧਾਮ ਕੇਦਾਰਨਾਥ ਦੇ ਕਿਵਾੜ ਬੁੱਧਵਾਰ ਨੂੰ ਭਈਆ ਦੂਜ ਦੇ ਪਵਿੱਤਰ ਤਿਉਹਾਰ ਮੌਕੇ ਧਾਰਮਿਕ ਰਸਮਾਂ ਅਤੇ ਪੂਰੀਆਂ ਵਿਧੀਆਂ ਅਨੁਸਾਰ ਸਰਦੀਆਂ ਲਈ ਬੰਦ ਕਰ ਦਿੱਤੇ ਗਏ। ਹੁਣ ਅਗਲੇ ਛੇ ਮਹੀਨਿਆਂ ਤੱਕ ਬਾਬਾ ਕੇਦਾਰ ਦੀ ਪੂਜਾ ਉਨ੍ਹਾਂ ਦੇ ਸਰਦ ਰੁੱਤ ਦੇ ਨਿਵਾਸ ਸਥਾਨ ਉਖੀਮਠ ਵਿਖੇ ਹੋਵੇਗੀ। ਬਦਰੀਨਾਥ-ਕੇਦਾਰਨਾਥ ਮੰਦਰ ਕਮੇਟੀ ਦੇ ਸੂਤਰਾਂ ਨੇ ਦੱਸਿਆ ਕਿ 11ਵੇਂ ਜਯੋਤਿਰਲਿੰਗ ਭਗਵਾਨ ਕੇਦਾਰਨਾਥ ਦੇ ਕਿਵਾੜ ਵਿਸ਼ੇਸ਼ ਪੂਜਾ-ਅਰਚਨਾ ਤੋਂ ਬਾਅਦ ਸਵੇਰੇ ਸਾਢੇ 8 ਵਜੇ ਸ਼ਰਧਾਲੂਆਂ ਲਈ ਬੰਦ ਕਰ ਦਿੱਤੇ ਗਏ।

ਕਿਵਾੜ ਬੰਦ ਕਰਨ ਦੀ ਪ੍ਰਕਿਰਿਆ ਸਵੇਰੇ 4 ਵਜੇ ਧਾਰਮਿਕ ਰਸਮਾਂ ਨਾਲ ਸ਼ੁਰੂ ਹੋਈ। ਇਸ ਦੌਰਾਨ ਪੂਰੀ ਕੇਦਾਰਪੁਰੀ 'ਹਰ ਹਰ ਮਹਾਦੇਵ' ਅਤੇ 'ਬਮ-ਬਮ ਭੋਲੇ' ਦੇ ਜੈਕਾਰਿਆਂ ਨਾਲ ਗੂੰਜ ਉੱਠੀ। ਇਸ ਮੌਕੇ ਦੇਸ਼-ਵਿਦੇਸ਼ ਤੋਂ ਆਏ ਸੈਂਕੜੇ ਸ਼ਰਧਾਲੂਆਂ ਤੋਂ ਇਲਾਵਾ ਮੰਦਰ ਕਮੇਟੀ ਦੇ ਪ੍ਰਧਾਨ ਹੇਮੰਤ ਦਿਵੇਦੀ, ਕਮੇਟੀ ਦੇ ਹੋਰ ਅਹੁਦੇਦਾਰ, ਵੱਡੀ ਗਿਣਤੀ ਵਿੱਚ ਤੀਰਥ ਪੁਰੋਹਿਤ, ਰੁਦਰਪ੍ਰਯਾਗ ਦੇ ਜ਼ਿਲ੍ਹਾ ਮੈਜਿਸਟ੍ਰੇਟ ਵਿਸ਼ਾਲ ਮਿਸ਼ਰਾ ਅਤੇ ਪੁਲਿਸ ਸੁਪਰਡੈਂਟ ਨੀਹਾਰਿਕਾ ਤੋਮਰ ਵੀ ਮੌਜੂਦ ਸਨ।

ਕਿਵਾੜ ਬੰਦ ਹੋਣ ਤੋਂ ਬਾਅਦ ਭਗਵਾਨ ਕੇਦਾਰਨਾਥ ਦੀ ਉਤਸਵ ਡੋਲੀ ਧਾਰਮਿਕ ਸਮਾਰੋਹ ਦੇ ਨਾਲ ਉਖੀਮਠ ਸਥਿਤ ਓਂਕਾਰੇਸ਼ਵਰ ਮੰਦਰ ਲਈ ਰਵਾਨਾ ਹੋ ਗਈ। ਬੁੱਧਵਾਰ ਨੂੰ ਡੋਲੀ ਦਾ ਰਾਤ ਦਾ ਠਹਿਰਾਅ ਰਾਮਪੁਰ ਵਿਖੇ ਹੋਵੇਗਾ। ਇਸ ਤੋਂ ਬਾਅਦ ਵੀਰਵਾਰ ਯਾਨੀ 12 ਨਵੰਬਰ ਨੂੰ ਇਹ ਗੁਪਤਕਾਸ਼ੀ ਪਹੁੰਚੇਗੀ। ਉੱਥੋਂ 13 ਨਵੰਬਰ ਨੂੰ ਡੋਲੀ ਆਪਣੇ ਸਰਦ ਰੁੱਤ ਦੇ ਗੱਦੀ ਸਥਾਨ ਓਂਕਾਰੇਸ਼ਵਰ ਮੰਦਰ ਪਹੁੰਚੇਗੀ, ਜਿੱਥੇ ਅਗਲੇ ਛੇ ਮਹੀਨਿਆਂ ਤੱਕ ਭਗਵਾਨ ਕੇਦਾਰਨਾਥ ਦੀ ਪੂਜਾ-ਅਰਚਨਾ ਕੀਤੀ ਜਾਵੇਗੀ। ਕੇਦਾਰਨਾਥ ਮੰਦਰ ਦੇ ਕਿਵਾੜ ਅਗਲੇ ਸਾਲ ਅਪ੍ਰੈਲ-ਮਈ ਵਿੱਚ ਮੁੜ ਸ਼ਰਧਾਲੂਆਂ ਲਈ ਖੋਲ੍ਹੇ ਜਾਣਗੇ। ਕਿਵਾੜ ਖੋਲ੍ਹਣ ਦੀ ਤਰੀਕ ਅਤੇ ਸ਼ੁਭ ਮਹੂਰਤ ਦਾ ਐਲਾਨ ਮਹਾਸ਼ਿਵਰਾਤਰੀ ਦੇ ਮੌਕੇ 'ਤੇ ਕੀਤਾ ਜਾਵੇਗਾ। ਸਰਕਾਰੀ ਅੰਕੜਿਆਂ ਮੁਤਾਬਕ, ਇਸ ਸਾਲ 10 ਨਵੰਬਰ ਨੂੰ ਸ਼ਾਮ 7 ਵਜੇ ਤੱਕ 19.22 ਲੱਖ ਤੋਂ ਵੱਧ ਸ਼ਰਧਾਲੂ ਬਾਬਾ ਕੇਦਾਰਨਾਥ ਦੇ ਦਰਸ਼ਨ ਕਰ ਚੁੱਕੇ ਸਨ।

ਕੈਨੇਡਾ 'ਚ ਬੇਘਰ ਲੋਕਾਂ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਸਰਕਾਰ ਅਗਲੇ 10 ਸਾਲਾਂ ਵਿੱਚ ਖ਼ਰਚੇਗੀ 30 ਅਰਬ ਡਾਲਰ

2,500 ਨਵੇਂ ਘਰ ਬਣਾਉਣ ਦਾ ਟੀਚਾ; ਮਾਨਸਿਕ ਸਿਹਤ ਅਤੇ ਨਸ਼ਾ-ਮੁਕਤੀ ਸੇਵਾਵਾਂ ਸ਼ਾਮਲ



ਵਿੰਨੀਪੈੱਗ : ਕੈਨੇਡਾ ਵਿੱਚ ਬਿਨਾਂ ਘਰਾਂ ਤੋਂ ਰਹਿ ਰਹੇ ਲੋਕਾਂ ਦੀ ਮੁਸ਼ਕਲ ਨੂੰ ਦੂਰ ਕਰਨ ਲਈ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਨੇ ਅਗਲੇ 10 ਸਾਲਾਂ ਵਿੱਚ ਕਰੀਬ 30 ਅਰਬ ਡਾਲਰ ਖ਼ਰਚਣ ਦਾ ਐਲਾਨ ਕੀਤਾ ਹੈ। ਇਸ ਯੋਜਨਾ ਦਾ ਮੁੱਖ ਮਕਸਦ ਦੇਸ਼ ਵਿੱਚੋਂ ਬੇਘਰ ਹੋਣ ਦੀ ਸਮੱਸਿਆ ਨੂੰ ਖ਼ਤਮ ਕਰਨਾ ਅਤੇ ਗਰੀਬ ਤੇ ਲੋੜਵੰਦ ਲੋਕਾਂ ਨੂੰ ਰਹਿਣ ਲਈ ਘਰ ਦੇਣ ਦੇ ਨਾਲ-ਨਾਲ ਸਿਹਤ ਅਤੇ ਹੋਰ ਜ਼ਰੂਰੀ ਸਹੂਲਤਾਂ ਦੇਣਾ ਹੈ।

ਇਸ ਯੋਜਨਾ ਦੀ ਸ਼ੁਰੂਆਤ ਮੈਨੀਟੋਬਾ ਤੋਂ ਕੀਤੀ ਗਈ ਹੈ। ਕਾਰਨੀ ਨੇ ਵਿੰਨੀਪੈੱਗ ਵਿੱਚ ਪ੍ਰੀਮੀਅਰ ਵੈਬ ਕਿਨਿਊ ਅਤੇ ਮੇਅਰ ਸਕਾਟ ਗਿਲਿੰਘਮ ਦੀ ਮੌਜੂਦਗੀ ਵਿੱਚ ਇੱਕ ਅਰਬ ਡਾਲਰ ਤੋਂ ਵੱਧ ਦੇ ਨਵੇਂ ਨਿਵੇਸ਼ ਦਾ ਐਲਾਨ ਕੀਤਾ। ਇਹ ਫੈਡਰਲ ਅਤੇ ਸੂਬਾਈ ਸਰਕਾਰਾਂ ਦੀ ਸਾਂਝੀ ਯੋਜਨਾ ਹੈ, ਜਿਸ ਵਿੱਚ ਵਿੰਨੀਪੈੱਗ ਸ਼ਹਿਰ ਵੀ ਜ਼ਮੀਨ ਅਤੇ ਯੋਜਨਾਬੰਦੀ ਰਾਹੀਂ ਯੋਗਦਾਨ ਪਾਵੇਗਾ। ਇਹ ਸਾਰੀ ਰਕਮ ਸਿੱਧੇ ਸ਼ਹਿਰ ਨੂੰ ਨਹੀਂ ਦਿੱਤੀ ਜਾਵੇਗੀ। ਮੈਨੀਟੋਬਾ ਲਈ ਐਲਾਨੀ ਰਕਮ ਵਿੱਚੋਂ 800 ਮਿਲੀਅਨ ਡਾਲਰ ਤੋਂ ਵੱਧ ਨਾਲ 2,000 ਤੋਂ ਵੱਧ ਸਹਾਇਕ ਅਤੇ ਅਸਥਾਈ ਰਿਹਾਇਸ਼ੀ ਇਕਾਈਆਂ ਬਣਾਈਆਂ ਜਾਣਗੀਆਂ। ਇਨ੍ਹਾਂ ਵਿੱਚ ਬੇਘਰ ਲੋਕਾਂ ਅਤੇ ਬੇਘਰ ਹੋਣ ਦੇ ਖ਼ਤਰੇ ਹੇਠ ਰਹਿ ਰਹੇ ਪਰਿਵਾਰਾਂ ਨੂੰ ਰਹਿਣ ਦੀ ਸਹੂਲਤ ਮਿਲੇਗੀ। ਪਹਿਲਾਂ ਮਨਜ਼ੂਰ ਕੀਤੇ ਪ੍ਰਾਜੈਕਟਾਂ ਨੂੰ ਵੀ ਸ਼ਾਮਲ ਕਰਨ ਨਾਲ ਵਿੰਨੀਪੈੱਗ ਵਿੱਚ ਕੁੱਲ 2,500 ਨਵੇਂ ਘਰ ਬਣਾਉਣ ਦਾ ਟੀਚਾ ਹੈ।

ਇਸ ਤੋਂ ਇਲਾਵਾ 200 ਮਿਲੀਅਨ ਡਾਲਰ ਤੋਂ ਵੱਧ ਦੀ ਲਾਗਤ ਨਾਲ ਵਿੰਨੀਪੈੱਗ ਵਿੱਚ ਸੈਂਟਰ ਫ਼ਾਰ ਮੈਂਟਲ ਹੈਲਥ ਐਂਡ ਐਡਿਕਸ਼ਨਜ਼ ਸਥਾਪਤ ਕੀਤਾ ਜਾਵੇਗਾ। ਇੱਥੇ ਮਾਨਸਿਕ ਸਿਹਤ ਸਮੱਸਿਆਵਾਂ ਅਤੇ ਨਸ਼ਿਆਂ ਦੀ ਲਤ ਨਾਲ ਜੂਝ ਰਹੇ ਲੋਕਾਂ ਨੂੰ ਇਲਾਜ, ਰਿਹਾਇਸ਼ ਅਤੇ ਸਮਾਜਿਕ ਸਹਾਇਤਾ ਮਿਲੇਗੀ। ਇਸ ਕੇਂਦਰ ਦੇ ਲਗਪਗ ਤਿੰਨ ਸਾਲਾਂ ਵਿੱਚ ਚਾਲੂ ਹੋਣ ਦੀ ਉਮੀਦ ਹੈ, ਜਦਕਿ ਇਸ ਦੀ ਸਹੀ ਥਾਂ ਅਜੇ ਤੈਅ ਨਹੀਂ ਕੀਤੀ ਗਈ।

ਮੈਨੀਟੋਬਾ ਸਰਕਾਰ ਨਵੇਂ ਘਰਾਂ ਦੇ ਰੋਜ਼ਾਨਾ ਪ੍ਰਬੰਧ ਅਤੇ ਉੱਥੇ ਰਹਿਣ ਵਾਲੇ ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਦੇਣ ਦੀ ਜ਼ਿੰਮੇਵਾਰੀ ਨਿਭਾਏਗੀ। ਪ੍ਰੀਮੀਅਰ ਵੈਬ ਕਿਨਿਊ ਨੇ ਇਸ ਨਿਵੇਸ਼ ਨੂੰ ਸੂਬੇ ਲਈ ਪੀੜ੍ਹੀਆਂ ਵਿੱਚ ਇੱਕ ਵਾਰ ਮਿਲਣ ਵਾਲਾ ਮੌਕਾ ਦੱਸਿਆ। ਸੂਬਾ ਸਰਕਾਰ ਨੇ 2031 ਤੱਕ ਲੰਮੇ ਸਮੇਂ ਤੋਂ ਬਿਨਾਂ ਘਰਾਂ ਤੋਂ ਰਹਿ ਰਹੇ ਲੋਕਾਂ ਦੀ ਸਮੱਸਿਆ ਖ਼ਤਮ ਕਰਨ ਦਾ ਟੀਚਾ ਰੱਖਿਆ ਹੈ।

ਫੈਡਰਲ ਅੰਕੜਿਆਂ ਅਨੁਸਾਰ 2025 ਵਿੱਚ ਵਿੰਨੀਪੈੱਗ 'ਚ ਇੱਕ ਰਾਤ ਕੀਤੇ ਸਰਵੇਖਣ ਦੌਰਾਨ 2,469 ਲੋਕ ਬੇਘਰ ਪਾਏ ਗਏ ਸਨ। ਇਨ੍ਹਾਂ ਵਿੱਚੋਂ ਲਗਪਗ 68 ਫ਼ੀਸਦੀ ਲੰਮੇ ਸਮੇਂ ਤੋਂ ਬੇਘਰ ਸਨ, ਜਦਕਿ ਕਰੀਬ 80 ਫ਼ੀਸਦੀ ਨੇ ਆਪਣੀ ਪਛਾਣ ਮੂਲਵਾਸੀ ਭਾਈਚਾਰੇ ਨਾਲ ਸਬੰਧਤ ਦੱਸੀ ਸੀ। ਦੇਸ਼ ਭਰ ਵਿੱਚ ਇਸੇ ਸਾਲ ਲਗਪਗ 65,000 ਲੋਕ ਬੇਘਰ ਸਨ।

ਨੌਜਵਾਨ ਨੇ ਮੰਤਰੀ ਅੱਗੇ ਨਸ਼ਿਆਂ ਦਾ ਮੁੱਦਾ ਚੁੱਕਿਆ



ਸੁਨਾਮ ਊਧਮ ਸਿੰਘ ਵਾਲਾ : ਸਥਾਨਕ ਵਿਧਾਨ ਸਭਾ ਹਲਕੇ ਦੇ ਪਿੰਡ ਤੋਲਾਵਾਲ ਵਿੱਚ ਅੱਜ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਦੀ ਹਾਜ਼ਰੀ ਵਿੱਚ ਇੱਕ ਨੌਜਵਾਨ ਵੱਲੋਂ ਪਿੰਡ ਵਿੱਚ ਕਥਿਤ ਤੌਰ 'ਤੇ ਚਿੱਟੇ ਦੀ ਵਿਕਰੀ ਬਾਰੇ ਸਵਾਲ ਕੀਤੇ ਜਾਣ ਤੋਂ ਬਾਅਦ ਪਿੰਡਾਂ ਵਿੱਚ ਸ਼ਰੇਆਮ ਵਿਕ ਰਹੇ ਚਿੱਟੇ ਦਾ ਮਾਮਲਾ ਮੁੜ ਭਖ ਗਿਆ ਹੈ। ਇਸ ਘਟਨਾ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ।

ਜਾਣਕਾਰੀ ਮੁਤਾਬਕ ਕੈਬਨਿਟ ਮੰਤਰੀ ਅਮਨ ਅਰੋੜਾ ਪਿੰਡ ਵਿੱਚ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਲੋਕਾਂ ਨੂੰ ਘਰਾਂ ਦੀ ਮਾਲਕੀ ਸਬੰਧੀ ਕਾਰਡ ਵੰਡਣ ਪਹੁੰਚੇ ਹੋਏ ਸਨ। ਇਸ ਮੌਕੇ ਪਿੰਡ ਦੇ ਨੌਜਵਾਨ ਗੁਰਪ੍ਰੀਤ ਸਿੰਘ ਗੋਲਡੀ ਨੇ ਕਥਿਤ ਤੌਰ 'ਤੇ ਪਿੰਡਾਂ ਵਿੱਚ ਵਿਕ ਰਹੇ ਚਿੱਟੇ ਦਾ ਮੁੱਦਾ ਚੁੱਕਿਆ। ਇਕੱਠ ਵਿੱਚ ਮੌਜੂਦ ਬਹੁਤੇ ਲੋਕਾਂ ਨੇ ਨਸ਼ਾ ਵਿਕਣ ਦੀ ਹਾਮੀ ਭਰੀ। ਗੁਰਪ੍ਰੀਤ ਸਿੰਘ ਗੋਲਡੀ ਨੇ ਦੋਸ਼ ਲਾਇਆ ਕਿ ਨਸ਼ਿਆਂ ਦੇ ਮੁੱਦੇ 'ਤੇ ਸਵਾਲ ਚੁੱਕਣ ਤੋਂ ਬਾਅਦ ਉਸ ਨੂੰ ਪੁਲੀਸ ਵੱਲੋਂ ਕਿਸੇ ਵੀ ਸਮੇਂ ਚੁੱਕੇ ਜਾਣ ਦਾ ਡਰ ਬਣਿਆ ਹੋਇਆ ਹੈ। ਘਟਨਾ ਤੋਂ ਬਾਅਦ ਪਿੰਡ ਵਿੱਚ ਪੁਲੀਸ ਦੀਆਂ ਗੱਡੀਆਂ ਦੀ ਆਮਦ ਵਧ ਗਈ ਹੈ, ਜਿਸ ਕਾਰਨ ਉਹ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਸਮਾਗਮ ਦੌਰਾਨ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਨੌਜਵਾਨ ਨੂੰ ਆਪਣੇ ਕੋਲ ਸੱਦਿਆ ਅਤੇ ਕੋਲ ਆ ਕੇ ਆਪਣੀ ਗੱਲ ਰੱਖਣ ਲਈ ਕਿਹਾ। ਮੌਕੇ ਮੌਜੂਦ ਲੋਕਾਂ ਮੁਤਾਬਕ ਅਰੋੜਾ ਨੇ ਨੌਜਵਾਨ ਦੀ ਗੱਲ ਗੰਭੀਰਤਾ ਸੁਣ ਕੇ ਕਾਰਵਾਈ ਦਾ ਭਰੋਸਾ ਦਿੱਤਾ।

ਇਸ ਘਟਨਾ ਤੋਂ ਬਾਅਦ ਪਿੰਡ ਵਿੱਚ ਨਸ਼ਿਆਂ ਦੀ ਕਥਿਤ ਵਿਕਰੀ ਅਤੇ ਚੋਰੀਆਂ ਦੇ ਮਾਮਲਿਆਂ ਸਬੰਧੀ ਪੁਲੀਸ ਪ੍ਰਸ਼ਾਸਨ ਦੀ ਕਾਰਵਾਈ 'ਤੇ ਸਵਾਲ ਵੀ ਉੱਠ ਰਹੇ ਹਨ।

ਗੁਰਦੁਆਰਾ ਸੇਵਾਦਾਰਾਂ ਅਤੇ ਸਿੱਖ ਭਾਈਚਾਰੇ ਲਈ ਖ਼ਾਲਸਾ ਕਾਲਜ ਆਫ਼ ਅਮਰੀਕਾ ਵੱਲੋਂ ਮੁਫ਼ਤ ਅੰਗਰੇਜ਼ੀ ਸਿੱਖਿਆ ਦੀ ਇਤਿਹਾਸਕ ਪਹਿਲਕਦਮੀ

ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨ ਅਤੇ ਪੀੜ੍ਹੀਆਂ ਦਰਮਿਆਨ ਤਾਲਮੇਲ ਵਧਾਉਣ ਲਈ ਜਨਵਰੀ 2027 ਤੋਂ ਸ਼ੁਰੂ ਹੋਣਗੀਆਂ ਵਿਸ਼ੇਸ਼ ਕਲਾਸਾਂ

ਅਮਰੀਕਾ ਵਿੱਚ ਵੱਸਦੇ ਸਿੱਖ ਭਾਈਚਾਰੇ ਅਤੇ ਗੁਰਦੁਆਰਾ ਪ੍ਰਬੰਧ ਨੂੰ ਮੌਜੂਦਾ ਸਮੇਂ ਦੀਆਂ ਲੋੜਾਂ ਅਨੁਸਾਰ ਹੋਰ ਸਮਰੱਥ ਬਣਾਉਣ ਵੱਲ ਇੱਕ ਵੱਡੀ ਅਤੇ ਦੂਰਅੰਦੇਸ਼ੀ ਪਹਿਲਕਦਮੀ ਕੀਤੀ ਗਈ ਹੈ। ਖ਼ਾਲਸਾ ਕਾਲਜ ਆਫ਼ ਅਮਰੀਕਾ ਦੇ ਪ੍ਰਧਾਨ ਡਾ. ਗੁਰਿੰਦਰ ਸਿੰਘ ਗਰੇਵਾਲ ਵੱਲੋਂ ਜਾਰੀ ਜਾਣਕਾਰੀ ਅਨੁਸਾਰ, ਜਨਵਰੀ 2027 ਤੋਂ ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰਾਂ ਲਈ 'ਅੰਗਰੇਜ਼ੀ ਐਜ਼ ਏ ਸੈਕਿੰਡ ਲੈਂਗੂਏਜ' (ESL) ਦਾ ਬਿਲਕੁਲ ਮੁਫ਼ਤ ਬਾਲਗ ਸਿੱਖਿਆ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ।

ਇਸ ਇਤਿਹਾਸਕ ਪ੍ਰੋਗਰਾਮ ਦਾ ਮੁੱਖ ਉਦੇਸ਼ ਸੇਵਾਦਾਰਾਂ ਦੇ ਆਤਮ-ਵਿਸ਼ਵਾਸ ਵਿੱਚ ਵਾਧਾ ਕਰਨਾ ਹੈ, ਤਾਂ ਜੋ ਉਹ ਨਵੀਂ ਪੀੜ੍ਹੀ ਨਾਲ ਬਿਹਤਰ ਢੰਗ ਨਾਲ ਗੱਲਬਾਤ ਕਰ ਸਕਣ, ਗ਼ੈਰ-ਸਿੱਖਾਂ ਨੂੰ ਗੁਰਮਤਿ ਤੇ ਸਿੱਖ ਸਿਧਾਂਤਾਂ ਬਾਰੇ ਜਾਣੂ ਕਰਵਾ ਸਕਣ ਅਤੇ ਅੰਗਰੇਜ਼ੀ ਸਾਹਿਤ ਨੂੰ ਆਸਾਨੀ ਨਾਲ ਪੜ੍ਹ ਤੇ ਸਮਝ ਸਕਣ।



ਪ੍ਰੋਗਰਾਮ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਪ੍ਰਬੰਧਕੀ ਵੇਰਵੇ:

ਸੇਵਾਦਾਰਾਂ ਲਈ ਲਚਕਦਾਰ ਸਮਾਂ: ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਕਲਾਸਾਂ ਹਫ਼ਤੇ ਦੇ ਵਿਚਕਾਰਲੇ ਦਿਨਾਂ ਵਿੱਚ ਲਗਾਈਆਂ ਜਾਣਗੀਆਂ। ਹਰੇਕ ਕਲਾਸ ਲਗਭਗ ਦੋ ਘੰਟਿਆਂ ਦੀ ਹੋਵੇਗੀ ਅਤੇ ਸਮੈਸਟਰ ਪੂਰਾ ਕਰਨ 'ਤੇ ਸਿਖਿਆਰਥੀਆਂ ਨੂੰ ਦੋ ਕ੍ਰੈਡਿਟ ਪ੍ਰਦਾਨ ਕੀਤੇ ਜਾਣਗੇ।

ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੋਂ ਸਹਿਯੋਗ ਦੀ ਮੰਗ: ਕਾਲਜ ਪ੍ਰਸ਼ਾਸਨ ਨੇ ਗੁਰਦੁਆਰਾ ਪ੍ਰਬੰਧਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇੱਕ ਢੁਕਵਾਂ ਕਮਰਾ, ਇੰਟਰਨੈੱਟ ਕੁਨੈਕਸ਼ਨ ਨਾਲ ਜੁੜਿਆ ਲੈਪਟਾਪ ਤੇ ਟੀਵੀ/ਪ੍ਰੋਜੈਕਟਰ ਅਤੇ ਗੂਗਲ ਮੀਟ (Google Meet) ਰਾਹੀਂ ਆਨਲਾਈਨ ਕਲਾਸ ਨਾਲ ਜੋੜਨ ਲਈ ਇੱਕ ਵਲੰਟੀਅਰ ਮੁਹੱਈਆ ਕਰਵਾਉਣ।

ਟਰੱਕ ਡਰਾਈਵਰਾਂ ਅਤੇ ਆਮ ਭਾਈਚਾਰੇ ਲਈ ਵਿਸ਼ੇਸ਼ ਮੌਕਾ: ਗੁਰਦੁਆਰਾ ਸੇਵਾਦਾਰਾਂ ਤੋਂ ਇਲਾਵਾ, ਭਾਈਚਾਰੇ ਦੇ ਹੋਰਨਾਂ ਮੈਂਬਰਾਂ—ਖ਼ਾਸ ਕਰਕੇ ਟਰੱਕ ਡਰਾਈਵਰਾਂ ਅਤੇ ਅੰਗਰੇਜ਼ੀ ਬੋਲਣ ਵਿੱਚ ਮੁਸ਼ਕਲ ਝੱਲ ਰਹੇ ਲੋਕਾਂ—ਲਈ ਸ਼ਨੀਵਾਰ ਸਵੇਰੇ ਮਾਤਰ 30 ਡਾਲਰ ਦੀ ਨਿਗੂਣੀ ਫੀਸ 'ਤੇ ਅੰਗਰੇਜ਼ੀ ਕਲਾਸਾਂ ਚਲਾਈਆਂ ਜਾਣਗੀਆਂ। ਇਹ ਸਿਖਿਆਰਥੀ ਗੁਰਦੁਆਰਾ ਸਾਹਿਬ ਜਾਂ ਆਪਸੀ ਸਹਿਮਤੀ ਨਾਲ ਕਿਸੇ ਦੇ ਘਰ ਇਕੱਠੇ ਹੋ ਕੇ ਕਲਾਸਾਂ ਵਿੱਚ ਸ਼ਾਮਲ ਹੋ ਸਕਦੇ ਹਨ।



ਡਾ. ਗੁਰਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਖਿਆ ਅਤੇ ਸੇਵਾ ਦੇ ਇਸ ਸੁਮੇਲ ਰਾਹੀਂ ਪੀੜ੍ਹੀਆਂ ਦਰਮਿਆਨ ਪਾੜੇ ਨੂੰ ਮਿਟਾਇਆ ਜਾ ਸਕਦਾ ਹੈ ਅਤੇ ਸਾਡੀਆਂ ਧਾਰਮਿਕ ਸੰਸਥਾਵਾਂ ਸਿੱਖ ਕੌਮ ਦੀ ਹੋਰ ਵੀ ਸੁਚੱਜੇ ਢੰਗ ਨਾਲ ਸੇਵਾ ਕਰਨ ਦੇ ਯੋਗ ਹੋਣਗੀਆਂ।

ਇਸ ਪ੍ਰੋਗਰਾਮ ਸੰਬੰਧੀ ਵਧੇਰੇ ਜਾਣਕਾਰੀ ਜਾਂ ਰਜਿਸਟ੍ਰੇਸ਼ਨ ਲਈ

ਡਾ. ਗੁਰਿੰਦਰ ਸਿੰਘ ਗਰੇਵਾਲ (MD)

ਨਾਲ ਫ਼ੋਨ ਨੰਬਰ 209-321-3771 ਜਾਂ

ਈਮੇਲ gurindersgrewal@hotmail.com 'ਤੇ ਸਿੱਧਾ ਸੰਪਰਕ ਕੀਤਾ ਜਾ ਸਕਦਾ ਹੈ।

ਵਾਅਦੇ ਪੂਰੇ ਕਰਨ ਦੀ ਬਜਾਏ ਚੁਟਕਲਿਆਂ ਨਾਲ ਗੁਮਰਾਹ ਕਰ ਰਹੇ ਸੀਐੱਮ ਮਾਨ: ਨਾਇਬ ਸੈਣੀ



ਫਗਵਾੜਾ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੋਮਵਾਰ ਨੂੰ ਪੰਜਾਬ ਦੇ ਲੋਕਾਂ ਨੂੰ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਅਤੇ ਇੱਕ ਕੁਸ਼ਲ ਕਾਰੀਗਰ ਵਾਂਗ ਇਸ ਨੂੰ ਇੱਕ ਖੁਸ਼ਹਾਲ ਅਤੇ ਸ਼ਾਨਦਾਰ ਸੂਬੇ ਵਜੋਂ ਮੁੜ ਸਿਰਜਣ ਲਈ ਹੱਥ ਮਿਲਾਉਣ ਦਾ ਸੱਦਾ ਦਿੱਤਾ।

ਸੈਣੀ ਪੰਜਾਬ ਦੇ ਫਗਵਾੜਾ ਵਿੱਚ ਸ਼੍ਰੀ ਵਿਸ਼ਵਕਰਮਾ ਪੂਜਾ ਮਹੋਤਸਵ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਪੁੱਜੇ ਸਨ। ਇਸ ਮੌਕੇ ਭਾਜਪਾ ਆਗੂ ਵਿਜੇ ਸਾਂਪਲਾ, ਸੋਮ ਪ੍ਰਕਾਸ਼ ਅਤੇ ਅਸ਼ੋਕ ਮਿੱਤਲ ਵੀ ਮੌਜੂਦ ਸਨ।

ਸੈਣੀ ਨੇ 116 ਸਾਲ ਪੁਰਾਣੇ ਇਤਿਹਾਸਕ ਮੰਦਰ ਵਿੱਚ ਭਗਵਾਨ ਸ਼੍ਰੀ ਵਿਸ਼ਵਕਰਮਾ ਦੇ ਚਰਨਾਂ ਵਿੱਚ ਮੱਥਾ ਟੇਕਿਆ ਅਤੇ ਗੋਵਰਧਨ ਪੂਜਾ ਅਤੇ ਭਗਵਾਨ ਵਿਸ਼ਵਕਰਮਾ ਪੂਜਾ ਦੀਆਂ ਵਧਾਈਆਂ ਦਿੱਤੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਇੱਕ ਗਰੀਬ ਕਾਰੀਗਰ ਕਰਜ਼ੇ ਲਈ ਬੈਂਕ ਕੋਲ ਜਾਂਦਾ ਹੈ, ਤਾਂ ਉਸ ਦੀ ਮਿਹਨਤ/ਹੁਨਰ ਹੀ ਅਕਸਰ ਇਕਲੌਤੀ ਜਾਇਦਾਦ ਹੁੰਦੀ ਹੈ ਜੋ ਉਹ ਗਾਰੰਟੀ ਵਜੋਂ ਦੇ ਸਕਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੀ.ਐੱਮ. ਵਿਸ਼ਵਕਰਮਾ ਯੋਜਨਾ ਰਾਹੀਂ ਇਸੇ ਹੁਨਰ ਨੂੰ ਹੀ ਗਾਰੰਟੀ ਬਣਾ ਦਿੱਤਾ ਹੈ।

ਇਸ ਯੋਜਨਾ ਤਹਿਤ ਲਾਭਪਾਤਰੀਆਂ ਨੂੰ ਸਿਖਲਾਈ ਦੇ ਨਾਲ-ਨਾਲ 500 ਰੁਪਏ ਦਾ ਰੋਜ਼ਾਨਾ ਵਜ਼ੀਫ਼ਾ, 15,000 ਰੁਪਏ ਤੱਕ ਦੀਆਂ ਟੂਲਕਿੱਟਾਂ ਅਤੇ ਸਿਰਫ਼ ਪੰਜ ਪ੍ਰਤੀਸ਼ਤ ਦੀ ਵਿਆਜ ਦਰ 'ਤੇ 3 ਲੱਖ ਰੁਪਏ ਤੱਕ ਦੇ ਬਿਨਾਂ ਗਾਰੰਟੀ ਕਰਜ਼ੇ ਮੁਹੱਈਆ ਕਰਵਾਏ ਜਾਂਦੇ ਹਨ।

ਪੰਜਾਬ ਦੀ 'ਆਪ' ਸਰਕਾਰ 'ਤੇ ਤਨਜ਼ ਕੱਸਦਿਆਂ ਸੈਣੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਚੋਣਾਂ ਦੌਰਾਨ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਬਜਾਏ ਚੁਟਕਲਿਆਂ ਰਾਹੀਂ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਸੈਣੀ ਨੇ ਕਿਹਾ ਕਿ ਪੰਜਾਬ ਹਰਿਆਣਾ ਲਈ ਵੱਡੇ ਭਰਾ ਵਾਂਗ ਹੈ ਅਤੇ ਅੱਗੇ ਕਿਹਾ, 'ਜੇ ਹਰਿਆਣਾ ਵਿੱਚ ਕੋਈ ਚੀਜ਼ ਹਾਸਲ ਕੀਤੀ ਜਾ ਸਕਦੀ ਹੈ, ਤਾਂ ਪੰਜਾਬ ਵਿੱਚ ਕਿਉਂ ਨਹੀਂ ਕੀਤੀ ਜਾ ਸਕਦੀ ? ਇਹ ਯਕੀਨੀ ਤੌਰ 'ਤੇ ਸੰਭਵ ਹੈ। ਲੋੜ ਹੈ ਸਹੀ ਨੀਅਤ, ਸਹੀ ਨੀਤੀ ਅਤੇ ਲੋਕਾਂ ਪ੍ਰਤੀ ਸਮਰਪਣ ਦੀ।'

ਹਰਿਆਣਾ ਸਰਕਾਰ ਦੀ ਲਾਡਲੀ ਯੋਜਨਾ, ਚਿਰਾਯੂ ਯੋਜਨਾ ਅਤੇ ਖੇਡ ਨੀਤੀ ਦੀਆਂ ਉਦਾਹਰਣਾਂ ਦਿੰਦਿਆਂ ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦੇ ਲੋਕ ਆਗਾਮੀ ਚੋਣਾਂ ਵਿੱਚ ਨਵਾਂ ਬਦਲਾਅ ਲਿਆਉਣ ਦਾ ਨਿਸ਼ਚਾ ਕਰਦੇ ਹਨ, ਤਾਂ ਸੂਬੇ ਨੂੰ 2029 ਤੱਕ ਨਸ਼ਾ ਮੁਕਤ ਬਣਾਇਆ ਜਾ ਸਕਦਾ ਹੈ, ਜਿਵੇਂ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਪਣੇ ਹਾਲੀਆ ਪੰਜਾਬ ਦੌਰੇ ਦੌਰਾਨ ਕਿਹਾ ਸੀ।

ਸੈਣੀ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਦੀ ਮਾਰ ਤੋਂ ਬਚਾਉਣਾ ਸਰਕਾਰ ਅਤੇ ਸਮਾਜ ਦੋਵਾਂ ਦੀ ਜ਼ਿੰਮੇਵਾਰੀ ਹੈ। ਨੌਜਵਾਨਾਂ ਨੂੰ ਜਾਗਰੂਕ ਕਰਨ ਲਈ ਹਰਿਆਣਾ ਵਿੱਚ ਕਰਵਾਏ ਗਏ ਜਾਗਰੂਕਤਾ ਪ੍ਰੋਗਰਾਮਾਂ ਅਤੇ ਦੌੜਾਂ ਵਰਗੇ ਸਮਾਗਮਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਜ਼ੋਰ ਦਿੱਤਾ ਕਿ ਨਸ਼ਾ ਤਸਕਰੀ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਈਰਾਨ ਤੋਂ ਖ਼ਤਰਾ, ਅਮਰੀਕਾ ਨੇ ਇੰਗਲੈਂਡ ਦੇ ਫੌਜੀ ਅੱਡੇ ਤੋਂ ਹਟਾਏ ਰਿਫਿਊਲਿੰਗ ਜਹਾਜ਼



ਲੰਡਨ : ਅਮਰੀਕੀ ਹਵਾਈ ਸੈਨਾ ਨੇ ਈਰਾਨ ਤੋਂ ਖਤਰੇ ਕਾਰਨ ਪੂਰਬੀ ਇੰਗਲੈਂਡ ਵਿੱਚ ਆਪਣੇ ਫੌਜੀ ਅੱਡੇ ਤੋਂ ਆਪਣੇ ਮੱਧ-ਹਵਾ ਰੀਫਿਊਲਿੰਗ ਜਹਾਜ਼ਾਂ ਨੂੰ ਹਟਾ ਦਿੱਤਾ ਹੈ। ਵਾਲ ਸਟਰੀਟ ਜਰਨਲ ਨੇ ਮੰਗਲਵਾਰ ਨੂੰ ਇਹ ਰਿਪੋਰਟ ਦਿੱਤੀ। ਇਸ ਫੈਸਲੇ ਤੋਂ ਜਾਣੂ ਲੋਕਾਂ ਦਾ ਹਵਾਲਾ ਦਿੰਦੇ ਹੋਏ ਅਖਬਾਰ ਨੇ ਰਿਪੋਰਟ ਦਿੱਤੀ ਕਿ ਆਰਏਐਫ ਮਿਲਡਨਹਾਲ ਵਿਖੇ ਤਾਇਨਾਤ ਦੋ ਰਿਫਿਊਲਿੰਗ ਜਹਾਜ਼ਾਂ ਨੂੰ ਸੋਮਵਾਰ ਨੂੰ ਜਰਮਨੀ ਭੇਜ ਦਿੱਤਾ ਗਿਆ ਸੀ। ਕਈ ਹੋਰ ਜਹਾਜ਼ਾਂ ਨੂੰ ਬਾਅਦ ਵਿੱਚ ਯੂਰਪ ਦੇ ਹੋਰ ਫੌਜੀ ਠਿਕਾਣਿਆਂ ਵਿੱਚ ਤਬਦੀਲ ਕਰ ਦਿੱਤਾ ਗਿਆ।

ਦ ਵਾਲ ਸਟਰੀਟ ਜਰਨਲ ਦੇ ਅਨੁਸਾਰ ਅਮਰੀਕੀ ਅਧਿਕਾਰੀਆਂ ਨੂੰ ਸੋਮਵਾਰ ਨੂੰ ਨਵੇਂ ਖ਼ਤਰੇ ਬਾਰੇ ਪਤਾ ਲੱਗਾ, ਜਿਸ ਕਾਰਨ ਜਹਾਜ਼ ਨੂੰ ਤਬਦੀਲ ਕਰਨ ਦਾ ਫੈਸਲਾ ਲਿਆ ਗਿਆ। ਐਸੋਸੀਏਟਿਡ ਪ੍ਰੈਸ ਦੁਆਰਾ ਪੁੱਛੇ ਜਾਣ 'ਤੇ, ਯੂਐਸ ਯੂਰਪੀਅਨ ਕਮਾਂਡ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਉਹ ਰਿਪੋਰਟ ਤੋਂ ਜਾਣੂ ਸਨ। ਹਾਲਾਂਕਿ, ਉਨ੍ਹਾਂ ਨੇ ਸਿਰਫ਼ ਇਹ ਕਿਹਾ ਕਿ ਹਵਾਈ ਸੈਨਾ ਸਿਖਲਾਈ ਅਤੇ ਸੰਚਾਲਨ ਜ਼ਰੂਰਤਾਂ ਸਮੇਤ ਵੱਖ-ਵੱਖ ਕਾਰਨਾਂ ਕਰਕੇ ਜਹਾਜ਼ਾਂ ਨੂੰ ਇੱਕ ਸਥਾਨ ਤੋਂ ਦੂਜੀ ਥਾਂ 'ਤੇ ਭੇਜਦੀ ਹੈ। ਅਧਿਕਾਰੀ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ, 'ਅਸੀਂ ਫੌਜੀ ਕਾਰਵਾਈਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਫੌਜੀ ਸਰੋਤਾਂ ਦੀ ਆਵਾਜਾਈ ਬਾਰੇ ਵਿਸਤ੍ਰਿਤ ਜਾਣਕਾਰੀ ਨਹੀਂ ਦੇ ਸਕਦੇ'।

ਪਰਵਿੰਦਰ ਸਿੰਘ ਝੋਟੇ ਦਾ ਸਸਕਾਰ

ਦੀਵਾਲੀ ਦੇ ਬਾਵਜੂਦ ਮਾਨਸਾ ਵਿੱਚ ਵੱਡੀ ਗਿਣਤੀ ਲੋਕਾਂ ਨੇ ਦਿੱਤੀ ਅੰਤਿਮ ਵਿਦਾਇਗੀ



ਮਾਨਸਾ : ਐਂਟੀ ਡਰੱਗ ਟਾਸਕ ਫੋਰਸ ਦੇ ਪ੍ਰਮੁੱਖ ਆਗੂ ਪਰਵਿੰਦਰ ਸਿੰਘ ਝੋਟਾ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਖੇਤਾਂ ਵਿੱਚ ਜੈਕਾਰਿਆਂ ਦੀ ਗੂੰਜ ਦਰਮਿਆਨ ਕਰ ਦਿੱਤਾ ਗਿਆ। ਇਸ ਮੌਕੇ ਮਾਹੌਲ ਬੇਹੱਦ ਭਾਵੁਕ ਹੋ ਗਿਆ। ਇੱਕ ਪਾਸੇ ਪਰਿਵਾਰ ਅਤੇ ਸਨੇਹੀਆਂ ਦੀਆਂ ਅੱਖਾਂ ਵਿੱਚ ਵਿਛੋੜੇ ਦਾ ਦਰਦ ਸੀ, ਦੂਜੇ ਪਾਸੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਿਰੁੱਧ ਲੜਨ ਦਾ ਸੁਨੇਹਾ ਦੇਣ ਵਾਲੇ ਪਰਵਿੰਦਰ ਝੋਟੇ ਦੀ ਯਾਦ ਵਿੱਚ ਲੋਕਾਂ ਦਾ ਹੜ੍ਹ ਉਮੜਿਆ ਹੋਇਆ ਸੀ। ਐਕਸ਼ਨ ਕਮੇਟੀ ਮਾਨਸਾ ਦੇ ਮੀਡੀਆ ਸਲਾਹਕਾਰ ਹਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਦੀਵਾਲੀ ਦੇ ਤਿਉਹਾਰ ਦੇ ਬਾਵਜੂਦ ਮਾਨਸਾ ਵਿੱਚ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਵੱਡੀ ਗਿਣਤੀ ਵਿੱਚ ਲੋਕ ਪੁੱਜੇ। ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਸਮਾਜਿਕ ਜਥੇਬੰਦੀਆਂ ਦੇ ਆਗੂਆਂ ਅਤੇ ਇਨਸਾਫ਼ ਮੋਰਚੇ ਨਾਲ ਜੁੜੇ ਲੋਕਾਂ ਨੇ ਆਪਣੇ ਇਸ ਸਾਥੀ ਨੂੰ ਅੰਤਿਮ ਵਿਦਾਇਗੀ ਦਿੱਤੀ। ਇਸ ਮੌਕੇ ਸਿੱਖ ਮਰਿਆਦਾ ਅਨੁਸਾਰ ਅੰਤਿਮ ਰਸਮਾਂ ਨਿਭਾਈਆਂ ਗਈਆਂ ਅਤੇ ਹਾਜ਼ਰ ਸੰਗਤ ਨੇ ਜੈਕਾਰਿਆਂ ਨਾਲ ਵਿਛੜੇ ਨੌਜਵਾਨ ਨੂੰ ਸ਼ਰਧਾਂਜਲੀ ਭੇਟ ਕੀਤੀ। ਜ਼ਿਕਰਯੋਗ ਹੈ ਕਿ ਪਰਵਿੰਦਰ ਸਿੰਘ ਝੋਟਾ ਦੀ 13 ਅਕਤੂਬਰ ਨੂੰ ਬਾਜ਼ਾਰ ਵਿੱਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਮਗਰੋਂ ਇਨਸਾਫ਼ ਦੀ ਮੰਗ ਨੂੰ ਲੈ ਕੇ ਵੱਡਾ ਸੰਘਰਸ਼ ਵਿੱਢਿਆ ਗਿਆ ਸੀ।

ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਫੌਜੀ, ਨਸ਼ਿਆਂ ਵਿਰੁੱਧ ਬਣੀ ਟਾਸਕ ਫੋਰਸ ਦੇ ਆਗੂਆਂ ਗਗਨਦੀਪ ਸਿਰਸੀਵਾਲਾ, ਅਮਨਦੀਪ ਪਟਵਾਰੀ, ਇੰਦਰਜੀਤ ਸਿੰਘ ਮੁਨਸ਼ੀ ਅਤੇ ਐਕਸ਼ਨ ਕਮੇਟੀ ਦੇ ਆਗੂਆਂ ਨੇ ਅੰਤਿਮ ਸੰਸਕਾਰ ਮੌਕੇ ਪੁੱਜੇ ਸਮੂਹ ਲੋਕਾਂ, ਜਥੇਬੰਦੀਆਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

ਪਰਵਿੰਦਰ ਸਿੰਘ ਝੋਟਾ ਨਮਿੱਤ ਪਾਠ ਦੇ ਭੋਗ ਅਤੇ ਸ਼ਰਧਾਂਜਲੀ ਸਮਾਗਮ ਦਾ ਸਥਾਨ ਬਦਲ ਦਿੱਤਾ ਗਿਆ ਹੈ। ਹੁਣ ਇਹ ਸਮਾਗਮ 15 ਨਵੰਬਰ (ਐਤਵਾਰ) ਨੂੰ ਤਖ਼ਤ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਹੋਵੇਗਾ। ਇਸ ਤੋਂ ਪਹਿਲਾਂ ਇਹ ਸਮਾਗਮ ਇਤਿਹਾਸਕ ਗੁਰਦੁਆਰਾ ਸੁਲੀਸਰ ਸਾਹਿਬ, ਪਿੰਡ ਕੋਟਧਰਮੂ ਵਿਖੇ ਰੱਖਿਆ ਗਿਆ ਸੀ। ਪੰਜਾਬ ਭਰ ਤੋਂ ਸੰਗਤਾਂ, ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਸਮਾਜਿਕ ਜਥੇਬੰਦੀਆਂ ਅਤੇ ਨਸ਼ਿਆਂ ਵਿਰੁੱਧ ਸੰਘਰਸ਼ਸ਼ੀਲ ਲੋਕਾਂ ਦੇ ਵੱਡੀ ਗਿਣਤੀ ਵਿੱਚ ਪੁੱਜਣ ਦੀ ਸੰਭਾਵਨਾ ਦੇ ਮੱਦੇਨਜ਼ਰ ਸਮਾਗਮ ਦਾ ਸਥਾਨ ਤਬਦੀਲ ਕੀਤਾ ਗਿਆ ਹੈ। ਇਸੇ ਦੌਰਾਨ ਡਿਪਟੀ ਕਮਿਸ਼ਨਰ ਦੀ ਰਿਹਾਇਸ਼ ਨੇੜੇ ਮੁੱਖ ਮਾਰਗ 'ਤੇ 26 ਦਿਨਾਂ ਤੋਂ ਚੱਲ ਰਿਹਾ ਧਰਨਾ ਸਮਾਪਤ ਕਰ ਦਿੱਤਾ ਗਿਆ ਹੈ।

ਭਾਜਪਾ ਸਣੇ ਅਕਾਲ ਤਖ਼ਤ ਦੇ ਭਗੌੜਿਆਂ ਨਾਲ ਏਕਾ ਨਹੀਂ: ਹਰਪ੍ਰੀਤ ਸਿੰਘ

ਅਕਾਲੀ ਦਲ (ਪੁਨਰ ਸੁਰਜੀਤ) ਦੀ ਸੂਬਾ ਪੱਧਰੀ ਮੀਟਿੰਗ; ਸਮੁੱਚੀ ਲੀਡਰਸ਼ਿਪ ਵੱਲੋਂ ਏਕੇ ਦਾ ਪ੍ਰਗਟਾਵਾ



ਲੁਧਿਆਣਾ : ਪੰਜਾਬ ਵਿਧਾਨ ਸਭਾ ਦੀਆਂ 2027 'ਚ ਹੋਣ ਵਾਲੀਆਂ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਅੱਜ ਪੁਨਰ ਸੁਰਜੀਤ ਅਕਾਲੀ ਦਲ ਵਲੋਂ ਸਾਹਨੇਵਾਲ ਦੇ ਇਤਿਹਾਸਕ ਗੁਰਦੁਆਰਾ ਰੇਰੂ ਸਾਹਿਬ ਵਿਖੇ ਪੰਜਾਬ ਭਰ ਦੇ ਪਾਰਟੀ ਆਗੂਆਂ ਅਤੇ ਵਰਕਰਾਂ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੌਕੇ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤੋਂ ਭਗੌੜੇ ਹੋਏ ਲੋਕਾਂ ਨਾਲ ਕਿਸੇ ਵੀ ਕੀਮਤ 'ਤੇ ਏਕਤਾ ਨਹੀਂ ਕੀਤੀ ਜਾਵੇਗੀ। ਜੇਕਰ ਕੋਈ ਸਿਆਸੀ ਪਾਰਟੀ ਜਾਂ ਧਿਰ ਅਜਿਹੇ ਲੋਕਾਂ ਨਾਲ ਗੱਠਜੋੜ ਕਰਦੀ ਹੈ ਤਾਂ ਉਸ ਦਾ ਵੀ ਡਟ ਕੇ ਵਿਰੋਧ ਕੀਤਾ ਜਾਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੰਗਤ ਅਤੇ ਪਾਰਟੀ ਵਰਕਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ 'ਚ ਜੋ ਭਰੋਸਾ ਪ੍ਰਗਟਾਇਆ ਹੈ, ਉਸ ਲਈ ਅਸੀਂ ਸਾਰਿਆਂ ਦੇ ਰਿਣੀ ਹਾਂ। ਉਨ੍ਹਾਂ ਕਿਹਾ ਕਿ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਆਦੇਸ਼ਾਂ ਅਨੁਸਾਰ ਹੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕੀਤਾ ਗਿਆ ਸੀ। ਭਾਵੇਂ ਇਸ ਪਾਰਟੀ ਦੇ ਸਫ਼ਰ ਦੌਰਾਨ ਕੁਝ ਲੋਕ ਸਾਥ ਛੱਡ ਕੇ ਚਲੇ ਗਏ ਹਨ, ਪਰ ਦੇਸ਼-ਵਿਦੇਸ਼ ਦੀ ਸੰਗਤ ਨੇ ਪਾਰਟੀ ਦੀਆਂ ਜੜ੍ਹਾਂ ਨੂੰ ਮਜ਼ਬੂਤ ਰੱਖਣ 'ਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਆਪਣੇ ਸਿਆਸੀ ਸਫ਼ਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਦੋ ਆਗੂਆਂ ਸਵ. ਸੁਖਦੇਵ ਸਿੰਘ ਢੀਂਡਸਾ ਅਤੇ ਰਵੀਇੰਦਰ ਸਿੰਘ ਦੇ ਕਹਿਣ 'ਤੇ ਪਾਰਟੀ ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੰਭਾਲੀ ਸੀ। ਉਨ੍ਹਾਂ ਕਿਹਾ ਕਿ ਉਸ ਸਮੇਂ ਪਾਰਟੀ ਦੇ ਅੰਦਰੂਨੀ ਵਿਵਾਦਾਂ ਕਾਰਨ ਆਗੂਆਂ ਵਲੋਂ ਉਨ੍ਹਾਂ ਨੂੰ ਅਗਵਾਈ ਕਰਨ ਦੀ ਅਪੀਲ ਕੀਤੀ ਗਈ ਸੀ। ਬੁਰਜ ਅਕਾਲੀ ਫੂਲਾ ਸਿੰਘ ਵਿਖੇ ਆਪਣੀ ਪਹਿਲੀ ਤਕਰੀਰ ਦੌਰਾਨ ਵੀ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਨੂੰ ਸਿਆਸੀ ਤਜਰਬਾ ਨਹੀਂ ਹੈ ਅਤੇ ਸਾਰੇ ਆਗੂ ਤੇ ਵਰਕਰ ਉਨ੍ਹਾਂ ਦੀਆਂ ਬਾਹਵਾਂ ਬਣਨ। ਪਰ ਜਿਨ੍ਹਾਂ ਨੇ ਸਭ ਤੋਂ ਵੱਧ ਸਾਥ ਦੇਣ ਦਾ ਭਰੋਸਾ ਦਿੱਤਾ ਸੀ, ਉਹੀ ਸਭ ਤੋਂ ਪਹਿਲਾਂ ਸਾਥ ਛੱਡ ਗਏ। ਇਸ ਦੇ ਬਾਵਜੂਦ ਉਹ ਪਿੱਛੇ ਹਟਣ ਵਾਲਿਆਂ 'ਚੋਂ ਨਹੀਂ ਹਨ ਅਤੇ ਹਰ ਮੁਸ਼ਕਿਲ ਦਾ ਡਟ ਕੇ ਸਾਹਮਣਾ ਕਰਨਗੇ। ਪਾਰਟੀ ਛੱਡ ਕੇ ਜਾਣ ਵਾਲੇ ਆਗੂਆਂ ਬਾਰੇ ਤਿੱਖੀ ਟਿੱਪਣੀ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਦੋਸ਼ ਲਾਇਆ ਕਿ ਜਿਹੜੇ ਲੋਕ ਅੱਜ ਵੱਖ ਹੋ ਰਹੇ ਹਨ, ਉਹੀ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚਿੱਠੀਆਂ ਲੈ ਕੇ ਪਹੁੰਚੇ ਸਨ ਅਤੇ ਸੁਖਬੀਰ ਸਿੰਘ ਬਾਦਲ ਨੂੰ ਪੰਥ 'ਚੋਂ ਛੇਕਣ ਦੀ ਮੰਗ ਲਈ ਵਿਦੇਸ਼ਾਂ ਤੱਕ ਸਿਫ਼ਾਰਸ਼ਾਂ ਕਰਵਾਉਂਦੇ ਰਹੇ ਸਨ। ਉਨ੍ਹਾਂ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਦਲਜੀਤ ਸਿੰਘ ਚੀਮਾ ਦਾ ਜ਼ਿਕਰ ਕਰਦਿਆਂ ਦੋਸ਼ ਲਾਇਆ ਕਿ ਇਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਸੱਚਾਈ ਨਹੀਂ ਰੱਖੀ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਉੱਥੇ ਸੱਚ ਬੋਲਿਆ ਸੀ, ਪਰ ਬਾਅਦ 'ਚ ਮੁਕਤਸਰ ਸਾਹਿਬ ਵਿਖੇ ਆਪਣੇ ਬਿਆਨ ਤੋਂ ਮੁੱਕਰ ਜਾਣਾ ਵੱਡੀ ਗ਼ਲਤੀ ਸੀ। ਬੀਬੀ ਜਗੀਰ ਕੌਰ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪਿਛਲੀ ਸ਼੍ਰੋਮਣੀ ਕਮੇਟੀ ਚੋਣ ਹਾਰਨ ਤੋਂ ਬਾਅਦ ਉਨ੍ਹਾਂ ਨੇ ਮੈਂਬਰਾਂ ਦੀਆਂ ਜ਼ਮੀਰਾਂ ਮਰ ਜਾਣ ਦੀ ਗੱਲ ਆਖੀ ਸੀ। ਗਿਆਨੀ ਹਰਪ੍ਰੀਤ ਸਿੰਘ ਨੇ ਸਵਾਲ ਕੀਤਾ ਕਿ ਹੁਣ ਉਨ੍ਹਾਂ ਦੀ ਆਪਣੀ ਜ਼ਮੀਰ ਕਿੱਥੇ ਹੈ। ਉਨ੍ਹਾਂ ਗੁਰਬਾਣੀ ਦੀ ਤੁਕ ਦਾ ਹਵਾਲਾ ਦਿੰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਝੂਠ ਬੋਲਣ ਅਤੇ ਆਪਣੇ ਬਿਆਨਾਂ ਤੋਂ ਮੁੱਕਰਨ ਵਾਲਿਆਂ ਦਾ ਹਸ਼ਰ ਸਮਾਂ ਦੱਸੇਗਾ। ਭਾਜਪਾ ਨਾਲ ਸੰਬੰਧਾਂ ਬਾਰੇ ਆਪਣਾ ਪੱਖ ਰੱਖਦਿਆਂ ਉਨ੍ਹਾਂ ਕਿਹਾ ਕਿ ਪੁਨਰ ਸੁਰਜੀਤ ਅਕਾਲੀ ਦਲ ਵਲੋਂ ਕਦੇ ਵੀ ਭਾਜਪਾ ਨਾਲ ਸਿਆਸੀ ਭਾਈਵਾਲੀ ਦੀ ਗੱਲ ਨਹੀਂ ਕੀਤੀ ਗਈ, ਸਗੋਂ ਹਮੇਸ਼ਾ ਪੰਥ ਅਤੇ ਪੰਜਾਬ ਦੇ ਮੁੱਦੇ ਉਠਾਏ ਗਏ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨਾਲ ਸਮਝੌਤੇ ਦੀਆਂ ਗੱਲਾਂ ਕਰਨ ਵਾਲੇ ਕੁਝ ਆਗੂ ਸਨ, ਪਰ ਉਨ੍ਹਾਂ ਦੀ ਪਾਰਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤੋਂ ਭਗੌੜੇ ਹੋਏ ਲੋਕਾਂ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕਰੇਗੀ। ਜੇਕਰ ਭਾਜਪਾ ਅਜਿਹੇ ਆਗੂਆਂ ਨਾਲ ਗੱਠਜੋੜ ਕਰਦੀ ਹੈ ਤਾਂ ਪਾਰਟੀ ਉਸ ਦਾ ਵੀ ਸਖ਼ਤ ਵਿਰੋਧ ਕਰੇਗੀ। ਉਨ੍ਹਾਂ ਐਲਾਨ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਾਲੇ ਦਿਨ ਪਾਰਟੀ ਦੇ ਸ਼ ?ਰੋਮਣੀ ਕਮੇਟੀ ਮੈਂਬਰ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਦਿੱਲੀ 'ਚ ਲੋਕ ਸਭਾ ਦੇ ਸਾਹਮਣੇ ਰੋਸ ਪ੍ਰਦਰਸ਼ਨ ਕਰਨਗੇ। ਇਸ ਪ੍ਰਦਰਸ਼ਨ ਰਾਹੀਂ ਕੇਂਦਰ ਸਰਕਾਰ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਮੰਗ ਕੀਤੀ ਜਾਵੇਗੀ, ਤਾਂ ਜੋ ਉਨ੍ਹਾਂ ਦੇ ਕਹਿਣ ਅਨੁਸਾਰ ਧੀਰਮੱਲੀਆਂ ਦਾ ਕਬਜ਼ਾ ਤੋੜਿਆ ਜਾ ਸਕੇ। ਇਸ ਮੌਕੇ ਪਾਰਟੀ ਦੇ ਸਰਪ੍ਰਸਤ ਰਵੀਇੰਦਰ ਸਿੰਘ ਨੇ 2 ਦਸੰਬਰ ਦੇ ਹੁਕਮਨਾਮੇ 'ਤੇ ਡਟ ਕੇ ਪਹਿਰਾ ਦੇਣ ਲਈ ਪੰਜ ਸਿੰਘ ਸਾਹਿਬਾਨ ਅਤੇ ਸਮੁੱਚੀ ਪਾਰਟੀ ਲੀਡਰਸ਼ਿਪ ਦੀ ਸ਼ਲਾਘਾ ਕੀਤੀ।

ਕਬਜ਼ੇ ਹਟਾਉਣ ਖ਼ਿਲਾਫ਼ ਪਿੰਡ ਵਾਸੀ ਤੇ ਪ੍ਰਸ਼ਾਸਨ ਆਹਮੋ-ਸਾਹਮਣੇ

70-75 ਸਾਲਾਂ ਤੋਂ ਰਹਿ ਰਹੇ ਸਵਾ ਸੌ ਦੇ ਕਰੀਬ ਪਰਿਵਾਰਾਂ ਨੇ ਘਰ ਖ਼ਾਲੀ ਕਰਨ ਤੋਂ ਕੀਤਾ ਇਨਕਾਰ



ਮਸਤੂਆਣਾ ਸਾਹਿਬ : ਇਥੇ ਪਿੰਡ ਲਿੱਦੜਾਂ ਵਿੱਚ ਸਰਕਾਰੀ ਜ਼ਮੀਨ ਤੋਂ ਕਬਜ਼ੇ ਹਟਾਉਣ ਦੀ ਕਾਰਵਾਈ ਖ਼ਿਲਾਫ਼ ਮਾਹੌਲ ਉਸ ਵੇਲੇ ਤਣਾਅਪੂਰਨ ਬਣ ਗਿਆ, ਜਦੋਂ ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮ ਭਾਰੀ ਪੁਲੀਸ ਫੋਰਸ ਸਣੇ ਜ਼ਮੀਨ ਦਾ ਕਬਜ਼ਾ ਲੈਣ ਲਈ ਮੌਕੇ 'ਤੇ ਪੁੱਜੀ।

ਪ੍ਰਸ਼ਾਸਨ ਵੱਲੋਂ ਜ਼ਮੀਨ ਦੀ ਨਿਸ਼ਾਨਦੇਹੀ ਕਰ ਕੇ ਕਾਰਵਾਈ ਸ਼ੁਰੂ ਕਰਦਿਆਂ ਹੀ ਪਿੰਡ ਵਾਸੀ ਅਤੇ ਕਿਸਾਨ ਯੂਨੀਅਨ ਦੇ ਆਗੂ ਅਤੇ ਵਰਕਰ ਵੱਡੀ ਗਿਣਤੀ ਵਿੱਚ ਇਕੱਠੇ ਹੋ ਗਏ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਘਰ ਖਾਲੀ ਕਰਨ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ। ਪਿੰਡ ਵਾਸੀਆਂ ਨੇ ਦੱਸਿਆ ਕਿ ਸਵਾ ਸੌ ਦੇ ਕਰੀਬ ਗਰੀਬ ਪਰਿਵਾਰ ਪਿਛਲੇ 70-75 ਸਾਲਾਂ ਤੋਂ ਇਸ ਜਗ੍ਹਾ 'ਤੇ ਆਪਣੇ ਘਰ ਬਣਾ ਕੇ ਰਹਿ ਰਹੇ ਹਨ। ਉਨ੍ਹਾਂ ਅਨੁਸਾਰ ਸਾਲ 1955-56 ਦੌਰਾਨ ਆਏ ਭਿਆਨਕ ਹੜ੍ਹਾਂ ਕਾਰਨ ਬੇਘਰ ਹੋਏ ਪਰਿਵਾਰਾਂ ਨੂੰ ਸਰਕਾਰ ਵੱਲੋਂ ਇਹ ਜਗ੍ਹਾ ਅਲਾਟ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਹੁਣ ਉਨ੍ਹਾਂ ਦੇ ਘਰਾਂ ਵਿੱਚ ਬਿਜਲੀ ਦੇ ਮੀਟਰ ਅਤੇ ਪਾਣੀ ਦੇ ਕੁਨੈਕਸ਼ਨ ਲੱਗੇ ਹੋਏ ਹਨ ਅਤੇ ਕਈ ਜਾਇਦਾਦਾਂ ਦੀਆਂ ਰਜਿਸਟਰੀਆਂ ਵੀ ਹੋ ਚੁੱਕੀਆਂ ਹਨ। ਪਿੰਡ ਵਾਸੀਆਂ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਪਹਿਲਾਂ ਕੋਈ ਢੁੱਕਵੀਂ ਸੂਚਨਾ ਨਹੀਂ ਦਿੱਤੀ ਗਈ ਕਿ ਹਾਈਕੋਰਟ ਵੱਲੋਂ ਇਸ ਜ਼ਮੀਨ ਸਬੰਧੀ ਕੋਈ ਫ਼ੈਸਲਾ ਸਰਕਾਰ ਦੇ ਹੱਕ ਵਿੱਚ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਅਚਾਨਕ ਪ੍ਰਸ਼ਾਸਨਿਕ ਟੀਮ ਪੁੱਜ ਗਈ ਅਤੇ ਘਰ ਖਾਲੀ ਕਰਨ ਲਈ ਕਹਿ ਰਹੀ ਹੈ, ਜੋ ਉਨ੍ਹਾਂ ਨਾਲ ਬੇਇਨਸਾਫ਼ੀ ਹੈ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਉਹ ਕਿਸੇ ਵੀ ਕੀਮਤ 'ਤੇ ਆਪਣੇ ਘਰ ਛੱਡਣ ਲਈ ਤਿਆਰ ਨਹੀਂ ਹਨ ਅਤੇ ਸਰਕਾਰ ਨੂੰ ਗਰੀਬ ਪਰਿਵਾਰਾਂ ਦੀ ਹਾਲਤ ਨੂੰ ਸਮਝਦਿਆਂ ਇਸ ਮਾਮਲੇ ਦਾ ਹੱਲ ਕੱਢਣਾ ਚਾਹੀਦਾ ਹੈ। ਇਸ ਮੌਕੇ ਕਿਸਾਨ ਯੂਨੀਅਨ ਦੇ ਮੀਤ ਪ੍ਰਧਾਨ ਦਰਸ਼ਨ ਕੁਮਾਰ ਨਰਸੀ, ਰਾਜਿੰਦਰ ਸਿੰਘ, ਸਰਬਜੀਤ ਸਿੰਘ ਸਣੇ ਵੱਡੀ ਗਿਣਤੀ ਪਿੰਡ ਵਾਸੀਆਂ ਨੇ ਪ੍ਰਸ਼ਾਸਨਿਕ ਕਾਰਵਾਈ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਉਹ ਪੀੜ੍ਹੀਆਂ ਤੋਂ ਇਸ ਜਗ੍ਹਾ 'ਤੇ ਰਹਿ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਬਿਨਾਂ ਕਿਸੇ ਬਦਲਵੇਂ ਪ੍ਰਬੰਧ ਦੇ ਗਰੀਬ ਪਰਿਵਾਰਾਂ ਨੂੰ ਬੇਘਰ ਨਾ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਆਪਣੀ ਗੱਲ ਰੱਖਣ ਦਾ ਪੂਰਾ ਮੌਕਾ ਦਿੱਤਾ ਜਾਵੇ। ਮੌਕੇ 'ਤੇ ਮੌਜੂਦ ਤਹਿਸੀਲਦਾਰ ਜਗਜੀਤ ਇੰਦਰ ਸਿੰਘ ਸੋਢੀ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਸਰਕਾਰੀ ਜ਼ਮੀਨ ਦਾ ਕਬਜ਼ਾ ਲੈਣ ਦੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕੁੱਲ 67 ਵਿੱਘੇ ਜ਼ਮੀਨ ਵਿੱਚੋਂ 57 ਵਿੱਘੇ ਖਾਲੀ ਪਈ ਜ਼ਮੀਨ ਦਾ ਕਬਜ਼ਾ ਲੈ ਲਿਆ ਗਿਆ ਹੈ, ਜਦ ਕਿ ਬਾਕੀ ਰਹਿੰਦੇ 10 ਵਿੱਘੇ ਜ਼ਮੀਨ ਦਾ ਕਬਜ਼ਾ ਆਉਣ ਵਾਲੇ ਦਿਨਾਂ ਵਿੱਚ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ 12 ਨਵੰਬਰ ਨੂੰ ਹਾਈਕੋਰਟ ਵਿੱਚ ਕਬਜ਼ਾ ਲੈਣ ਸਬੰਧੀ ਹਲਫ਼ੀਆ ਬਿਆਨ ਪੇਸ਼ ਕੀਤਾ ਜਾਵੇਗਾ।

ਪੈਨਸ਼ਨਰਾਂ ਵੱਲੋਂ ਸਰਕਾਰ ਖ਼ਿਲਾਫ਼ ਵਿਖਾਵਾ

ਪੰਜਾਬ ਸਰਕਾਰ ਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਬੇਰੁਖੀ ਅਤੇ ਲਾਪ੍ਰਵਾਹੀ ਵਰਤਣ ਦਾ ਦੋਸ਼



ਸੰਗਰੂਰ : ਇਥੇ ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਅਗਵਾਈ ਹੇਠ ਪੈਨਸ਼ਨਰਾਂ ਵੱਲੋਂ ਡੀ ਸੀ ਕੰਪਲੈਕਸ ਵਿੱਚ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਪੈਨਸ਼ਨਰ ਪੰਜਾਬ ਸਰਕਾਰ ਦੀ ਮੰਗਾਂ ਪ੍ਰਤੀ ਬੇਰੁਖੀ ਅਤੇ ਲਾਪ੍ਰਵਾਹੀ ਤੋਂ ਖਫ਼ਾ ਹਨ। ਇਸ ਮੌਕੇ ਆਲ ਪੈਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਦੇ ਸਰਪ੍ਰਸਤ ਜਗਦੀਸ਼ ਸ਼ਰਮਾ, ਪ੍ਰਧਾਨ ਸੁਰਿੰਦਰ ਬਾਲੀਆਂ, ਸੀਨੀਅਰ ਮੀਤ ਪ੍ਰਧਾਨ ਬਿੱਕਰ ਸਿੰਘ ਸਿਬੀਆਂ ਅਤੇ ਜਨਰਲ ਸਕੱਤਰ ਬਲਵੰਤ ਸਿੰਘ ਢਿੱਲੋਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਮੰਗਾਂ ਪ੍ਰਤੀ ਵਿਖਾਈ ਜਾ ਰਹੀ ਬੇਰੁਖੀ ਅਤੇ ਲਾਪ੍ਰਵਾਹੀ ਤੋਂ ਪੈਨਸ਼ਨਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਪੂਰੇ ਪੰਜ ਸਾਲ ਗੁਜਰਨ ਦੇ ਨੇੜੇ ਹਨ ਪਰੰਤੂ ਸਰਕਾਰ ਵੱਲੋਂ ਪੈਨਸ਼ਨਰਜ਼ ਦਾ 21% ਡੀ ਏ, 2.59 ਦਾ ਗੁਣਾਂਕ ਅੰਕ, 213 ਮਹੀਨਿਆਂ ਦਾ ਬਕਾਇਆ ਮੈਡੀਕਲ ਭੱਤੇ ਵਿੱਚ ਵਾਧਾ ਨਹੀਂ ਕੀਤਾ ਗਿਆ। ਐਸੋਸੀਏਸ਼ਨ ਵੱਲੋਂ ਸੂਬੇ ਦੇ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਫੈਸਲੇ ਅਨੁਸਾਰ 13/11/26 ਤੋਂ 19/11/26 ਤੱਕ ਦੇ ਪੱਕੇ ਮੋਰਚੇ ਵਿੱਚ ਸ਼ਮੂਲੀਅਤ ਕਰਨ ਦਾ ਫ਼ੈਸਲਾ ਕੀਤਾ। ਇਸ ਮੌਕੇ ਮੇਲਾ ਸਿੰਘ ਪੁੰਨਾਂਵਾਲ, ਸੀਤਾ ਰਾਮ ਸ਼ਰਮਾਂ, ਜੈ ਸਿੰਘ, ਮੋਹਨ ਸਿੰਘ ਬਾਵਾ ਨੇ ਕਿਹਾ ਕਿ ਸਰਕਾਰ ਦੀ ਮੁਲਾਜਮਾਂ ਪ੍ਰਤੀ ਵਰਤੀ ਜਾ ਰਹੀ ਅਣਗਿਹਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਆਪਣੇ ਹੱਕ ਪ੍ਰਾਪਤ ਕਰਨ ਲਈ ਲੰਮੇ ਸੰਘਰਸ਼ ਕੀਤੇ ਜਾਣਗੇ। ਇਹ ਵੀ ਫ਼ੈਸਲਾ ਕੀਤਾ ਕਿ ਮਿਤੀ 16 ਦਸੰਬਰ ਨੂੰ ਪੈਨਸ਼ਨਰ ਦਿਹਾੜਾ ਧੂਮਧਾਮ ਨਾਲ ਮਨਾਇਆ ਜਾਵੇਗਾ। 75 ਸਾਲਾ ਪੈਨਸ਼ਨਰਜ਼ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਗੁਰਤੇਜ ਸ਼ਰਮਾ, ਕੁਲਵੰਤ ਸਿੰਘ, ਰਜਿੰਦਰ ਕੁਮਾਰ, ਰਾਮ ਲਾਲ ਸ਼ਰਮਾ, ਮੰਗਲ ਰਾਣਾ, ਵੇਦ ਪ੍ਰਕਾਸ਼, ਮਲਕੀਤ ਸਿੰਘ, ਜਗਦੇਵ ਸਿੰਘ ਤੂੰਗਾਂ, ਰੂਪ ਸਿੰਘ ਚਾਂਗਲੀ, ਪਿਆਰਾ ਸਿੰਘ, ਭਗਵਾਨ ਦਾਸ, ਭੋਲਾ ਸਿੰਘ ਘਨੌਰੀ, ਚੰਦਰ ਪ੍ਰਕਾਸ਼, ਕੌਸ਼ਲ ਸ਼ਰਮਾ ਆਦਿ ਹਾਜ਼ਰ ਸਨ।

ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਦੇ ਕੰਟਰੈਕਟ ਵਰਕਰਾਂ ਵੱਲੋਂ ਧਰਨਾ

16 ਤੋਂ ਹੜਤਾਲ, ਮੁੱਖ ਮੰਤਰੀ ਅਤੇ ਟਰਾਂਸਪੋਰਟ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਦੀ ਚਿਤਾਵਨੀ



ਸੰਗਰੂਰ : ਪੰਜਾਬ ਰੋਡਵੇਜ਼ ਪਨਬੱਸ/ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਦੇ ਸੱਦੇ ਤਹਿਤ ਮੁਲਾਜ਼ਮਾਂ ਵੱਲੋਂ ਸਥਾਨਕ ਪੀ ਆਰ ਟੀ ਸੀ ਡਿਪੂ/ਬੱਸ ਸਟੈਂਡ ਅੱਗੇ ਰੋਸ ਧਰਨਾ ਦਿੱਤਾ ਗਿਆ ਅਤੇ ਪੰਜਾਬ ਸਰਕਾਰ ਤੇ ਪੀ ਆਰ ਟੀ ਸੀ ਮੈਨੇਜਮੈਂਟ ਖਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਧਰਨਾਕਾਰੀਆਂ ਵੱਲੋਂ 16 ਨਵੰਬਰ ਤੋਂ ਹੜਤਾਲ ਅਤੇ ਮੁੱਖ ਮੰਤਰੀ ਸਮੇਤ ਟਰਾਂਸਪੋਰਟ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਦੀ ਚਿਤਾਵਨੀ ਦਿੱਤੀ। ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਡਿੱਪੂ ਪ੍ਰਧਾਨ ਜਤਿੰਦਰ ਸਿੰਘ, ਆਗੂ ਸੁਖਜਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨਾਲ ਹੁਣ ਤੱਕ ਕਰੀਬ 70 ਮੀਟਿੰਗਾਂ ਹੋ ਚੁੱਕੀਆਂ ਹਨ ਪਰੰਤੂ ਸਿਰਫ਼ ਭਰੋਸੇ ਦੇ ਕੇ ਡੰਗ ਸਾਰਿਆ ਜਾ ਰਿਹਾ ਹੈ। ਪਨਬੱਸ ਵਿੱਚ ਪਿਛਲੇ 12 ਸਾਲਾਂ ਤੋਂ ਕੰਟਰੈਕਟ 'ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਵਾਰ-ਵਾਰ ਸਰਕਾਰ ਵੱਲੋਂ ਅੜਚਨਾਂ ਪੈਦਾ ਕਰ ਕੇ ਲਗਾਤਾਰ ਟਾਲ ਮਟੋਲ ਕੀਤਾ ਜਾ ਰਿਹਾ ਹੈ। ਟਰਾਂਸਪੋਰਟ ਮੰਤਰੀ ਅਤੇ ਪ੍ਰਸੋਨਲ ਵਿਭਾਗ ਵਿੱਤ ਵਿਭਾਗ ਵੱਲੋਂ ਮਨਜ਼ੂਰੀ ਤੋਂ ਬਾਅਦ ਬਣਾਏ ਰੂਲਾਂ ਨੂੰ ਪੰਜਾਬ ਕੈਬਨਿਟ ਵਿੱਚ ਪਾਸ ਕਰ ਕੇ ਲਾਗੂ ਕਰਨ ਪ੍ਰਤੀ ਸਰਕਾਰ ਸੰਜੀਦਾ ਨਹੀਂ ਹੈ। ਪਨਬੱਸ, ਪੀ ਆਰ ਟੀ ਸੀ ਦੇ ਆਊਟਸੋਰਸ ਮੁਲਾਜ਼ਮਾਂ ਨੂੰ 14 ਅਗਸਤ 2026 ਦੇ ਐਕਟ ਨੰਬਰ 10 ਅਨੁਸਾਰ ਵਿਭਾਗ ਅਧੀਨ ਕੰਟਰੈਕਟ 'ਤੇ ਕਰਨ ਦੀ ਪ੍ਰਕਿਰਿਆ ਵਿੱਚ ਜਾਣਬੁੱਝ ਕੇ ਦੇਰੀ ਕੀਤੀ ਜਾਂ ਰਹੀ ਹੈ। ਟਰਾਂਸਪੋਰਟ ਮੰਤਰੀ ਵੱਲੋਂ 31 ਅਕਤੂਬਰ ਦੀ ਕੈਬਨਿਟ ਵਿੱਚ ਰੂਲ ਪਾਸ ਕਰਨ ਦਾ ਭਰੋਸਾ ਦਿੱਤਾ ਗਿਆ ਸੀ ਪਰ ਹਾਲੇ ਤੱਕ ਉਸ ਭਰੋਸੇ ਨੂੰ ਅਮਲੀ ਰੂਪ ਨਹੀਂ ਦਿੱਤਾ ਗਿਆ। ਇਸ ਤੋਂ ਇਲਾਵਾ ਮੁੱਖ ਮੰਤਰੀ ਪੰਜਾਬ ਵੱਲੋਂ ਆਊਟਸੋਰਸ ਮੁਲਾਜ਼ਮਾਂ ਨੂੰ ਦਿੱਤੇ ਗਏ ਆਫਰ ਲੈਟਰ ਵੀ ਹੁਣ ਤੱਕ ਸਿਰਫ਼ ਗਿੱਦੜ ਚਿੱਠੀ ਵਾਂਗ ਖਾਲੀ ਕਾਗਜ਼ ਸਾਬਤ ਹੋਏ ਹਨ। ਆਗੂਆਂ ਨੇ ਮੰਗ ਕੀਤੀ ਕਿ ਆਊਟਸੋਰਸ ਮੁਲਾਜ਼ਮਾਂ ਨੂੰ 14 ਅਗਸਤ 2026 ਦੇ ਐਕਟ ਨੰਬਰ 10 ਅਨੁਸਾਰ ਸਿੱਧਾ ਵਿਭਾਗ ਅਧੀਨ ਕੰਟਰੈਕਟ 'ਤੇ ਕੀਤਾ ਜਾਵੇ, ਪਿਛਲੇ 11 ਸਾਲਾਂ ਤੋਂ ਕੰਮ ਕਰਦੇ ਪਨਬੱਸ ਦੇ ਕੰਟਰੈਕਟ ਮੁਲਾਜ਼ਮਾਂ ਨੂੰ ਸਰਵਿਸ ਰੂਲਾਂ ਅਨੁਸਾਰ ਤਰੁੰਤ ਪੱਕਾ ਕੀਤਾ ਜਾਵੇ, ਸੰਘਰਸ਼ ਦੌਰਾਨ ਮੁਲਾਜ਼ਮਾਂ ਉੱਪਰ ਦਰਜ ਕੀਤੇ ਨਾਜਾਇਜ਼ ਪੁਲੀਸ ਕੇਸ ਰੱਦ ਕੀਤੇ ਜਾਣ, ਨਵੇਂ ਭਰਤੀ ਹੋਏ ਮੁਲਾਜ਼ਮਾਂ ਅਤੇ ਐਕਟ ਤੋਂ ਬਾਹਰ ਰਹਿੰਦੇ ਮੁਲਾਜ਼ਮਾਂ ਨੂੰ 2026 ਦੇ ਐਕਟ ਨੰਬਰ 10 ਵਿੱਚ ਸ਼ਾਮਲ ਕਰ ਕੇ ਉਨ੍ਹਾਂ ਨੂੰ ਕੰਟਰੈਕਟ 'ਤੇ ਕਰਦਿਆਂ ਰੁਜ਼ਗਾਰ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਕੱਢੇ ਮੁਲਾਜ਼ਮਾਂ ਨੂੰ ਬਹਾਲ ਕੀਤਾ ਜਾਵੇ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਸਰਕਾਰ ਨੇ ਤੁਰੰਤ ਮੰਗਾਂ ਦਾ ਹੱਲ ਨਾ ਕੀਤਾ ਤਾਂ 16 ਨਵੰਬਰ ਤੋਂ ਹੜਤਾਲ ਕੀਤੀ ਜਾਵੇਗੀ ਅਤੇ ਮੁੱਖ ਮੰਤਰੀ ਸਮੇਤ ਟਰਾਂਸਪੋਰਟ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।

ਪੀ ਸੀ ਐੱਸ ਪ੍ਰੀਖਿਆ ਲੀਕ ਮਾਮਲੇ ਖ਼ਿਲਾਫ਼ ਵਿਖਾਵਾ

ਭਾਜਪਾ ਯੁਵਾ ਮੋਰਚੇ ਨੇ ਡੀ ਸੀ ਦਫ਼ਤਰ ਬਾਹਰ ਨਾਅਰੇਬਾਜ਼ੀ ਕਰ ਕੇ ਨੌਜਵਾਨਾਂ ਲਈ ਇਨਸਾਫ਼ ਮੰਗਿਆ



ਲੁਧਿਆਣਾ : ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੁਨੀਲ ਮੌਦਗਿਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਭਾਜਪਾ ਯੁਵਾ ਮੋਰਚੇ ਦੇ ਕਾਰਕੁਨਾਂ ਨੇ ਅੱਜ ਪੀ ਸੀ ਐੱਸ ਪ੍ਰੀਖਿਆ ਲੀਕ ਮਾਮਲੇ ਖ਼ਿਲਾਫ਼ ਡਿਪਟੀ ਕਮਿਸ਼ਨਰ ਦਫ਼ਤਰ ਦੇ ਬਾਹਰ ਪੰਜਾਬ ਸਰਕਾਰ ਖ਼ਿਲਾਫ਼ ਰੋਸ ਮੁਜ਼ਾਹਰਾ ਕੀਤਾ ਅਤੇ ਸਰਕਾਰ ਦਾ ਪੁਤਲਾ ਫੂਕਿਆ। ਯੁਵਾ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਅਜਿੰਦਰ ਸਿੰਘ ਦੀ ਅਗਵਾਈ ਹੇਠ ਹੋਏ ਇਸ ਪ੍ਰਦਰਸ਼ਨ ਵਿੱਚ ਮੋਰਚੇ ਦੇ ਇੰਚਾਰਜ ਦਵਿੰਦਰ ਜੱਗੀ ਅਤੇ ਸੂਬਾ ਜਨਰਲ ਸਕੱਤਰ ਸੌਰਵ ਕਪੂਰ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਅਤੇ ਸੂਬਾ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਸਰਕਾਰੀ ਤੰਤਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ।

ਇਸ ਮੌਕੇ ਅਜਿੰਦਰ ਸਿੰਘ ਨੇ ਦੋਸ਼ ਲਾਇਆ ਕਿ ਪੀ ਸੀ ਐੱਸ ਵਰਗੀ ਅਹਿਮ ਪ੍ਰੀਖਿਆ ਲੀਕ ਹੋਣ ਨਾਲ ਸੂਬੇ ਦੇ ਲੱਖਾਂ ਪੜ੍ਹੇ-ਲਿਖੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਹੋ ਰਿਹਾ ਹੈ। ਸੂਬੇ ਵਿੱਚ ਪ੍ਰੀਖਿਆ ਪ੍ਰਣਾਲੀ ਅੰਦਰ ਪੂਰੀ ਪਾਰਦਰਸ਼ਤਾ ਅਤੇ ਨਿਰਪੱਖਤਾ ਕਾਇਮ ਰੱਖਣਾ ਪੰਜਾਬ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ, ਪਰ ਸਰਕਾਰ ਇਸ ਮੋਰਚੇ 'ਤੇ ਨਾਕਾਮ ਸਾਬਤ ਹੋਈ ਹੈ। ਉਨ੍ਹਾਂ ਮੰਗ ਕੀਤੀ ਕਿ ਪੀ ਸੀ ਐੱਸ ਪ੍ਰੀਖਿਆ ਲੀਕ ਮਾਮਲੇ ਦੀ ਉੱਚ ਪੱਧਰੀ ਅਤੇ ਨਿਰਪੱਖ ਜਾਂਚ ਕਰਵਾ ਕੇ ਇਸ ਘਪਲੇ ਵਿੱਚ ਸ਼ਾਮਲ ਕਸੂਰਵਾਰਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਯੁਵਾ ਮੋਰਚੇ ਦੇ ਇੰਚਾਰਜ ਦਵਿੰਦਰ ਜੱਗੀ ਅਤੇ ਸੂਬਾ ਜਨਰਲ ਸਕੱਤਰ ਸੌਰਵ ਕਪੂਰ ਨੇ ਵੀ ਪੰਜਾਬ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਦੋਵਾਂ ਆਗੂਆਂ ਨੇ ਕਿਹਾ ਕਿ ਪ੍ਰੀਖਿਆ ਪ੍ਰਣਾਲੀ ਵਿੱਚ ਅਜਿਹੀਆਂ ਬੇਨਿਯਮੀਆਂ ਕਾਰਨ ਮਿਹਨਤੀ ਵਿਦਿਆਰਥੀਆਂ ਦਾ ਮਨੋਬਲ ਡਿੱਗਦਾ ਹੈ। ਉਨ੍ਹਾਂ ਮੰਗ ਕੀਤੀ ਕਿ ਨੌਜਵਾਨ ਪੀੜ੍ਹੀ ਦੇ ਸੁਪਨਿਆਂ ਨੂੰ ਚਕਨਾਚੂਰ ਕਰਨ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਖ਼ਿਲਾਫ਼ ਮਿਸਾਲੀ ਕਾਰਵਾਈ ਹੋਵੇ। ਰੋਸ ਪ੍ਰਦਰਸ਼ਨ ਮੌਕੇ ਅਭਿਸ਼ੇਕ ਸਿੰਗਲ, ਵਿਨੀਤ ਬਹਿਲ, ਸਾਹਿਲ ਦੁੱਗਲ, ਮਨੀਸ਼ ਸ਼ਰਮਾ, ਸੰਗੀਸ਼ ਭਾਟੀਆ, ਰੋਹਿਤ ਸੈਨਨ, ਹਿਮਾਂਸ਼ੂ ਮਹਿਰਾ, ਸਾਹਿਲ ਸੇਠ, ਸ਼ੇਕਾ ਵਰਮਾ, ਸੰਨੀ ਭਾਟੀਆ, ਪ੍ਰਿੰਸ ਕਪੂਰ, ਕਰਨ ਸਿੰਘ, ਕਰਨ ਰਾਣਾ, ਦੀਪੂ, ਅਰਜੁਨ ਕਨੌਜੀਆ, ਯੋਗਿਆ ਦੱਤ ਸ਼ਰਮਾ ਤੇ ਅਭਿਸ਼ੇਕ ਗੌਤਮ ਸਮੇਤ ਹੋਰ ਹਾਜ਼ਰ ਸਨ।

ਭਰਤੀ ਤੇ ਪ੍ਰੀਖਿਆ ਪ੍ਰਕਿਰਿਆ ਪਾਰਦਰਸ਼ੀ ਬਣਾਉਣ ਦੀ ਮੰਗ : ਯੁਵਾ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਅਜਿੰਦਰ ਸਿੰਘ ਨੇ ਸਮੁੱਚੀ ਭਰਤੀ ਅਤੇ ਪ੍ਰੀਖਿਆ ਪ੍ਰਕਿਰਿਆ ਪਾਰਦਰਸ਼ੀ ਬਣਾਉਣ ਦੀ ਮੰਗ ਕਰਦਿਆਂ ਕਿਹਾ ਕਿ ਦਿਨ-ਰਾਤ ਮਿਹਨਤ ਕਰਕੇ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਕਾਬਲ ਨੌਜਵਾਨਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਨੌਜਵਾਨਾਂ ਦੇ ਭਵਿੱਖ ਨਾਲ ਜੁੜੇ ਅਜਿਹੇ ਗੰਭੀਰ ਮਾਮਲੇ ਕਿਸੇ ਵੀ ਕੀਮਤ 'ਤੇ ਨਜ਼ਰਅੰਦਾਜ਼ ਨਹੀਂ ਹੋਣ ਦਿੱਤੇ ਜਾਣਗੇ ਅਤੇ ਭਾਜਪਾ ਯੁਵਾ ਮੋਰਚਾ ਨੌਜਵਾਨਾਂ ਦੇ ਹੱਕਾਂ ਅਤੇ ਅਧਿਕਾਰਾਂ ਦੀ ਰਾਖੀ ਲਈ ਹਰ ਪੱਧਰ 'ਤੇ ਲਗਾਤਾਰ ਸੰਘਰਸ਼ ਕਰਦਾ ਰਹੇਗਾ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਜਲਦੀ ਠੋਸ ਕਦਮ ਨਾ ਚੁੱਕੇ ਤਾਂ ਸੰਘਰਸ਼ ਹੋਰ ਤੇਜ਼ ਹੋਵੇਗਾ।

ਬਾਬਾ ਨੌਧ ਸਿੰਘ ਐਵੀਨਿਊ ਵਿਖੇ ਏ.ਐੱਸ.ਆਈ. ਜੋਗਿੰਦਰ ਸਿੰਘ ਦੀ ਅਚਾਨਕ ਗੋਲੀ ਚੱਲਣ ਕਾਰਨ ਮੌਤ

ਸੁਲਤਾਨਵਿੰਡ (ਅੰਮ੍ਰਿਤਸਰ): ਪੁਲਿਸ ਥਾਣਾ ਸੁਲਤਾਨਵਿੰਡ ਅਧੀਨ ਆਉਂਦੇ ਇਲਾਕੇ ਪੰਜਾਬੀ ਬਾਗ, ਤਰਨਤਾਰਨ ਰੋਡ ਵਿਖੇ ਇਕ ਦੁਖਦਾਈ ਘਟਨਾ ਵਾਪਰਨ ਨਾਲ ਏ.ਐੱਸ.ਆਈ. ਜੋਗਿੰਦਰ ਸਿੰਘ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ, ਉਹ ਆਪਣੀ ਰਿਹਾਇਸ਼ ਤੋਂ ਡਿਊਟੀ 'ਤੇ ਜਾਣ ਦੀ ਤਿਆਰੀ ਕਰ ਰਹੇ ਸਨ ਕਿ ਉਨ੍ਹਾਂ ਕੋਲ ਮੌਜੂਦ ਏ.ਕੇ.-47 ਰਾਈਫਲ ਵਿਚੋਂ ਅਚਾਨਕ ਗੋਲੀ ਚੱਲ ਗਈ, ਜਿਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਏ.ਐੱਸ.ਆਈ. ਜੋਗਿੰਦਰ ਸਿੰਘ ਅੰਮ੍ਰਿਤਸਰ ਦੇ ਸਾਹਿਲ ਮਹਾਜਨ ਦੇ ਗੰਨਮੈਨ ਵਜੋਂ ਆਪਣੀ ਡਿਊਟੀ ਨਿਭਾਅ ਰਹੇ ਸਨ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਸੁਲਤਾਨਵਿੰਡ ਦੇ ਮੁੱਖ ਅਫ਼ਸਰ ਇੰਸਪੈਕਟਰ ਅਰਜਨ ਕੁਮਾਰ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ।



ਪੁਲਿਸ ਵਲੋਂ ਧਾਰਾ 174 ਤਹਿਤ ਕਾਰਵਾਈ ਕੀਤੀ ਗਈ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਗੋਲੀ ਚੱਲਣ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

ਅਣਪਛਾਤੇ ਵਿਅਕਤੀ ਵੱਲੋਂ ਧੋਖੇ ਨਾਲ ਏਟੀਐਮ ਕਾਰਡ ਬਦਲ ਕੇ ਕੱਢੇ ਲਗਭਗ 4 ਲੱਖ ਦੇ ਕਰੀਬ ਰੁਪਏ



ਹੁਸ਼ਿਆਰਪੁਰ ਤੇ ਰਵਿੰਦਰ ਸਿੰਘ ਸਿੱਧੂ ਦੀ ਰਿਪੋਰਟ

ਹੁਸ਼ਿਆਰਪੁਰ ਦੇ ਪਿੰਡ ਮਸੀਤ ਪਾਲਕੋਟ ਨਿਵਾਸੀ ਪੂਨਮ ਕੌਰ ਵੱਲੋਂ ਇੱਕ ਮਾਮਲਾ ਦੇਖਣ ਨੂੰ ਮਿਲਿਆ ਜਦੋਂ ਆਪਣੇ ਪੈਸੇ ਕਢਵਾਉਣ ਲਈ ਬਰਾਂਚ ਟਾਂਡਾ ਪੀਐਨਬੀ ਏਟੀਐਮ ਵਿਖੇ ਪਹੁੰਚਦੇ ਹਨ ਤੇ ਉੱਥੇ ਇੱਕ ਪਹਿਲਾ ਹੀ ਵਿਅਕਤੀ ਮੌਜੂਦ ਹੁੰਦਾ ਜੋ ਬੜੀ ਚਲਾਕੀ ਦੇ ਨਾਲ ਉਹਨਾਂ ਦਾ ਏਟੀਐਮ ਕਾਰਡ ਬਦਲ ਲੈਂਦਾ ਹੈ ਅਤੇ ਉਸ ਤੋਂ ਬਾਅਦ ਪੈਸੇ ਕਢਵਾਉਂਦਾ ਹੈ ਇਹ ਕਾਰਵਾਈ ਲਗਾਤਾਰ ਚਲਦੀ ਹੈ ਤੇ ਜਦੋਂ ਉਹਨਾਂ ਨੂੰ ਪਤਾ ਲੱਗਦਾ ਕਿ ਖਾਤੇ ਵਿੱਚ 3 ਲੱਖ 80 ਹਜਾਰ ਨਿਕਲ ਚੁੱਕੇ ਹਨ ਤਾਂ ਉਹ ਆ ਕੇ ਬੈਂਕ ਨੂੰ ਇਤਲਾ ਦਿੰਦੇ ਹਨ ਅਤੇ ਸੀਸੀਟੀਵੀ ਫੁਟੇਜ ਕਢਵਾਉਂਦੇ ਹਨ ਤਾਂ ਉਸ ਤੋਂ ਬਾਅਦ ਪਤਾ ਲੱਗਦਾ ਕਿ ਇੱਕ ਵਿਅਕਤੀ ਵੱਲੋਂ ਇਹ ਸਾਰੀ ਕਾਰਵਾਈ ਕੀਤੀ ਗਈ ਹੈ। ਪੁਲਿਸ ਵੱਲੋਂ ਇਹ ਮਾਮਲਾ ਦਰਜ ਕਰ ਲਿਆ ਗਿਆ ਹੈ। ਵੀਡੀਓ ਚ ਕਲੀਨ ਸ਼ੇਵ ਜੈਕਟ ਪਾਈ ਵਿਅਕਤੀ ਜਿਹੜਾ ਸ਼ਾਤਿਰ ਠੱਗ ਹੈ ਜੋ ਏਟੀਐਮ 'ਚੋਂ ਪੈਸੇ ਕਢਾਉਂਦਾ ਦੇਖਿਆ ਜਾ ਸਕਦਾ ਹੈ।

ਜਨਗਣਨਾ-2027 ਤਹਿਤ 16 ਤੋਂ 30 ਨਵੰਬਰ 2026 ਤੱਕ ਖ਼ੁਦ ਦਰਜ ਕੀਤੇ ਜਾ ਸਕਣਗੇ ਵੇਰਵੇ

ਜਨਗਣਨਾ ਦਾ ਦੂਜਾ ਪੜਾਅ 01 ਦਸੰਬਰ 2026 ਤੋਂ 4 ਜਨਵਰੀ 2027 ਤੱਕ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੰਬੰਧਤ ਅਧਿਕਾਰੀਆਂ ਨਾਲ ਮੀਟਿੰਗ



ਆਈ.ਏ.ਐਸ. ਅਧਿਕਾਰੀ ਗੁਰਕੰਵਲ ਸਿੰਘ ਜਨਗਣਨਾ ਸੰਬੰਧੀ ਮੀਟਿੰਗ ਦੌਰਾਨ ਅਧਿਕਾਰੀਆਂ ਨਾਲ ਗੱਲਬਾਤ ਕਰਦੇ ਹੋਏ।

ਹੁਸ਼ਿਆਰਪੁਰ, (ਰਵਿੰਦਰ ਸਿੰਘ ਸਿੱਧੂ) ਰਾਜ ਵਿੱਚ ਜਨਗਣਨਾ-2027 ਦੀ ਚੱਲ ਰਹੀ ਪ੍ਰਕਿਰਿਆ ਤਹਿਤ ਦੂਜੇ ਪੜਾਅ ਹੇਠ ਆਬਾਦੀ ਦੀ ਗਿਣਤੀ 01 ਦਸੰਬਰ 2026 ਤੋਂ 4 ਜਨਵਰੀ 2027 ਹੋਵੇਗੀ ਅਤੇ 16 ਤੋਂ 30 ਨਵੰਬਰ 2026 ਤੱਕ ਆਪਣੇ ਵੇਰਵੇ ਖੁਦ ਦਰਜ ਕੀਤੇ ਜਾ ਸਕਣਗੇ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵੱਲੋਂ ਜਨਗਣਨਾ-2027 ਲਈ ਜ਼ਿਲ੍ਹੇ ਵਿੱਚ ਨਿਯੁਕਤ ਨੋਡਲ ਪ੍ਰਚਾਰ-ਪ੍ਰਸਾਰ ਅਧਿਕਾਰੀ ਗੁਰਕੰਵਲ ਸਿੰਘ, ਅੰਡਰ ਟ੍ਰੇਨਿੰਗ ਆਈ. ਏ. ਐਸ., ਨੇ ਇੱਥੇ ਆਪਣੇ ਵੇਰਵੇ ਆਪ ਦਰਜ ਕਰਵਾਉਣ ਲਈ ਸੰਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸੈਲਫ ਇਨੂਮੀਰਸ਼ਨ (ਸਵੈ-ਵੇਰਵੇ ਦਰਜ ਕਰਵਾਉਣਾ) ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸੰਬੰਧਤ ਅਧਿਕਾਰੀ ਆਪਣੇ ਅਧੀਨ ਆਉਂਦੇ ਖੇਤਰਾਂ ਅਤੇ ਵਿਭਾਗਾਂ ਵਿੱਚ 16 ਤੋਂ 30 ਨਵੰਬਰ 2026 ਤੱਕ ਵੱਧ ਤੋਂ ਵੱਧ ਸੈਲਫ ਇਨੂਮੀਰਸ਼ਨ ਕਰਵਾਉਣ ਤਾਂ ਜੋ ਜਿਲੇ ਵਿੱਚ ਜਨਗਣਨਾ ਦਾ ਕਾਰਜ ਸੁਚੱਜੇ ਅਤੇ ਸਮਾਬੱਧ ਢੰਗ ਨਾਲ ਨੇਪਰੇ ਚਾੜਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਲੋਕਾਂ ਵੱਲੋਂ 16 ਨਵੰਬਰ ਤੋਂ se.census.gov.in ਰਾਹੀਂ ਵੇਰਵੇ ਦਰਜ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਭਾਰਤੀ ਜਨਗਣਨਾ 2027 ਦੇ ਦੂਜੇ ਪੜਾਅ ਵਧੀਆ ਢੰਗ ਨਾਲ ਮੁਕੰਮਲ ਕਰਨ ਲਈ ਜ਼ਿਲ੍ਹੇ ਵਿਚ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਨੂੰ ਲੋੜੀਂਦੀ ਸਿਖਲਾਈ ਦਿੱਤੀ ਜਾ ਚੁੱਕੀ ਹੈ ਅਤੇ ਜ਼ਿਲ੍ਹੇ ਵਿਚ ਨਗਰ ਨਿਗਮ, ਤਹਿਸੀਲਾਂ ਅਤੇ ਨਗਰ ਕੌਂਸਲਾਂ ਵਿਖੇ ਵੱਖ-ਵੱਖ ਬੈਚਾਂ ਰਾਹੀਂ ਸਿਖਲਾਈ ਪ੍ਰੋਗਰਾਮ ਕਰਵਾਏ ਗਏ ਹਨ, ਤਾਂ ਜੋ ਇਸ ਮਹੱਤਵਪੂਰਨ ਕੰਮ ਲਈ ਤਾਇਨਾਤ ਸਾਰੇ ਕਰਮਚਾਰੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਰਪਣ ਭਾਵਨਾ ਨਾਲ ਪੂਰਾ ਕਰ ਸਕਣ।

ਅੰਡਰ ਟ੍ਰੇਨਿੰਗ ਆਈ.ਏ.ਐਸ. ਅਧਿਕਾਰੀ ਗੁਰਕੰਵਲ ਸਿੰਘ ਨੇ ਕਿਹਾ ਕਿ ਜਨਗਣਨਾ ਦੀ ਪ੍ਰਕਿਰਿਆ ਦੌਰਾਨ ਸਹੀ ਤੇ ਦਰੁਸਤ ਵੇਰਵੇ ਦਿੱਤੇ ਜਾਣ ਤਾਂ ਜੋ ਇਸ ਅਹਿਮ ਕਾਰਜ ਨੂੰ ਸਹੀ ਢੰਗ ਨਾਲ ਮੁਕੰਮਲ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਪ੍ਰਕਿਰਿਆ ਤਹਿਤ ਇਕੱਤਰ ਕੀਤੇ ਜਾਣ ਵਾਲੇ ਅੰਕੜੇ ਦੇਸ਼ ਅੰਦਰ ਭਵਿੱਖੀ ਯੋਜਨਾਵਾਂ ਅਤੇ ਵੱਖ-ਵੱਖ ਤਰਜੀਹੀ ਖੇਤਰਾਂ ਲਈ ਅਤਿ-ਅਹਿਮ ਹਨ ਜਿਸ ਨਾਲ ਭਵਿੱਖੀ ਯੋਜਨਾਵਾਂ ਨੂੰ ਅਸਰਦਾਰ ਢੰਗ ਨਾਲ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਜਨਗਣਨਾ-2027 ਤਹਿਤ ਲੋੜੀਂਦੀ ਜਾਣਕਾਰੀ ਨੂੰ ਪੂਰੀ ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਨਾਲ ਸਾਂਝਾ ਕੀਤਾ ਜਾਵੇ ਜੋ ਦੇਸ਼ ਅਤੇ ਜਨਤਕ ਹਿੱਤ ਲਈ ਬਹੁਤ ਮਹੱਤਵਪੂਰਨ ਹੈ।

ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਮਚਾਰੀਆਂ ਲਈ ਕਰਵਾਏ ਸਿਖਲਾਈ ਪ੍ਰੋਗਰਾਮਾਂ ਦੌਰਾਨ ਐਨੂਮਰੇਟਰਾਂ ਅਤੇ ਸੁਪਰਵਾਈਜ਼ਰਾਂ ਨੂੰ ਆਬਾਦੀ ਦੇ ਅੰਕੜਿਆਂ ਨੂੰ ਸਹੀ ਢੰਗ ਨਾਲ ਇਕੱਠਾ ਕਰਨ ਦੀ ਪ੍ਰਕਿਰਿਆ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਨੂੰ ਫੀਲਡ ਟ੍ਰੇਨਿੰਗ ਵੀ ਕਰਵਾਈ ਗਈ ਤਾਂ ਜੋ ਉਨ੍ਹਾਂ ਨੂੰ ਪ੍ਰੈਕਟੀਕਲ ਤਜਰਬਾ ਵੀ ਮਿਲ ਸਕੇ ਅਤੇ ਉਹ ਆਬਾਦੀ ਦੀ ਗਿਣਤੀ ਦੌਰਾਨ ਅਪਣਾਈਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਤੋਂ ਵਾਕਿਫ ਹੋ ਸਕਣ। ਸਿਖਲਾਈ ਪ੍ਰੋਗਰਾਮਾਂ ਵਿੱਚ ਐਨੂਮਰੇਟਰਾਂ ਅਤੇ ਸੁਪਰਵਾਈਜ਼ਰਾਂ ਨੂੰ ਸਿਖਲਾਈ ਦੌਰਾਨ ਦਿੱਤੀ ਜਾਣਕਾਰੀ ਨੂੰ ਪੂਰੀ ਗੰਭੀਰਤਾ ਨਾਲ ਸਮਝਣ ਅਤੇ ਆਪਣੀ ਡਿਊਟੀ ਪੂਰੀ ਮਿਹਨਤ, ਲਗਨ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਣ ਦੀ ਵੀ ਤਾਕੀਦ ਕੀਤੀ ਗਈ। ਮੀਟਿੰਗ ਦੌਰਾਨ ਡੀ.ਐਸ.ਪੀ. ਹੈੱਡਕੁਆਰਟਰ ਕਰਤਾਰ ਸਿੰਘ, ਉਪ ਅਰਥ ਅਤੇ ਅੰਕੜਾ ਸਲਾਹਕਾਰ, ਸੁਨੀਤਾ ਪਾਲ ਅਤੇ ਹੋਰ ਅਧਿਕਾਰੀ/ ਕਰਮਚਾਰੀ ਵੀ ਮੌਜੂਦ ਸਨ।

ਯੂਐੱਸਏ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਣਅਧਿਕਾਰਤ ਸਰੂਪ ਛਾਪਣ ਦੇ ਮਾਮਲੇ 'ਚ ਜਤਿੰਦਰ ਸਚਦੇਵਾ ਤਲਬ

ਛਪਾਈ ਦੀ ਸ਼ਲਾਘਾ ਕਰਨ ਵਾਲੇ 6 ਵਿਅਕਤੀਆਂ ਤੋਂ ਵੀ ਮੰਗਿਆ ਸਪੱਸ਼ਟੀਕਰਨ

ਅੰਮ੍ਰਿਤਸਰ : ਯੂਐੱਸਏ ਵਿੱਚ ਅਣਅਧਿਕਾਰਤ ਪ੍ਰੈਸ ਸਥਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕਰਨ ਅਤੇ ਸਰੂਪ ਸੰਗਤ ਨੂੰ ਵੰਡਣ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਿਊਯਾਰਕ, ਯੂਐੱਸਏ ਨਿਵਾਸੀ ਜਤਿੰਦਰ ਸਿੰਘ ਸਚਦੇਵਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ 10 ਦਸੰਬਰ ਤੱਕ ਨਿੱਜੀ ਰੂਪ ਵਿੱਚ ਪੇਸ਼ ਹੋਣ ਦਾ ਆਦੇਸ਼ ਦਿੱਤਾ ਗਿਆ ਹੈ।

ਇਹ ਫ਼ੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਵਿਦੇਸ਼ ਦੀ ਸੰਗਤ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤਾਂ ਕੀਤੀਆਂ ਗਈਆਂ ਸਨ, ਜਿਸ ਤੋਂ ਬਾਅਦ ਇਸ ਸਬੰਧੀ ਫ਼ੈਸਲਾ ਲਿਆ ਗਿਆ। ਇਸ ਸਬੰਧ ਵਿੱਚ ਸ਼ਿਕਾਇਤ ਪ੍ਰੁੱਜੀ ਸੀ ਕਿ ਜਤਿੰਦਰ ਸਿੰਘ ਸਚਦੇਵਾ ਵੱਲੋਂ ਘਰ ਅੰਦਰ ਧਰਮਸਾਲ ਸੰਸਥਾ ਦੇ ਨਾਂ ਹੇਠ ਅਣਅਧਿਕਾਰਤ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਛਾਪੇ ਅਤੇ ਸੰਗਤ ਨੂੰ ਵੰਡੇ ਜਾ ਰਹੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਇਸ ਸਬੰਧੀ ਜਾਰੀ ਹੋਏ ਆਦੇਸ਼ ਵਿੱਚ ਕਿਹਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ



ਮਿਤੀ 09 ਮਈ 1998 ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕਰਨ ਦਾ ਅਧਿਕਾਰ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ। ਜਤਿੰਦਰ ਸਿੰਘ ਨੂੰ ਕਿਹਾ ਗਿਆ ਕਿ ਉਨ੍ਹਾਂ ਵੱਲੋਂ ਮਨਮਰਜ਼ੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ ਕੀਤੀ ਜਾ ਰਹੀ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਹੋਏ ਆਦੇਸ਼ਾਂ ਦੀ ਉਲੰਘਣਾ ਹੈ ਅਤੇ ਪੰਥ ਵਿੱਚ ਦੁਵੇੜ ਪਾਉਣ ਵਾਲੀ ਕਾਰਵਾਈ ਹੈ।

ਇਸ ਦੇ ਮੱਦੇਨਜ਼ਰ ਜਥੇਦਾਰ ਵੱਲੋਂ ਹੋਏ ਆਦੇਸ਼ ਅਨੁਸਾਰ ਜਤਿੰਦਰ ਸਿੰਘ ਸਚਦੇਵਾ ਨੂੰ ਆਦੇਸ਼ ਕੀਤਾ ਗਿਆ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਤੁਰੰਤ ਬੰਦ ਕਰਨ, ਹੁਣ ਤੱਕ ਜਿੰਨੇ ਵੀ ਪਾਵਨ ਸਰੂਪਾਂ ਦੀ ਛਪਾਈ ਕੀਤੀ ਹੈ, ਉਸ ਦਾ ਮੁਕੰਮਲ ਰਿਕਾਰਡ ਲੈ ਕੇ ਮਿਤੀ 10 ਦਸੰਬਰ 2026 ਤੱਕ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਰੂਪ ਵਿੱਚ ਹਾਜ਼ਰ ਹੋਣ।

ਇਸ ਮਾਮਲੇ ਦੇ ਨਾਲ ਹੀ ਸਬੰਧਤ ਇੱਕ ਹੋਰ ਵੱਖਰੇ ਆਦੇਸ਼ ਵਿੱਚ ਯੂਐੱਸਏ ਨਿਵਾਸੀ ਬਾਬਾ ਸੱਜਣ ਸਿੰਘ, ਗਿਆਨੀ ਭੁਪਿੰਦਰ ਸਿੰਘ, ਜਤਿੰਦਰ ਸਿੰਘ, ਹਰਬੰਸ ਸਿੰਘ, ਹਰਚਰਨ ਸਿੰਘ ਅਤੇ ਗੁਰਦੇਵ ਸਿੰਘ ਕੋਲੋਂ 15 ਦਿਨਾਂ ਦੇ ਵਿੱਚ-ਵਿੱਚ ਉਨ੍ਹਾਂ ਦਾ ਲਿਖਤੀ ਸਪੱਸ਼ਟੀਕਰਨ ਮੰਗਿਆ ਗਿਆ ਹੈ। ਇਸ ਆਦੇਸ਼ ਵਿੱਚ ਕਿਹਾ ਗਿਆ ਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤਾਂ ਪੁੱਜੀਆਂ ਹਨ ਕਿ ਇਨ੍ਹਾਂ ਵੱਲੋਂ ਜਤਿੰਦਰ ਸਿੰਘ ਸਚਦੇਵਾ ਨਾਮੀ ਵਿਅਕਤੀ ਕੋਲ ਜਾ ਕੇ ਉਸ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ਾਂ ਦੀ ਉਲੰਘਣਾ ਕਰਦਿਆਂ ਅਣਅਧਿਕਾਰਤ ਤੌਰ 'ਤੇ ਛਾਪੇ ਜਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਸਬੰਧੀ ਆਪਣੇ ਆਪ ਅਥਾਰਟੀ ਬਣ ਕੇ ਉਸ ਦੀ ਸ਼ਲਾਘਾ ਕੀਤੀ ਗਈ। ਇਸ ਲਈ ਇਨ੍ਹਾਂ ਨੂੰ 15 ਦਿਨਾਂ ਦੇ ਵਿੱਚ-ਵਿੱਚ ਆਪਣੇ ਲਿਖਤੀ ਸਪੱਸ਼ਟੀਕਰਨ ਸਕੱਤਰੇਤ ਵਿਖੇ ਭੇਜਣ ਲਈ ਕਿਹਾ ਗਿਆ ਹੈ।

ਸੀਨੀਅਰ ਸੈਕੰਡਰੀ ਸਕੂਲ ਪਿੰਡ ਤਲਵੰਡੀ ਸੱਲਾਂ ਵਿੱਚ ਨਵੇਂ ਬਣੇ NSQF SIKHLAYI ਸੈਂਟਰ ਦਾ ਹੋਇਆ ਉਦਘਾਟਨ

ਬੱਚਿਆਂ ਨੂੰ ਰੁਜ਼ਗਾਰ ਲਈ ਅਲੱਗ ਅਲੱਗ ਹੁਨਰ ਸਿਖਾਏ ਜਾਣਗੇ

ਹੁਸ਼ਿਆਰਪੁਰ ਟਾਂਡਾ (ਆਰ ਸਿੰਘ ਸਿੱਧੂ) : ਤਲਵੰਡੀ ਸੱਲਾਂ ਵਿੱਚ ਨਵੇਂ ਬਣੇ ਆਈ ਟੀ ਸੰਬੰਧੀ ਕੇਂਦਰ ਸਥਾਪਤ ਕੀਤਾ ਗਿਆ ਹੈ। ਜਿਸਦਾ ਉਦਗਾਟਣ ਵਿਧਾਇਕ ਰਾਜਾ ਗਿੱਲ ਵੱਲੋਂ ਕੀਤਾ ਵਿਧਾਇਕ ਵੱਲੋਂ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਪੰਜਾਬ ਸਰਕਾਰ ਦਾ ਮੁੱਖ ਮੰਤਵ ਹਰ ਇੱਕ ਸਰਕਾਰੀ ਸਕੂਲ ਨੂੰ ਆਧੁਨਿਕ ਸਹੂਲਤਾਂ ਦੇ ਕੇ ਪ੍ਰਾਈਵੇਟ ਸਕੂਲਾਂ ਵਾਂਗ ਬਣਾਉਣਾ ਹੈ। ਉਦਘਾਟਨ ਕਰਨ ਤੋਂ ਬਾਅਦ ਵਿਧਾਇਕ ਰਾਜਾਗਿੱਲ ਵੱਲੋਂ ਸਕੂਲ ਦਾ ਦੌਰਾ ਕਰਕੇ ਸਕੂਲ ਦੇ ਬੱਚਿਆਂ, ਅਧਿਆਪਕਾਂ ਅਤੇ ਸੰਸਥਾ ਦੇ ਕਰਮਚਾਰੀਆਂ ਨਾਲ ਦੀਵਾਲੀ ਦੀਆਂ ਖ਼ੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਉਨ੍ਹਾਂ ਸਾਰਿਆਂ ਨੂੰ ਦੀਵਾਲੀ ਦੀਆਂ ਦਿਲੋਂ ਮੁਬਾਰਕਾਂ ਦਿੰਦਿਆਂ ਉਨ੍ਹਾਂ ਦੇ ਸੁਖ, ਖ਼ੁਸ਼ਹਾਲੀ ਅਤੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਇਸ ਦੌਰਾਨ ਵਿਧਾਇਕ ਨੇ ਸਕੂਲ ਦੇ ਬੱਚਿਆਂ ਨਾਲ ਬੜੇ ਪਿਆਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਪੜ੍ਹਾਈ, ਰੁਚੀਆਂ ਅਤੇ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਬੱਚਿਆਂ ਨੂੰ ਜੀਵਨ ਵਿੱਚ ਸਿੱਖਿਆ ਦੇ ਮਹੱਤਵ ਬਾਰੇ ਸਮਝਾਉਂਦਿਆਂ ਮਿਹਨਤ, ਲਗਨ ਅਤੇ ਆਤਮ-ਵਿਸ਼ਵਾਸ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੂੰ ਆਪਣਾ ਆਸ਼ੀਰਵਾਦ ਦਿੱਤਾ। ਉਨ੍ਹਾਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਅਤੇ ਉਨ੍ਹਾਂ ਦੇ ਬਿਹਤਰ ਪਾਲਣ-ਪੋਸ਼ਣ, ਸਿੱਖਿਆ ਅਤੇ ਸਰਬਪੱਖੀ ਵਿਕਾਸ ਲਈ ਸਮਾਜ ਦੇ ਹਰ ਵਰਗ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ। ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਵੱਲੋਂ ਸਕੂਲ ਦੇ ਅਧਿਆਪਕਾਂ ਅਤੇ ਸੰਸਥਾ ਦੇ ਕਰਮਚਾਰੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਵੱਲੋਂ ਨਿਭਾਈਆਂ ਜਾ ਰਹੀਆਂ ਜ਼ਿੰਮੇਵਾਰੀਆਂ ਅਤੇ ਸੇਵਾਭਾਵ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਅਧਿਆਪਕਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਉੱਥੇ ਹੀ, ਵਿਸ਼ੇਸ਼ ਸੰਸਥਾਵਾਂ ਵਿੱਚ ਕੰਮ ਕਰਦੇ ਕਰਮਚਾਰੀਆਂ ਦਾ ਸਮਰਪਣ, ਮਿਹਨਤ ਅਤੇ ਮਨੁੱਖੀ ਦ੍ਰਿਸ਼ਟੀਕੋਣ ਬੱਚਿਆਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਅਹਿਮ ਯੋਗਦਾਨ ਪਾਉਂਦਾ ਹੈ। ਉਨ੍ਹਾਂ ਸਾਰੇ ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਸ਼ਲਾਘਾਯੋਗ ਕਾਰਜਾਂ ਲਈ ਵਧਾਈ ਦਿੰਦਿਆਂ ਕਿਹਾ ਕਿ ਸਮਾਜ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਬੇਹੱਦ ਪ੍ਰਸ਼ੰਸਾਯੋਗ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਦੀਵਾਲੀ ਦਾ ਇਹ ਤਿਉਹਾਰ ਸਾਰਿਆਂ ਦੇ ਜੀਵਨ ਵਿੱਚ ਖ਼ੁਸ਼ੀਆਂ, ਨਵਾਂ ਉਤਸ਼ਾਹ ਅਤੇ ਸਕਾਰਾਤਮਕ ਊਰਜਾ ਲੈ ਕੇ ਆਵੇ।

ਮਿਊਂਸੀਪਲ ਪੈਨਸ਼ਨਰਜ਼ ਐਸੋਸੀਏਸ਼ਨ ਨੇ ਮੰਗਾਂ ਪ੍ਰਵਾਨ ਨਾ ਹੋਣ ਤੇ ਸਰਕਾਰ ਖਿਲਾਫ਼ ਕੀਤੀ ਨਾਅਰੇਬਾਜ਼ੀ : ਸ਼ਿੰਗਾਰਾ ਸੈਣੀ

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਮਿਊਂਸੀਪਲ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀਆਂ ਮੰਗਾਂ ਪ੍ਰਵਾਨ ਨਾ ਕਰਨ ਅਤੇ ਮਾਨ ਸਰਕਾਰ ਵੱਲੋਂ ਆਪਣਾ ਅੜੀਅਲ ਵਤੀਰਾ ਨਾ ਛੱਡਣ ਦੇ ਰੋਸ ਵਜੋਂ ਵਿਚਾਰ ਵਟਾਂਦਰਾ ਕਰਨ ਲਈ ਐਸੋਸੀਏਸ਼ਨ ਟਾਂਡਾ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਯੂਨੀਅਨ ਦੇ ਨੇਤਾਵਾਂ ਤੋਂ ਇਲਾਵਾ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੇ ਭਾਗ ਲਿਆ। ਮੀਟਿੰਗ ਚ ਸ਼ਾਮਿਲ ਮੁਖ ਸਲਾਹਕਾਰ ਚੌਧਰੀ ਰਤਨ ਸਿੰਘ ਸੈਣੀ, ਕੈਸ਼ੀਅਰ ਸੋਮਨਾਥ ਭੱਟੀ, ਧਰਮ ਚੰਦ, ਅਛਰ ਲਾਲ, ਗੁਰਦਿਆਲ ਸਿੰਘ, ਜਨਰਲ ਸਕੱਤਰ ਅਸ਼ੋਕ ਕੁਮਾਰ, ਸੀਨੀਅਰ ਮੀਤ ਪ੍ਰਧਾਨ ਮਾਇਆਵਤੀ, ਸ਼ਕੁੰਤਲਾ, ਨਿਰਮਲ ਕੌਰ, ਦੇਵ ਰਾਜ ਟਾਂਡਾ, ਸਦਾ ਨੰਦ, ਅਮਰੀਕ ਸਿੰਘ ਘੋੜਾ, ਬੂਆ ਸਿੰਘ, ਇਕਬਾਲ ਸਿੰਘ, ਕ੍ਰਿਸ਼ਨਾ, ਚਮਨ ਲਾਲ, ਸੋਮਨਾਥ ਅਤੇ ਰਾਣੀ ਤੋਂ ਇਲਾਵਾ ਹੋਰ ਐਸੋਸੀਏਸ਼ਨ ਮੈਂਬਰਾਂ ਨੇ ਪੰਜਾਬ ਸਰਕਾਰ ਖਿਲਾਫ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਜੰਮਕਰ ਨਾਅਰੇਬਾਜ਼ੀ ਕੀਤੀ।

ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਦੌਰਾਨ ਸਾਡੀ ਐਸੋਸੀਏਸ਼ਨ ਦੀਆਂ ਸਾਰੀਆਂ ਜਾਇਜ ਮੰਗਾਂ ਪ੍ਰਵਾਨ ਕਰ ਲੈਣ ਦਾ ਪੂਰਾ ਭਰੋਸਾ ਦਿੱਤਾ ਸੀ ਪਰ ਸੱਤਾ ਵਿੱਚ ਆਏ ਸਾਡੇ ਚਾਰ ਸਾਲ ਬੀਤ ਜਾਣ ਤੇ ਵੀ ਮਾਨ ਸਰਕਾਰ ਨੇ ਅੱਜ ਤੱਕ ਸਾਡੀ ਐਸੋਸੀਏਸ਼ਨ ਦੀਆਂ ਮੰਗਾਂ ਪ੍ਰਵਾਨ ਨਹੀਂ ਕੀਤੀਆਂ ਜਿਸ ਕਾਰਨ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਵਿੱਚ ਸਰਕਾਰ ਖਿਲਾਫ਼ ਰੋਸ ਦੀ ਭਾਵਨਾ ਵਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਟਾਲਮਟੋਲ ਨੀਤੀ ਅਪਣਾਉਣ ਕਾਰਨ ਅਤੇ ਅੜੀਅਲ ਵਤੀਰੇ ਕਾਰਨ ਪੈਨਸ਼ਨਰਾਂ ਨੂੰ ਉਨ੍ਹਾਂ ਦੇ ਬਣਦੇ ਬਕਾਇਆ ਨਹੀਂ ਮਿਲ ਰਹੇ ਜਿਸਦੇ ਸਦਕਾ ਪੈਨਸ਼ਨਰਾਂ ਦੇ ਪਰਿਵਾਰਾਂ ਨੂੰ ਕਈ ਪ੍ਰਕਾਰ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ਼ਿੰਗਾਰਾ ਸਿੰਘ ਸੈਣੀ ਨੇ ਕਿਹਾ ਕਿ ਸਾਡੀ ਐਸੋਸੀਏਸ਼ਨ ਦੀਆਂ ਮੰਗਾਂ ਕਿ 10% ਡੀ.ਏ ਦਾ ਬਕਾਇਆ ਅਤੇ ਡੀ.ਏ ਦਾ ਬਣਦਾ ਬਕਾਇਆ ਏਰੀਅਰ ਹਾਈਕੋਰਟ ਦੇ ਹੁਕਮਾਂ ਅਨੁਸਾਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ 2.59% ਫੀਸਦੀ ਦੇ ਹਿਸਾਬ ਨਾਲ ਪੈਨਸ਼ਨਰਾਂ ਦੀ ਪੈਨਸ਼ਨ ਵਿੱਚ ਵਾਧਾ ਕੀਤਾ ਜਾਵੇ ਅਤੇ ਪੇ ਕਮਿਸ਼ਨ ਦੀ ਰਿਪੋਰਟ ਅਨੁਸਾਰ ਏਰੀਅਰ ਦਾ ਬਕਾਇਆ ਇੱਕੋ ਹੀ ਕਿਸ਼ਤ ਵਿੱਚ ਦਿੱਤਾ ਜਾਵੇ। ਉਨ੍ਹਾਂ ਮਾਨ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਾਡੀ ਐਸੋਸੀਏਸ਼ਨ ਦੀਆਂ ਜਾਇਜ਼ ਮੰਗਾਂ ਜਲਦ ਪ੍ਰਵਾਨ ਨਾ ਕੀਤੀਆਂ ਅਤੇ ਪੈਨਸ਼ਨਾਂ ਦੇ ਬਣਦੇ ਹੱਕ ਉਨ੍ਹਾਂ ਨੂੰ ਨਾ ਦਿੱਤੇ ਤਾਂ ਮਜਬੂਰ ਹੋ ਕੇ ਐਸੋਸੀਏਸ਼ਨ ਵੱਖ-ਵੱਖ ਟਰੇਡ ਦੀਆਂ ਯੂਨੀਅਨਾਂ ਦੇ ਸਹਿਯੋਗ ਨਾਲ ਸੜਕ ਜਾਮ ਅਤੇ ਪੁਤਲੇ ਫੂਕ ਪ੍ਰਦਰਸ਼ਨ ਸ਼ੁਰੂ ਕਰ ਦੇਵੇਗੀ। ਉਨ੍ਹਾਂ ਕਿਹਾ ਕਿ ਅਜਿਹਾ ਹੋਣ ਨਾਲ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਮਾਨ ਸਰਕਾਰ ਨੂੰ ਬੜਾ ਮਹਿੰਗਾ ਖਮਿਆਜ਼ਾ ਭੁਗਤਣਾ ਪਵੇਗਾ।

ਲੋਕਤੰਤਰ ਦੀ ਮਜ਼ਬੂਤੀ ਸਿਰਫ਼ ਸੰਵਿਧਾਨਕ ਧਾਰਾਵਾਂ ਜਾਂ ਲਿਖਤੀ ਕਾਨੂੰਨਾਂ 'ਤੇ ਨਹੀਂ ਟਿਕੀ ਹੁੰਦੀ, ਸਗੋਂ ਇਹ ਉਨ੍ਹਾਂ ਲੋਕਾਂ ਦੇ ਕਿਰਦਾਰ ਅਤੇ ਨੈਤਿਕ ਦ੍ਰਿੜ੍ਹਤਾ 'ਤੇ ਨਿਰਭਰ ਕਰਦੀ ਹੈ ਜਿਨ੍ਹਾਂ ਦੇ ਮੋਢਿਆਂ 'ਤੇ ਇਨ੍ਹਾਂ ਸੰਸਥਾਵਾਂ ਦੀ ਰਾਖੀ ਦਾ ਭਾਰ ਹੁੰਦਾ ਹੈ। ਜਦੋਂ ਨਿਆਂਪਾਲਿਕਾ ਅਤੇ ਕਾਰਜਪਾਲਿਕਾ ਵਿਚਕਾਰਲੀ ਸੂਖਮ ਪਰ ਅਤਿ-ਮਹੱਤਵਪੂਰਨ ਲਕੀਰ ਧੁੰਦਲੀ ਪੈਣ ਲੱਗਦੀ ਹੈ, ਤਾਂ ਸੰਵਿਧਾਨਕ ਸੰਤੁਲਨ 'ਤੇ ਸਵਾਲ ਉੱਠਣੇ ਸੁਭਾਵਿਕ ਹਨ। ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਸੰਜੇ ਕਿਸ਼ਨ ਕੌਲ ਦੀ ਪੁਸਤਕ 'ਵਿਦਾਊਟ ਫੀਅਰ ਔਰ ਫੇਵਰ' ਭਾਰਤੀ ਨਿਆਂਪਾਲਿਕਾ ਦੇ ਅੰਦਰੂਨੀ ਗਲਿਆਰਿਆਂ ਵਿੱਚ ਚੱਲ ਰਹੀ ਉਸੇ ਖਾਮੋਸ਼ ਕਸ਼ਮਕਸ਼ ਨੂੰ ਬੇਬਾਕੀ ਨਾਲ ਸਾਹਮਣੇ ਲਿਆਉਂਦੀ ਹੈ। ਆਓ, ਕੈਲੀਫੋਰਨੀਆਂ ਤੋਂ ਸਿੱਖਾਂ ਅਤੇ ਘੱਟਗਿਣਤੀਆਂ ਦੀ ਬੇਬਾਕ ਨਿਧੜਕ ਅਵਾਜ਼ ਡਾ. ਜੀ. ਐੱਸ. ਗਰੇਵਾਲ (MD) ਦੀ ਇਸ ਵਿਸਤ੍ਰਿਤ ਸਮੀਖਿਆ ਰਾਹੀਂ ਜੱਜਾਂ ਦੀ ਨਿਯੁਕਤੀ, ਕੌਲਿਜੀਅਮ ਦੀ ਕਾਰਜਪ੍ਰਣਾਲੀ ਅਤੇ ਸਰਕਾਰੀ ਦਖ਼ਲਅੰਦਾਜ਼ੀ ਦੀਆਂ ਬਾਰੀਕੀਆਂ ਦੀ ਡੂੰਘੀ ਪੜਚੋਲ ਕਰੀਏ। -ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
ਐਮ.ਡੀ.
209-321-3771

ਬਿਨਾਂ ਡਰ, ਬਿਨਾਂ ਪੱਖਪਾਤ: ਕੀ ਭਾਰਤੀ ਨਿਆਂਪਾਲਿਕਾ ਆਪਣੀ ਸੁਤੰਤਰਤਾ ਦੀ ਲਕੀਰ ਬਚਾ ਪਾ ਰਹੀ ਹੈ?

ਸੰਵਿਧਾਨਕ ਸੰਤੁਲਨ ਅਤੇ ਕੌਲਿਜੀਅਮ ਪ੍ਰਣਾਲੀ : ਜਸਟਿਸ ਕੌਲ ਦੀ ਪੁਸਤਕ 'ਵਿਦਾਊਟ ਫੀਅਰ ਔਰ ਫੇਵਰ' ਦੇ ਅਹਿਮ ਖੁਲਾਸੇ



ਪੁਸਤਕ ਸਮੀਖਿਆ: ਵਿਦਾਊਟ ਫੀਅਰ ਔਰ ਫੇਵਰ (Without Fear or Favor)
ਲੇਖਕ: ਸੰਜੇ ਕਿਸ਼ਨ ਕੌਲ ਅਤੇ ਜੈ ਵਿਨਾਇਕ ਓਝਾ
ਪ੍ਰਕਾਸ਼ਕ: ਜਗਰਨਾਟ (Juggernaut)
ਸੰਭਾਵਿਤ ਪ੍ਰਕਾਸ਼ਨ: 31 ਅਕਤੂਬਰ, 2026
ਪੰਨੇ: 332, ISBN: 9789353452285
ਸਮੀਖਿਅਕ: ਡਾ.ਜੀ.ਐੱਸ. ਗਰੇਵਾਲ (ਅਕਤੂਬਰ, 2026)

ਸੰਵਿਧਾਨਕ ਲੋਕਤੰਤਰ ਦੇ ਸਭ ਤੋਂ ਮਹੱਤਵਪੂਰਨ ਸੁਰੱਖਿਆ ਕਵਚਾਂ ਵਿੱਚੋਂ ਇੱਕ ਨਿਆਂਇਕ ਸੁਤੰਤਰਤਾ ਹੈ। ਆਮ ਨਾਗਰਿਕ ਆਪਣੇ ਬੁਨਿਆਦੀ ਅਧਿਕਾਰਾਂ ਦੀ ਰੱਖਿਆ ਕਰਨ, ਸੰਵਿਧਾਨ ਦੀ ਸਹੀ ਵਿਆਖਿਆ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਅਦਾਲਤਾਂ 'ਤੇ ਨਿਰਭਰ ਕਰਦੇ ਹਨ ਕਿ ਸਰਕਾਰਾਂ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕੰਮ ਕਰਨ। ਇਨ੍ਹਾਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਜ਼ਰੂਰੀ ਹੈ ਕਿ ਜੱਜ ਬਿਨਾਂ ਕਿਸੇ ਅਣਉਚਿਤ ਸਿਆਸੀ ਦਬਾਅ ਦੇ ਫੈਸਲੇ ਲੈ ਸਕਣ, ਜਿਸ ਕਾਰਨ ਜੱਜਾਂ ਦੀ ਚੋਣ ਕਰਨ ਦੀ ਪ੍ਰਕਿਰਿਆ ਹਮੇਸ਼ਾ ਜਨਤਕ ਚਿੰਤਾ ਅਤੇ ਬਹਿਸ ਦਾ ਵਿਸ਼ਾ ਬਣੀ ਰਹਿੰਦੀ ਹੈ।

ਵਿਦਾਊਟ ਫੀਅਰ ਔਰ ਫੇਵਰ ਵਿੱਚ ਸੁਪਰੀਮ ਕੋਰਟ ਦੇ ਸੇਵਾਮੁਕਤ ਜਸਟਿਸ ਸੰਜੇ ਕਿਸ਼ਨ ਕੌਲ ਭਾਰਤੀ ਨਿਆਂਪਾਲਿਕਾ ਵਿੱਚ ਆਪਣੇ ਕਰੀਅਰ 'ਤੇ ਝਾਤ ਪਾਉਂਦੇ ਹਨ ਅਤੇ ਜੱਜਾਂ ਤੇ ਕਾਰਜਪਾਲਿਕਾ (ਸਰਕਾਰ) ਵਿਚਕਾਰ ਸਬੰਧਾਂ ਦਾ ਇੱਕ ਅੰਦਰੂਨੀ ਵੇਰਵਾ ਪੇਸ਼ ਕਰਦੇ ਹਨ। ਦਿ ਇੰਡੀਅਨ ਐਕਸਪ੍ਰੈਸ ਵਿੱਚ ਰਿਪੋਰਟ ਕੀਤੇ ਗਏ ਇਸ ਪੁਸਤਕ ਦੇ ਸਭ ਤੋਂ ਵੱਧ ਚਰਚਿਤ ਅੰਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦੌਰਾਨ ਨਿਆਂਇਕ ਨਿਯੁਕਤੀਆਂ ਨੂੰ ਲੈ ਕੇ ਭਾਰਤ ਦੇ ਸਾਬਕਾ ਚੀਫ਼ ਜਸਟਿਸ ਡੀ. ਵਾਈ. ਚੰਦਰਚੂੜ ਨਾਲ ਹੋਏ ਮਤਭੇਦਾਂ ਨੂੰ ਉਜਾਗਰ ਕਰਦੇ ਹਨ। ਕੌਲ ਦੀ ਆਲੋਚਨਾ ਇਸ ਗੱਲ 'ਤੇ ਕੇਂਦ੍ਰਿਤ ਹੈ ਕਿ ਸਰਕਾਰ ਨਾਲ ਜਾਇਜ਼ ਸਲਾਹ-ਮਸ਼ਵਰੇ ਅਤੇ ਸਰਕਾਰ ਅੱਗੇ ਲੋੜੋਂ ਵੱਧ ਝੁਕਣ (deference) ਵਿਚਕਾਰਲੀ ਸੀਮਾ ਉਦੋਂ ਤਣਾਅਪੂਰਨ ਹੋ ਗਈ, ਜਦੋਂ ਸੁਪਰੀਮ ਕੋਰਟ ਕੌਲਿਜੀਅਮ ਵੱਲੋਂ ਆਪਣੀ ਵਿਚਾਰ-ਚਰਚਾ ਪੂਰੀ ਕਰਨ ਤੋਂ ਪਹਿਲਾਂ ਹੀ ਸੰਭਾਵੀ ਜੱਜਾਂ ਬਾਰੇ ਕਾਰਜਪਾਲਿਕਾ ਦੇ ਵਿਚਾਰ ਮੰਗੇ ਗਏ।

ਇਹ ਬਿਆਨ ਇਸ ਲਈ ਵੀ ਖਾਸ ਮਹੱਤਵ ਰੱਖਦਾ ਹੈ ਕਿਉਂਕਿ ਜਸਟਿਸ ਕੌਲ ਖ਼ੁਦ ਇਸ ਪ੍ਰਕਿਰਿਆ ਦਾ ਹਿੱਸਾ ਸਨ। ਉਨ੍ਹਾਂ ਨੇ 2017 ਤੋਂ 2023 ਤੱਕ ਸੁਪਰੀਮ ਕੋਰਟ ਵਿੱਚ ਸੇਵਾ ਨਿਭਾਈ ਅਤੇ ਕੌਲਿਜੀਅਮ—ਸੀਨੀਅਰ ਜੱਜਾਂ ਦੀ ਉਸ ਸੰਸਥਾ ਜੋ ਉੱਚ ਨਿਆਂਪਾਲਿਕਾ ਵਿੱਚ ਨਿਯੁਕਤੀਆਂ ਦੀ ਸਿਫ਼ਾਰਸ਼ ਕਰਦੀ ਹੈ—ਵਿੱਚ ਹਿੱਸਾ ਲਿਆ। ਹਾਲਾਂਕਿ, ਸਮੀਖਿਅਕ ਸਪੱਸ਼ਟ ਕਰਦੇ ਹਨ ਕਿ ਇਹ ਨਿਰੀਖਣ ਸੁਤੰਤਰ ਤੌਰ 'ਤੇ ਸਥਾਪਿਤ ਤੱਥਾਂ ਦੀ ਬਜਾਏ ਘਟਨਾਵਾਂ ਬਾਰੇ ਉਨ੍ਹਾਂ ਦਾ ਆਪਣਾ ਨਿੱਜੀ ਬਿਆਨ ਹਨ।

2. ਲੇਖਕ ਦਾ ਸਫ਼ਰ ਅਤੇ ਯਾਦਾਂ ਦੀ ਪੁਸਤਕ ਦਾ ਵਿਸ਼ਾਲ ਦਾਇਰਾ

ਜਸਟਿਸ ਕੌਲ ਦਾ ਨਿਆਂਇਕ ਕਰੀਅਰ ਦੇਸ਼ ਦੀਆਂ ਕਈ ਅਹਿਮ ਅਦਾਲਤੀ ਸੰਸਥਾਵਾਂ ਵਿੱਚ ਫੈਲਿਆ ਹੋਇਆ ਸੀ। ਸੁਪਰੀਮ ਕੋਰਟ ਵਿੱਚ ਆਉਣ ਤੋਂ ਪਹਿਲਾਂ ਉਨ੍ਹਾਂ ਨੇ ਦਿੱਲੀ ਹਾਈ ਕੋਰਟ ਵਿੱਚ ਸੇਵਾ ਨਿਭਾਈ ਅਤੇ ਬਾਅਦ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਮਦਰਾਸ ਹਾਈ ਕੋਰਟ ਦੇ ਚੀਫ਼ ਜਸਟਿਸ ਵਜੋਂ ਜ਼ਿੰਮੇਵਾਰੀ ਸੰਭਾਲੀ।

ਪ੍ਰਕਾਸ਼ਕ ਦੇ ਵੇਰਵੇ (Midland Bookshop) ਅਨੁਸਾਰ, ਇਹ ਪੁਸਤਕ ਕਾਨੂੰਨੀ ਪੇਸ਼ੇ ਵਿੱਚ ਲਗਭਗ ਪੰਜ ਦਹਾਕਿਆਂ ਦੇ ਤਜ਼ਰਬਿਆਂ ਦਾ ਬਿਰਤਾਂਤ ਹੈ। ਇਸ ਵਿੱਚ ਹੇਠ ਲਿਖੇ ਅਹਿਮ ਸੰਵਿਧਾਨਕ ਅਤੇ ਪ੍ਰਸ਼ਾਸਕੀ ਵਿਸ਼ਿਆਂ 'ਤੇ ਚਰਚਾ ਸ਼ਾਮਲ ਹੈ:

ਪ੍ਰਗਟਾਵੇ ਦੀ ਆਜ਼ਾਦੀ ਅਤੇ ਨਿੱਜਤਾ (Privacy) ਦੇ ਅਧਿਕਾਰ।

ਹਥਿਆਰਬੰਦ ਸੈਨਾਵਾਂ ਵਿੱਚ ਔਰਤਾਂ ਦੇ ਅਧਿਕਾਰ।

ਸੰਵਿਧਾਨ ਦੀ ਧਾਰਾ 370 ਦੇ ਤਹਿਤ ਜੰਮੂ ਅਤੇ ਕਸ਼ਮੀਰ ਦੀ ਸੰਵਿਧਾਨਕ ਸਥਿਤੀ।

ਵਿਘਨ ਅਤੇ ਟਕਰਾਅ ਦੇ ਦੌਰ ਦੌਰਾਨ ਮਦਰਾਸ ਹਾਈ ਕੋਰਟ ਦਾ ਪ੍ਰਸ਼ਾਸਨ ਚਲਾਉਣ ਦਾ ਉਨ੍ਹਾਂ ਦਾ ਅਨੁਭਵ।

ਸਮੀਖਿਅਕ ਨੋਟ ਕਰਦੇ ਹਨ ਕਿ ਭਾਵੇਂ ਇਹ ਵਿਸ਼ੇ ਦਰਸਾਉਂਦੇ ਹਨ ਕਿ ਪੁਸਤਕ ਨਿਆਂਇਕ ਫੈਸਲਿਆਂ ਦੇ ਸਾਰ ਅਤੇ ਨਿਆਂ ਪ੍ਰਣਾਲੀ ਦੋਵਾਂ ਨਾਲ ਸਬੰਧਤ ਹੈ, ਪਰ ਹੁਣ ਤੱਕ ਸਾਹਮਣੇ ਆਏ ਅੰਸ਼ ਵਿਅਕਤੀਗਤ ਫੈਸਲਿਆਂ ਦੀ ਬਜਾਏ ਜੱਜਾਂ ਦੀਆਂ ਨਿਯੁਕਤੀਆਂ ਅਤੇ ਸਰਕਾਰ ਨਾਲ ਸਬੰਧਾਂ 'ਤੇ ਜ਼ਿਆਦਾ ਕੇਂਦ੍ਰਿਤ ਹਨ।

3. ਨਿਆਂਇਕ ਨਿਯੁਕਤੀਆਂ ਅਤੇ ਕੌਲਿਜੀਅਮ ਪ੍ਰਣਾਲੀ: ਸਲਾਹ ਬਨਾਮ 'ਪੂਰਵ-ਪ੍ਰਵਾਨਗੀ'

ਪੁਸਤਕ ਦੇ ਰਿਪੋਰਟ ਕੀਤੇ ਗਏ ਅੰਸ਼ ਕੌਲਿਜੀਅਮ ਪ੍ਰਣਾਲੀ ਨੂੰ ਸੰਸਥਾਗਤ ਆਲੋਚਨਾ ਦੇ ਕੇਂਦਰ ਵਿੱਚ ਰੱਖਦੇ ਹਨ, ਜਿੱਥੇ ਸੀਨੀਅਰ ਜੱਜ ਉੱਚ ਅਦਾਲਤਾਂ ਲਈ ਉਮੀਦਵਾਰਾਂ ਦੀ ਸਿਫ਼ਾਰਸ਼ ਕਰਦੇ ਹਨ ਅਤੇ ਸਰਕਾਰ ਇਸ ਪ੍ਰਕਿਰਿਆ ਵਿੱਚ ਹਿੱਸਾ ਲੈਂਦੀ ਹੈ। ਨਿਆਂਇਕ ਸੁਤੰਤਰਤਾ ਅਤੇ ਕਾਰਜਪਾਲਿਕਾ ਦੀ ਸ਼ਮੂਲੀਅਤ ਵਿਚਕਾਰ ਇਹ ਸੰਤੁਲਨ ਹਮੇਸ਼ਾ ਵਿਵਾਦਪੂਰਨ ਰਿਹਾ ਹੈ। ਜਸਟਿਸ ਕੌਲ ਇਹ ਦਲੀਲ ਨਹੀਂ ਦਿੰਦੇ ਕਿ ਨਿਯੁਕਤੀਆਂ ਵਿੱਚ ਸਰਕਾਰ ਦੀ ਕੋਈ ਭੂਮਿਕਾ ਨਹੀਂ ਹੋਣੀ ਚਾਹੀਦੀ। ਉਨ੍ਹਾਂ ਦੀ ਅਸਲ ਚਿੰਤਾ ਸਲਾਹ-ਮਸ਼ਵਰੇ ਦੇ ਕ੍ਰਮ (sequence) ਅਤੇ ਚਰਿੱਤਰ ਨੂੰ ਲੈ ਕੇ ਹੈ:

ਜਾਇਜ਼ ਸਲਾਹ-ਮਸ਼ਵਰਾ: ਜੇਕਰ ਜੱਜ ਪਹਿਲਾਂ ਆਪਣੀ ਆਜ਼ਾਦ ਵਿਚਾਰ-ਚਰਚਾ ਕਰਕੇ ਉਮੀਦਵਾਰਾਂ ਦੀਆਂ ਸਿਫ਼ਾਰਸ਼ਾਂ ਤਿਆਰ ਕਰਨ ਅਤੇ ਉਸ ਤੋਂ ਬਾਅਦ ਸਰਕਾਰ ਕੋਲ ਪਹੁੰਚ ਕਰਨ, ਤਾਂ ਇਸ ਨੂੰ ਇੱਕ ਸਿਹਤਮੰਦ ਸੰਸਥਾਗਤ ਪ੍ਰਕਿਰਿਆ ਮੰਨਿਆ ਜਾ ਸਕਦਾ ਹੈ।

ਗੈਰ-ਰਸਮੀ 'ਪੂਰਵ-ਪ੍ਰਵਾਨਗੀ' (Pre-approval): ਕੌਲਿਜੀਅਮ ਵੱਲੋਂ ਕਿਸੇ ਨਾਮ 'ਤੇ ਰਸਮੀ ਤੌਰ 'ਤੇ ਵਿਚਾਰ ਕਰਨ ਤੋਂ ਪਹਿਲਾਂ ਹੀ ਗੈਰ-ਰਸਮੀ ਤੌਰ 'ਤੇ ਸਰਕਾਰ ਦੀ ਹਰੀ ਝੰਡੀ ਲੈਣੀ।

ਲਾਈਵਲਾਅ (LiveLaw) ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕੌਲ ਨੇ ਦਲੀਲ ਦਿੱਤੀ ਕਿ ਪਹਿਲਾਂ ਕੀਤੀਆਂ ਗਈਆਂ ਗੈਰ-ਰਸਮੀ ਚਰਚਾਵਾਂ ਇੱਕ ਅਜਿਹੀ ਪਿਰਤ ਪਾ ਦਿੰਦੀਆਂ ਹਨ ਜਿਸ ਨਾਲ ਜੱਜਾਂ ਦੇ ਸੁਤੰਤਰ ਮੁਲਾਂਕਣ ਤੋਂ ਪਹਿਲਾਂ ਹੀ ਕਾਰਜਪਾਲਿਕਾ ਦੀਆਂ ਤਰਜੀਹਾਂ ਉਮੀਦਵਾਰਾਂ ਦੀ ਸੂਚੀ ਨੂੰ ਪ੍ਰਭਾਵਿਤ ਕਰਨ ਲੱਗਦੀਆਂ ਹਨ। ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਇਹ ਪ੍ਰਥਾ ਸਿਰਫ਼ ਚੰਦਰਚੂੜ ਦੇ ਕਾਰਜਕਾਲ ਤੱਕ ਹੀ ਸੀਮਤ ਨਹੀਂ ਸੀ। ਸਮੀਖਿਅਕ ਅਨੁਸਾਰ, ਭਾਵੇਂ ਕਿਸੇ ਸਿੱਧੀ ਧਮਕੀ ਜਾਂ ਹਦਾਇਤ ਦਾ ਦੋਸ਼ ਨਾ ਵੀ ਹੋਵੇ, ਪਰ ਗੈਰ-ਰਸਮੀ ਉਮੀਦਾਂ ਸੰਸਥਾਗਤ ਵਿਵਹਾਰ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ—ਹਾਲਾਂਕਿ ਇਸ ਪ੍ਰਭਾਵ ਦੀ ਹੱਦ ਸਾਬਤ ਕਰਨ ਲਈ ਕਿਸੇ ਇੱਕ ਵਿਅਕਤੀ ਦੀਆਂ ਯਾਦਾਂ ਤੋਂ ਪਰੇ ਸਬੂਤਾਂ ਦੀ ਲੋੜ ਹੋਵੇਗੀ।

4. ਸੁਪਰੀਮ ਕੋਰਟ ਦੀ ਨਿਯੁਕਤੀ 'ਤੇ ਮਤਭੇਦ: ਛੇਵੇਂ ਉਮੀਦਵਾਰ ਦਾ ਕਿੱਸਾ

ਦਿ ਇੰਡੀਅਨ ਐਕਸਪ੍ਰੈਸ ਵਿੱਚ ਰਿਪੋਰਟ ਕੀਤੀ ਗਈ ਇੱਕ ਘਟਨਾ ਇਸ ਅੰਦਰੂਨੀ ਤਣਾਅ ਨੂੰ ਸਪੱਸ਼ਟ ਕਰਦੀ ਹੈ। ਕੌਲਿਜੀਅਮ ਸੁਪਰੀਮ ਕੋਰਟ ਦੀਆਂ ਛੇ ਖਾਲੀ ਅਸਾਮੀਆਂ ਭਰਨ ਲਈ ਵਿਚਾਰ ਕਰ ਰਿਹਾ ਸੀ। ਕੌਲ ਦੇ ਅਨੁਸਾਰ, ਪੰਜ ਉਮੀਦਵਾਰਾਂ ਦੇ ਨਾਵਾਂ 'ਤੇ ਸਹਿਮਤੀ ਬਣ ਚੁੱਕੀ ਸੀ, ਪਰ ਮੀਟਿੰਗ ਤੋਂ ਥੋੜ੍ਹੀ ਦੇਰ ਪਹਿਲਾਂ ਚੰਦਰਚੂੜ ਨੇ ਛੇਵੇਂ ਨਾਮ ਦਾ ਪ੍ਰਸਤਾਵ ਰੱਖਿਆ, ਜਿਸ ਦਾ ਬਾਕੀ ਜੱਜਾਂ ਨੇ ਵਿਰੋਧ ਕੀਤਾ।

ਕੌਲ ਯਾਦ ਕਰਦੇ ਹਨ ਕਿ ਚੰਦਰਚੂੜ ਫਿਰ ਉਨ੍ਹਾਂ ਨੂੰ ਇੱਕ ਪਾਸੇ ਲੈ ਗਏ ਅਤੇ ਸਰਕਾਰ ਦਾ ਵਿਚਾਰ ਜਾਣਨ ਲਈ ਟੈਲੀਫੋਨ ਕਰਨ ਬਾਰੇ ਸੋਚਿਆ, ਜਿਸ 'ਤੇ ਕੌਲ ਨੇ ਸਖ਼ਤ ਇਤਰਾਜ਼ ਜਤਾਇਆ। ਨਤੀਜੇ ਵਜੋਂ ਸਹਿਮਤ ਹੋਏ ਪੰਜ ਨਾਮ ਹੀ ਅੱਗੇ ਵਧੇ ਅਤੇ ਛੇਵਾਂ ਨਾਮ ਰੁਕ ਗਿਆ। ਕੌਲ ਕਹਿੰਦੇ ਹਨ ਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਛੇਵਾਂ ਨਾਮ ਸਰਕਾਰ ਦੇ ਕਹਿਣ 'ਤੇ ਲਿਆਂਦਾ ਗਿਆ ਸੀ। ਸਮੀਖਿਅਕ ਚੇਤਾਵਨੀ ਦਿੰਦੇ ਹਨ ਕਿ ਇਸ ਸ਼ੱਕ ਨੂੰ ਸੁਤੰਤਰ ਤੌਰ 'ਤੇ ਪ੍ਰਮਾਣਿਤ ਤੱਥ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ, ਕਿਉਂਕਿ ਇਹ ਘਟਨਾ ਸਿਰਫ਼ ਮਤਭੇਦ ਬਾਰੇ ਕੌਲ ਦੇ ਨਜ਼ਰੀਏ ਨੂੰ ਦਰਸਾਉਂਦੀ ਹੈ, ਨਾ ਕਿ ਇਹ ਸਾਬਤ ਕਰਦੀ ਹੈ ਕਿ ਪ੍ਰਸਤਾਵ ਕਿਸ ਨੇ ਸ਼ੁਰੂ ਕੀਤਾ ਸੀ। ਫਿਰ ਵੀ, ਇਹ ਨਿਆਂਇਕ ਸ਼ਾਸਨ ਦੇ ਵਿਦਵਾਨਾਂ ਅੱਗੇ ਇਹ ਸਵਾਲ ਜ਼ਰੂਰ ਖੜ੍ਹਾ ਕਰਦੀ ਹੈ ਕਿ ਰਸਮੀ ਫੈਸਲਿਆਂ ਤੋਂ ਪਹਿਲਾਂ ਸਿਆਸੀ ਅਧਿਕਾਰੀਆਂ ਨਾਲ ਗੈਰ-ਰਸਮੀ ਗੱਲਬਾਤ ਦੇ ਮਾਹੌਲ ਵਿੱਚ ਅਦਾਲਤ ਆਪਣੀ ਸਮੂਹਿਕ ਸੁਤੰਤਰਤਾ ਕਿਵੇਂ ਬਚਾ ਸਕਦੀ ਹੈ।

5. ਘੱਟ-ਗਿਣਤੀ ਪ੍ਰਤੀਨਿਧਤਾ ਅਤੇ ਉਮੀਦਵਾਰ ਦੀ ਜਾਤ 'ਤੇ ਵਿਵਾਦ

ਇੱਕ ਹੋਰ ਰਿਪੋਰਟ ਕੀਤੀ ਗਈ ਘਟਨਾ ਘੱਟ-ਗਿਣਤੀ ਧਰਮ ਨਾਲ ਸਬੰਧਤ ਇੱਕ ਜੱਜ ਦੀ ਉਮੀਦਵਾਰੀ ਨਾਲ ਜੁੜੀ ਹੈ। ਕੌਲ ਦੇ ਬਿਆਨ ਅਨੁਸਾਰ, ਸਰਕਾਰ ਨੇ ਵਾਧੂ ਘੱਟ-ਗਿਣਤੀ ਪ੍ਰਤੀਨਿਧਤਾ ਦੀ ਲੋੜ ਅਤੇ ਉਮੀਦਵਾਰ ਦੇ ਪਰਿਵਾਰ ਦੀ ਜਾਤ ਬਾਰੇ ਸਵਾਲ ਉਠਾਏ। ਕੌਲ ਨੇ ਜਾਤ ਬਾਰੇ ਪੁੱਛੇ ਗਏ ਸਵਾਲ ਨੂੰ ਬਿਲਕੁਲ ਅਪ੍ਰਸੰਗਿਕ ਮੰਨਦਿਆਂ ਇਸ ਦਾ ਸਖ਼ਤ ਵਿਰੋਧ ਕੀਤਾ ਅਤੇ ਬਹਿਸ ਇੰਨੀ ਤਿੱਖੀ ਹੋ ਗਈ ਕਿ ਉਹ ਕਮਰਾ ਛੱਡ ਕੇ ਬਾਹਰ ਚਲੇ ਗਏ।

ਸਮੀਖਿਅਕ ਮੁਤਾਬਕ, ਇਹ ਘਟਨਾ ਪ੍ਰਤੀਨਿਧਤਾ ਅਤੇ ਨਿਰਪੱਖਤਾ ਦੋਵਾਂ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਜਿੱਥੇ ਇੱਕ ਪਾਸੇ ਵਿਭਿੰਨਤਾ ਭਰਪੂਰ ਨਿਆਂਪਾਲਿਕਾ ਜਨਤਕ ਵਿਸ਼ਵਾਸ ਨੂੰ ਮਜ਼ਬੂਤ ਕਰਦੀ ਹੈ, ਉੱਥੇ ਹੀ ਚੋਣ ਪ੍ਰਕਿਰਿਆ ਬਰਾਬਰ ਵਿਵਹਾਰ ਅਤੇ ਉਮੀਦਵਾਰ ਦੀ ਯੋਗਤਾ ਤੇ ਇਮਾਨਦਾਰੀ 'ਤੇ ਅਧਾਰਤ ਹੋਣੀ ਚਾਹੀਦੀ ਹੈ। ਹਾਲਾਂਕਿ, ਕੌਲ ਦਾ ਇਹ ਇਕੱਲਾ ਬਿਆਨ ਵਿਤਕਰੇ ਦੇ ਕਿਸੇ ਆਮ ਪੈਟਰਨ ਨੂੰ ਸਥਾਪਿਤ ਨਹੀਂ ਕਰਦਾ ਅਤੇ ਇਸ ਲਈ ਵਧੇਰੇ ਪੁਖ਼ਤਾ ਸਬੂਤਾਂ ਦੀ ਲੋੜ ਹੈ।

6. ਕੇਸਾਂ ਦੀ ਵੰਡ ਅਤੇ ਚੀਫ਼ ਜਸਟਿਸ ਦਾ ਪ੍ਰਸ਼ਾਸਕੀ ਅਧਿਕਾਰ

ਚੀਫ਼ ਜਸਟਿਸ ਕੋਲ ਵੱਖ-ਵੱਖ ਬੈਂਚਾਂ ਅੱਗੇ ਕੇਸਾਂ ਨੂੰ ਅਲਾਟ ਕਰਨ ਅਤੇ ਸੂਚੀਬੱਧ ਕਰਨ ਦਾ ਵੱਡਾ ਪ੍ਰਸ਼ਾਸਕੀ ਅਧਿਕਾਰ ਹੁੰਦਾ ਹੈ। ਦਿ ਟੈਲੀਗ੍ਰਾਫ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕੌਲ ਨੇ ਦੋ ਅਹਿਮ ਮਾਮਲਿਆਂ ਬਾਰੇ ਚਿੰਤਾ ਪ੍ਰਗਟਾਈ:

ਨਿਯੁਕਤੀਆਂ ਵਿੱਚ ਦੇਰੀ ਵਾਲਾ ਕੇਸ: ਜੱਜਾਂ ਦੀਆਂ ਨਿਯੁਕਤੀਆਂ ਵਿੱਚ ਸਰਕਾਰੀ ਦੇਰੀ ਵਿਰੁੱਧ ਸਖ਼ਤ ਰੁਖ਼ ਅਪਣਾਉਣ ਅਤੇ ਕੌਲਿਜੀਅਮ ਦੀਆਂ ਸਿਫ਼ਾਰਸ਼ਾਂ 'ਤੇ ਕਾਰਵਾਈ ਕਰਨ ਲਈ ਸਰਕਾਰ 'ਤੇ ਦਬਾਅ ਪਾਉਣ ਵਾਲਾ ਕੇਸ ਉਨ੍ਹਾਂ ਦੇ ਬੈਂਚ ਤੋਂ ਵਾਪਸ ਲੈ ਲਿਆ ਗਿਆ ਸੀ।

ਮਨੀ ਲਾਂਡਰਿੰਗ ਐਕਟ (PMLA) ਮਾਮਲਾ: 2022 ਦੇ PMLA ਫੈਸਲੇ 'ਤੇ ਮੁੜ ਵਿਚਾਰ ਕਰਨ ਵਾਲੀਆਂ ਪਟੀਸ਼ਨਾਂ ਦਾ ਮਾਮਲਾ ਪਹਿਲਾਂ ਕਿਸੇ ਹੋਰ ਬੈਂਚ ਕੋਲ ਭੇਜਿਆ ਗਿਆ ਅਤੇ ਫਿਰ ਉਨ੍ਹਾਂ ਦੀ ਅਗਵਾਈ ਵਾਲੇ ਬੈਂਚ ਕੋਲ ਵਾਪਸ ਆਇਆ। ਕੌਲ ਅਨੁਸਾਰ, ਚੰਦਰਚੂੜ ਨੇ ਉਨ੍ਹਾਂ ਨੂੰ ਇਸ ਮਾਮਲੇ ਵਿੱਚ 'ਵਿਚਕਾਰਲਾ ਰਸਤਾ' ਅਪਣਾਉਣ ਦੀ ਸਲਾਹ ਦਿੱਤੀ, ਜਿਸ ਦਾ ਕੌਲ ਨੇ ਵਿਰੋਧ ਕੀਤਾ।

ਕਿਉਂਕਿ ਵੱਖ-ਵੱਖ ਬੈਂਚ ਕਾਨੂੰਨੀ ਸਵਾਲਾਂ ਪ੍ਰਤੀ ਵੱਖਰਾ ਨਜ਼ਰੀਆ ਰੱਖ ਸਕਦੇ ਹਨ, ਇਸ ਲਈ ਕੇਸਾਂ ਦੀ ਅਦਲਾ-ਬਦਲੀ ਦੇ ਵੱਡੇ ਨਤੀਜੇ ਨਿਕਲ ਸਕਦੇ ਹਨ। ਪਰ ਸਮੀਖਿਅਕ ਸਪੱਸ਼ਟ ਕਰਦੇ ਹਨ ਕਿ ਇਹ ਰਿਪੋਰਟਾਂ ਇਹ ਸਾਬਤ ਨਹੀਂ ਕਰਦੀਆਂ ਕਿ ਮੋਦੀ ਸਰਕਾਰ ਨੇ ਇਨ੍ਹਾਂ ਕੇਸਾਂ ਦੀ ਵੰਡ ਦਾ ਨਿਰਦੇਸ਼ ਦਿੱਤਾ ਸੀ; ਇਹ ਸਿਰਫ਼ ਅਜਿਹੇ ਦੋਸ਼ ਅਤੇ ਯਾਦਾਂ ਹਨ ਜੋ ਅਗਲੇਰੀ ਜਾਂਚ ਦੀ ਮੰਗ ਕਰਦੀਆਂ ਹਨ।

7. ਨਿਆਂਇਕ ਸੁਤੰਤਰਤਾ ਅਤੇ NJAC ਬਹਿਸ

ਜਸਟਿਸ ਕੌਲ ਦਾ ਨਜ਼ਰੀਆ ਇਸ ਗੱਲ ਤੱਕ ਸੀਮਤ ਨਹੀਂ ਹੈ ਕਿ ਨਿਯੁਕਤੀਆਂ 'ਤੇ ਸਿਰਫ਼ ਜੱਜਾਂ ਦਾ ਹੀ ਏਕਾਧਿਕਾਰ ਹੋਵੇ। ਉਨ੍ਹਾਂ ਕਿਹਾ ਹੈ ਕਿ 2015 ਵਿੱਚ ਸੁਪਰੀਮ ਕੋਰਟ ਵੱਲੋਂ 'ਨੈਸ਼ਨਲ ਜੁਡੀਸ਼ੀਅਲ ਅਪੁਆਇੰਟਮੈਂਟਸ ਕਮਿਸ਼ਨ' (NJAC) ਨੂੰ ਤੁਰੰਤ ਰੱਦ ਕਰਨ ਦੀ ਬਜਾਏ, ਇਸ ਨੂੰ ਕੰਮ ਕਰਨ ਜਾਂ ਸੁਧਾਰ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਸੀ, ਜਿਸ ਵਿੱਚ ਕਾਰਜਪਾਲਿਕਾ ਦੀ ਰਸਮੀ ਭੂਮਿਕਾ ਤੈਅ ਸੀ।

ਇਹ ਰੁਖ਼ ਸ਼ੁਰੂ ਵਿੱਚ ਵਿਰੋਧਾਭਾਸੀ ਲੱਗ ਸਕਦਾ ਹੈ, ਪਰ ਇਸ ਦਾ ਭਾਵ ਇਹ ਹੈ ਕਿ ਕੌਲ ਪਰਦੇ ਪਿੱਛੇ ਹੋਣ ਵਾਲੇ ਗੈਰ-ਰਸਮੀ ਸਲਾਹ-ਮਸ਼ਵਰਿਆਂ (ਜਿਨ੍ਹਾਂ ਦੀ ਜਵਾਬਦੇਹੀ ਤੈਅ ਕਰਨੀ ਔਖੀ ਹੈ) ਨਾਲੋਂ ਇੱਕ ਪਰਿਭਾਸ਼ਿਤ ਅਤੇ ਪਾਰਦਰਸ਼ੀ ਪ੍ਰਕਿਰਿਆ ਨੂੰ ਬਿਹਤਰ ਸਮਝਦੇ ਹਨ। ਇਹ ਨਿਆਂਇਕ ਸੁਧਾਰ ਦੀ ਉਸ ਕੇਂਦਰੀ ਦੁਬਿਧਾ ਨੂੰ ਉਜਾਗਰ ਕਰਦਾ ਹੈ ਕਿ ਜਿੱਥੇ NJAC ਵਰਗੇ ਕਮਿਸ਼ਨ ਵਿੱਚ ਸਿਆਸੀ ਦਬਦਬੇ ਦਾ ਖ਼ਤਰਾ ਰਹਿੰਦਾ ਹੈ, ਉੱਥੇ ਹੀ ਮੌਜੂਦਾ ਕੌਲਿਜੀਅਮ ਪ੍ਰਣਾਲੀ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਘਾਟ ਕਾਰਨ ਆਲੋਚਨਾ ਦਾ ਸ਼ਿਕਾਰ ਹੁੰਦੀ ਹੈ।

8. ਅਦਾਲਤ ਅਤੇ ਸਿਆਸੀ ਵਿਰੋਧੀ ਧਿਰ ਦੀ ਭੂਮਿਕਾ

ਕੌਲ ਆਪਣੇ ਬਿਰਤਾਂਤ ਵਿੱਚ ਸੁਪਰੀਮ ਕੋਰਟ ਨੂੰ ਸਰਕਾਰ ਦੀ ਵਿਰੋਧੀ ਧਿਰ ਵਜੋਂ ਪੇਸ਼ ਨਹੀਂ ਕਰਦੇ। ਦਿ ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਅਨੁਸਾਰ, ਕੌਲ ਇਸ ਗੱਲ ਤੋਂ ਸਾਵਧਾਨ ਕਰਦੇ ਹਨ ਕਿ ਅਦਾਲਤ ਨੂੰ ਸਿਆਸੀ ਵਿਰੋਧੀ ਧਿਰ ਦਾ ਵਿਸਥਾਰ ਨਹੀਂ ਸਮਝਿਆ ਜਾਣਾ ਚਾਹੀਦਾ। ਉਨ੍ਹਾਂ ਦਾ ਮੰਨਣਾ ਹੈ ਕਿ ਨਿਆਂਇਕ ਸੁਤੰਤਰਤਾ ਦਾ ਅਰਥ ਸਿਰਫ਼ ਸਰਕਾਰੀ ਦਬਾਅ ਤੋਂ ਮੁਕਤ ਹੋਣਾ ਹੀ ਨਹੀਂ, ਸਗੋਂ ਵਿਰੋਧੀ ਧਿਰ ਦੇ ਪੱਖ ਵਿੱਚ ਫੈਸਲੇ ਦੇਣ ਦੇ ਦਬਾਅ ਤੋਂ ਮੁਕਤ ਹੋਣਾ ਵੀ ਹੈ। ਇੱਕ ਭਰੋਸੇਯੋਗ ਅਦਾਲਤ ਦੀ ਜ਼ਿੰਮੇਵਾਰੀ ਕਿਸੇ ਪੱਖਪਾਤੀ ਏਜੰਡੇ ਦੀ ਬਜਾਏ ਸੰਵਿਧਾਨ ਅਤੇ ਕਾਨੂੰਨ ਅਨੁਸਾਰ ਕਿਸੇ ਵੀ ਧਿਰ ਵਿਰੁੱਧ ਫੈਸਲਾ ਸੁਣਾਉਣ ਦੀ ਹੁੰਦੀ ਹੈ।

9. ਸਾਬਕਾ ਚੀਫ਼ ਜਸਟਿਸ ਚੰਦਰਚੂੜ ਦਾ ਪੱਖ

ਇਨ੍ਹਾਂ ਖੁਲਾਸਿਆਂ 'ਤੇ ਪ੍ਰਤੀਕਿਰਿਆ ਦਿੰਦਿਆਂ ਸਾਬਕਾ ਚੀਫ਼ ਜਸਟਿਸ ਡੀ. ਵਾਈ. ਚੰਦਰਚੂੜ ਨੇ ਕਿਹਾ ਹੈ ਕਿ ਉਹ ਪੂਰੀ ਕਿਤਾਬ ਪੜ੍ਹੇ ਬਿਨਾਂ ਅਤੇ ਸੰਦਰਭ ਸਮਝੇ ਬਿਨਾਂ ਵਿਸਥਾਰ ਵਿੱਚ ਜਵਾਬ ਨਹੀਂ ਦੇ ਸਕਦੇ। ਉਨ੍ਹਾਂ ਇਹ ਵੀ ਕਿਹਾ ਕਿ ਨਿਆਂਇਕ ਨਿਯੁਕਤੀਆਂ ਵਿੱਚ ਸਰਕਾਰ ਦੀ ਭੂਮਿਕਾ ਹੁੰਦੀ ਹੈ ਅਤੇ ਉਹ ਚੀਫ਼ ਜਸਟਿਸ ਨਾਲ ਗੱਲਬਾਤ ਵਿੱਚ ਰਹਿੰਦੀ ਹੈ। ਦਿ ਟੈਲੀਗ੍ਰਾਫ ਅਤੇ ਹਿੰਦੁਸਤਾਨ ਟਾਈਮਜ਼ ਵਿੱਚ ਰਿਪੋਰਟ ਕੀਤੇ ਗਏ ਇੱਕ ਅਗਲੇ ਬਿਆਨ ਵਿੱਚ, ਚੰਦਰਚੂੜ ਨੇ ਜ਼ੋਰ ਦਿੱਤਾ ਕਿ ਉਸ ਸਮੇਂ ਦੌਰਾਨ ਕੌਲਿਜੀਅਮ ਦੀਆਂ ਸਾਰੀਆਂ ਸਿਫ਼ਾਰਸ਼ਾਂ ਸਰਬਸੰਮਤੀ ਨਾਲ ਸਨ ਅਤੇ ਜਸਟਿਸ ਕੌਲ ਨੇ ਖ਼ੁਦ ਉਨ੍ਹਾਂ ਦਾ ਸਮਰਥਨ ਕੀਤਾ ਸੀ।

ਸਮੀਖਿਅਕ ਮੁਤਾਬਕ, ਚੰਦਰਚੂੜ ਦਾ ਇਹ ਬਿਆਨ ਕੌਲਿਜੀਅਮ ਦੇ ਅਧਿਕਾਰਤ ਅਤੇ ਰਸਮੀ ਫੈਸਲਿਆਂ ਦਾ ਸਬੂਤ ਤਾਂ ਦਿੰਦਾ ਹੈ, ਪਰ ਇਹ ਉਸ ਸਵਾਲ ਦਾ ਜਵਾਬ ਨਹੀਂ ਦਿੰਦਾ ਕਿ ਅੰਤਿਮ ਮਤਿਆਂ ਤੋਂ ਪਹਿਲਾਂ ਗੈਰ-ਰਸਮੀ ਚਰਚਾਵਾਂ ਦੌਰਾਨ ਕੀ ਵਾਪਰਿਆ ਸੀ।

10. ਆਲੋਚਨਾਤਮਕ ਮੁਲਾਂਕਣ ਅਤੇ ਅਣਸੁਲਝੇ ਸਵਾਲ

ਇਸ ਪੁਸਤਕ ਦੀ ਸਭ ਤੋਂ ਵੱਡੀ ਤਾਕਤ ਇਸ ਦਾ ਅੰਦਰੂਨੀ ਦ੍ਰਿਸ਼ਟੀਕੋਣ ਅਤੇ 'ਸਲਾਹ-ਮਸ਼ਵਰੇ' ਤੇ 'ਝੁਕਾਅ' ਵਿਚਕਾਰ ਖਿੱਚੀ ਗਈ ਸਪੱਸ਼ਟ ਲਕੀਰ ਹੈ। ਪਰ ਇਸ ਦੀ ਮੁੱਖ ਸੀਮਾ ਇਸ ਦਾ ਸਬੂਤਾਂ ਦਾ ਦਾਇਰਾ ਹੈ, ਕਿਉਂਕਿ ਇੱਕ ਨਿੱਜੀ ਯਾਦਾਂ ਦੀ ਪੁਸਤਕ ਯਾਦਦਾਸ਼ਤ ਦੀਆਂ ਸੀਮਾਵਾਂ ਤੋਂ ਪ੍ਰਭਾਵਿਤ ਹੋ ਸਕਦੀ ਹੈ ਅਤੇ ਦੂਜਿਆਂ ਦੇ ਇਰਾਦਿਆਂ ਨੂੰ ਸਾਬਤ ਨਹੀਂ ਕਰ ਸਕਦੀ।

ਸਮੀਖਿਆ ਅਨੁਸਾਰ, ਰਿਪੋਰਟ ਕੀਤੇ ਗਏ ਅੰਸ਼ ਪੰਜ ਅਹਿਮ ਸਵਾਲ ਖੁੱਲ੍ਹੇ ਛੱਡਦੇ ਹਨ ਜਿਨ੍ਹਾਂ ਦੇ ਜਵਾਬ ਪੂਰੀ ਪੁਸਤਕ ਪੜ੍ਹਨ ਤੋਂ ਬਾਅਦ ਹੀ ਮਿਲ ਸਕਦੇ ਹਨ:

1. ਗੈਰ-ਰਸਮੀ ਚਰਚਾਵਾਂ ਕਿੰਨੀ ਵਾਰ ਹੋਈਆਂ ਅਤੇ ਕਿਨ੍ਹਾਂ ਹਾਲਾਤਾਂ ਵਿੱਚ ਹੋਈਆਂ?
2. ਉਨ੍ਹਾਂ ਚਰਚਾਵਾਂ ਦੇ ਕੀ ਰਿਕਾਰਡ, ਜੇ ਕੋਈ ਹਨ, ਮੌਜੂਦ ਹਨ?
3. ਕੌਲਿਜੀਅਮ ਦੇ ਹੋਰ ਮੈਂਬਰਾਂ ਨੇ ਇਨ੍ਹਾਂ ਹੀ ਘਟਨਾਵਾਂ ਨੂੰ ਕਿਵੇਂ ਸਮਝਿਆ?
4. ਕੀ ਅਜਿਹੇ ਸਲਾਹ-ਮਸ਼ਵਰਿਆਂ ਨੇ ਖਾਸ ਨਿਯੁਕਤੀਆਂ ਨੂੰ ਪ੍ਰਭਾਵਿਤ ਕੀਤਾ ਅਤੇ ਜੇ ਅਜਿਹਾ ਹੈ, ਤਾਂ ਕਿਵੇਂ?
5. ਕਿਹੜੇ ਸੁਧਾਰ ਉਚਿਤ ਗੁਪਤਤਾ ਨੂੰ ਕਮਜ਼ੋਰ ਕੀਤੇ ਬਿਨਾਂ ਪਾਰਦਰਸ਼ਤਾ ਵਿੱਚ ਸੁਧਾਰ ਕਰ ਸਕਦੇ ਹਨ?

ਸਿੱਟਾ (Conclusion)

ਵਿਦਾਊਟ ਫੀਅਰ ਔਰ ਫੇਵਰ, ਹੁਣ ਤੱਕ ਸਾਹਮਣੇ ਆਏ ਅੰਸ਼ਾਂ ਦੇ ਅਧਾਰ 'ਤੇ ਭਾਰਤੀ ਨਿਆਂਪਾਲਿਕਾ ਦੀ ਸੁਤੰਤਰਤਾ 'ਤੇ ਚੱਲ ਰਹੀ ਬਹਿਸ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਜਸਟਿਸ ਕੌਲ ਦੀ ਕੇਂਦਰੀ ਚੇਤਾਵਨੀ ਇਹ ਹੈ ਕਿ ਨਿਆਂਇਕ ਸੁਤੰਤਰਤਾ ਸਿਰਫ਼ ਸੰਵਿਧਾਨਕ ਸਿਧਾਂਤਾਂ ਅਤੇ ਰਸਮੀ ਨਿਯਮਾਂ 'ਤੇ ਹੀ ਨਹੀਂ, ਸਗੋਂ ਸੰਸਥਾਗਤ ਅਧਿਕਾਰ ਰੱਖਣ ਵਾਲੇ ਲੋਕਾਂ ਦੇ ਰੋਜ਼ਾਨਾ ਦੇ ਆਚਰਣ 'ਤੇ ਵੀ ਨਿਰਭਰ ਕਰਦੀ ਹੈ। ਜਦੋਂ ਨਿਯੁਕਤੀ ਪ੍ਰਕਿਰਿਆ ਵਿੱਚ ਬਹੁਤ ਜਲਦੀ ਸਰਕਾਰੀ ਤਰਜੀਹਾਂ ਮੰਗੀਆਂ ਜਾਂਦੀਆਂ ਹਨ, ਤਾਂ ਜੱਜ ਆਪਣੀ ਸੁਤੰਤਰਤਾ ਦਾ ਹਿੱਸਾ ਗੁਆਉਣ ਦਾ ਜੋਖਮ ਉਠਾਉਂਦੇ ਹਨ—ਭਾਵੇਂ ਕੌਲ ਇਹ ਵੀ ਮੰਨਦੇ ਹਨ ਕਿ ਸਰਕਾਰ ਦੀ ਜਾਇਜ਼ ਭੂਮਿਕਾ ਹੈ ਅਤੇ ਅਦਾਲਤ ਨੂੰ ਪੱਖਪਾਤੀ ਵਿਰੋਧੀ ਧਿਰ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਪੁਸਤਕ ਦੀ ਅਸਲ ਮਹੱਤਤਾ ਪੂਰੀ ਕਿਤਾਬ ਪੜ੍ਹਨ, ਸਬੂਤਾਂ ਦੀ ਘੋਖ ਕਰਨ ਅਤੇ ਸਬੰਧਤ ਧਿਰਾਂ ਦੇ ਜਵਾਬਾਂ 'ਤੇ ਵਿਚਾਰ ਕਰਨ ਤੋਂ ਬਾਅਦ ਹੀ ਤੈਅ ਹੋਵੇਗੀ, ਪਰ ਇਹ ਪਾਰਦਰਸ਼ੀ ਨਿਯੁਕਤੀਆਂ ਅਤੇ ਨਿਰਪੱਖ ਕੇਸ ਵੰਡ ਬਾਰੇ ਇੱਕ ਜ਼ਰੂਰੀ ਬਹਿਸ ਜ਼ਰੂਰ ਛੇੜਦੀ ਹੈ।

ਹਵਾਲੇ (References):

• ਕੌਲ, ਐੱਸ. ਕੇ. ਅਤੇ ਓਝਾ, ਜੇ. ਵੀ. (ਆਗਾਮੀ, 2026)। ਵਿਦਾਊਟ ਫੀਅਰ ਔਰ ਫੇਵਰ (Without Fear or Favor)। ਜਗਰਨਾਟ। (ਪੁਸਤਕ-ਸੂਚੀ ਜਾਣਕਾਰੀ: ਮਿਡਲੈਂਡ ਬੁੱਕਸ਼ਾਪ)।
• ਲਾਈਵਲਾਅ ਨਿਊਜ਼ ਨੈੱਟਵਰਕ (LiveLaw News Network)। (2026, 25 ਅਕਤੂਬਰ)। "CJI Chandrachud Used To Seek Government's Pre-Approval Before Collegium Discussed Names for Judicial Appointments: Justice Kaul." ਲਾਈਵਲਾਅ।
• ਸਰੀਨ, ਆਰ. (2026, 26 ਅਕਤੂਬਰ)। "Government Respects Judges With Spine... Chandrachud Was Too Deferential: Former SC Judge Justice KaulÓs Memoir Reveals Quiet Rift With Then CJI." ਦਿ ਇੰਡੀਅਨ ਐਕਸਪ੍ਰੈਸ।
ਦਿ ਟੈਲੀਗ੍ਰਾਫ (The Telegraph)। (2026, 26 ਅਕਤੂਬਰ)। "ÓTroublingÓ: Colleague Questions Ex-CJI Chandrachud's Methods Over Judicial Appointments."
• ਹਿੰਦੁਸਤਾਨ ਟਾਈਮਜ਼ (Hindustan Times)। (2026, 26 ਅਕਤੂਬਰ)। "Collegium Decisions Unanimous, Says Ex-CJI Chandrachud."

ਬੰਦੀ ਛੋੜ ਦਿਵਸ: ਮੀਰੀ-ਪੀਰੀ ਦਾ ਸੰਕਲਪ, ਮਨੁੱਖੀ ਆਜ਼ਾਦੀ ਦਾ ਮਹਾਂ-ਸੰਦੇਸ਼ ਅਤੇ ਇਤਿਹਾਸਕ ਸ਼ਹਾਦਤਾਂ ਦਾ ਗੌਰਵ



ਇਤਿਹਾਸਕ ਮੀਲ-ਪੱਥਰ: ਇੱਕ ਨਜ਼ਰ 'ਚ

ਇਤਿਹਾਸਕ ਘਟਨਾ / ਸੰਕਲਪ	ਤਾਰੀਖ਼ / ਕਾਲ	ਮਹੱਤਤਾ ਅਤੇ ਪ੍ਰਭਾਵ
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਆਗਮਨ	15 ਜੂਨ, 1595 (ਪਿੰਡ ਵਡਾਲੀ)	ਬਾਬਾ ਬੁੱਢਾ ਜੀ ਦੀ ਦੇਖ-ਰੇਖ ਹੇਠ ਸ਼ਸਤਰ ਵਿੱਦਿਆ, ਘੋੜ-ਸਵਾਰੀ ਤੇ ਜੰਗੀ ਨੀਤੀਆਂ ਦੀ ਸਿਖਲਾਈ
ਗੁਰਗੱਦੀ 'ਤੇ ਬਿਰਾਜਮਾਨ ਹੋਣਾ	25 ਮਈ, 1606	ਪੰਚਮ ਪਾਤਸ਼ਾਹ ਦੇ ਹੁਕਮ ਅਨੁਸਾਰ ਸ਼ਸਤਰਧਾਰੀ ਹੋ ਕੇ ਗੁਰਗੱਦੀ ਸੰਭਾਲੀ
ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ	1606 (ਸ੍ਰੀ ਅੰਮ੍ਰਿਤਸਰ)	ਮੁਗ਼ਲ ਤਖ਼ਤ ਦੇ ਮੁਕਾਬਲੇ ਸਿੱਖ ਕੌਮ ਦੀ ਸੁਤੰਤਰ ਅਤੇ ਖ਼ੁਦਮੁਖ਼ਤਿਆਰ ਪ੍ਰਭੂਸੱਤਾ ਦਾ ਐਲਾਨ
ਗਵਾਲੀਅਰ ਕਿਲ੍ਹੇ ਵਿੱਚੋਂ ਰਿਹਾਈ	ਬੰਦੀ ਛੋੜ ਦਿਵਸ	ਬਵੰਜਾ (52) ਹਿੰਦੂ ਰਾਜਿਆਂ ਨੂੰ ਰਿਹਾਅ ਕਰਵਾ ਕੇ ਮਨੁੱਖੀ ਅਧਿਕਾਰਾਂ ਦੀ ਬੇਮਿਸਾਲ ਰੱਖਿਆ
ਸਰਬੱਤ ਖ਼ਾਲਸਾ ਦੀ ਪਿਰਤ	18ਵੀਂ ਸਦੀ	ਕੌਮੀ ਇਕੱਠਾਂ ਰਾਹੀਂ ਸੰਕਟਾਂ ਦੌਰਾਨ ਸਵੈ-ਪੜਚੋਲ ਅਤੇ ਭਵਿੱਖੀ ਵਿਉਂਤਬੰਦੀ
ਭਾਈ ਮਨੀ ਸਿੰਘ ਜੀ ਦੀ ਸ਼ਹਾਦਤ	1737 ਈ.	ਬੰਦੀ ਛੋੜ ਦਿਵਸ ਦੇ ਮਹਿਸੂਲ ਬਦਲੇ ਬੰਦ-ਬੰਦ ਕਟਵਾ ਕੇ ਸਿੱਖੀ ਅਸੂਲਾਂ 'ਤੇ ਪਹਿਰਾ

ਬੰਦੀ ਛੋੜ ਦਿਵਸ ਸਿਰਫ਼ ਦੀਵਿਆਂ ਦੀ ਰੌਸ਼ਨੀ ਜਾਂ ਰਵਾਇਤੀ ਖ਼ੁਸ਼ੀਆਂ ਦਾ ਤਿਉਹਾਰ ਨਹੀਂ, ਸਗੋਂ ਇਹ ਸੰਸਾਰਿਕ, ਰਾਜਨੀਤਿਕ ਅਤੇ ਧਾਰਮਿਕ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਮਨੁੱਖੀ ਮੁਕਤੀ ਦਾ ਪਰਚਮ ਲਹਿਰਾਉਣ ਦਾ ਇਤਿਹਾਸਕ ਪ੍ਰਤੀਕ ਹੈ। ਮੁਗ਼ਲ ਹਕੂਮਤ ਦਾ ਸਿਆਸੀ ਜਬਰ ਜਦੋਂ ਸਮਾਜ ਦੀ ਨੈਤਿਕ ਹੋਂਦ ਨੂੰ ਮਿੱਟੀ ਵਿੱਚ ਮਿਲਾ ਰਿਹਾ ਸੀ, ਤਾਂ ਸਿੱਖ ਗੁਰੂ ਸਾਹਿਬਾਨ ਨੇ ਦੱਬੇ-ਕੁਚਲੇ, ਨਿਤਾਣੇ ਅਤੇ ਮੁਗ਼ਲਾਂ ਦੀ ਨਜ਼ਰ ਵਿੱਚ ਅਖੌਤੀ 'ਕਮਜ਼ੋਰ' ਵਰਗਾਂ ਨੂੰ ਆਪਣੀ ਹੋਣੀ ਆਪ ਲਿਖਣ ਅਤੇ ਜ਼ਾਲਮਾਂ ਵਿਰੁੱਧ ਹਿੱਕ ਡਾਹ ਕੇ ਲੜਨ ਦਾ ਅਦੁੱਤੀ ਜਜ਼ਬਾ ਬਖ਼ਸ਼ਿਆ।

ਸ਼ਾਂਤਮਈ ਸ਼ਹਾਦਤ ਤੋਂ ਕ੍ਰਾਂਤੀਕਾਰੀ ਮੋੜ: ਮੀਰੀ ਤੇ ਪੀਰੀ ਦਾ ਸੁਮੇਲ

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ 30 ਮਈ, 1606 ਨੂੰ ਲਾਹੌਰ ਵਿਖੇ ਸ਼ਾਂਤਮਈ ਸ਼ਹਾਦਤ ਦੇ ਕੇ ਸਿੱਖ ਇਤਿਹਾਸ ਨੂੰ ਨਵਾਂ ਮੋੜ ਦਿੱਤਾ। ਉਨ੍ਹਾਂ ਦੇ ਆਦੇਸ਼ ਅਨੁਸਾਰ ਛੇਵੇਂ ਪਾਤਸ਼ਾਹ ਨੇ ਗੁਰਗੱਦੀ ਦੀ ਰਵਾਇਤੀ ਰਸਮ ਨੂੰ ਬਦਲਦਿਆਂ ਦੋ ਤਲਵਾਰਾਂ ਧਾਰਨ ਕੀਤੀਆਂ:

1. ਮੀਰੀ ਦੀ ਤਲਵਾਰ: ਸੰਸਾਰਿਕ ਅਤੇ ਸਿਆਸੀ ਖ਼ੁਦਮੁਖ਼ਤਿਆਰੀ ਦਾ ਪ੍ਰਤੀਕ।
2. ਪੀਰੀ ਦੀ ਤਲਵਾਰ: ਰੂਹਾਨੀ ਉੱਚਤਾ ਅਤੇ ਅਧਿਆਤਮਕ ਅਗਵਾਈ ਦਾ ਸੰਦੇਸ਼।

ਮਰਹੱਟਾ ਸੰਤ ਸਮਰਥ ਰਾਮਦਾਸ ਨਾਲ ਸੰਵਾਦ ਦੌਰਾਨ ਗੁਰੂ ਸਾਹਿਬ ਨੇ ਸਪੱਸ਼ਟ ਕੀਤਾ ਕਿ 'ਬਾਹਰੋਂ ਰਾਜ ਹੈ, ਅੰਦਰੋਂ ਫ਼ਕੀਰੀ ਹੈ; ਸ਼ਸਤਰ ਗ਼ਰੀਬ ਦੀ ਰੱਖਿਆ ਅਤੇ ਜ਼ਾਲਮ ਦੇ ਖ਼ਾਤਮੇ ਲਈ ਹਨ।'

ਸ੍ਰੀ ਅਕਾਲ ਤਖ਼ਤ ਸਾਹਿਬ, ਖ਼ਾਲਸਾ ਫ਼ੌਜ ਅਤੇ ਲੋਹਗੜ੍ਹ ਕਿਲ੍ਹਾ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੁਨਿਆਵੀ ਬਾਦਸ਼ਾਹਾਂ ਦੇ ਤਖ਼ਤ ਦੇ ਮੁਕਾਬਲੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਿਰਜਣਾ ਕੀਤੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਅਤੇ ਅਕਾਲ ਤਖ਼ਤ ਸਾਹਿਬ 'ਤੇ ਬੀਰਰਸੀ ਵਾਰਾਂ ਰਾਹੀਂ ਕੌਮ ਵਿੱਚ ਸੂਰਬੀਰਤਾ ਭਰੀ ਗਈ।

ਸੰਗਤਾਂ ਨੂੰ ਚੰਗੀ ਨਸਲ ਦੇ ਘੋੜੇ ਅਤੇ ਵਧੀਆ ਸ਼ਸਤਰ ਭੇਟ ਕਰਨ ਦਾ ਹੁਕਮਨਾਮਾ ਦਿੱਤਾ ਗਿਆ।

ਕੌਮ ਦੀ ਬਾਕਾਇਦਾ ਫ਼ੌਜੀ ਤਾਲੀਮ ਸ਼ੁਰੂ ਹੋਈ, ਨਿਸ਼ਾਨ ਸਾਹਿਬ ਝੁੱਲੇ ਅਤੇ ਨਗਾਰੇ ਗੂੰਜੇ।

ਨਗਰ ਦੀ ਸੁਰੱਖਿਆ ਲਈ 'ਕਿਲ੍ਹਾ ਲੋਹਗੜ੍ਹ' ਉਸਾਰਿਆ ਗਿਆ, ਜਿਸ ਨਾਲ ਅੰਮ੍ਰਿਤਸਰ ਸਿਆਸੀ ਅਤੇ ਆਰਥਿਕ ਤੌਰ 'ਤੇ ਖ਼ੁਦਮੁਖ਼ਤਿਆਰ ਸ਼ਕਤੀ ਵਜੋਂ ਉੱਭਰਿਆ।


ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377

ਗਵਾਲੀਅਰ ਦੀ ਕੈਦ ਅਤੇ ਬਵੰਜਾ ਰਾਜਿਆਂ ਦੀ ਬੰਦ-ਖ਼ਲਾਸੀ

ਗੁਰੂ ਸਾਹਿਬ ਦੀ ਸੁਤੰਤਰ ਸ਼ਾਹੀ ਸ਼ੈਲੀ ਅਤੇ ਸੱਚੇ ਪਾਤਸ਼ਾਹ ਵਜੋਂ ਲੋਕ-ਸਤਿਕਾਰ ਨੂੰ ਦੇਖ ਕੇ ਚੰਦੂ ਅਤੇ ਮਿਹਰਬਾਨ ਵਰਗੇ ਦੋਖੀਆਂ ਨੇ ਜਹਾਂਗੀਰ ਦੇ ਕੰਨ ਭਰੇ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਅਭੇਦ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ। ਉੱਥੇ ਪਹਿਲਾਂ ਤੋਂ ਹੀ ਕੈਦ 52 ਰਾਜਪੂਤ ਰਾਜੇ ਘੋਰ ਨਿਰਾਸ਼ਾ ਵਿੱਚ ਸਨ। ਗੁਰੂ ਸਾਹਿਬ ਜੀ ਨੇ ਉਨ੍ਹਾਂ ਅੰਦਰ ਆਤਮਿਕ ਚੜ੍ਹਦੀ ਕਲਾ ਭਰੀ ਅਤੇ ਸ਼ਰਧਾਲੂ ਬਣਾ ਲਿਆ।

ਜਦੋਂ ਦੇਸ਼ ਭਰ ਵਿੱਚ ਸਿੱਖਾਂ ਅਤੇ ਆਮ ਜਨਤਾ ਅੰਦਰ ਭਾਰੀ ਵਿਦਰੋਹ ਫੈਲ ਗਿਆ, ਤਾਂ ਜਹਾਂਗੀਰ ਨੇ ਗੁਰੂ ਸਾਹਿਬ ਦੀ ਰਿਹਾਈ ਦਾ ਪਰਵਾਨਾ ਜਾਰੀ ਕੀਤਾ। ਪਰ 'ਬੰਦੀ ਛੋੜ ਦਾਤਾ' ਨੇ ਸਿਰਫ਼ ਆਪਣੀ ਰਿਹਾਈ ਠੁਕਰਾ ਦਿੱਤੀ ਅਤੇ ਬਿਨਾਂ ਕਿਸੇ ਧਾਰਮਿਕ ਵਿਤਕਰੇ ਦੇ ਸਾਰੇ 52 ਰਾਜਿਆਂ ਨੂੰ ਆਪਣੇ ਚੋਲੇ ਦੀਆਂ ਕਲੀਆਂ ਫੜਾ ਕੇ ਮੁਕਤ ਕਰਵਾ ਲਿਆ। ਜਦੋਂ ਗੁਰੂ ਸਾਹਿਬ ਸ੍ਰੀ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਦੀਪਮਾਲਾ ਕੀਤੀ। ਸੰਜੋਗ ਨਾਲ ਉਹ ਦਿਨ ਦੀਵਾਲੀ ਦਾ ਸੀ, ਜਿਸ ਤੋਂ ਬਾਅਦ ਇਹ ਦਿਹਾੜਾ 'ਬੰਦੀ ਛੋੜ ਦਿਵਸ' ਵਜੋਂ ਅਮਰ ਹੋ ਗਿਆ।

18ਵੀਂ ਸਦੀ, ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕਟਵਾਉਣਾ ਅਤੇ ਅਸਲ ਸੰਦੇਸ਼

18ਵੀਂ ਸਦੀ ਵਿੱਚ ਮੁਗ਼ਲਾਂ ਦੇ ਜ਼ੁਲਮਾਂ ਦੌਰਾਨ ਜਦੋਂ ਹਰਿਮੰਦਰ ਸਾਹਿਬ 'ਤੇ ਪਾਬੰਦੀਆਂ ਸਨ, ਤਾਂ ਸਿੱਖ ਜੰਗਲਾਂ ਵਿੱਚੋਂ ਨਿਕਲ ਕੇ ਵੀ ਬੰਦੀ ਛੋੜ ਦਿਵਸ 'ਤੇ ਸਰਬੱਤ ਖ਼ਾਲਸਾ ਇਕੱਠ ਕਰਦੇ ਰਹੇ। 1737 ਈਸਵੀ ਵਿੱਚ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਮਨੀ ਸਿੰਘ ਜੀ ਨੇ ਬੰਦੀ ਛੋੜ ਸਮਾਗਮ ਲਈ 10,000 ਰੁਪਏ ਮਹਿਸੂਲ ਤੈਅ ਕੀਤਾ। ਪਰ ਮੁਗ਼ਲਾਂ ਦੀ ਖ਼ੂਨੀ ਸਾਜ਼ਿਸ਼ ਦੀ ਭਿਣਕ ਪੈਂਦਿਆਂ ਉਨ੍ਹਾਂ ਸੰਗਤਾਂ ਨੂੰ ਆਉਣ ਤੋਂ ਰੋਕ ਦਿੱਤਾ। ਮਹਿਸੂਲ ਨਾ ਭਰ ਸਕਣ ਦੇ ਬਹਾਨੇ ਮੁਗ਼ਲ ਹਕੂਮਤ ਨੇ ਭਾਈ ਸਾਹਿਬ ਨੂੰ ਇਸਲਾਮ ਕਬੂਲਣ ਜਾਂ ਮੌਤ ਦੀ ਧਮਕੀ ਦਿੱਤੀ। ਭਾਈ ਸਾਹਿਬ ਨੇ ਲਾਸਾਨੀ ਸਿਦਕ ਨਿਭਾਉਂਦਿਆਂ ਲਾਹੌਰ ਵਿਖੇ ਆਪਣਾ ਬੰਦ-ਬੰਦ ਕਟਵਾ ਲਿਆ ਅਤੇ ਇਸ ਦਿਹਾੜੇ ਦੇ ਇਤਿਹਾਸ ਨੂੰ ਹੋਰ ਪਵਿੱਤਰ ਕਰ ਦਿੱਤਾ।

ਗੁਰਬਾਣੀ ਅਨੁਸਾਰ ਅਸਲ ਦੀਵਾਲੀ ਮਾਇਆ ਅਤੇ ਅਗਿਆਨਤਾ ਦੇ ਘੋਰ ਅੰਧਕਾਰ ਵਿੱਚੋਂ ਨਿਕਲ ਕੇ ਗੁਰੂ ਦੇ ਬਖ਼ਸ਼ੇ ਗਿਆਨ ਦਾ ਦੀਵਾ ਬਾਲਣ ਵਿੱਚ ਹੈ। ਬੰਦੀ ਛੋੜ ਦਿਵਸ ਦਾ ਮੂਲ ਸੁਨੇਹਾ ਇਹੀ ਹੈ ਕਿ ਅਧਿਆਤਮਕ ਬੰਦਗੀ ਦੇ ਨਾਲ-ਨਾਲ ਹਰ ਕਿਸਮ ਦੇ ਜ਼ੁਲਮ, ਸਮਾਜਿਕ ਬੇਇਨਸਾਫ਼ੀ ਅਤੇ ਦਾਸਤਾ ਵਿਰੁੱਧ ਹਥਿਆਰਬੰਦ ਸੁਚੇਤਤਾ ਨਾਲ ਡਟਣਾ ਹੀ ਖ਼ਾਲਸਈ ਜੀਵਨ-ਜਾਚ ਹੈ।

ਰੂਸ-ਯੂਕਰੇਨ ਜੰਗ ਦਾ ਹੱਲ ਗੱਲਬਾਤ ਤੇ ਕੂਟਨੀਤੀ ਰਾਹੀਂ ਹੀ ਨਿਕਲੇ : ਮੋਦੀ





ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਫੋਨ 'ਤੇ ਗੱਲਬਾਤ ਕੀਤੀ। ਇਸ ਦੌਰਾਨ, ਮੋਦੀ ਨੇ ਰੂਸ ਨਾਲ ਚੱਲ ਰਹੇ ਟਕਰਾਅ ਦੇ ਸ਼ਾਂਤੀਪੂਰਨ ਹੱਲ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਿਚ ਯੋਗਦਾਨ ਪਾਉਣ ਲਈ ਭਾਰਤ ਦੀ ਤਿਆਰੀ ਪ੍ਰਗਟਾਈ। ਗੱਲਬਾਤ ਤੋਂ ਬਾਅਦ, ਜ਼ੇਲੇਂਸਕੀ ਨੇ ਕਿਹਾ ਕਿ ਇਹ ਮਹੱਤਵਪੂਰਨ ਹੈ ਕਿ ਭਾਰਤ ਇਹ ਪਛਾਣੇ ਕਿ ਉਹ ਕਿਹੜੇ ਕਦਮ ਚੁੱਕ ਸਕਦਾ ਹੈ ਅਤੇ ਜੰਗ ਨੂੰ ਖਤਮ ਕਰਨ ਵਿਚ ਮਦਦ ਲਈ ਹੋਰ ਆਗੂਆਂ ਨਾਲ ਕਿਹੋ ਜਿਹੀ ਗੱਲਬਾਤ ਕਰ ਸਕਦਾ ਹੈ। ਯੂਕਰੇਨ ਦੇ ਰਾਸ਼ਟਰਪਤੀ ਨੇ 'ਐਕਸ' 'ਤੇ ਇੱਕ ਪੋਸਟ ਵਿਚ ਕਿਹਾ, 'ਭਾਰਤ 'ਫੂਡ ਕੋਰੀਡੋਰ' (ਭੋਜਨ ਸਪਲਾਈ ਲਾਂਘੇ) ਸਥਾਪਤ ਕਰਨ ਵਿਚ ਵਿਚੋਲਗੀ ਕਰਨ ਲਈ ਤਿਆਰ ਹੈ, ਅਤੇ ਸਾਨੂੰ ਉਮੀਦ ਹੈ ਕਿ ਇਹ ਕੋਸ਼ਿਸ਼ਾਂ ਜਾਰੀ ਰਹਿਣਗੀਆਂ।' ਪ੍ਰਧਾਨ ਮੰਤਰੀ ਦਫ਼ਤਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਮੋਦੀ ਨੇ ਭਾਰਤ ਦੇ 'ਮਨੁੱਖੀ-ਕੇਂਦਰਿਤ' ਦ੍ਰਿਸ਼ਟੀਕੋਣ ਨੂੰ ਦੁਹਰਾਇਆ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਟਕਰਾਅ ਦਾ ਹੱਲ ਗੱਲਬਾਤ ਅਤੇ ਕੂਟਨੀਤੀ ਰਾਹੀਂ ਹੀ ਨਿਕਲਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਦਫ਼ਤਰ ਨੇ ਦੱਸਿਆ ਕਿ ਮੋਦੀ ਨੇ ਟਕਰਾਅ ਦੇ ਸ਼ਾਂਤੀਪੂਰਨ ਹੱਲ ਲਈ ਕੀਤੀਆਂ ਜਾ ਰਹੀਆਂ ਸਾਰੀਆਂ ਕੋਸ਼ਿਸ਼ਾਂ ਵਿਚ ਯੋਗਦਾਨ ਪਾਉਣ ਲਈ ਭਾਰਤ ਦੀ ਤਿਆਰੀ ਪ੍ਰਗਟਾਈ। ਦਫ਼ਤਰ ਅਨੁਸਾਰ, ਫੋਨ 'ਤੇ ਗੱਲਬਾਤ ਦੌਰਾਨ ਰਾਸ਼ਟਰਪਤੀ ਜ਼ੇਲੇਂਸਕੀ ਨੇ ਚੱਲ ਰਹੇ ਟਕਰਾਅ ਨਾਲ ਸਬੰਧਤ ਹਾਲੀਆ ਘਟਨਾਕ੍ਰਮਾਂ ਬਾਰੇ ਆਪਣਾ ਨਜ਼ਰੀਆ ਸਾਂਝਾ ਕੀਤਾ।ਦੋਵਾਂ ਆਗੂਆਂ ਨੇ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਆਪਸੀ ਲਾਭ ਲਈ ਵੱਖ-ਵੱਖ ਖੇਤਰਾਂ ਵਿਚ ਭਾਰਤ-ਯੂਕਰੇਨ ਦੁਵੱਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਉਪਾਵਾਂ 'ਤੇ ਵੀ ਚਰਚਾ ਕੀਤੀ।

ਭਾਈ ਪਰਵਿੰਦਰ ਸਿੰਘ ਝੋਟੇ ਦੀ ਕੁਰਬਾਨੀ ਨੂੰ ਸਦਾ ਯਾਦ ਰੱਖਿਆ ਜਾਵੇਗਾ : ਕੁਲਦੀਪ ਸਿੰਘ ਗੜਗੱਜ

ਸ੍ਰੀ ਮੁਕਤਸਰ ਸਾਹਿਬ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ੍ਰੀ ਮੁਕਤਸਰ ਸਾਹਿਬ ਵਿਖੇ ਨਿਰੋਲ ਸੇਵਾ ਸੰਸਥਾ ਵਲੋਂ ਸਕੂਲੀ ਵਿਦਿਆਰਥੀਆਂ ਦੇ ਜਪੁਜੀ ਸਾਹਿਬ ਦੇ ਸ਼ੁੱਧ ਉਚਾਰਨ ਅਤੇ ਕੰਠ ਮੁਕਾਬਲਿਆਂ ਦੇ ਸਨਮਾਨ ਤੇ ਇਨਾਮ ਵੰਡ ਸਮਾਗਮ ਵਿਚ ਸ਼ਾਮਿਲ ਹੋਣ ਸਮੇਂ ਸੰਬੋਧਨ ਕਰਦਿਆਂ ਕਿਹਾ ਕਿ ਭਾਈ ਪਰਵਿੰਦਰ ਸਿੰਘ ਝੋਟਾ ਨੇ ਨਸ਼ਿਆਂ ਵਿਰੁੱਧ ਲੜਦਿਆਂ ਆਪਣੀ ਜਾਨ ਦਿੱਤੀ ਹੈ। ਜਿਸ ਕਰਕੇ ਉਸ ਨੂੰ ਸ਼ਹੀਦ ਦਾ ਰੁਤਬਾ ਦਿੱਤਾ ਗਿਆ ਹੈ।

ਉਨ੍ਹਾਂ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਿਆਂ ਵਿਰੁੱਧ ਕੁਰਬਾਨੀ ਦੇਣ ਵਾਲੇ ਭਾਈ ਪਰਵਿੰਦਰ ਸਿੰਘ ਖਾਲਸਾ ਦੀ ਕੁਰਬਾਨੀ ਨੂੰ ਸਦਾ ਯਾਦ ਰੱਖਿਆ ਜਾਵੇਗਾ। ਕਿਉਂਕਿ ਉਨ੍ਹਾਂ ਵਲੋਂ ਹਮੇਸ਼ਾ ਹੀ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕੀਤੀ ਗਈ ਅਤੇ ਮੈਡੀਕਲ ਨਸ਼ੇ ਖ਼?ਲਾਫ਼ ਲਗਾਤਾਰ ਆਵਾਜ਼ ਉਠਾਈ ਗਈ। ਉਨ੍ਹਾਂ ਕਿਹਾ ਕਿ ਮੈਡੀਕਲ ਨਸ਼ੇ ਦੀ ਪਾਈਪ ਲਾਈਨ ਪੰਜਾਬ ਨੂੰ ਬਰਬਾਦ ਕਰ ਰਹੀ ਹੈ। ਇਸ ਲਈ ਨਸ਼ੇ ਵੇਚਣ ਵਾਲਿਆਂ ਦਾ ਸਭ ਨੂੰ ਬਾਈਕਾਟ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਵਿਚੋਂ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕਰਨ ਲਈ ਸਭ ਨੂੰ ਹੰਭਲਾ ਮਾਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਭ ਨੂੰ ਸਾਵਧਾਨ ਦੀ ਰਹਿਣ ਦੀ ਲੋੜ ਹੈ। ਕਿਉਂਕਿ ਇਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਨਫ਼ਰਤੀ ਮਾਹੌਲ ਸਿਰਜਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹਰ ਪੰਜਾਬੀ ਨੂੰ ਆਪਸੀ ਪ੍ਰੇਮ, ਭਾਈਚਾਰਕ ਸਾਂਝ ਅਤੇ ਇਤਫਾਕ ਬਣਾ ਕੇ ਰੱਖਣਾ ਚਾਹੀਦਾ ਹੈ।

ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਵੱਧ ਤੋਂ ਵੱਧ ਗੁਰਬਾਣੀ ਨਾਲ ਜੁੜਿਆ ਜਾਵੇ, ਉੱਚ ਪੜ੍ਹਾਈ ਕਰਕੇ ਅਫ਼ਸਰ ਬਣਿਆ ਜਾਵੇ ਤੇ ਪੰਜਾਬ ਨੂੰ ਛੱਡਣ ਬਾਰੇ ਬਿਲਕੁਲ ਨਹੀਂ ਸੋਚਣਾ ਚਾਹੀਦਾ ਹੈ। ਆਪਣੇ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਸਭ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ। ਗਿਆਨੀ ਕੁਲਦੀਪ ਸਿੰਘ ਨੇ ਨਿਰੋਲ ਸੇਵਾ ਸੰਸਥਾ ਦੇ ਉਦਮ ਦੀ ਸ਼ਲਾਘਾ ਕੀਤੀ ਅਤੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕਰਨ ਵਾਲੇ ਬੱਚਿਆਂ ਨੂੰ ਕ੍ਰਮਵਾਰ ਸਵਾ ਲੱਖ, ਇਕ ਲੱਖ ਅਤੇ 75 ਹਜਾਰ ਰੁਪਏ ਦੀ ਰਾਸ਼ੀ ਦੇ ਚੈੱਕ ਭੇਟ ਕੀਤੇ। ਇਸ ਮੌਕੇ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲੇ, ਸੰਸਥਾ ਦੇ ਮੁਖੀ ਡਾ: ਜਗਦੀਪ ਸਿੰਘ ਕਾਲਾ ਸੋਢੀ, ਸੰਤੋਸ਼ ਕੌਰ ਸੋਢੀ ਸਾਬਕਾ ਸਰਪੰਚ ਧੂਲਕੋਟ ਤੇ ਹੋਰ ਹਾਜ਼ਰ ਸਨ।



ਇਤਿਹਾਸ ਦੇ ਪੰਨਿਆਂ 'ਤੇ ਕਈ ਸੂਰਮਿਆਂ ਦੀਆਂ ਗਾਥਾਵਾਂ ਦਰਜ ਹਨ, ਪਰ ਜਦੋਂ ਗੱਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਆਉਂਦੀ ਹੈ, ਤਾਂ ਕਲਮ ਆਪ-ਮੁਹਾਰੇ ਅਦਬ ਨਾਲ ਝੁਕ ਜਾਂਦੀ ਹੈ। ਅੱਜ ਦੇ ਦੌਰ ਵਿੱਚ ਜਦੋਂ ਮਨੁੱਖ ਨਿੱਕੀਆਂ-ਨਿੱਕੀਆਂ ਔਕੜਾਂ ਅੱਗੇ ਡੋਲ ਜਾਂਦਾ ਹੈ, ਉਸ ਵੇਲੇ 75 ਸਾਲਾਂ ਦੀ ਬਜ਼ੁਰਗ ਅਵਸਥਾ ਵਿੱਚ ਇੱਕ ਹੱਥ 'ਤੇ ਆਪਣਾ ਕੱਟਿਆ ਸੀਸ ਟਿਕਾ ਕੇ ਅਤੇ ਦੂਜੇ ਹੱਥ ਵਿੱਚ 18 ਸੇਰ ਦਾ ਖੰਡਾ ਵਾਹੁੰਦਿਆਂ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਲਈ ਜੂਝਣ ਵਾਲੇ ਇਸ ਮਹਾਨ ਜਰਨੈਲ ਦੀ ਸ਼ਹਾਦਤ ਸਾਨੂੰ ਝੰਜੋੜਦੀ ਵੀ ਹੈ ਅਤੇ ਅੰਦਰੋਂ ਬਲ ਵੀ ਬਖ਼ਸ਼ਦੀ ਹੈ। ਬਾਬਾ ਦੀਪ ਸਿੰਘ ਜੀ ਸਿਰਫ਼ ਇੱਕ ਅਜਿੱਤ ਯੋਧਾ ਹੀ ਨਹੀਂ ਸਨ, ਸਗੋਂ ਗੁਰਬਾਣੀ ਦੇ ਅਥਾਹ ਵਿਦਵਾਨ, ਕਲਮ ਦੇ ਧਨੀ ਅਤੇ 'ਸੰਤ-ਸਿਪਾਹੀ' ਦੇ ਸਿਧਾਂਤ ਦਾ ਜਿਉਂਦਾ-ਜਾਗਦਾ ਸਰੂਪ ਸਨ। ਇਸ ਵਿਸ਼ੇਸ਼ ਇਤਿਹਾਸਕ ਲੇਖ ਰਾਹੀਂ ਅਸੀਂ ਆਪਣੇ ਪਾਠਕਾਂ ਨੂੰ ਉਸ ਅਲੌਕਿਕ ਸਫ਼ਰ ਦੇ ਰੂ-ਬ-ਰੂ ਕਰਵਾ ਰਹੇ ਹਾਂ, ਜਿੱਥੇ ਬ੍ਰਹਮ ਗਿਆਨ ਦੀ ਸ਼ਾਂਤੀ ਅਤੇ ਧਰਮ-ਯੁੱਧ ਦਾ ਜਲਾਲ ਇੱਕੋ ਥਾਂ ਇਕੱਠੇ ਹੁੰਦੇ ਹਨ। ਆਓ, ਇਸ ਅਦੁੱਤੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਆਪਣੇ ਵਿਰਸੇ ਦੀ ਇਸ ਮਹਾਨ ਵਿਰਾਸਤ ਨੂੰ ਮੁੜ-ਸੁਰਜੀਤ ਕਰੀਏ। - ਸਤਨਾਮ ਸਿੰਘ ਖਾਲਸਾ

ਅਣਖ, ਸਿਦਕ ਅਤੇ ਸ਼ਹਾਦਤ ਦਾ ਸਿਖਰ: ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ (1682-1757)

ਅੰਮ੍ਰਿਤਸਰ/ਤਲਵੰਡੀ ਸਾਬੋ: ਸਿੱਖ ਇਤਿਹਾਸ ਦੇ ਲਹੂ-ਭਿੱਜੇ ਪਰ ਸੁਨਹਿਰੀ ਪੰਨਿਆਂ 'ਤੇ ਉੱਕਰਿਆ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਨਾਮ 'ਸੰਤ-ਸਿਪਾਹੀ' ਦੇ ਆਦਰਸ਼ ਦੀ ਸਭ ਤੋਂ ਉੱਚੀ ਅਤੇ ਅਲੌਕਿਕ ਮਿਸਾਲ ਹੈ। ਉਨ੍ਹਾਂ ਦਾ ਜੀਵਨ ਇਸ ਅਟੱਲ ਸੱਚਾਈ ਦਾ ਪ੍ਰਤੱਖ ਪ੍ਰਮਾਣ ਹੈ ਕਿ ਜਦੋਂ ਇੱਕ ਸਿੱਖ ਦੀ ਸੁਰਤ ਗੁਰਬਾਣੀ ਦੇ ਇਲਾਹੀ ਗਿਆਨ ਵਿੱਚ ਰੰਗੀ ਜਾਂਦੀ ਹੈ ਅਤੇ ਉਸ ਦਾ ਸੀਸ ਗੁਰੂ ਦੇ ਹੁਕਮ ਅੱਗੇ ਸਮਰਪਿਤ ਹੋ ਜਾਂਦਾ ਹੈ, ਤਾਂ ਮੌਤ ਦਾ ਭੈਅ ਖ਼ਤਮ ਹੋ ਜਾਂਦਾ ਹੈ ਅਤੇ ਸਰੀਰਕ ਸੀਮਾਵਾਂ ਵੀ ਆਤਮਿਕ ਬਲ ਅੱਗੇ ਝੁਕ ਜਾਂਦੀਆਂ ਹਨ। 75 ਸਾਲ ਦੀ ਬਜ਼ੁਰਗ ਅਵਸਥਾ ਵਿੱਚ, ਇੱਕ ਹੱਥ 'ਤੇ ਆਪਣਾ ਕੱਟਿਆ ਹੋਇਆ ਸੀਸ ਟਿਕਾ ਕੇ ਅਤੇ ਦੂਜੇ ਹੱਥ ਵਿੱਚ 18 ਸੇਰ ਦਾ ਖੰਡਾ ਵਾਹੁੰਦਿਆਂ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਬਹਾਲ ਕਰਨ ਦੀ ਉਨ੍ਹਾਂ ਦੀ ਗਾਥਾ ਦੁਨੀਆ ਦੇ ਫ਼ੌਜੀ ਅਤੇ ਅਧਿਆਤਮਿਕ ਇਤਿਹਾਸ ਵਿੱਚ ਆਪਣੀ ਮਿਸਾਲ ਆਪ ਹੈ।

1. ਮੁੱਢਲਾ ਜੀਵਨ ਅਤੇ ਦਸਮ ਪਾਤਸ਼ਾਹ ਦੀ ਛਤਰ-ਛਾਇਆ

ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਈਸਵੀ ਨੂੰ ਮਾਝੇ ਦੇ ਇਤਿਹਾਸਕ ਪਿੰਡ ਪਹੂਵਿੰਡ (ਮੌਜੂਦਾ ਜ਼ਿਲ੍ਹਾ ਤਰਨਤਾਰਨ) ਵਿਖੇ ਪਿਤਾ ਭਾਈ ਭਗਤਾ ਜੀ (ਭਗਤੂ ਜੀ ਸੰਧੂ) ਅਤੇ ਮਾਤਾ ਮਾਈ ਜਿਉਣੀ ਜੀ ਦੇ ਗ੍ਰਹਿ ਵਿਖੇ ਹੋਇਆ। ਮਾਪਿਆਂ ਨੇ ਬਾਲਕ ਦਾ ਨਾਮ 'ਦੀਪਾ' ਰੱਖਿਆ।

ਅੰਮ੍ਰਿਤ ਦੀ ਦਾਤ: 12 ਸਾਲ ਦੀ ਉਮਰ ਵਿੱਚ ਉਹ ਆਪਣੇ ਮਾਤਾ-ਪਿਤਾ ਨਾਲ ਮਾਝੇ ਦੀਆਂ ਸੰਗਤਾਂ ਦੇ ਜਥੇ ਵਿੱਚ ਪੈਦਲ ਯਾਤਰਾ ਕਰਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ। ਉਨ੍ਹਾਂ ਦੀ ਅਥਾਹ ਸ਼ਰਧਾ ਅਤੇ ਸੇਵਾ ਭਾਵਨਾ ਨੂੰ ਦੇਖਦਿਆਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਆਪਣੇ ਕੋਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ਰੱਖ ਲਿਆ। ਸੰਨ 1700 ਦੀ ਵਿਸਾਖੀ ਨੂੰ ਖੰਡੇ-ਬਾਟੇ ਦੀ ਪਾਹੁਲ ਛਕ ਕੇ 'ਦੀਪਾ' ਤੋਂ 'ਦੀਪ ਸਿੰਘ' ਸਜੇ।

ਵਿਦਵਤਾ ਅਤੇ ਸ਼ਸਤਰ-ਵਿੱਦਿਆ: ਸ੍ਰੀ ਅਨੰਦਪੁਰ ਸਾਹਿਬ ਵਿਖੇ ਉਨ੍ਹਾਂ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਨਿਗਰਾਨੀ ਹੇਠ ਗੁਰਮੁਖੀ, ਫ਼ਾਰਸੀ ਅਤੇ ਅਰਬੀ ਭਾਸ਼ਾਵਾਂ ਦਾ ਡੂੰਘਾ ਅਧਿਐਨ ਕੀਤਾ। ਇਸ ਦੇ ਨਾਲ ਹੀ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਘੋੜ-ਸਵਾਰੀ, ਤੀਰਅੰਦਾਜ਼ੀ, ਨੇਜ਼ਾਬਾਜ਼ੀ ਅਤੇ ਦੋਧਾਰੇ ਖੰਡੇ ਦੇ ਜੌਹਰਾਂ ਵਿੱਚ ਅਜਿਹੀ ਮੁਹਾਰਤ ਹਾਸਲ ਕੀਤੀ ਕਿ ਉਹ ਬ੍ਰਹਮ ਗਿਆਨੀ ਵਿਦਵਾਨ ਦੇ ਨਾਲ-ਨਾਲ ਅਜਿੱਤ ਯੋਧੇ ਬਣ ਕੇ ਉੱਭਰੇ।

2. 'ਗੁਰੂ ਕੀ ਕਾਂਸ਼ੀ' ਦਮਦਮਾ ਸਾਹਿਬ ਵਿਖੇ ਗੁਰਬਾਣੀ ਸੇਵਾ ਅਤੇ ਕਲਮ ਦਾ ਸਤਿਕਾਰ

ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ ਬਾਬਾ ਜੀ ਕੁਝ ਸਮਾਂ ਪਹੂਵਿੰਡ ਵਿਖੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ। 1705 ਈਸਵੀ ਵਿੱਚ ਜਦੋਂ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਆਗਮਨ ਦੀ ਖ਼ਬਰ ਮਿਲੀ, ਤਾਂ ਉਹ ਤੁਰੰਤ ਗੁਰੂ ਚਰਨਾਂ ਵਿੱਚ ਹਾਜ਼ਰ ਹੋ ਗਏ।

ਜਦੋਂ ਦਸਮ ਪਾਤਸ਼ਾਹ ਨੇ ਭਾਈ ਮਨੀ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਨੂੰ ਸੰਪੂਰਨ ਕਰਵਾਇਆ, ਤਾਂ ਬਾਬਾ ਦੀਪ ਸਿੰਘ ਜੀ ਨੇ ਲਿਖਾਰੀ ਵਜੋਂ ਅਹਿਮ ਸੇਵਾ ਨਿਭਾਈ। ਦੱਖਣ (ਨਾਂਦੇੜ) ਵੱਲ ਰਵਾਨਾ ਹੋਣ ਸਮੇਂ 1706 ਈਸਵੀ ਵਿੱਚ ਗੁਰੂ ਸਾਹਿਬ ਨੇ ਬਾਬਾ ਦੀਪ ਸਿੰਘ ਜੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ (ਗੁਰੂ ਕੀ ਕਾਂਸ਼ੀ) ਦਾ ਪਹਿਲਾ ਜਥੇਦਾਰ ਥਾਪ ਕੇ ਗੁਰਬਾਣੀ ਪੜ੍ਹਨ, ਪੜ੍ਹਾਉਣ ਅਤੇ ਲਿਖਣ ਦੀ ਜ਼ਿੰਮੇਵਾਰੀ ਸੌਂਪੀ। ਆਪ ਜੀ ਨੂੰ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਹੋਣ ਦਾ ਮਾਣ ਵੀ ਪ੍ਰਾਪਤ ਹੈ।

ਕਲਮ ਪ੍ਰਤੀ ਅਦੁੱਤੀ ਸ਼ਰਧਾ: ਬਾਬਾ ਦੀਪ ਸਿੰਘ ਜੀ ਨੇ ਆਪਣੇ ਹੱਥੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪਾਵਨ ਬੀੜਾਂ ਦਾ ਉਤਾਰਾ ਕੀਤਾ, ਜੋ ਚਾਰ ਤਖ਼ਤਾਂ ਸਾਹਿਬਾਨ ਵਿਖੇ ਪ੍ਰਕਾਸ਼ ਲਈ ਭੇਜੀਆਂ ਗਈਆਂ। ਇਤਿਹਾਸ ਗਵਾਹ ਹੈ ਕਿ ਲਿਖਾਈ ਸਮੇਂ ਜਦੋਂ ਕਾਨੇ ਦੀ ਕਲਮ ਘਿਸ ਕੇ ਮੋਟੀ ਹੋ ਜਾਂਦੀ, ਤਾਂ ਉਹ ਉਸ ਨੂੰ ਚਾਕੂ ਨਾਲ ਛਿੱਲਣ ਦੀ ਬਜਾਏ ਸਤਿਕਾਰ ਸਹਿਤ ਸਰੋਵਰ ਵਿੱਚ ਜਲ-ਪ੍ਰਵਾਹ ਕਰ ਦਿੰਦੇ ਅਤੇ ਨਵੀਂ ਕਲਮ ਵਰਤਦੇ। ਉਨ੍ਹਾਂ ਦਾ ਸਿਧਾਂਤ ਸੀ ਕਿ ਜਿਸ ਕਲਮ ਨੇ 'ਧੁਰ ਕੀ ਬਾਣੀ' ਉਚਾਰੀ ਹੈ, ਉਸ ਉੱਤੇ ਲੋਹਾ (ਚਾਕੂ) ਚਲਾਉਣਾ ਬਾਣੀ ਦਾ ਅਪਮਾਨ ਹੈ। ਇਸੇ ਅਸਥਾਨ 'ਤੇ ਉਨ੍ਹਾਂ ਵੱਲੋਂ ਲਗਵਾਇਆ ਗਿਆ ਖੂਹ ਅੱਜ ਵੀ 'ਸ਼ਹੀਦਾਂ ਦਾ ਖੂਹ' ਵਜੋਂ ਪ੍ਰਸਿੱਧ ਹੈ।



ਕੋਈ ਆ ਕੇ ਸੱਜਣ ਦੱਸਦਾ ਗੱਲ ਸੁਣ ਤੂੰ ਬਾਬਾ, ਗੁਰ ਨਗਰੀ ਵਿੱਚ ਵਰਤ ਗਿਆ ਅਨਹੋਣਾ ਸਾਕਾ
ਕਿਸੇ ਜ਼ਾਲਮ ਹਰਿਮੰਦਰ ਲਾ ਲਿਆ ਏ ਆ ਕੇ ਨਾਕਾ, ਇਹ ਸੁਣ ਕੇ ਬਾਬਾ ਹੋ ਗਿਆ ਫੇਰ ਲੋਹਾਲਾਖਾ
ਜਿਵੇਂ ਬਿਜਲੀ ਗੜ੍ਹਕੀ ਅੰਬਰੋਂ ਜਿਵੇਂ ਲਹਿਰ ਤੁਫਾਨੋਂ ਸਤਨਾਮ ਸਿੰਘਾਂ ਜਾਂ ਬਾਬੇ ਨੇ ਧੂਹ ਲਈ ਤਲਵਾਰ ਮਿਆਨੋਂ

3. ਧਰਮ ਯੁੱਧ, ਸਰਹਿੰਦ ਫ਼ਤਹਿ ਅਤੇ ਸ਼ਹੀਦਾਂ ਮਿਸਲ

ਬਾਬਾ ਦੀਪ ਸਿੰਘ ਜੀ ਜਦੋਂ ਕਲਮ ਫੜਦੇ ਤਾਂ ਸ਼ਾਂਤ-ਚਿੱਤ ਵਿਦਵਾਨ ਸਨ, ਪਰ ਜਦੋਂ ਜ਼ੁਲਮ ਵਿਰੁੱਧ ਤੇਗ਼ ਉਠਾਉਂਦੇ ਤਾਂ ਕਾਲ ਦਾ ਰੂਪ ਧਾਰ ਲੈਂਦੇ ਸਨ:

4. 1757 ਦੀ ਜੰਗ ਅਤੇ 'ਲਕੀਰ ਸਾਹਿਬ' ਦਾ ਇਤਿਹਾਸਕ ਪ੍ਰਣ

1757 ਈਸਵੀ ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਚੌਥੇ ਹਮਲੇ ਦੌਰਾਨ ਦਿੱਲੀ ਨੂੰ ਲੁੱਟਿਆ। ਵਾਪਸੀ ਸਮੇਂ ਸਿੱਖਾਂ ਵੱਲੋਂ ਉਸ ਦੇ ਕਾਫ਼ਲਿਆਂ 'ਤੇ ਕੀਤੇ ਹਮਲਿਆਂ ਤੋਂ ਬੌਖਲਾ ਕੇ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਅਤੇ ਸੈਨਾਪਤੀ ਜਹਾਨ ਖ਼ਾਨ ਨੂੰ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦਾ ਹੁਕਮ ਦਿੱਤਾ। ਮੁਗ਼ਲ ਅਤੇ ਅਫ਼ਗਾਨ ਫ਼ੌਜਾਂ ਨੇ ਸ੍ਰੀ ਅੰਮ੍ਰਿਤਸਰ 'ਤੇ ਹਮਲਾ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ, ਇਮਾਰਤ ਨੂੰ ਢਾਹਿਆ ਅਤੇ ਪਵਿੱਤਰ ਅੰਮ੍ਰਿਤ ਸਰੋਵਰ ਨੂੰ ਮਲਬੇ ਨਾਲ ਪੂਰ ਦਿੱਤਾ।

ਜਦੋਂ ਇਹ ਹਿਰਦੇਵੇਧਕ ਖ਼ਬਰ ਦਮਦਮਾ ਸਾਹਿਬ ਵਿਖੇ ਗੁਰਬਾਣੀ ਲਿਖ ਰਹੇ 75 ਸਾਲਾ ਬਜ਼ੁਰਗ ਜਰਨੈਲ ਬਾਬਾ ਦੀਪ ਸਿੰਘ ਜੀ ਕੋਲ ਪਹੁੰਚੀ, ਤਾਂ ਉਨ੍ਹਾਂ ਦਾ ਖ਼ੂਨ ਖੌਲ ਉੱਠਿਆ। ਉਨ੍ਹਾਂ ਨੇ ਲਿਖਾਈ ਦੀ ਸੇਵਾ ਹੋਰ ਸਿੰਘਾਂ ਨੂੰ ਸੌਂਪੀ, ਹੱਥ ਵਿੱਚ 18 ਸੇਰ ਦਾ ਦੋਧਾਰਾ ਖੰਡਾ ਫੜਿਆ ਅਤੇ ਅਕਾਲ ਪੁਰਖ ਅੱਗੇ ਅਰਦਾਸ ਕਰਕੇ ਅਟੱਲ ਪ੍ਰਣ ਲਿਆ:

'ਸੀਸ ਸੁਧਾਸਰ ਹੇਤ ਕਰ, ਦੇਵੈਂਗੇ ਹਮ ਜਾਇ।
ਕਰ ਅਰਦਾਸਾ ਤੁਰ ਪਏ, ਸਿੰਘ ਜੀ ਫ਼ਤਿਹ ਗੁਜਾਇ॥' — (ਪੰਥ ਪ੍ਰਕਾਸ਼)

ਦਮਦਮਾ ਸਾਹਿਬ ਤੋਂ ਕੁਝ ਕੁ ਚੋਣਵੇਂ ਸਿੰਘਾਂ ਨਾਲ ਤੁਰਿਆ ਇਹ ਕਾਫ਼ਲਾ ਹਰੀਕੇ ਪੱਤਣ ਅਤੇ ਤਰਨਤਾਰਨ ਸਾਹਿਬ ਪਹੁੰਚਦਿਆਂ-ਪਹੁੰਚਦਿਆਂ 5,000 ਤੋਂ ਵੱਧ ਮਰਜੀਵੜਿਆਂ ਦਾ ਰੂਪ ਧਾਰ ਗਿਆ। ਤਰਨਤਾਰਨ ਸਾਹਿਬ ਤੋਂ ਅੱਗੇ ਸੰਗਰਾਣਾ ਸਾਹਿਬ ਨੇੜੇ ਪਹੁੰਚ ਕੇ ਬਾਬਾ ਜੀ ਨੇ ਆਪਣੇ ਖੰਡੇ ਨਾਲ ਜ਼ਮੀਨ 'ਤੇ ਇੱਕ ਲਕੀਰ ਖਿੱਚੀ ਅਤੇ ਗਰਜਵੀਂ ਆਵਾਜ਼ ਵਿੱਚ ਲਲਕਾਰਿਆ ਕਿ ਜਿਸ ਨੇ ਗੁਰੂ ਦੇ ਲੇਖੇ ਸਿਰ ਲਾਉਣਾ ਹੈ, ਉਹੀ ਇਹ ਲਕੀਰ ਟੱਪ ਕੇ ਅੱਗੇ ਆਵੇ; ਜਿਸ ਨੂੰ ਘਰ-ਪਰਿਵਾਰ ਦਾ ਮੋਹ ਹੈ, ਉਹ ਇੱਥੋਂ ਹੀ ਵਾਪਸ ਮੁੜ ਜਾਵੇ। ਜੈਕਾਰਿਆਂ ਦੀ ਗੂੰਜ ਵਿੱਚ ਸਮੁੱਚਾ ਜਥਾ ਲਕੀਰ ਟੱਪ ਗਿਆ—ਇੱਕ ਵੀ ਸਿੰਘ ਪਿੱਛੇ ਨਹੀਂ ਮੁੜਿਆ। ਅੱਜ ਇਸ ਅਸਥਾਨ 'ਤੇ ਗੁਰਦੁਆਰਾ ਲਕੀਰ ਸਾਹਿਬ ਸੁਸ਼ੋਭਿਤ ਹੈ।

5. ਗੋਹਲਵੜ੍ਹ ਦਾ ਘਮਸਾਣ ਯੁੱਧ: ਸੀਸ ਤਲੀ 'ਤੇ ਰੱਖ ਕੇ ਪ੍ਰਣ ਨਿਭਾਉਣਾ

ਉਧਰੋਂ ਜਹਾਨ ਖ਼ਾਨ, ਅਤਾਈ ਖ਼ਾਨ, ਯਕੂਬ ਖ਼ਾਨ ਅਤੇ ਜਮਾਲ ਖ਼ਾਨ ਵਰਗੇ ਅਫ਼ਗਾਨ ਜਰਨੈਲ 20,000 ਤੋਂ ਵੱਧ ਫ਼ੌਜ ਅਤੇ ਭਾਰੀ ਤੋਪਖਾਨੇ ਸਮੇਤ ਗੋਹਲਵੜ੍ਹ ਨੇੜੇ ਮੋਰਚੇ ਲਾਈ ਬੈਠੇ ਸਨ। ਨਵੰਬਰ 1757 ਦੇ ਅੱਧ (11 ਤੋਂ 13 ਨਵੰਬਰ) ਵਿੱਚ ਦੋਵਾਂ ਧਿਰਾਂ ਵਿਚਕਾਰ ਭਿਆਨਕ ਟੱਕਰ ਹੋਈ। 75 ਸਾਲਾ ਬਾਬਾ ਦੀਪ ਸਿੰਘ ਜੀ ਨੇ 18 ਸੇਰ ਦੇ ਖੰਡੇ ਨਾਲ ਵੈਰੀਆਂ ਦੇ ਆਹੂ ਲਾਹੁਣੇ ਸ਼ੁਰੂ ਕਰ ਦਿੱਤੇ। ਮੈਦਾਨ-ਏ-ਜੰਗ ਵਿੱਚ ਯਕੂਬ ਖ਼ਾਨ ਨੂੰ ਢੇਰੀ ਕਰਨ ਤੋਂ ਬਾਅਦ ਅਫ਼ਗਾਨ ਜਰਨੈਲ ਜਮਾਲ ਖ਼ਾਨ (ਕੁਝ ਸਰੋਤਾਂ ਅਨੁਸਾਰ ਅਮਾਨ ਖ਼ਾਨ) ਅੱਗੇ ਵਧਿਆ। ਦੋਵਾਂ ਯੋਧਿਆਂ ਵਿਚਕਾਰ ਹੋਈ ਗਹਿਗੱਚ ਲੜਾਈ ਵਿੱਚ ਦੋਵਾਂ ਪਾਸਿਆਂ ਤੋਂ ਇੱਕੋ ਸਮੇਂ ਸਾਂਝਾ ਵਾਰ ਹੋਇਆ—ਜਮਾਲ ਖ਼ਾਨ ਦਾ ਸਿਰ ਧੜ ਨਾਲੋਂ ਵੱਖ ਹੋ ਕੇ ਧਰਤੀ 'ਤੇ ਡਿੱਗ ਪਿਆ, ਪਰ ਦੂਜੇ ਪਾਸੇ ਬਾਬਾ ਦੀਪ ਸਿੰਘ ਜੀ ਦੀ ਗਰਦਨ 'ਤੇ ਵੀ ਡੂੰਘਾ ਘਾਉ ਲੱਗਾ ਅਤੇ ਉਨ੍ਹਾਂ ਦਾ ਸੀਸ ਧੜ ਨਾਲੋਂ ਵੱਖ ਹੋ ਗਿਆ।

ਜਿਵੇਂ ਹੀ ਬਾਬਾ ਜੀ ਦਾ ਸਰੀਰ ਝੁਕਣ ਲੱਗਾ, ਨੇੜੇ ਲੜ ਰਹੇ ਇੱਕ ਸਿੰਘ ਨੇ ਉੱਚੀ ਆਵਾਜ਼ ਵਿੱਚ ਯਾਦ ਕਰਵਾਇਆ, 'ਬਾਬਾ ਜੀ! ਤੁਸੀਂ ਤਾਂ ਅਰਦਾਸ ਕੀਤੀ ਸੀ ਕਿ ਸੀਸ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਭੇਟ ਕਰਾਂਗਾ, ਪਰ ਅਜੇ ਤਾਂ ਦਰਬਾਰ ਸਾਹਿਬ ਦੂਰ ਹੈ!'

ਇਹ ਬੋਲ ਸੁਣਦਿਆਂ ਹੀ ਗੁਰੂ ਰਾਮਦਾਸ ਪਾਤਸ਼ਾਹ ਦੀ ਅਪਾਰ ਬਖ਼ਸ਼ਿਸ਼ ਵਰਤੀ। ਬਾਬਾ ਦੀਪ ਸਿੰਘ ਜੀ ਨੇ ਆਪਣਾ ਕੱਟਿਆ ਹੋਇਆ ਸੀਸ ਖੱਬੀ ਤਲੀ 'ਤੇ ਟਿਕਾਇਆ ਅਤੇ ਸੱਜੇ ਹੱਥ ਵਿੱਚ 18 ਸੇਰ ਦਾ ਖੰਡਾ ਫੜ ਕੇ ਮੁੜ ਵੈਰੀਆਂ 'ਤੇ ਟੁੱਟ ਪਏ:

'ਸੁਣ ਸਿੰਘ ਜੀ ਨਿੱਜ ਪ੍ਰਣ ਸੰਭਾਰਾ।
ਨਿਜ ਸਿਰ ਬਾਮ ਹਾਥ ਨਿਜ ਧਾਰਾ।
ਦਹਿਨੇ ਹਾਥ ਤੇਗ ਖਰ ਧਾਰਾ।
ਵਜਨ ਜਾਹੇ ਥਾ ਸੇਰ ਅਠਾਰਾ॥'

ਬਿਨਾਂ ਸੀਸ ਤੋਂ ਖੰਡਾ ਵਾਹੁੰਦੇ ਸੂਰਮੇ ਨੂੰ ਦੇਖ ਕੇ ਅਫ਼ਗਾਨ ਫ਼ੌਜ ਵਿੱਚ ਹਾਹਾਕਾਰ ਮੱਚ ਗਈ ਅਤੇ ਉਹ ਮੈਦਾਨ ਛੱਡ ਕੇ ਭੱਜ ਉੱਠੇ। ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਂਵਾਕ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਨੂੰ ਪ੍ਰਤੱਖ ਰੂਪ ਵਿੱਚ ਸੱਚ ਕਰਦਿਆਂ, ਬਾਬਾ ਦੀਪ ਸਿੰਘ ਜੀ ਲੜਦੇ-ਲੜਦੇ ਸ੍ਰੀ ਹਰਿਮੰਦਰ ਸਾਹਿਬ ਦੀ ਪਾਵਨ ਪਰਕਰਮਾ ਵਿੱਚ ਪਹੁੰਚੇ ਅਤੇ ਗੁਰੂ ਚਰਨਾਂ ਵਿੱਚ ਆਪਣਾ ਸੀਸ ਭੇਟ ਕਰਕੇ ਅਮਰ ਸ਼ਹਾਦਤ ਪ੍ਰਾਪਤ ਕੀਤੀ।

6. ਅਮਰ ਯਾਦਗਾਰਾਂ ਅਤੇ ਅਮਿੱਟ ਵਿਰਾਸਤ

ਇਸ ਮਹਾਨ ਧਰਮ ਯੁੱਧ ਵਿੱਚ ਬਾਬਾ ਦੀਪ ਸਿੰਘ ਜੀ ਦੇ ਨਾਲ ਅਨੇਕਾਂ ਸਿਰਲੱਥ ਯੋਧਿਆਂ ਨੇ ਸ਼ਹਾਦਤਾਂ ਪਾਈਆਂ, ਜਿਨ੍ਹਾਂ ਵਿੱਚ ਬਾਬਾ ਨੌਧ ਸਿੰਘ ਜੀ, ਬਾਬਾ ਬਲਵੰਤ ਸਿੰਘ ਜੀ, ਬਾਬਾ ਹੀਰਾ ਸਿੰਘ ਜੀ, ਬਾਬਾ ਰਾਮ ਸਿੰਘ ਜੀ, ਬਾਬਾ ਸੱਜਣ ਸਿੰਘ ਜੀ, ਬਾਬਾ ਬਹਾਦਰ ਸਿੰਘ ਜੀ ਅਤੇ ਬਾਬਾ ਸੰਤ ਸਿੰਘ ਜੀ ਪ੍ਰਮੁੱਖ ਸਨ।

ਸ੍ਰੀ ਹਰਿਮੰਦਰ ਸਾਹਿਬ ਪਰਕਰਮਾ: ਜਿੱਥੇ ਬਾਬਾ ਜੀ ਨੇ ਆਪਣਾ ਸੀਸ ਭੇਟ ਕੀਤਾ, ਉੱਥੇ ਉਨ੍ਹਾਂ ਦੀ ਯਾਦ ਵਿੱਚ ਪਾਵਨ ਅਸਥਾਨ ਸੁਸ਼ੋਭਿਤ ਹੈ, ਜਿੱਥੇ ਨਤਮਸਤਕ ਹੋ ਕੇ ਸੰਗਤਾਂ ਅੱਜ ਵੀ ਸਿਦਕ ਦੀ ਦਾਤ ਮੰਗਦੀਆਂ ਹਨ। ਆਪ ਜੀ ਦਾ 18 ਸੇਰ ਦਾ ਇਤਿਹਾਸਕ ਖੰਡਾ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੁਰੱਖਿਅਤ ਸੁਸ਼ੋਭਿਤ ਹੈ।

ਗੁਰਦੁਆਰਾ ਸ਼ਹੀਦ ਗੰਜ ਸਾਹਿਬ (**ਰਾਮਸਰ ਰੋਡ, ਅੰਮ੍ਰਿਤਸਰ**): ਜਿੱਥੇ ਬਾਬਾ ਦੀਪ ਸਿੰਘ ਜੀ ਅਤੇ ਸਾਥੀ ਸ਼ਹੀਦ ਸਿੰਘਾਂ ਦਾ ਅੰਤਿਮ ਸਸਕਾਰ ਕੀਤਾ ਗਿਆ।

ਗੁਰਦੁਆਰਾ ਲਕੀਰ ਸਾਹਿਬ ਅਤੇ ਸੰਗਰਾਣਾ ਸਾਹਿਬ: ਜਿੱਥੇ ਬਾਬਾ ਜੀ ਨੇ ਖੰਡੇ ਨਾਲ ਲਕੀਰ ਖਿੱਚ ਕੇ ਮਰਜੀਵੜਿਆਂ ਦੀ ਪਰਖ ਕੀਤੀ ਸੀ।

ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਸਿਰਫ਼ ਇੱਕ ਇਤਿਹਾਸਕ ਘਟਨਾ ਨਹੀਂ, ਸਗੋਂ ਸਮੁੱਚੀ ਮਨੁੱਖਤਾ ਲਈ ਜ਼ੁਲਮ ਵਿਰੁੱਧ ਡਟਣ, ਆਪਣੇ ਸਿਦਕ 'ਤੇ ਪਹਿਰਾ ਦੇਣ ਅਤੇ ਧਰਮ ਦੀ ਰੱਖਿਆ ਲਈ ਸਭ ਕੁਝ ਕੁਰਬਾਨ ਕਰ ਦੇਣ ਦਾ ਸਦੀਵੀ ਪ੍ਰੇਰਨਾ-ਸਰੋਤ ਹੈ।

ਇਤਿਹਾਸਕ ਪੜਾਅ	ਸਮਾਂ / ਸਾਲ	ਪ੍ਰਮੁੱਖ ਯੋਗਦਾਨ ਅਤੇ ਇਤਿਹਾਸਕ ਮਹੱਤਤਾ
ਸਰਹਿੰਦ ਦੀ ਫ਼ਤਹਿ	1710 ਈ.	ਨਾਂਦੇੜ ਤੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਆਉਣ 'ਤੇ ਬਾਬਾ ਦੀਪ ਸਿੰਘ ਜੀ ਆਪਣੇ ਜਥੇ ਸਮੇਤ ਉਨ੍ਹਾਂ ਨਾਲ ਆ ਰਲੇ। ਸਢੌਰਾ ਅਤੇ ਚੱਪੜਚਿੜੀ ਦੇ ਮੈਦਾਨਾਂ ਵਿੱਚ ਮੁਗ਼ਲ ਫ਼ੌਜਾਂ ਦੇ ਆਹੂ ਲਾਹੁੰਦਿਆਂ ਸੂਬਾ ਵਜ਼ੀਰ ਖ਼ਾਨ ਦੀ ਹਕੂਮਤ ਦਾ ਖ਼ਾਤਮਾ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ।
ਸ਼ਹੀਦਾਂ ਮਿਸਲ ਦੀ ਅਗਵਾਈ	1748 ਈ.	ਦਲ ਖ਼ਾਲਸਾ ਦੀ ਸਥਾਪਨਾ ਸਮੇਂ ਉਨ੍ਹਾਂ ਨੂੰ 'ਸ਼ਹੀਦਾਂ ਮਿਸਲ' ਦਾ ਪਹਿਲਾ ਮੁਖੀ ਥਾਪਿਆ ਗਿਆ। ਉਨ੍ਹਾਂ ਨੇ ਸਿਆਲਕੋਟ ਤੱਕ ਖ਼ਾਲਸੇ ਦਾ ਪਰਚਮ ਲਹਿਰਾਇਆ।
ਧਾੜਵੀਆਂ ਤੋਂ ਬਹੂ-ਬੇਟੀਆਂ ਦੀ ਰੱਖਿਆ	1739-1757 ਈ.	ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਲੁਟੇਰੇ ਕਾਫ਼ਲਿਆਂ 'ਤੇ ਬਿਜਲੀ ਵਾਂਗ ਟੁੱਟ ਕੇ ਲੁੱਟਿਆ ਹੋਇਆ ਖ਼ਜ਼ਾਨਾ ਖੋਹਿਆ ਅਤੇ ਹਿੰਦੁਸਤਾਨ ਦੀਆਂ ਹਜ਼ਾਰਾਂ ਬਹੂ-ਬੇਟੀਆਂ ਨੂੰ ਕੈਦ ਵਿੱਚੋਂ ਆਜ਼ਾਦ ਕਰਵਾ ਕੇ ਬਾ-ਇੱਜ਼ਤ ਘਰਾਂ ਤੱਕ ਪਹੁੰਚਾਇਆ।

1984 ਦੇ ਗੁਰਦੁਆਰਾ ਰਕਾਬ ਗੰਜ ਸਾਹਿਬ ਹਿੰਸਾ ਮਾਮਲੇ 'ਚ ਇਨਸਾਫ਼ ਲਈ ਆਪਣੀ ਲੜਾਈ ਜਾਰੀ ਰੱਖਣਗੇ ਮਨਜਿੰਦਰ ਸਿੰਘ ਸਿਰਸਾ

ਨਵੀਂ ਦਿੱਲੀ: ਦਿੱਲੀ ਸਰਕਾਰ ਦੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਅੱਜ ਦਿੱਲੀ ਹਾਈ ਕੋਰਟ ਵਿੱਚ ਖੁਦ ਪੇਸ਼ ਹੋਏ। ਉਨ੍ਹਾਂ ਦੀ ਪਟੀਸ਼ਨ ਵਿੱਚ 1984 ਦੇ ਸਿੱਖ ਵਿਰੋਧੀ ਕਤਲੇਆਮ ਦੌਰਾਨ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਹੋਈ ਹਿੰਸਾ ਵਿੱਚ ਕਾਂਗਰਸੀ ਆਗੂ ਕਮਲ ਨਾਥ ਦੀ ਕਥਿਤ ਭੂਮਿਕਾ ਦੀ ਹੋਰ/ਵਿਸਤ੍ਰਿਤ ਜਾਂਚ ਕਰਵਾਉਣ ਅਤੇ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 30 ਨਵੰਬਰ ਤੈਅ ਕੀਤੀ ਹੈ। ਇਹ ਪਟੀਸ਼ਨ W.P.(CRL) 180/2022, ਮਨਜਿੰਦਰ ਸਿੰਘ ਸਿਰਸਾ ਬਨਾਮ ਭਾਰਤ ਸਰਕਾਰ ਅਤੇ ਹੋਰਾਂ ਦੇ ਨਾਂ ਹੇਠ ਦਾਇਰ ਕੀਤੀ ਗਈ ਹੈ। ਇਹ ਮਾਮਲਾ ਸੰਸਦ ਮਾਰਗ ਥਾਣੇ ਵਿੱਚ ਦਰਜ FIR ਨੰਬਰ 601/1984 ਨਾਲ ਸਬੰਧਤ ਹੈ। ਇਸ ਵਿੱਚ 1 ਨਵੰਬਰ 1984 ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ 'ਤੇ ਭੀੜ ਵੱਲੋਂ ਕੀਤੇ ਗਏ ਹਮਲੇ ਦਾ ਜ਼ਿਕਰ ਹੈ। ਪਟੀਸ਼ਨ ਅਨੁਸਾਰ ਇਸ ਹਮਲੇ ਦੌਰਾਨ ਦੋ ਸਿੱਖਾਂ ਨੂੰ ਜਿਊਂਦੇ ਸਾੜ ਦਿੱਤਾ ਗਿਆ ਸੀ।



ਨਰਿੰਦਰ ਮੋਦੀ ਸਰਕਾਰ ਨੇ 12 ਫਰਵਰੀ 2015 ਨੂੰ 1984 ਦੀ ਹਿੰਸਾ ਨਾਲ ਜੁੜੇ ਉਨ੍ਹਾਂ ਗੰਭੀਰ ਅਪਰਾਧਿਕ ਮਾਮਲਿਆਂ ਦੀ ਮੁੜ ਜਾਂਚ ਲਈ SIT ਬਣਾਈ ਸੀ, ਜਿਨ੍ਹਾਂ ਨੂੰ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ। ਜਦੋਂ ਰਕਾਬ ਗੰਜ ਸਾਹਿਬ ਮਾਮਲੇ ਵਿੱਚ SIT ਨੇ ਇਹ ਕਹਿ ਕੇ ਜਾਂਚ ਕਰਨ ਤੋਂ ਅਸਮਰੱਥਾ ਜਤਾਈ ਕਿ ਜਿਸ ਮਾਮਲੇ ਦੀ ਅਦਾਲਤ ਵਿੱਚ ਸੁਣਵਾਈ ਹੋ ਚੁੱਕੀ ਹੈ, ਉਸ ਦੀ ਜਾਂਚ ਉਸ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦੀ, ਤਾਂ ਮਨਜਿੰਦਰ ਸਿੰਘ ਸਿਰਸਾ ਨੇ ਇਹ ਮਾਮਲਾ ਉਸ ਸਮੇਂ ਦੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਕੋਲ ਚੁੱਕਿਆ। ਇਸ ਤੋਂ ਬਾਅਦ ਗ੍ਰਹਿ ਮੰਤਰਾਲੇ ਨੇ ਜਾਂਚ ਦਾ ਦਾਇਰਾ ਵਧਾ ਦਿੱਤਾ। ਗ੍ਰਹਿ ਮੰਤਰਾਲੇ ਵੱਲੋਂ 9 ਅਪ੍ਰੈਲ 2019 ਨੂੰ ਜਾਰੀ ਕੀਤੇ ਗਏ ਪੱਤਰ ਦਾ ਹਵਾਲਾ ਦਿੰਦਿਆਂ SIT ਨੇ 19 ਅਗਸਤ 2019 ਦੇ ਆਪਣੇ ਅਧਿਕਾਰਤ ਪੱਤਰ ਵਿੱਚ ਜਾਂਚ ਦਾ ਦਾਇਰਾ ਸਪੱਸ਼ਟ ਕੀਤਾ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਦੋਸ਼ੀਆਂ ਨੂੰ ਬਰੀ ਕੀਤੇ ਜਾਣ ਕਾਰਨ ਬੰਦ ਕੀਤੇ ਗਏ ਗੰਭੀਰ ਮਾਮਲਿਆਂ ਦੀ ਜਾਂਚ, ਅਗਲੇਰੀ ਜਾਂਚ ਜਾਂ ਮੁੜ ਜਾਂਚ ਕੀਤੀ ਜਾਵੇ।

ਇਸ ਤੋਂ ਬਾਅਦ SIT ਨੇ ਜਨਤਕ ਨੋਟਿਸ ਜਾਰੀ ਕਰਕੇ ਲੋਕਾਂ ਅਤੇ ਸੰਸਥਾਵਾਂ ਤੋਂ ਸੱਤ ਮਾਮਲਿਆਂ ਬਾਰੇ ਜਾਣਕਾਰੀ ਮੰਗੀ ਸੀ, ਜਿਨ੍ਹਾਂ ਵਿੱਚ FIR ਨੰਬਰ 601/1984 ਵੀ ਸ਼ਾਮਲ ਸੀ। ਮੁਖਤਿਆਰ ਸਿੰਘ, ਜੋ ਨਾਨਾਵਤੀ ਕਮਿਸ਼ਨ ਸਾਹਮਣੇ ਆਪਣੀ ਗਵਾਹੀ ਦੇ ਚੁੱਕੇ ਸਨ, ਨੇ ਬਾਅਦ ਵਿੱਚ SIT ਸਾਹਮਣੇ ਵੀ ਆਪਣਾ ਬਿਆਨ ਦਰਜ ਕਰਵਾਇਆ।

ਸਿਰਸਾ ਨੇ ਦੱਸਿਆ ਕਿ ਉਨ੍ਹਾਂ ਨੇ 2018, 2019 ਅਤੇ 2021 ਵਿੱਚ ਵੀ ਇਸ ਮਾਮਲੇ ਸਬੰਧੀ ਆਪਣੀਆਂ ਮੰਗਾਂ ਸਰਕਾਰ ਅਤੇ ਸਬੰਧਤ ਅਧਿਕਾਰੀਆਂ ਕੋਲ ਰੱਖੀਆਂ ਸਨ। ਉਨ੍ਹਾਂ ਦੀ ਮੰਗ ਸੀ ਕਿ ਪਹਿਲਾਂ ਗਵਾਹਾਂ ਵੱਲੋਂ ਦਿੱਤੇ ਗਏ ਬਿਆਨਾਂ ਅਤੇ ਵੱਖ-ਵੱਖ ਕਮਿਸ਼ਨਾਂ ਸਾਹਮਣੇ ਪੇਸ਼ ਕੀਤੇ ਗਏ ਸਬੂਤਾਂ ਦੀ ਪੂਰੀ ਜਾਂਚ ਕੀਤੀ ਜਾਵੇ। ਇਨ੍ਹਾਂ ਵਿੱਚ ਮੁਖਤਿਆਰ ਸਿੰਘ ਵੱਲੋਂ ਦਿੱਤੀ ਗਈ ਗਵਾਹੀ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਸ ਸਾਰੇ ਰਿਕਾਰਡ ਵਿੱਚ ਕਮਲ ਨਾਥ ਦੀ ਕਥਿਤ ਭੂਮਿਕਾ ਬਾਰੇ ਗੰਭੀਰ ਸਵਾਲ ਉੱਠਦੇ ਹਨ, ਜਿਨ੍ਹਾਂ ਦੀ ਕਾਨੂੰਨ ਅਨੁਸਾਰ ਜਾਂਚ ਹੋਣੀ ਚਾਹੀਦੀ ਹੈ। ਮੰਤਰੀ ਸਿਰਸਾ ਨੇ ਕਾਂਗਰਸ ਪਾਰਟੀ 'ਤੇ ਵੀ ਸਵਾਲ ਚੁੱਕੇ ਕਿ ਇਨ੍ਹਾਂ ਦੋਸ਼ਾਂ ਦੇ ਬਾਵਜੂਦ ਕਮਲ ਨਾਥ ਨੂੰ ਪਾਰਟੀ ਵੱਲੋਂ ਵੱਡੇ ਅਹੁਦੇ ਦਿੱਤੇ ਜਾਂਦੇ ਰਹੇ। ਉਹ ਕੇਂਦਰ ਸਰਕਾਰ ਵਿੱਚ ਮੰਤਰੀ ਰਹੇ ਅਤੇ ਬਾਅਦ ਵਿੱਚ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਵੀ ਬਣੇ। ਸਿਰਸਾ ਨੇ ਕਿਹਾ, 'ਗਾਂਧੀ ਪਰਿਵਾਰ ਨੂੰ ਦੱਸਣਾ ਚਾਹੀਦਾ ਹੈ ਕਿ ਇੰਨੇ ਗੰਭੀਰ ਦੋਸ਼ਾਂ ਦੇ ਬਾਵਜੂਦ ਉਹ ਕਮਲ ਨਾਥ ਦਾ ਸਾਥ ਕਿਉਂ ਦੇ ਰਿਹਾ ਹੈ। ਇਸ ਸਿਆਸੀ ਸਰਪ੍ਰਸਤੀ ਲਈ ਸਿੱਖ ਪਰਿਵਾਰਾਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਇਨ੍ਹਾਂ ਪਰਿਵਾਰਾਂ ਨੂੰ ਇਨਸਾਫ਼ ਅਤੇ ਜਵਾਬਦੇਹੀ ਚਾਹੀਦੀ ਹੈ, ਨਾ ਕਿ ਤਾਕਤਵਰ ਆਗੂਆਂ ਨੂੰ ਬਚਾਉਣ ਦੀ ਕੋਸ਼ਿਸ਼।' ਸਿਰਸਾ ਨੇ ਕਿਹਾ, 'ਇਹ ਲੜਾਈ ਇਨਸਾਫ਼ ਅਤੇ ਉਨ੍ਹਾਂ ਪਰਿਵਾਰਾਂ ਦੇ ਸਨਮਾਨ ਦੀ ਹੈ, ਜੋ ਕਈ ਦਹਾਕਿਆਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਕਾਂਗਰਸ ਇਹ ਨਾ ਸੋਚੇ ਕਿ 1984 ਦੀਆਂ ਘਟਨਾਵਾਂ ਲੋਕਾਂ ਦੀ ਯਾਦ ਵਿੱਚੋਂ ਮਿਟ ਜਾਣਗੀਆਂ, ਜਦੋਂਕਿ ਪੀੜਤ ਪਰਿਵਾਰ ਅੱਜ ਵੀ ਜਵਾਬ ਮੰਗ ਰਹੇ ਹਨ। ਕੋਈ ਵੀ ਸਿਆਸੀ ਅਹੁਦਾ ਕਿਸੇ ਨੂੰ ਕਾਨੂੰਨ ਤੋਂ ਉੱਪਰ ਨਹੀਂ ਕਰ ਸਕਦਾ।' ਅਗਲੀ ਸੁਣਵਾਈ ਤੋਂ ਪਹਿਲਾਂ ਅਦਾਲਤ 'ਤੇ ਭਰੋਸਾ ਜਤਾਉਂਦਿਆਂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉਹ ਇਨਸਾਫ਼ ਲਈ ਹਰ ਸੰਭਵ ਕਾਨੂੰਨੀ ਰਸਤਾ ਅਪਣਾਉਂਦੇ ਰਹਿਣਗੇ। ਉਨ੍ਹਾਂ ਕਿਹਾ, 'ਸਮਾਂ ਬੀਤ ਜਾਣ ਨਾਲ ਸਿੱਖ ਪਰਿਵਾਰਾਂ ਦਾ ਦਰਦ ਖ਼ਤਮ ਨਹੀਂ ਹੋ ਸਕਦਾ। ਕਮਲ ਨਾਥ ਦੀ ਕਥਿਤ ਭੂਮਿਕਾ ਦੀ ਪੂਰੀ ਜਾਂਚ ਹੋਣੀ ਚਾਹੀਦੀ ਹੈ ਅਤੇ ਜਿਹੜੇ ਵੀ ਲੋਕ ਇਸ ਹਿੰਸਾ ਲਈ ਜ਼ਿੰਮੇਵਾਰ ਪਾਏ ਜਾਂਦੇ ਹਨ, ਉਨ੍ਹਾਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਹੋਣੀ ਚਾਹੀਦੀ ਹੈ।'

30 ਨਵੰਬਰ ਨੂੰ ਹੋਣ ਵਾਲੀ ਸੁਣਵਾਈ ਬਾਰੇ ਗੱਲ ਕਰਦਿਆਂ ਮੰਤਰੀ ਸਿਰਸਾ ਨੇ ਕਿਹਾ, 'ਮੈਨੂੰ ਉਮੀਦ ਹੈ ਕਿ ਇਸ ਸੁਣਵਾਈ ਦੌਰਾਨ ਇਤਿਹਾਸਕ ਫੈਸਲੇ ਸਾਹਮਣੇ ਆਉਣਗੇ, ਸੱਚਾਈ ਲੋਕਾਂ ਦੇ ਸਾਹਮਣੇ ਆਵੇਗੀ ਅਤੇ ਹਿੰਸਾ ਲਈ ਜ਼ਿੰਮੇਵਾਰ ਪਾਏ ਜਾਣ ਵਾਲੇ ਸਾਰੇ ਲੋਕਾਂ ਨੂੰ ਕਾਨੂੰਨ ਅਨੁਸਾਰ ਸਜ਼ਾ ਮਿਲੇਗੀ।'

ਤੁਰੰਤ ਛੱਡ ਦਿਓ ਸਾਊਦੀ ਅਰਬ, ਹੂਤੀ ਹਮਲਿਆਂ ਦਾ ਖ਼ਤਰਾ ਵਧਿਆ ! ਅਮਰੀਕਾ ਨੇ ਜਾਰੀ ਕੀਤੀ ਚੇਤਾਵਨੀ



ਰਿਆਦ/ਸਾਊਦੀ ਅਰਬ : ਸਾਊਦੀ ਅਰਬ ਵਿਚ ਅਮਰੀਕੀ ਦੂਤਾਵਾਸ ਨੇ ਆਪਣੇ ਨਾਗਰਿਕਾਂ ਲਈ ਸੁਰੱਖਿਆ ਚੇਤਾਵਨੀ ਜਾਰੀ ਕੀਤੀ ਹੈ। ਨਾਗਰਿਕਾਂ ਲਈ ਜਾਰੀ ਚੇਤਾਵਨੀ ਵਿੱਚ ਕਿਹਾ ਗਿਆ ਹੈ ਕਿ ਈਰਾਨ ਸਮਰਥਿਤ ਹੂਤੀ ਵਿਦਰੋਹੀਆਂ ਅਤੇ ਸਾਊਦੀ ਅਰਬ ਵਿਚਾਲੇ ਵਧਦੇ ਤਣਾਅ ਦੇ ਮੱਦੇਨਜ਼ਰ ਹਵਾਈ ਅੱਡਿਆਂ 'ਤੇ ਹਮਲੇ ਹੋ ਸਕਦੇ ਹਨ, ਹਵਾਈ ਖੇਤਰ ਬੰਦ ਕੀਤੇ ਜਾ ਸਕਦੇ ਹਨ ਅਤੇ ਉਡਾਣਾਂ ਵਿਚ ਭਾਰੀ ਰੁਕਾਵਟ ਆ ਸਕਦੀ ਹੈ।

ਅਮਰੀਕੀ ਵਿਦੇਸ਼ ਵਿਭਾਗ ਨੇ ਸੁਰੱਖਿਆ ਖ਼ਤਰਿਆਂ ਨੂੰ ਦੇਖਦਿਆਂ 23 ਅਕਤੂਬਰ ਤੋਂ ਹੀ ਆਪਣੇ ਗੈਰ-ਜ਼ਰੂਰੀ ਅਮਰੀਕੀ ਸਰਕਾਰੀ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਾਊਦੀ ਅਰਬ ਛੱਡਣ ਦੇ ਹੁਕਮ ਦਿੱਤੇ ਹੋਏ ਹਨ। ਦੂਤਾਵਾਸ ਨੇ ਸਪੱਸ਼ਟ ਕੀਤਾ ਹੈ ਕਿ ਸਾਊਦੀ ਅਰਬ ਵਿੱਚ ਤਾਇਨਾਤ ਅਮਰੀਕੀ ਸਰਕਾਰੀ ਕਰਮਚਾਰੀਆਂ ਨੂੰ ਮਿਜ਼ਾਈਲ ਅਤੇ ਡਰੋਨ ਹਮਲਿਆਂ ਤੋਂ ਬਾਅਦ ਕਿਸੇ ਵੀ ਹਵਾਈ ਅੱਡੇ ਦੀ ਵਰਤੋਂ ਕਰਨ ਲਈ ਮਿਸ਼ਨ ਦੇ ਮੁਖੀ ਤੋਂ ਵਿਸ਼ੇਸ਼ ਮਨਜ਼ੂਰੀ ਲੈਣੀ ਲਾਜ਼ਮੀ ਹੋਵੇਗੀ।

ਦੂਤਾਵਾਸ ਅਨੁਸਾਰ ਰੀਯਾਧ ਦਾ ਕਿੰਗ ਖਾਲਿਦ ਅੰਤਰਰਾਸ਼ਟਰੀ ਹਵਾਈ ਅੱਡਾ ਘਰੇਲੂ ਉਡਾਣਾਂ ਅਤੇ ਰਾਸ਼ਟਰੀ ਏਅਰਲਾਈਨਾਂ ਦੀਆਂ ਕੁਝ ਚੋਣਵੀਆਂ ਅੰਤਰਰਾਸ਼ਟਰੀ ਉਡਾਣਾਂ ਲਈ ਅੰਸ਼ਕ ਤੌਰ 'ਤੇ ਦੁਬਾਰਾ ਖੋਲ੍ਹ ਦਿੱਤਾ ਗਿਆ ਹੈ। ਦੂਜੇ ਪਾਸੇ ਜੱਦਾਹ ਦਾ ਕਿੰਗ ਅਬਦੁਲਅਜ਼ੀਜ਼ ਅੰਤਰਰਾਸ਼ਟਰੀ ਹਵਾਈ ਅੱਡਾ ਅਤੇ ਦਮਾਮ ਦਾ ਕਿੰਗ ਫਾਹਦ ਅੰਤਰਰਾਸ਼ਟਰੀ ਹਵਾਈ ਅੱਡਾ ਚਾਲੂ ਹਨ, ਪਰ ਉੱਥੇ ਉਡਾਣਾਂ ਵਿੱਚ ਦੇਰੀ ਅਤੇ ਰੱਦ ਹੋਣ ਦੀਆਂ ਖ਼ਬਰਾਂ ਹਨ। ਹਾਲਾਂਕਿ, ਸਾਊਦੀ ਅਰਬ ਅਤੇ ਬਹਿਰੀਨ ਨੂੰ ਜੋੜਨ ਵਾਲੇ ਕਿੰਗ ਫਾਹਦ ਕਾਜ਼ਵੇਅ ਸਮੇਤ ਸਾਰੀਆਂ ਜ਼ਮੀਨੀ ਸਰਹੱਦਾਂ ਅਤੇ ਰੀਯਾਧ, ਜੱਦਾਹ ਤੇ ਧਾਹਰਾਨ ਦੀਆਂ ਮੁੱਖ ਸੜਕਾਂ ਚਾਲੂ ਹਨ।

ਇਹ ਚੇਤਾਵਨੀ ਹਵਾਈ ਅੱਡਿਆਂ 'ਤੇ ਹੋਏ ਹਾਲੀਆ ਹਮਲਿਆਂ ਤੋਂ ਬਾਅਦ ਆਈ ਹੈ। 10 ਅਕਤੂਬਰ ਨੂੰ ਰੀਯਾਧ ਦੇ ਕਿੰਗ ਖਾਲਿਦ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹੂਤੀ ਵਿਦਰੋਹੀਆਂ ਦੁਆਰਾ ਕੀਤੇ ਗਏ ਹਮਲੇ ਵਿੱਚ 12 ਲੋਕਾਂ ਦੀ ਮੌਤ ਹੋ ਗਈ ਸੀ ਅਤੇ 309 ਜ਼ਖਮੀ ਹੋ ਗਏ ਸਨ। ਇਸ ਤੋਂ ਬਾਅਦ ਦਮਾਮ ਦੇ ਕਿੰਗ ਫਾਹਦ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹੋਏ ਹਮਲੇ 'ਚ ਇੱਕ ਭਾਰਤੀ ਨਾਗਰਿਕ ਸਮੇਤ 2 ਲੋਕਾਂ ਦੀ ਮੌਤ ਹੋ ਗਈ ਸੀ ਅਤੇ 8 ਹੋਰ ਜ਼ਖਮੀ ਹੋ ਗਏ ਸਨ।

ਅਮਰੀਕੀ ਦੂਤਾਵਾਸ ਨੇ ਆਪਣੇ ਨਾਗਰਿਕਾਂ ਨੂੰ ਮਿਜ਼ਾਈਲ ਜਾਂ ਡਰੋਨ ਹਮਲਿਆਂ ਅਤੇ ਉਨ੍ਹਾਂ ਨਾਲ ਹੋਏ ਨੁਕਸਾਨ ਵਾਲੀਆਂ ਥਾਵਾਂ ਦੀਆਂ ਫੋਟੋਆਂ ਜਾਂ ਵੀਡੀਓਜ਼ ਸ਼ੇਅਰ ਨਾ ਕਰਨ ਦੀ ਤਾਕੀਦ ਕੀਤੀ ਹੈ। ਦੂਤਾਵਾਸ ਨੇ ਚੇਤਾਵਨੀ ਦਿੱਤੀ ਕਿ ਸਾਊਦੀ ਕਾਨੂੰਨਾਂ ਅਨੁਸਾਰ ਅਜਿਹਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਇਸ ਦੌਰਾਨ 31 ਅਕਤੂਬਰ ਨੂੰ ਹੂਤੀ ਫੌਜੀ ਬੁਲਾਰੇ ਯਾਹੀਆ ਸਾਰੀ ਨੇ ਮਦੀਨਾ ਖੇਤਰ ਵਿੱਚ ਡਰੋਨ ਡੇਗਣ ਦੇ ਸਾਊਦੀ ਗਠਜੋੜ ਦੇ ਦਾਅਵਿਆਂ ਨੂੰ ਝੂਠਾ ਕਰਾਰ ਦਿੱਤਾ ਹੈ।

'ਇੰਡੀਆ' ਗੱਠਜੋੜ ਵਲੋਂ ਦਿੱਲੀ 'ਚ 'ਵੋਟ ਬਚਾਓ ਦੇਸ਼ ਬਚਾਓ' ਮਹਾਂਰੈਲੀ ਗਿਆਨੇਸ਼ ਕੁਮਾਰ ਜੇਲ੍ਹ ਜਾਣਗੇ, ਮੋਦੀ-ਸ਼ਾਹ ਖ਼ਿਲਾਫ਼ ਵੀ ਹੋਵੇਗੀ ਕਾਰਵਾਈ : ਰਾਹੁਲ ਗਾਂਧੀ



ਨਵੀਂ ਦਿੱਲੀ : ਦਿੱਲੀ ਦੇ ਰਾਮਲੀਲ੍ਹਾ ਗਰਾਊਂਡ ਵਿਖੇ 'ਇੰਡੀਆ' ਗਠਜੋੜ ਦੀ 'ਵੋਟ ਬਚਾਓ ਦੇਸ਼ ਬਚਾਓ' ਮਹਾਂਰੈਲੀ ਦੌਰਾਨ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਮੋਦੀ ਸਰਕਾਰ ਤੇ ਮੁੱਖ ਚੋਣ ਕਮਿਸ਼ਨਰ ਖ਼ਿਲਾਫ਼ ਆਪਣੇ ਤਿੱਖੇ ਤੇਵਰ ਬਰਕਰਾਰ ਰੱਖਦਿਆਂ ਦਾਅਵਾ ਕੀਤਾ ਕਿ ਵੋਟਾਂ ਦੀ ਕਥਿਤ ਚੋਰੀ ਦੇ ਦੋਸ਼ 'ਚ ਗਿਆਨੇਸ਼ ਕੁਮਾਰ ਨੂੰ ਜੇਲ੍ਹ ਜਾਣਾ ਹੀ ਪਏਗਾ ਕਿਉਂਕਿ ਇਹ ਦੇਸ਼ ਦੇ ਹਰ ਨਾਗਰਿਕ ਦੀ ਆਵਾਜ਼ ਦੀ ਚੋਰੀ ਹੈ, ਜਿਸ ਨੂੰ ਕਾਨੂੰਨੀ ਭਾਸ਼ਾ 'ਚ 'ਦੇਸ਼ਧ੍ਰੋਹ' ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗਿਆਨੇਸ਼ ਕੁਮਾਰ ਦੀ ਮਦਦ ਤੋਂ ਬਗੈਰ ਨਾ ਤਾਂ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਤੇ ਨਾ ਹੀ ਅਮਿਤ ਸ਼ਾਹ ਗ੍ਰਹਿ ਮੰਤਰੀ ਬਣ ਸਕਦੇ ਸਨ। ਇਸ ਮਹਾਂਰੈਲੀ 'ਚ ਕਾਂਗਰਸ, ਸਮਾਜਵਾਦੀ ਪਾਰਟੀ, ਤ੍ਰਿਣਮੂਲ ਕਾਂਗਰਸ, ਸ਼ਿਵ ਸੈਨਾ (ਯੂ.ਬੀ.ਟੀ.), ਆਰ.ਜੇ.ਡੀ., ਝਾਰਖੰਡ ਮੁਕਤੀ ਮੋਰਚਾ ਸਮੇਤ ਗਠਜੋੜ ਦੇ ਤਮਾਮ ਆਗੂਆਂ ਨੇ ਆਪੋ-ਆਪਣੇ ਅੰਦਾਜ਼ 'ਚ ਵੋਟ ਚੋਰੀ ਲਈ ਚੋਣ ਕਮਿਸ਼ਨ ਤੇ ਮੋਦੀ ਸਰਕਾਰ ਨੂੰ ਘੇਰਿਆ ਤੇ ਦੇਸ਼ ਭਰ 'ਚ ਵੋਟਰ ਸੂਚੀਆਂ ਦੀ ਕੀਤੀ ਗਈ ਵਿਸ਼ੇਸ਼ ਤੀਬਰ ਸੋਧ (ਐਸ.ਆਈ.ਆਰ.) ਤੇ 13 ਕਰੋੜ ਤੋਂ ਵੱਧ ਵੋਟਰਾਂ ਦੇ ਨਾਂਅ ਕਥਿਤ ਤੌਰ 'ਤੇ ਕੱਟੇ ਜਾਣ ਵਿਰੁੱਧ ਜ਼ੋਰਦਾਰ ਤਰੀਕੇ ਨਾਲ ਆਵਾਜ਼ ਬੁਲੰਦ ਕੀਤੀ। ਰਾਮਲੀਲ੍ਹਾ ਮੈਦਾਨ 'ਚ ਇਕੱਠੇ ਹੋਏ ਲੱਖਾਂ ਸਮਰਥਕਾਂ ਨੇ "ਵੋਟ ਚੋਰੀ ਬੰਦ ਕਰੋ" ਤੇ "ਲੋਕਤੰਤਰ ਬਚਾਓ" ਵਰਗੇ ਜ਼ੋਰਦਾਰ ਨਾਅਰੇ ਲਗਾਏ। ਵੱਖ-ਵੱਖ ਪਾਰਟੀਆਂ ਦੇ ਵਰਕਰ ਆਪੋ-ਆਪਣੇ ਪਾਰਟੀ ਝੰਡੇ ਤੇ ਰੰਗ-ਬਿਰੰਗੇ ਪਹਿਰਾਵੇ 'ਚ ਪਹੁੰਚੇ, ਜਿਸ ਨੇ ਵਿਰੋਧੀ ਧਿਰ ਦੀ ਸਿਆਸੀ ਤਾਕਤ ਤੇ ਏਕਤਾ ਨੂੰ ਦਰਸਾਇਆ। ਇਸ ਤੋਂ ਪਹਿਲਾਂ 'ਇੰਡੀਆ' ਗਠਜੋੜ ਨੇ ਕਨਾਟ ਪਲੇਸ ਦੇ ਮਿੰਟੋ ਬ੍ਰਿੱਜ ਤੋਂ ਰਾਮਲੀਲ੍ਹਾ ਮੈਦਾਨ ਤੱਕ ਮਾਰਚ ਕੱਢਿਆ। ਰੈਲੀ ਕਾਰਨ ਦਿੱਲੀ ਦੇ ਕਈ ਇਲਾਕਿਆਂ ਤੇ ਸਰਹੱਦਾਂ 'ਤੇ ਭਾਰੀ ਜਾਮ ਵੇਖਣ ਨੂੰ ਮਿਲਿਆ।

ਓਵਰਬ੍ਰਿਜ ਨੇੜੇ ਬੇਕਾਬੂ ਹੋ ਕੇ ਖੱਡ 'ਚ ਡਿੱਗੀ ਪੀ.ਆਰ.ਟੀ.ਸੀ. (PRTC) ਦੀ ਬੱਸ; ਤਿੰਨ ਸਵਾਰੀਆਂ ਦੀ ਮੌਤ, 24-25 ਜ਼ਖ਼ਮੀ







ਸੰਗਰੂਰ (ਏ.ਐੱਨ.ਆਈ. / ਵਿਸ਼ੇਸ਼ ਪ੍ਰਤੀਨਿਧ):- ਬੁੱਧਵਾਰ ਨੂੰ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਵਿੱਚ ਇੱਕ ਓਵਰਬ੍ਰਿਜ ਨੇੜੇ ਪੰਜਾਬ ਰੋਡਵੇਜ਼/ਪੀ.ਆਰ.ਟੀ.ਸੀ. (PRTC) ਦੀ ਬੱਸ ਬੇਕਾਬੂ ਹੋ ਕੇ ਡੂੰਘੀ ਖੱਡ (Ditch) ਵਿੱਚ ਜਾ ਡਿੱਗੀ। ਇਸ ਭਿਆਨਕ ਸੜਕ ਹਾਦਸੇ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 24 ਤੋਂ 25 ਦੇ ਕਰੀਬ ਸਵਾਰੀਆਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈਆਂ। ਹਾਦਸਾ ਇੰਨਾ ਜ਼ਬਰਦਸਤ ਸੀ ਕਿ ਬੱਸ ਦਾ ਅਗਲਾ ਹਿੱਸਾ ਪੂਰੀ ਤਰ੍ਹਾਂ ਚਕਨਾਚੂਰ (Mangled) ਹੋ ਗਿਆ।

ਮੁੱਖ ਵੇਰਵੇ ਇੱਕ ਨਜ਼ਰ 'ਚ

ਘਟਨਾ : ਪੀ.ਆਰ.ਟੀ.ਸੀ. (PRTC) ਬੱਸ ਬੇਕਾਬੂ ਹੋ ਕੇ ਓਵਰਬ੍ਰਿਜ ਨੇੜੇ ਖੱਡ ਵਿੱਚ ਡਿੱਗੀ

ਸਥਾਨ : ਓਵਰਬ੍ਰਿਜ ਨੇੜੇ, ਸੰਗਰੂਰ (ਪੰਜਾਬ)

ਦਿਨ ਅਤੇ ਮਿਤੀ : ਬੁੱਧਵਾਰ, 11 ਨਵੰਬਰ 2026

ਜਾਨੀ ਨੁਕਸਾਨ : 3 ਮੌਤਾਂ ਅਤੇ 24-25 ਸਵਾਰੀਆਂ ਜ਼ਖ਼ਮੀ

ਵਾਹਨ ਦੀ ਸਥਿਤੀ : ਟੱਕਰ ਕਾਰਨ ਬੱਸ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ

ਹਾਦਸੇ ਅਤੇ ਬਚਾਅ ਕਾਰਜਾਂ ਦਾ ਵੇਰਵਾ

ਹਾਦਸੇ ਦਾ ਕਾਰਨ: ਮੁੱਢਲੀ ਜਾਣਕਾਰੀ ਅਨੁਸਾਰ, ਓਵਰਬ੍ਰਿਜ ਦੇ ਨੇੜੇ ਪਹੁੰਚਣ 'ਤੇ ਬੱਸ ਅਚਾਨਕ ਡਰਾਈਵਰ ਦੇ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਸੜਕ ਕਿਨਾਰੇ ਬਣੀ ਖੱਡ ਵਿੱਚ ਜਾ ਡਿੱਗੀ।

ਬਚਾਅ ਕਾਰਜ: ਹਾਦਸੇ ਤੋਂ ਤੁਰੰਤ ਬਾਅਦ ਸਥਾਨਕ ਲੋਕਾਂ ਅਤੇ ਰਾਹਗੀਰਾਂ ਨੇ ਪੁਲਿਸ ਤੇ ਪ੍ਰਸ਼ਾਸਨ ਦੀ ਮਦਦ ਨਾਲ ਬੱਸ ਦੇ ਨੁਕਸਾਨੇ ਗਏ ਹਿੱਸੇ ਵਿੱਚੋਂ ਸਵਾਰੀਆਂ ਨੂੰ ਬਾਹਰ ਕੱਢਿਆ।

ਇਲਾਜ ਅਤੇ ਜਾਂਚ: ਸਾਰੇ ਜ਼ਖ਼ਮੀਆਂ ਨੂੰ ਤੁਰੰਤ ਨਜ਼ਦੀਕੀ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਪੁਲਿਸ ਵੱਲੋਂ ਹਾਦਸੇ ਦੇ ਅਸਲ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਆਧੁਨਿਕ ਯੁੱਗ ਦੀ ਤੇਜ਼-ਰਫ਼ਤਾਰ ਜ਼ਿੰਦਗੀ ਅਤੇ ਵਧਦੇ ਵਾਤਾਵਰਣ ਸੰਕਟ ਦੇ ਦੌਰ ਵਿੱਚ, ਜਦੋਂ ਮਨੁੱਖ ਕੁਦਰਤ ਦੇ ਮੂਲ ਸਰੋਤਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ, ਉਸ ਵੇਲੇ ਛਠ ਪੂਜਾ ਵਰਗੇ ਪ੍ਰਾਚੀਨ ਲੋਕ-ਪੁਰਬ ਸਾਨੂੰ ਮੁੜ ਆਪਣੀਆਂ ਜੜ੍ਹਾਂ ਅਤੇ ਕੁਦਰਤ ਪ੍ਰਤੀ ਸ਼ੁਕਰਾਨੇ ਦੀ ਭਾਵਨਾ ਨਾਲ ਜੋੜਦੇ ਹਨ। ਇਹ ਮਹਿਜ਼ ਇੱਕ ਰਵਾਇਤੀ ਕਰਮ-ਕਾਂਡ ਨਹੀਂ, ਸਗੋਂ ਵੈਦਿਕ ਕਾਲ ਤੋਂ ਤੁਰਿਆ ਆ ਰਿਹਾ ਇੱਕ ਅਜਿਹਾ ਇਨਕਲਾਬੀ ਜੀਵਨ-ਦਰਸ਼ਨ ਹੈ, ਜੋ ਚੜ੍ਹਦੇ ਸੂਰਜ ਦੇ ਨਾਲ-ਨਾਲ ਡੁੱਬਦੇ ਸੂਰਜ ਨੂੰ ਵੀ ਬਰਾਬਰ ਸਤਿਕਾਰ ਦੇਣ ਦਾ ਡੂੰਘਾ ਸੰਦੇਸ਼ ਦਿੰਦਾ ਹੈ। ਇਸ ਮਹਾਂ-ਪੁਰਬ ਦੀ ਸਭ ਤੋਂ ਵੱਡੀ ਤਾਕਤ ਇਸ ਦਾ ਜਾਤ-ਪਾਤ, ਊਚ-ਨੀਚ ਅਤੇ ਪੁਜਾਰੀਵਾਦ ਦੀਆਂ ਵਲਗਣਾਂ ਤੋਂ ਪੂਰੀ ਤਰ੍ਹਾਂ ਮੁਕਤ ਹੋਣਾ ਹੈ। ਬਿਨਾਂ ਕਿਸੇ ਵਿਚੋਲੇ ਜਾਂ ਕਰਮ-ਕਾਂਡੀ ਪੁਜਾਰੀ ਦੇ, ਜਦੋਂ ਨਦੀਆਂ ਦੇ ਘਾਟਾਂ 'ਤੇ ਸਮੁੱਚੀ ਮਨੁੱਖਤਾ ਹਰ ਤਰ੍ਹਾਂ ਦੇ ਵਿਤਕਰੇ ਮਿਟਾ ਕੇ ਇੱਕੋ ਕਤਾਰ ਵਿੱਚ ਖੜ੍ਹੀ ਹੁੰਦੀ ਹੈ, ਤਾਂ ਉਹ ਦ੍ਰਿਸ਼ ਸਮਾਜਿਕ ਬਰਾਬਰੀ ਅਤੇ ਕਿਰਤੀ ਵਰਗ ਦੇ ਸਤਿਕਾਰ ਦੀ ਜਿਉਂਦੀ-ਜਾਗਦੀ ਮਿਸਾਲ ਬਣ ਜਾਂਦਾ ਹੈ। ਇੱਥੇ ਹਰ ਮਨੁੱਖ ਜੀਵਨ-ਦਾਤੇ ਸੂਰਜ ਅਤੇ ਪਵਿੱਤਰ ਜਲ ਨਾਲ ਸਿੱਧਾ ਸੰਵਾਦ ਰਚਾਉਂਦਿਆਂ ਕੁਦਰਤ ਦੇ ਪੰਜ ਤੱਤਾਂ ਪ੍ਰਤੀ ਆਪਣੀ ਕ੍ਰਿਤੱਗਤਾ ਪ੍ਰਗਟ ਕਰਦਾ ਹੈ। ਪ੍ਰਾਚੀਨ ਮਗਧ ਅਤੇ ਮਿਥਿਲਾ ਦੀ ਧਰਤੀ ਤੋਂ ਸ਼ੁਰੂ ਹੋ ਕੇ 19ਵੀਂ ਸਦੀ ਦੇ ਗਿਰਮਿਟੀਆ ਮਜ਼ਦੂਰਾਂ ਦੇ ਸੰਘਰਸ਼ ਰਾਹੀਂ ਸੱਤ ਸਮੁੰਦਰ ਪਾਰ ਪਹੁੰਚਣ ਵਾਲੀ ਇਸ ਅਟੁੱਟ ਵਿਰਾਸਤ ਦੇ ਇਤਿਹਾਸਕ, ਵਿਗਿਆਨਕ ਅਤੇ ਸੱਭਿਆਚਾਰਕ ਪੱਖਾਂ ਨੂੰ ਪਾਠਕਾਂ ਦੇ ਸਨਮੁੱਖ ਪੇਸ਼ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਉਮੀਦ ਹੈ ਕਿ ਇਹ ਵਿਸ਼ੇਸ਼ ਖੋਜ-ਭਰਪੂਰ ਲੇਖ 'ਸਾਡੇ ਲੋਕ' ਦੇ ਪਾਠਕਾਂ ਨੂੰ ਇਸ ਮਹਾਨ ਲੋਕ-ਆਸਥਾ ਦੇ ਅਸਲ ਮਨੋਰਥ, ਸੁੱਚਮ, ਵਾਤਾਵਰਣ-ਪੱਖੀ ਸੋਚ ਅਤੇ ਸਰਬ-ਸਾਂਝੀਵਾਲਤਾ ਦੇ ਫ਼ਲਸਫ਼ੇ ਤੋਂ ਜਾਣੂ ਕਰਵਾਉਣ ਵਿੱਚ ਸਹਾਈ ਹੋਵੇਗਾ। — ਸਤਨਾਮ ਸਿੰਘ ਖ਼ਾਲਸਾ

ਛਠ ਪੂਜਾ : ਜਾਤ-ਪਾਤ ਅਤੇ ਪੁਜਾਰੀਵਾਦ ਦੀਆਂ ਵਲਗਣਾਂ ਤੋੜਦਾ ਮਹਾਂ-ਪੁਰਬ 'ਛਠ ਪੂਜਾ': ਬਿਨਾਂ ਕਿਸੇ ਵਿਚੋਲੇ ਦੇ ਕੁਦਰਤ ਅਤੇ ਸੂਰਜ ਦੇਵਤਾ ਨਾਲ ਸਿੱਧਾ ਸੰਵਾਦ

ਘਾਟਾਂ 'ਤੇ ਮਿਟਦੀਆਂ ਨੇ ਉਚ-ਨੀਚ ਦੀਆਂ ਲਕੀਰਾਂ: ਵੈਦਿਕ ਕਾਲ ਤੋਂ ਆਲਮੀ ਮੰਚ ਤੱਕ ਸਮਾਜਿਕ ਬਰਾਬਰੀ ਅਤੇ ਕੁਦਰਤ-ਪੂਜਾ ਦੀ ਅਦੁੱਤੀ ਮਿਸਾਲ ਹੈ ਛਠ ਪੂਜਾ ਛਠ ਪੂਜਾ

(Chhath Puja) ਭਾਰਤੀ ਉਪ-ਮਹਾਂਦੀਪ ਦੇ ਸਭ ਤੋਂ ਪੁਰਾਤਨ, ਅਨੁਸ਼ਾਸਿਤ ਅਤੇ ਵਾਤਾਵਰਣ-ਪੱਖੀ ਲੋਕ ਤਿਉਹਾਰਾਂ ਵਿੱਚੋਂ ਇੱਕ ਹੈ, ਜੋ ਮਨੁੱਖ ਅਤੇ ਕੁਦਰਤ ਦੇ ਅਟੁੱਟ ਰਿਸ਼ਤੇ ਦੀ ਗਵਾਹੀ ਭਰਦਾ ਹੈ। ਚਾਰ ਦਿਨਾਂ ਤੱਕ ਚੱਲਣ ਵਾਲਾ ਇਹ ਮਹਾਂ-ਪੁਰਬ ਮੁੱਖ ਤੌਰ 'ਤੇ ਊਰਜਾ ਦੇ ਸਰੋਤ ਸੂਰਜ ਦੇਵਤਾ (Surya Dev) ਅਤੇ ਉਨ੍ਹਾਂ ਦੀ ਸ਼ਕਤੀ ਛਠੀ ਮਈਆ (ਊਸ਼ਾ ਅਤੇ ਪ੍ਰਤਿਊਸ਼ਾ) ਨੂੰ ਸਮਰਪਿਤ ਹੈ। ਸਮੁੱਚੇ ਵਿਸ਼ਵ ਵਿੱਚ ਇਹ ਇੱਕੋ-ਇੱਕ ਅਜਿਹਾ ਵਿਲੱਖਣ ਪੁਰਬ ਹੈ, ਜਿੱਥੇ ਸਿਰਫ਼ ਚੜ੍ਹਦੇ ਸੂਰਜ ਦੀ ਹੀ ਨਹੀਂ, ਸਗੋਂ ਡੁੱਬਦੇ ਸੂਰਜ (ਅਸਤਾਚਲਗਾਮੀ ਸੂਰਜ) ਦੀ ਵੀ ਓਨੀ ਹੀ ਸ਼ਰਧਾ ਅਤੇ ਸਤਿਕਾਰ ਨਾਲ ਅਰਾਧਨਾ ਕਰਦਿਆਂ ਅਰਘ (ਜਲ) ਭੇਟ ਕੀਤਾ ਜਾਂਦਾ ਹੈ।

ਇਤਿਹਾਸਕ ਅਤੇ ਮਿਥਿਹਾਸਕ ਜੜ੍ਹਾਂ: ਮਗਧ ਤੋਂ ਮਿਥਿਲਾ ਤੱਕ ਦਾ ਸਫ਼ਰ

ਇਤਿਹਾਸਕਾਰਾਂ ਅਤੇ ਪੁਰਾਤਨ ਗ੍ਰੰਥਾਂ ਅਨੁਸਾਰ ਛਠ ਪੂਜਾ ਦੀਆਂ ਜੜ੍ਹਾਂ ਹਜ਼ਾਰਾਂ ਸਾਲ ਪੁਰਾਣੀਆਂ ਹਨ। ਇਸ ਲੋਕ-ਆਸਥਾ ਦਾ ਉਦਭਵ ਪ੍ਰਾਚੀਨ ਮਗਧ, ਅੰਗ (ਭਾਗਲਪੁਰ) ਅਤੇ ਮਿਥਿਲਾ—ਅਰਥਾਤ ਅਜੋਕੇ ਬਿਹਾਰ, ਪੂਰਬੀ ਉੱਤਰ ਪ੍ਰਦੇਸ਼ ਅਤੇ ਝਾਰਖੰਡ—ਦੇ ਖੇਤਰਾਂ ਤੋਂ ਹੋਇਆ ਮੰਨਿਆ ਜਾਂਦਾ ਹੈ।

ਵੈਦਿਕ ਕਾਲ ਅਤੇ ਰਿਗਵੇਦ: ਇਸ ਪੁਰਬ ਦਾ ਸਭ ਤੋਂ ਪੁਰਾਤਨ ਜ਼ਿਕਰ ਰਿਗਵੇਦ (Rigveda) ਵਿੱਚ ਮਿਲਦਾ ਹੈ, ਜਿੱਥੇ ਸੂਰਜ ਦੀ ਉਪਾਸਨਾ ਅਤੇ ਸਵੇਰ ਦੀ ਪਹਿਲੀ ਕਿਰਣ 'ਊਸ਼ਾ' ਦੀ ਉਸਤਤ ਵਿੱਚ ਮੰਤਰ ਦਰਜ ਹਨ। ਵੈਦਿਕ ਕਾਲ ਦੇ ਰਿਸ਼ੀ-ਮੁਨੀ ਸੂਰਜ ਦੀਆਂ ਕਿਰਣਾਂ ਤੋਂ ਸਿੱਧੀ ਜੀਵਨ-ਊਰਜਾ ਗ੍ਰਹਿਣ ਕਰਨ ਲਈ ਅੰਨ-ਜਲ ਤਿਆਗ ਕੇ ਕਠੋਰ ਤਪੱਸਿਆ ਕਰਦੇ ਸਨ, ਜਿਸ ਦਾ ਵਿਹਾਰਕ ਲੋਕ-ਰੂਪ ਅੱਜ ਦਾ 36 ਘੰਟਿਆਂ ਦਾ ਨਿਰਜਲਾ ਵਰਤ ਹੈ।

ਮਹਾਂਭਾਰਤ ਕਾਲ (ਅੰਗਰਾਜ ਕਰਨ ਅਤੇ ਦ੍ਰੋਪਦੀ): ਮਹਾਂਭਾਰਤ ਅਨੁਸਾਰ ਸੂਰਜ ਪੁੱਤਰ ਦਾਨਵੀਰ ਕਰਣ, ਜੋ ਅੰਗ ਪ੍ਰਦੇਸ਼ (ਮੌਜੂਦਾ ਭਾਗਲਪੁਰ, ਬਿਹਾਰ) ਦੇ ਰਾਜਾ ਸਨ, ਰੋਜ਼ਾਨਾ ਸਵੇਰੇ ਗੰਗਾ ਨਦੀ ਵਿੱਚ ਲੱਕ ਤੱਕ ਪਾਣੀ ਵਿੱਚ ਖੜ੍ਹੇ ਹੋ ਕੇ ਸੂਰਜ ਦੇਵਤਾ ਨੂੰ ਅਰਘ ਦਿੰਦੇ ਸਨ ਅਤੇ ਲੋੜਵੰਦਾਂ ਨੂੰ ਦਾਨ ਕਰਦੇ ਸਨ। ਮੰਨਿਆ ਜਾਂਦਾ ਹੈ ਕਿ ਇਸੇ ਪਰੰਪਰਾ ਨੇ ਇਸ ਖਿੱਤੇ ਵਿੱਚ ਛਠ ਪੂਜਾ ਨੂੰ ਜਨਮ ਦਿੱਤਾ। ਇਸੇ ਤਰ੍ਹਾਂ ਇੱਕ ਹੋਰ ਕਥਾ ਅਨੁਸਾਰ, ਬਨਵਾਸ ਦੌਰਾਨ ਜਦੋਂ ਪਾਂਡਵ ਆਪਣਾ ਰਾਜ-ਭਾਗ ਗੁਆ ਬੈਠੇ ਸਨ, ਤਾਂ ਰਿਸ਼ੀ ਧੌਮਯ ਦੀ ਸਲਾਹ 'ਤੇ ਦ੍ਰੋਪਦੀ ਨੇ ਸੂਰਜ ਦੇਵਤਾ ਦੀ ਉਪਾਸਨਾ ਕਰਦਿਆਂ ਛਠ ਦਾ ਵਰਤ ਰੱਖਿਆ, ਜਿਸ ਸਦਕਾ ਉਨ੍ਹਾਂ ਨੂੰ ਮੁੜ ਰਾਜ-ਭਾਗ ਪ੍ਰਾਪਤ ਹੋਇਆ।

ਰਾਮਾਇਣ ਕਾਲ (ਸ਼੍ਰੀ ਰਾਮ ਅਤੇ ਮਾਤਾ ਸੀਤਾ): ਲੋਕ ਮਾਨਤਾਵਾਂ ਅਨੁਸਾਰ 14 ਸਾਲਾਂ ਦੇ ਬਨਵਾਸ ਉਪਰੰਤ ਅਯੁੱਧਿਆ ਪਰਤਣ 'ਤੇ ਰਾਵਣ-ਵਧ ਦੇ ਪਾਪ ਤੋਂ ਮੁਕਤੀ ਅਤੇ ਰਾਜ ਦੀ ਖ਼ੁਸ਼ਹਾਲੀ ਲਈ ਭਗਵਾਨ ਸ਼੍ਰੀ ਰਾਮ ਅਤੇ ਮਾਤਾ ਸੀਤਾ ਨੇ ਕਾਰਤਿਕ ਸ਼ੁਕਲ ਸ਼ਸ਼ਠੀ ਵਾਲੇ ਦਿਨ ਵਰਤ ਰੱਖ ਕੇ ਸੂਰਜ ਦੇਵਤਾ ਦੀ ਪੂਜਾ ਕੀਤੀ। ਬਿਹਾਰ ਦੇ ਮੁੰਗੇਰ ਵਿਖੇ ਸਥਿਤ 'ਸੀਤਾ ਚਰਨ ਮੰਦਰ' ਇਸੇ ਇਤਿਹਾਸਕ ਵਿਰਾਸਤ ਨਾਲ ਜੁੜਿਆ ਹੋਇਆ ਹੈ।

ਪੁਰਾਣਿਕ ਕਥਾ (ਰਾਜਾ ਪ੍ਰਿਯਵ੍ਰਤ ਅਤੇ ਦੇਵੀ ਸ਼ਸ਼ਠੀ): ਬ੍ਰਹਮਵੈਵਰਤ ਪੁਰਾਣ ਅਨੁਸਾਰ, ਸਵਯੰਭੂ ਮਨੂ ਦੇ ਪੁੱਤਰ ਰਾਜਾ ਪ੍ਰਿਯਵ੍ਰਤ ਦੀ ਸੰਤਾਨ ਦੀ ਰੱਖਿਆ ਲਈ ਜਦੋਂ ਮਹਾਰਿਸ਼ੀ ਕਸ਼ਯਪ ਨੇ ਯੱਗ ਕਰਵਾਇਆ, ਤਾਂ ਰਾਣੀ ਮਾਲਿਨੀ ਦੇ ਮ੍ਰਿਤਕ ਜੰਮੇ ਪੁੱਤਰ ਨੂੰ ਆਕਾਸ਼ ਤੋਂ ਪ੍ਰਗਟ ਹੋਈ ਬ੍ਰਹਮਾ ਦੀ ਮਾਨਸ ਪੁੱਤਰੀ ਦੇਵੀ ਸ਼ਸ਼ਠੀ (ਛਠੀ ਮਈਆ) ਨੇ ਜੀਵਨਦਾਨ ਦਿੱਤਾ। ਉਦੋਂ ਤੋਂ ਹੀ ਸੰਤਾਨ ਦੀ ਲੰਬੀ ਉਮਰ ਅਤੇ ਪਰਿਵਾਰਕ ਸੁੱਖ-ਸ਼ਾਂਤੀ ਲਈ ਇਹ ਪੁਰਬ ਪ੍ਰਚਲਿਤ ਹੋਇਆ।



ਜੀਵਨ ਦਰਸ਼ਨ, ਵਿਗਿਆਨਕ ਸ਼ੁੱਧੀ ਅਤੇ ਸਮਾਜਿਕ ਬਰਾਬਰੀ

ਛਠ ਪੂਜਾ ਸਿਰਫ਼ ਕਰਮ-ਕਾਂਡ ਨਹੀਂ, ਸਗੋਂ ਕੁਦਰਤ ਪ੍ਰਤੀ ਸ਼ੁਕਰਾਨੇ, ਸਰੀਰਕ ਅਨੁਸ਼ਾਸਨ ਅਤੇ ਸਮਾਜਿਕ ਸਮਾਨਤਾ ਦਾ ਇੱਕ ਮਜ਼ਬੂਤ ਥੰਮ੍ਹ ਹੈ:

1. **ਪੰਜ ਤੱਤਾਂ ਪ੍ਰਤੀ ਸ਼ੁਕਰਾਨਾ:** ਧਰਤੀ ਉੱਤੇ ਸਮੁੱਚੇ ਜੀਵਨ ਅਤੇ ਫ਼ਸਲਾਂ ਦੀ ਪੈਦਾਵਾਰ ਦਾ ਅਸਲ ਆਧਾਰ ਸੂਰਜ ਅਤੇ ਜਲ ਹਨ। ਇਸ ਪੂਜਾ ਰਾਹੀਂ ਮਨੁੱਖ ਕੁਦਰਤ ਦੇ ਪੰਜ ਮੂਲ ਤੱਤਾਂ—ਧਰਤੀ, ਪਾਣੀ, ਅੱਗ, ਹਵਾ ਅਤੇ ਆਕਾਸ਼—ਪ੍ਰਤੀ ਆਪਣੀ ਕ੍ਰਿਤੱਗਤਾ ਪ੍ਰਗਟ ਕਰਦਾ ਹੈ।
2. **ਚੜ੍ਹਦੇ ਤੇ ਡੁੱਬਦੇ ਸੂਰਜ ਦਾ ਫ਼ਲਸਫ਼ਾ:** ਜਿੱਥੇ ਦੁਨੀਆ ਕੇਵਲ ਚੜ੍ਹਦੇ ਸੂਰਜ ਨੂੰ ਸਲਾਮ ਕਰਦੀ ਹੈ, ਉੱਥੇ ਛਠ ਪੂਜਾ ਇਹ ਡੂੰਘਾ ਸੰਦੇਸ਼ ਦਿੰਦੀ ਹੈ ਕਿ ਹਰ ਅੰਤ (ਡੁੱਬਣਾ) ਇੱਕ ਨਵੀਂ ਸ਼ੁਰੂਆਤ (ਚੜ੍ਹਨ) ਦਾ ਆਧਾਰ ਹੁੰਦਾ ਹੈ। ਇਹ ਮਨੁੱਖ ਨੂੰ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਨੂੰ ਬਰਾਬਰ ਸਤਿਕਾਰ ਨਾਲ ਸਵੀਕਾਰ ਕਰਨਾ ਸਿਖਾਉਂਦੀ ਹੈ।
3. **ਵਿਗਿਆਨਕ ਪੱਖ ਅਤੇ ਰੋਗ-ਪ੍ਰਤੀਰੋਧਕ ਸ਼ਕਤੀ:** ਇਹ ਪੁਰਬ ਸਾਲ ਵਿੱਚ ਦੋ ਵਾਰ—ਚੇਤ (ਮਾਰਚ-ਅਪ੍ਰੈਲ) ਅਤੇ ਕਾਰਤਿਕ (ਅਕਤੂਬਰ-ਨਵੰਬਰ) ਦੇ ਮਹੀਨਿਆਂ ਵਿੱਚ—ਰੁੱਤ ਬਦਲਣ ਵੇਲੇ ਆਉਂਦਾ ਹੈ। ਸਵੇਰ ਅਤੇ ਸ਼ਾਮ ਦੀਆਂ ਨਰਮ ਸੂਰਜੀ ਕਿਰਨਾਂ ਸਰੀਰ ਨੂੰ ਵਿਟਾਮਿਨ-ਡੀ ਅਤੇ ਸੰਤੁਲਿਤ ਅਲਟਰਾਵਾਇਲਟ ਕਿਰਨਾਂ ਪ੍ਰਦਾਨ ਕਰਕੇ ਰੋਗ-ਪ੍ਰਤੀਰੋਧਕ ਸ਼ਕਤੀ (Immunity) ਵਧਾਉਂਦੀਆਂ ਹਨ, ਜਦਕਿ ਵਰਤ ਅਤੇ ਸਾਤਵਿਕ ਭੋਜਨ ਸਰੀਰਕ ਸ਼ੁੱਧੀ (Detoxification) ਕਰਦੇ ਹਨ।
4. **ਜਾਤ-ਪਾਤ ਅਤੇ ਪੁਜਾਰੀਵਾਦ ਤੋਂ ਮੁਕਤ ਪੁਰਬ:** ਇਸ ਮਹਾਂ-ਪੁਰਬ ਦੀ ਸਭ ਤੋਂ ਇਤਿਹਾਸਕ ਖ਼ਾਸੀਅਤ ਇਹ ਹੈ ਕਿ ਇਸ ਵਿੱਚ ਕਿਸੇ ਪੁਜਾਰੀ ਜਾਂ ਵਿਚੋਲੇ ਦੀ ਲੋੜ ਨਹੀਂ ਹੁੰਦੀ। ਸ਼ਰਧਾਲੂ ਸਿੱਧੇ ਤੌਰ 'ਤੇ ਸੂਰਜ ਅਤੇ ਨਦੀ ਨਾਲ ਜੁੜਦੇ ਹਨ, ਅਤੇ ਘਾਟਾਂ 'ਤੇ ਅਮੀਰ-ਗਰੀਬ ਤੇ ਹਰ ਵਰਗ ਦੇ ਲੋਕ ਇੱਕੋ ਕਤਾਰ ਵਿੱਚ ਖੜ੍ਹੇ ਹੋ ਕੇ ਸਮਾਜਿਕ ਬਰਾਬਰੀ ਦੀ ਮਿਸਾਲ ਕਾਇਮ ਕਰਦੇ ਹਨ।

ਸੱਭਿਆਚਾਰਕ ਰੂਹ: ਮਹਾਂ-ਪ੍ਰਸ਼ਾਦ 'ਠੇਕੂਆ' ਅਤੇ ਲੋਕ-ਗੀਤਾਂ ਦੀ ਵਿਰਾਸਤ

1. **ਠੇਕੂਆ (Thekua): ਖੇਤੀਬਾੜੀ ਸੱਭਿਅਤਾ ਅਤੇ ਪੌਸ਼ਟਿਕਤਾ ਦਾ ਪ੍ਰਤੀਕ**

ਕਣਕ ਦੇ ਆਟੇ, ਗੁੜ, ਦੇਸੀ ਘਿਓ, ਸੌਂਫ਼ ਅਤੇ ਸੁੱਕੇ ਨਾਰੀਅਲ ਤੋਂ ਬਣਿਆ ਕੁਰਕੁਰਾ ਪਕਵਾਨ ਠੇਕੂਆ (ਜਿਸ ਨੂੰ ਖਜੂਰੀਆ ਜਾਂ ਠਿਕਰੀ ਵੀ ਕਿਹਾ ਜਾਂਦਾ ਹੈ) ਸੂਰਜ ਦੇਵਤਾ ਨੂੰ ਭੇਟ ਕੀਤਾ ਜਾਣ ਵਾਲਾ ਸਭ ਤੋਂ ਪਵਿੱਤਰ ਪ੍ਰਸ਼ਾਦ ਹੈ। ਲੱਕੜ ਦੇ ਵਿਸ਼ੇਸ਼ ਸਾਂਚੇ 'ਤੇ ਦਬਾ ਕੇ (ਠੋਕ ਕੇ) ਇਸ ਉੱਤੇ ਸੂਰਜ ਦੀਆਂ ਕਿਰਨਾਂ ਅਤੇ ਫੁੱਲ-ਪੱਤੀਆਂ ਦੇ ਨਮੂਨੇ ਉੱਕਰੇ ਜਾਂਦੇ ਹਨ।

ਕਿਸਾਨੀ ਸ਼ੁਕਰਾਨਾ ਅਤੇ ਸੁੱਚਮ: ਨਵੀਂ ਕਣਕ, ਗੰਨੇ ਦੇ ਗੁੜ ਅਤੇ ਗਾਂ ਦੇ ਘਿਓ ਤੋਂ ਬਣਨ ਵਾਲਾ ਇਹ ਪ੍ਰਸ਼ਾਦ ਕਿਸਾਨੀ ਸਮਾਜ ਵੱਲੋਂ ਚੰਗੀ ਫ਼ਸਲ ਲਈ ਸੂਰਜ ਦੇਵਤਾ ਦਾ ਧੰਨਵਾਦ ਹੈ। ਇਸ ਦੀ ਤਿਆਰੀ ਵਿੱਚ ਕਣਕ ਧੋਣ ਤੋਂ ਲੈ ਕੇ ਮਿੱਟੀ ਦੇ ਨਵੇਂ ਚੁੱਲ੍ਹੇ 'ਤੇ ਅੰਬ ਦੀ ਲੱਕੜ ਬਾਲ ਕੇ ਤਲਣ ਤੱਕ ਔਰਤਾਂ ਵੱਲੋਂ ਅਤਿਅੰਤ ਸੁੱਚਮ ਵਰਤੀ ਜਾਂਦੀ ਹੈ।

ਵਿਗਿਆਨਕ ਗੁਣ ਤੇ ਭਾਈਚਾਰਕ ਸਾਂਝ: ਸਰਦੀਆਂ ਦੀ ਸ਼ੁਰੂਆਤ ਵੇਲੇ ਗੁੜ, ਘਿਓ ਅਤੇ ਸੁੰਢ/ਸੌਂਫ਼ ਦਾ ਇਹ ਸੁਮੇਲ ਸਰੀਰ ਨੂੰ ਅੰਦਰੂਨੀ ਗਰਮੀ ਅਤੇ ਲੰਬੇ ਸਮੇਂ ਤੱਕ ਊਰਜਾ ਦਿੰਦਾ ਹੈ। ਬਿਨਾਂ ਖ਼ਰਾਬ ਹੋਏ ਹਫ਼ਤਿਆਂ ਤੱਕ ਸੁਰੱਖਿਅਤ ਰਹਿਣ ਵਾਲਾ ਇਹ ਪ੍ਰਸ਼ਾਦ ਘਾਟ ਤੋਂ ਪਰਤਣ ਮਗਰੋਂ ਗੁਆਂਢੀਆਂ ਅਤੇ ਰਾਹਗੀਰਾਂ ਵਿੱਚ ਵੰਡਿਆ ਜਾਂਦਾ ਹੈ, ਜੋ ਭਾਈਚਾਰਕ ਏਕਤਾ ਨੂੰ ਮਜ਼ਬੂਤ ਕਰਦਾ ਹੈ।

2. ਛਠੀ ਮਈਆ ਦੇ ਲੋਕ-ਗੀਤ: ਅਣਲਿਖੇ ਵੈਦਿਕ ਮੰਤਰ

ਕਿਉਂਕਿ ਛਠ ਪੂਜਾ ਵਿੱਚ ਸੰਸਕ੍ਰਿਤ ਦੇ ਸ਼ਲੋਕ ਪੜ੍ਹਨ ਵਾਲਾ ਕੋਈ ਪੁਜਾਰੀ ਨਹੀਂ ਹੁੰਦਾ, ਇਸ ਲਈ ਔਰਤਾਂ ਵੱਲੋਂ ਭੋਜਪੁਰੀ, ਮੈਥਿਲੀ, ਮਗਹੀ ਅਤੇ ਅੰਗਿਕਾ ਵਿੱਚ ਗਾਏ ਜਾਣ ਵਾਲੇ ਲੋਕ-ਗੀਤ ਹੀ ਇਸ ਪੂਜਾ ਦੇ ਅਸਲ ਮੰਤਰ ਹਨ।

ਕੁਦਰਤ ਅਤੇ ਕਿਰਤੀ ਵਰਗ ਦਾ ਸਤਿਕਾਰ: 'ਕਾਂਚ ਹੀ ਬਾਂਸ ਕੇ ਬਹੰਗੀਆ, ਬਹੰਗੀ ਲਚਕਤ ਜਾਏ...' ਵਰਗੇ ਰਵਾਇਤੀ ਗੀਤਾਂ ਵਿੱਚ ਜਿੱਥੇ ਬਾਂਸ, ਗੰਗਾ ਅਤੇ ਸੂਰਜ ਨਾਲ ਸਿੱਧਾ ਸੰਵਾਦ ਰਚਾਇਆ ਜਾਂਦਾ ਹੈ, ਉੱਥੇ ਟੋਕਰੀਆਂ ਬਣਾਉਣ ਵਾਲੇ (ਡੋਮ), ਘੁਮਿਆਰ ਅਤੇ ਮਾਲੀ ਵਰਗੇ ਕਿਰਤੀ ਵਰਗਾਂ ਦੇ ਯੋਗਦਾਨ ਨੂੰ ਸਤਿਕਾਰ ਦਿੱਤਾ ਜਾਂਦਾ ਹੈ।

ਪਰਵਾਸ ਦੀ ਪੀੜ ਅਤੇ ਲੋਕ-ਗਾਇਕੀ: ਇਨ੍ਹਾਂ ਗੀਤਾਂ ਵਿੱਚ ਰੁਜ਼ਗਾਰ ਲਈ ਪਰਦੇਸ ਗਏ ਪਤੀ ਜਾਂ ਪੁੱਤਰ ਦੀ ਘਰ ਵਾਪਸੀ ਦੀ ਤਾਂਘ ਡੂੰਘਾਈ ਨਾਲ ਝਲਕਦੀ ਹੈ। ਆਧੁਨਿਕ ਯੁੱਗ ਵਿੱਚ ਪਦਮ ਭੂਸ਼ਣ ਸ਼ਾਰਦਾ ਸਿਨਹਾ ਸਮੇਤ ਕਈ ਲੋਕ-ਗਾਇਕਾਂ ਨੇ ਇਨ੍ਹਾਂ ਧੁਨਾਂ ਨੂੰ ਸੰਭਾਲ ਕੇ ਵਿਸ਼ਵ ਪੱਧਰ 'ਤੇ ਅਮਰ ਕਰ ਦਿੱਤਾ।

ਪੱਛਮੀ ਦੇਸ਼ਾਂ ਵਿੱਚ ਸਥਾਨਕ ਪ੍ਰਸ਼ਾਸਨਾਂ ਵੱਲੋਂ ਇਸ ਪੁਰਬ ਨੂੰ ਖੁੱਲ੍ਹੇ ਦਿਲ ਨਾਲ ਪ੍ਰਵਾਨਗੀ ਮਿਲਣ ਦਾ ਵੱਡਾ ਕਾਰਨ ਇਸ ਦਾ ਪੂਰੀ ਤਰ੍ਹਾਂ ਵਾਤਾਵਰਣ-ਪੱਖੀ ਸਰੂਪ ਹੈ, ਕਿਉਂਕਿ ਇਸ ਵਿੱਚ ਕੋਈ ਰਸਾਇਣਕ ਮੂਰਤੀਆਂ ਜਾਂ ਪਲਾਸਟਿਕ ਜਲ ਵਿੱਚ ਨਹੀਂ ਸੁੱਟਿਆ ਜਾਂਦਾ, ਸਗੋਂ ਬਾਂਸ, ਮਿੱਟੀ ਅਤੇ ਕੁਦਰਤੀ ਫ਼ਲਾਂ ਦੀ ਹੀ ਵਰਤੋਂ ਹੁੰਦੀ ਹੈ।

ਵੈਦਿਕ ਰਿਸ਼ੀਆਂ ਦੀ ਤਪੱਸਿਆ ਤੋਂ ਲੈ ਕੇ 19ਵੀਂ ਸਦੀ ਦੇ ਗਿਰਮਿਟੀਆ ਮਜ਼ਦੂਰਾਂ ਦੇ ਸੰਘਰਸ਼ ਅਤੇ ਅੱਜ ਦੇ ਆਧੁਨਿਕ ਵਿਸ਼ਵ-ਵਿਆਪੀ ਸ਼ਹਿਰਾਂ ਦੀਆਂ ਝੀਲਾਂ ਤੱਕ, ਛਠ ਪੂਜਾ ਨੇ ਆਪਣੀ ਮੂਲ ਆਤਮਾ ਨੂੰ ਅਟੁੱਟ ਰੱਖਿਆ ਹੈ। ਇਹ ਪੁਰਬ ਸਮੁੱਚੀ ਮਨੁੱਖਤਾ ਨੂੰ ਯਾਦ ਦਿਵਾਉਂਦਾ ਹੈ ਕਿ ਕੁਦਰਤ ਦੇ ਸਰੋਤਾਂ ਦਾ ਸਤਿਕਾਰ, ਸਮਾਜਿਕ ਬਰਾਬਰੀ ਅਤੇ ਜੀਵਨ ਦੇ ਹਰ ਪੜਾਅ ਪ੍ਰਤੀ ਸ਼ੁਕਰਾਨਾ ਹੀ ਸੱਚੀ ਅਧਿਆਤਮਕਤਾ ਹੈ।

ਚਾਰ ਦਿਨਾਂ ਦੀ ਕਠੋਰ ਸਾਧਨਾ ਅਤੇ ਵਿਧੀ-ਵਿਧਾਨ

ਕਾਰਤਿਕ ਮਹੀਨੇ ਦੇ ਸ਼ੁਕਲ ਪੱਖ ਦੀ ਚਤੁਰਥੀ ਤੋਂ ਸਪਤਮੀ ਤੱਕ ਚੱਲਣ ਵਾਲਾ ਇਹ ਪੁਰਬ ਚਾਰ ਪਵਿੱਤਰ ਪੜਾਵਾਂ ਵਿੱਚ ਸੰਪੰਨ ਹੁੰਦਾ ਹੈ:

ਦਿਨ	ਰਸਮ ਦਾ ਨਾਂ	ਮੁੱਖ ਵਿਧੀ ਅਤੇ ਅਧਿਆਤਮਕ ਮਹੱਤਵ
ਪਹਿਲਾ ਦਿਨ	ਨਹਾਏ-ਖਾਏ (Nahay-Khay)	ਘਰ ਅਤੇ ਆਲੇ-ਦੁਆਲੇ ਦੀ ਮੁਕੰਮਲ ਸਫ਼ਾਈ ਕੀਤੀ ਜਾਂਦੀ ਹੈ। ਵਰਤ ਰੱਖਣ ਵਾਲੇ (ਵਰਤੀ) ਇਸ਼ਨਾਨ ਉਪਰੰਤ ਪਿੱਤਲ ਜਾਂ ਮਿੱਟੀ ਦੇ ਭਾਂਡਿਆਂ ਵਿੱਚ ਬਣਿਆ ਸਾਤਵਿਕ ਭੋਜਨ—ਕੱਦੂ ਦੀ ਸਬਜ਼ੀ, ਚਨੇ ਦੀ ਦਾਲ ਅਤੇ ਚੌਲ—ਗ੍ਰਹਿਣ ਕਰਦੇ ਹਨ।
ਦੂਜਾ ਦਿਨ	ਖਰਨਾ (Kharna)	ਸਾਰਾ ਦਿਨ ਨਿਰਜਲਾ ਵਰਤ ਰੱਖਣ ਮਗਰੋਂ ਸ਼ਾਮ ਨੂੰ ਸੂਰਜ ਛਿਪਣ ਵੇਲੇ ਮਿੱਟੀ ਦੇ ਚੁੱਲ੍ਹੇ 'ਤੇ ਅੰਬ ਦੀ ਲੱਕੜ ਬਾਲ ਕੇ ਗੁੜ ਦੀ ਖੀਰ (ਰਸਿਆਵ) ਅਤੇ ਰੋਟੀ ਤਿਆਰ ਕੀਤੀ ਜਾਂਦੀ ਹੈ। ਪੂਜਾ ਉਪਰੰਤ ਪ੍ਰਸ਼ਾਦ ਛਕਿਆ ਜਾਂਦਾ ਹੈ, ਜਿਸ ਨਾਲ ਅਗਲੇ 36 ਘੰਟਿਆਂ ਦਾ ਕਠੋਰ ਨਿਰਜਲਾ ਵਰਤ ਆਰੰਭ ਹੁੰਦਾ ਹੈ।
ਤੀਜਾ ਦਿਨ	ਸੰਧਿਆ ਅਰਘ (Sandhya Arghya)	ਸ਼ਰਧਾਲੂ ਬਾਂਸ ਦੇ ਸੂਪ (ਟੋਕਰੀਆਂ) ਵਿੱਚ ਠੇਕੂਆ, ਮੌਸਮੀ ਫ਼ਲ, ਗੰਨਾ, ਨਾਰੀਅਲ ਅਤੇ ਮਿੱਟੀ ਦੇ ਦੀਵੇ ਸਜਾ ਕੇ ਨਦੀ ਜਾਂ ਤਲਾਬ ਦੇ ਘਾਟ 'ਤੇ ਪਹੁੰਚਦੇ ਹਨ ਅਤੇ ਪਾਣੀ ਵਿੱਚ ਖੜ੍ਹੇ ਹੋ ਕੇ ਡੁੱਬਦੇ ਸੂਰਜ ਨੂੰ ਦੁੱਧ ਤੇ ਜਲ ਨਾਲ ਪਹਿਲਾ ਅਰਘ ਭੇਟ ਕਰਦੇ ਹਨ।
ਚੌਥਾ ਦਿਨ	ਊਸ਼ਾ ਅਰਘ ਅਤੇ ਪਾਰਣ (Usha Arghya)	ਸੂਰਜ ਚੜ੍ਹਨ ਤੋਂ ਪਹਿਲਾਂ ਹੀ ਸ਼ਰਧਾਲੂ ਮੁੜ ਘਾਟਾਂ 'ਤੇ ਇਕੱਤਰ ਹੁੰਦੇ ਹਨ। ਸਵੇਰ ਦੀ ਪਹਿਲੀ ਕਿਰਨ ਨਿਕਲਦਿਆਂ ਹੀ ਚੜ੍ਹਦੇ ਸੂਰਜ ਨੂੰ ਅਰਘ ਦੇ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ, ਜਿਸ ਉਪਰੰਤ ਅਦਰਕ ਅਤੇ ਗੁੜ/ਸ਼ਰਬਤ ਨਾਲ ਵਰਤ ਖੋਲ੍ਹਿਆ (ਪਾਰਣ) ਜਾਂਦਾ ਹੈ।

ਸਰਹੱਦਾਂ ਤੋਂ ਪਾਰ: ਗਿਰਮਿਟੀਆ ਸੰਘਰਸ਼ ਤੋਂ ਆਲਮੀ ਪਛਾਣ ਤੱਕ ਦਾ ਸਫ਼ਰ

ਛਠ ਪੂਜਾ ਦਾ ਭਾਰਤ ਤੋਂ ਨਿਕਲ ਕੇ ਵੱਖ-ਵੱਖ ਮਹਾਂਦੀਪਾਂ ਤੱਕ ਪਹੁੰਚਣਾ ਮਨੁੱਖੀ ਪਰਵਾਸ ਅਤੇ ਸੱਭਿਆਚਾਰਕ ਅਟੁੱਟਤਾ ਦੀ ਅਦੁੱਤੀ ਮਿਸਾਲ ਹੈ:

ਦੇਸ਼/ਖੇਤਰ ਨੇਪਾਲ (Nepal)	**ਪ੍ਰਾਚੀਨ ਮਿਥਿਲਾ ਵਿਰਾਸਤ:** ਨੇਪਾਲ ਦਾ ਤਰਾਈ ਖੇਤਰ (ਜਨਕਪੁਰ, ਬੀਰਗੰਜ) ਪ੍ਰਾਚੀਨ ਮਿਥਿਲਾ ਦਾ ਹਿੱਸਾ ਹੋਣ ਕਾਰਨ ਇੱਥੇ ਇਹ ਸਦੀਆਂ ਤੋਂ ਮੂਲ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ।	ਮੌਜੂਦਾ ਸਰੂਪ ਅਤੇ ਪ੍ਰਮੁੱਖ ਕੇਂਦਰ ਨੇਪਾਲ ਵਿੱਚ ਇਸ ਦਿਨ ਰਾਸ਼ਟਰੀ ਛੁੱਟੀ ਹੁੰਦੀ ਹੈ। ਜਨਕਪੁਰ ਦੇ ਗੰਗਾ ਸਾਗਰ ਤੇ ਧਨੁਸ਼ ਸਾਗਰ ਤਲਾਬਾਂ ਅਤੇ ਕਾਠਮੰਡੂ ਦੀ ਬਾਗਮਤੀ ਨਦੀ ਦੇ ਕੰਢੇ ਲੱਖਾਂ ਸ਼ਰਧਾਲੂ ਜੁੜਦੇ ਹਨ।
ਮਾਰੀਸ਼ਸ, ਫਿਜੀ ਤੇ ਕੈਰੇਬੀਅਨ ਦੇਸ਼	1834-1917 (ਗਿਰਮਿਟੀਆ ਦੌਰ): ਬਸਤੀਵਾਦੀ ਸ਼ਾਸਨ ਦੌਰਾਨ ਬਿਹਾਰ ਅਤੇ ਪੂਰਬੀ ਯੂ.ਪੀ. ਤੋਂ ਗੰਨੇ ਦੇ ਖੇਤਾਂ ਵਿੱਚ ਕੰਮ ਕਰਨ ਲਈ ਲਿਜਾਏ ਗਏ ਲੱਖਾਂ ਮਜ਼ਦੂਰਾਂ ਨੇ ਗ਼ੁਲਾਮੀ ਦੇ ਹਾਲਾਤਾਂ ਵਿੱਚ ਵੀ ਇਸ ਪਰੰਪਰਾ ਨੂੰ ਜਿਉਂਦਾ ਰੱਖਿਆ।	ਪੁਜਾਰੀ-ਰਹਿਤ ਅਤੇ ਲੋਕ-ਗੀਤਾਂ 'ਤੇ ਅਧਾਰਤ ਹੋਣ ਕਾਰਨ ਗਿਰਮਿਟੀਆ ਮਜ਼ਦੂਰਾਂ ਨੇ ਇਸ ਨੂੰ ਆਸਾਨੀ ਨਾਲ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਇਆ। ਮਾਰੀਸ਼ਸ ਦੇ ਸਮੁੰਦਰੀ ਤੱਟਾਂ 'ਤੇ ਅੱਜ ਵੀ ਵੱਡੇ ਸਮਾਗਮ ਹੁੰਦੇ ਹਨ।
ਅਮਰੀਕਾ (USA)	1990-2000 ਦਾ ਦਹਾਕਾ: ਆਈ.ਟੀ. (IT), ਮੈਡੀਕਲ ਅਤੇ ਸਿੱਖਿਆ ਖੇਤਰ ਵਿੱਚ ਗਏ ਪਰਵਾਸੀਆਂ ਨੇ ਘਰਾਂ ਦੇ ਵਿਹੜਿਆਂ ਤੋਂ ਸ਼ੁਰੂਆਤ ਕਰਕੇ ਜਨਤਕ ਨਦੀਆਂ ਤੇ ਝੀਲਾਂ ਤੱਕ ਇਸ ਨੂੰ ਪਹੁੰਚਾਇਆ।	ਨਿਊ ਜਰਸੀ, ਟੈਕਸਾਸ (ਡੈਲਸ, ਹਿਊਸਟਨ), ਕੈਲੀਫੋਰਨੀਆ (ਬੇਅ ਏਰੀਆ), ਨਿਊਯਾਰਕ ਅਤੇ ਵਰਜੀਨੀਆ ਵਿੱਚ ਹਡਸਨ ਤੇ ਪੋਟੋਮੈਕ ਨਦੀਆਂ ਕੰਢੇ ਹਜ਼ਾਰਾਂ ਪਰਿਵਾਰ ਇਕੱਠੇ ਹੁੰਦੇ ਹਨ।
ਕੈਨੇਡਾ (Canada)	2000 ਤੋਂ ਬਾਅਦ: ਟੋਰਾਂਟੋ, ਬਰੈਂਪਟਨ, ਮਿਸੀਸਾਗਾ ਅਤੇ ਵੈਨਕੂਵਰ ਵਿੱਚ ਭਾਈਚਾਰਕ ਸੰਸਥਾਵਾਂ ਨੇ ਸਥਾਨਕ ਪ੍ਰਸ਼ਾਸਨ ਦੇ ਸਹਿਯੋਗ ਨਾਲ ਝੀਲਾਂ 'ਤੇ ਸਮਾਗਮ ਸ਼ੁਰੂ ਕੀਤੇ।	ਟੋਰਾਂਟੋ ਦੇ ਸਕਾਰਬੋਰੋ ਅਤੇ ਓਨਟਾਰੀਓ ਝੀਲ ਦੇ ਕੰਢੇ ਨਵੰਬਰ ਦੀ ਬਰਫ਼ੀਲੀ ਠੰਢ ਅਤੇ ਸਿਫ਼ਰ (@°C) ਦੇ ਨੇੜੇ ਤਾਪਮਾਨ ਦੇ ਬਾਵਜੂਦ ਸ਼ਰਧਾਲੂ ਪਾਣੀ ਵਿੱਚ ਖੜ੍ਹੇ ਹੋ ਕੇ ਅਰਘ ਦਿੰਦੇ ਹਨ।

ਸਿੱਖ ਹੱਕਾਂ ਦੀ ਆਵਾਜ਼ ਬੁਲੰਦ ਕਰਨ ਦੀ ਸਜ਼ਾ

ਦਾਦੀ ਦੇ ਸਸਕਾਰ ਲਈ ਵੀ ਤਰਸਿਆ ਚੁਣਿਆ ਹੋਇਆ ਸੰਸਦ ਮੈਂਬਰ; ਕਸਟਡੀ ਪੈਰੋਲ ਦੇ ਬਾਵਜੂਦ ਪੰਜਾਬ ਨਾ ਪੁੱਜ ਸਕੇ ਭਾਈ ਅੰਮ੍ਰਿਤਪਾਲ ਸਿੰਘ

ਵੱਖਰੀ ਸਿਆਸੀ ਵਿਚਾਰਧਾਰਾ ਕਾਰਨ ਬੇਇਨਸਾਫ਼ੀ ਦਾ ਇਲਜ਼ਾਮ; ਪ੍ਰਸ਼ਾਸਨਿਕ ਅੜਿੱਕਿਆਂ ਕਾਰਨ ਸਸਕਾਰ ਮੁਲਤਵੀ, ਹੁਣ 16 ਨਵੰਬਰ (ਸੋਮਵਾਰ) ਨੂੰ ਅਦਾਲਤ 'ਚ ਸੁਣਵਾਈ

- **ਸਸਕਾਰ 'ਚ ਸ਼ਾਮਲ ਹੋਣ ਲਈ ਪਰਿਵਾਰ 'ਤੇ 3 ਤੋਂ 4 ਲੱਖ ਰੁਪਏ ਦਾ ਵਿੱਤੀ ਬੋਝ; ਅੰਮ੍ਰਿਤਪਾਲ ਸਮੇਤ 5 ਪੁਲੀਸ ਮੁਲਾਜ਼ਮਾਂ ਦੇ ਹਵਾਈ ਸਫ਼ਰ ਤੇ ਖਾਣੇ ਦਾ ਖਰਚਾ ਵੀ ਖੁਦ ਚੁੱਕਣ ਦਾ ਫ਼ਰਮਾਨ**
- **'ਇਸ ਘੋਰ ਬੇਇਨਸਾਫ਼ੀ ਦੇ ਬਾਵਜੂਦ, ਸੰਗਤ ਦੀ ਪ੍ਰਵਾਨਗੀ ਤੋਂ ਬ.ਗ਼ੈਰ ਸਰਕਾਰੀ ਸਰਪ੍ਰਸਤੀ ਹੇਠ ਸਿੱਖ ਸੰਸਥਾਵਾਂ 'ਤੇ ਕਾਬਜ਼ ਧਿਰਾਂ ਨੇ ਵੀ ਧਾਰੀ ਚੁੱਪ**

ਅੰਮ੍ਰਿਤਸਰ (ਵਿਸ਼ੇਸ਼ ਪ੍ਰਤੀਨਿਧ): ਵੱਖਰੀ ਸਿਆਸੀ ਵਿਚਾਰਧਾਰਾ ਰੱਖਣ ਅਤੇ ਸਿੱਖ ਹੱਕਾਂ ਦੀ ਗੱਲ ਕਰਨ ਵਾਲੇ ਆਗੂਆਂ ਨਾਲ ਹੋ ਰਹੇ ਕਥਿਤ ਵਿਤਕਰੇ ਦੀ ਇੱਕ ਹੋਰ ਮਿਸਾਲ ਉਸ ਵੇਲੇ ਸਾਹਮਣੇ ਆਈ, ਜਦੋਂ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਅਦਾਲਤ ਵੱਲੋਂ ਕਸਟਡੀ ਪੈਰੋਲ ਮਿਲਣ ਦੇ ਬਾਵਜੂਦ ਅੱਜ (ਸ਼ਨਿੱਚਰਵਾਰ) ਆਪਣੀ ਦਾਦੀ ਮਾਤਾ ਚਰਨ ਕੌਰ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਪੰਜਾਬ ਨਹੀਂ ਪੁੱਜ ਸਕੇ। ਬਿਨਾਂ ਕਿਸੇ ਸਾਬਤ ਹੋਏ ਜੁਰਮ ਦੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਨੂੰ ਪੰਜਾਬ ਲਿਆਉਣ ਲਈ ਪ੍ਰਸ਼ਾਸਨਿਕ ਪ੍ਰਕਿਰਿਆ ਸਮੇਂ ਸਿਰ ਪੂਰੀ ਨਾ ਹੋਣ ਕਾਰਨ ਪਰਿਵਾਰ ਵੱਲੋਂ ਅੰਤਿਮ ਸਸਕਾਰ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਹੁਣ ਪੈਰੋਲ ਦੀ ਨਵੀਂ ਤਰੀਕ (17 ਜਾਂ 18 ਨਵੰਬਰ) ਲੈਣ ਲਈ ਸੋਮਵਾਰ, 16 ਨਵੰਬਰ ਨੂੰ ਮੁੜ ਅਦਾਲਤ ਵਿੱਚ ਸੁਣਵਾਈ ਹੋਵੇਗੀ।

ਜਾਣਬੁੱਝ ਕੇ ਦੇਰੀ ਅਤੇ ਕਾਨੂੰਨੀ ਅੜਿੱਕਿਆਂ ਦੇ ਦੋਸ਼ ਪਾਰਟੀ ਆਗੂ ਸ਼ਮਸ਼ੇਰ ਸਿੰਘ ਪੱਧਰੀ ਅਨੁਸਾਰ, ਮਾਤਾ ਚਰਨ ਕੌਰ (84) ਦੇ ਅਕਾਲ ਚਲਾਣੇ ਤੋਂ ਬਾਅਦ 11 ਨਵੰਬਰ ਨੂੰ ਪੈਰੋਲ ਦੀ ਅਰਜ਼ੀ ਦਾਇਰ ਕੀਤੀ ਗਈ ਸੀ। ਅੰਮ੍ਰਿਤਸਰ ਦੀ ਵਿਸ਼ੇਸ਼ ਅਦਾਲਤ ਨੇ ਸ਼ੁੱਕਰਵਾਰ, 13 ਨਵੰਬਰ ਨੂੰ ਹੁਕਮ ਜਾਰੀ ਕਰਦਿਆਂ ਅੰਮ੍ਰਿਤਪਾਲ ਸਿੰਘ, ਉਨ੍ਹਾਂ ਦੇ ਚਾਚਾ ਹਰਜੀਤ ਸਿੰਘ ਅਤੇ ਦੋਹਤੇ ਸੁਖਮਨਪ੍ਰੀਤ ਸਿੰਘ ਨੂੰ 14 ਨਵੰਬਰ ਨੂੰ ਸਿਰਫ਼ ਤਿੰਨ ਘੰਟੇ (ਦੁਪਹਿਰ 12 ਤੋਂ 3 ਵਜੇ ਤੱਕ) ਪਿੰਡ ਜੱਲੂਪੁਰ ਖੇੜਾ ਲਿਆਉਣ ਦੀ ਇਜਾਜ਼ਤ ਦਿੱਤੀ ਸੀ। ਪਰ 13 ਨਵੰਬਰ ਨੂੰ ਦੇਰ ਨਾਲ ਹੁਕਮ ਮਿਲਣ ਅਤੇ ਡਿਬਰੂਗੜ੍ਹ ਤੋਂ ਅੰਮ੍ਰਿਤਸਰ ਦੀ ਲੰਬੀ ਦੂਰੀ ਕਾਰਨ ਅਗਲੇ ਹੀ ਦਿਨ ਪਹੁੰਚਣਾ ਅਸੰਭਵ ਸੀ। ਐਡਵੋਕੇਟ ਹਰਜੋਤ ਸਿੰਘ ਮਾਨ ਦੀ ਅਗਵਾਈ ਵਾਲੀ ਲੀਗਲ ਟੀਮ ਵੱਲੋਂ ਅੱਜ ਡਿਊਟੀ ਮੈਜਿਸਟ੍ਰੇਟਾਂ ਅਤੇ ਸੈਸ਼ਨ ਜੱਜ ਤੱਕ ਪਹੁੰਚ ਕਰਕੇ ਤਰੀਕ ਵਧਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਜੱਜਾਂ ਦੀ ਗੈਰ-ਉਪਲਬਧਤਾ ਕਾਰਨ ਕੋਈ ਕਾਰਵਾਈ ਨਾ ਹੋ ਸਕੀ।



ਚੁਣੇ ਹੋਏ ਨੁਮਾਇੰਦੇ 'ਤੇ 4 ਲੱਖ ਰੁਪਏ ਦੇ ਖਰਚੇ ਦਾ ਬੋਝ: ਇਆਲੀ ਪ੍ਰਸ਼ਾਸਨ ਵੱਲੋਂ ਰੱਖੀ ਗਈ ਸ਼ਰਤ ਮੁਤਾਬਕ ਅੰਮ੍ਰਿਤਪਾਲ ਸਿੰਘ ਦੇ ਨਾਲ ਆਉਣ ਵਾਲੇ ਪੰਜਾਬ ਪੁਲੀਸ ਦੇ ਪੰਜ ਸੁਰੱਖਿਆ ਮੁਲਾਜ਼ਮਾਂ ਦੇ ਹਵਾਈ ਸਫ਼ਰ ਅਤੇ ਖਾਣ-ਪੀਣ ਦਾ ਸਾਰਾ ਖਰਚਾ ਵੀ ਪਰਿਵਾਰ ਨੂੰ ਖੁਦ ਚੁੱਕਣਾ ਪਵੇਗਾ। ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਇਸ ਨੂੰ ਸਿੱਧਾ ਵਿਤਕਰਾ ਕਰਾਰ ਦਿੰਦਿਆਂ ਕਿਹਾ:

'ਸਫ਼ਰ 'ਤੇ ਲਗਪਗ 3 ਤੋਂ 4 ਲੱਖ ਰੁਪਏ ਦਾ ਖਰਚਾ ਆਉਣ ਦਾ ਅਨੁਮਾਨ ਹੈ, ਜੋ ਪਰਿਵਾਰ ਤੋਂ ਵਸੂਲਿਆ ਜਾ ਰਿਹਾ ਹੈ। ਅੰਮ੍ਰਿਤਪਾਲ ਕੋਈ ਆਮ ਵਿਅਕਤੀ ਨਹੀਂ, ਸਗੋਂ ਲੱਖਾਂ ਵੋਟਾਂ ਨਾਲ ਜਿੱਤੇ ਲੋਕ ਸਭਾ ਮੈਂਬਰ ਹਨ। ਜੇ ਪੁਲੀਸ ਆਪਣੇ ਖਰਚੇ 'ਤੇ ਰਿਮਾਂਡ ਲੈਣ ਅਸਾਮ ਜਾ ਸਕਦੀ ਹੈ, ਤਾਂ ਸੰਸਕਾਰ ਲਈ ਲਿਆਉਣ ਦਾ ਖਰਚਾ ਪਰਿਵਾਰ 'ਤੇ ਪਾਉਣਾ ਸਰਾਸਰ ਬੇਇਨਸਾਫ਼ੀ ਹੈ।'

ਸਸਕਾਰ ਅੰਮ੍ਰਿਤਪਾਲ ਦੀ ਉਡੀਕ 'ਚ ਮੁਲਤਵੀ ਅਦਾਲਤੀ ਹੁਕਮਾਂ ਤਹਿਤ ਚਾਚਾ ਹਰਜੀਤ ਸਿੰਘ ਨੂੰ ਅੱਜ ਦੁਪਹਿਰ ਸਖ਼ਤ ਪੁਲੀਸ ਪਹਿਰੇ ਹੇਠ ਜੱਲੂਪੁਰ ਖੇੜਾ ਲਿਆਂਦਾ ਗਿਆ ਅਤੇ ਸਮਾਂ ਪੂਰਾ ਹੋਣ 'ਤੇ ਵਾਪਸ ਜੇਲ੍ਹ ਲਿਜਾਇਆ ਗਿਆ। ਪਰਿਵਾਰ ਨੇ ਸਪੱਸ਼ਟ ਕੀਤਾ ਹੈ ਕਿ ਮਾਤਾ ਚਰਨ ਕੌਰ ਦਾ ਅੰਤਿਮ ਸੰਸਕਾਰ ਭਾਈ ਅੰਮ੍ਰਿਤਪਾਲ ਸਿੰਘ ਦੇ ਪਹੁੰਚਣ ਤੋਂ ਬਾਅਦ ਹੀ ਕੀਤਾ ਜਾਵੇਗਾ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੋਨੀਆ ਦੀ ਕਿਤਾਬ ਖ਼ਿਲਾਫ਼ ਮੁਜ਼ਾਹਰਾ

ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਤੇ ਗਾਂਧੀ ਪਰਿਵਾਰ ਨੂੰ ਕਤਲੇਆਮ ਤੋਂ ਬਰੀ ਕਰਨ ਦਾ ਦੋਸ਼



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਂਗਰਸ ਦੀ ਸੀਨੀਅਰ ਆਗੂ ਸੋਨੀਆ ਗਾਂਧੀ ਦੀ ਪੁਸਤਕ ਦੀਆਂ ਕਾਪੀਆਂ ਸਾੜ ਕੇ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰੇ ਵਿੱਚ ਨਵੰਬਰ 1984 ਸਿੱਖ ਕਤਲੇਆਮ ਦੇ ਪੀੜਤ ਵੀ ਸ਼ਾਮਲ ਹੋਏ ਅਤੇ ਇਸ ਪੁਸਤਕ ਨੂੰ ਕਿਸੇ ਡੂੰਘੀ ਸਾਜ਼ਿਸ਼ ਤਹਿਤ ਛਾਪਣ ਦਾ ਖ਼ਦਸ਼ਾ ਜ਼ਾਹਿਰ ਕੀਤਾ। ਇਸ ਦੌਰਾਨ ਕਾਂਗਰਸ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਜਾਣਕਾਰੀ ਅਨੁਸਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਗੁਰਦੁਆਰਾ ਰਕਾਬ ਗੰਜ ਸਾਹਿਬ ਸਥਿਤ 'ਸੱਚ ਦੀ ਕੰਧ' 'ਤੇ ਇਹ ਮੁਜ਼ਾਹਰਾ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਸੋਨੀਆ ਗਾਂਧੀ ਦੀ ਕਿਤਾਬ ਵਿੱਚ 1984 ਸਿੱਖ ਨਸਲਕੁਸ਼ੀ ਨਾਲ ਸਬੰਧਤ ਘਟਨਾਵਾਂ ਨੂੰ ਜਿਸ ਤਰੀਕੇ ਨਾਲ ਦਰਸਾਇਆ ਗਿਆ ਹੈ, ਉਸ ਨੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਗਾਂਧੀ ਪਰਿਵਾਰ ਨੂੰ ਸਿੱਖ ਕਤਲੇਆਮ ਤੋਂ ਬਰੀ ਕਰਨ ਲਈ ਇਸ ਪੁਸਤਕ ਵਿੱਚ ਤੱਥ ਤੋੜ-ਮਰੋੜ ਕੇ ਪੇਸ਼ ਕੀਤੇ ਗਏ ਹਨ। ਕਮੇਟੀ ਦੇ ਆਗੂਆਂ ਨੇ ਕਿਹਾ ਕਿ ਇਸ ਪ੍ਰਦਰਸ਼ਨ ਰਾਹੀਂ ਸਿੱਖਾਂ ਨੇ ਕਿਤਾਬ ਵਿੱਚ ਇਤਿਹਾਸਕ ਘਟਨਾਵਾਂ ਦੇ ਚਿੱਤਰਨ 'ਤੇ ਆਪਣਾ ਸਖ਼ਤ ਇਤਰਾਜ਼ ਦਰਜ ਕੀਤਾ ਹੈ। ਦਿੱਲੀ ਕਮੇਟੀ ਦੇ ਆਗੂਆਂ ਨੇ ਪੀੜਤ ਪਰਿਵਾਰਾਂ ਦੇ ਦਰਦ, ਇਨਸਾਫ਼ ਲਈ ਉਨ੍ਹਾਂ ਦੇ ਸੰਘਰਸ਼ ਅਤੇ ਇਤਿਹਾਸਕ ਸੱਚਾਈ ਨੂੰ ਕਾਇਮ ਰੱਖਣ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ। ਕਾਲਕਾ ਨੇ ਕਿਹਾ ਕਿ ਪੁਸਤਕ ਵਿੱਚ ਸਾਕਾ ਨੀਲਾ ਤਾਰਾ ਤੋਂ ਛੇ ਦਿਨ ਬਾਅਦ ਇੰਦਰਾ ਗਾਂਧੀ ਦੀ ਮਾਨਸਿਕ ਦਸ਼ਾ ਨੂੰ ਬਿਆਨ ਕਰਨਾ ਸ਼ੱਕੇ ਪ੍ਰਗਟ ਕਰਦਾ ਹੈ।

ਫਰੀਮੌਂਟ (ਕੈਲੀਫੋਰਨੀਆ): ਗੁਰਦੁਆਰਾ ਸਾਹਿਬ ਵਿਖੇ ਬੰਦੀ ਛੋੜ ਦਿਵਸ ਨੂੰ ਸਮਰਪਿਤ ਵਿਸ਼ੇਸ਼ ਧਾਰਮਿਕ ਕਵੀ ਦਰਬਾਰ ਸਜਾਇਆ

ਸੰਗਤਾਂ ਨੇ ਮਾਣਿਆ ਗੁਰ-ਇਤਿਹਾਸ ਦਾ ਆਨੰਦ



ਫਰੀਮੌਂਟ, ਕੈਲੀਫੋਰਨੀਆ (ਪ੍ਰਮਿੰਦਰ ਸਿੰਘ ਪ੍ਰਵਾਨਾ/ਸਾਡੇ ਲੋਕ ਬਿਊਰੋ): ਕੈਲੀਫੋਰਨੀਆ ਦੇ ਪ੍ਰਮੁੱਖ ਧਾਰਮਿਕ ਅਸਥਾਨ ਗੁਰਦੁਆਰਾ ਸਾਹਿਬ ਫਰੀਮੌਂਟ (300 Gurdwara Road, Fremont CA) ਵਿਖੇ ਸਥਾਨਕ ਸਮਾਗਮ ਕਮੇਟੀ ਵੱਲੋਂ ਬੰਦੀ ਛੋੜ ਦਿਵਸ ਨੂੰ ਸਮਰਪਿਤ ਇੱਕ ਵਿਸ਼ੇਸ਼ ਧਾਰਮਿਕ ਕਵੀ ਦਰਬਾਰ ਪੂਰਨ ਸ਼ਰਧਾ, ਸਤਿਕਾਰ ਅਤੇ ਉਤਸ਼ਾਹ ਨਾਲ ਸਜਾਇਆ ਗਿਆ। ਇਸ ਸਮਾਗਮ ਵਿੱਚ ਬੇਅੰਤ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰਬਾਣੀ ਕੀਰਤਨ, ਗੁਰ-ਇਤਿਹਾਸ ਅਤੇ ਕਵੀਸ਼ਰੀ/ਕਾਵਿ-ਰਚਨਾਵਾਂ ਦਾ ਆਨੰਦ ਮਾਣਿਆ।

ਮੁੱਖ ਵੇਰਵੇ: ਧਾਰਮਿਕ ਕਵੀ ਦਰਬਾਰ ਸਮਾਗਮ ਸਥਾਨ : ਗੁਰਦੁਆਰਾ ਸਾਹਿਬ ਫਰੀਮੌਂਟ, 300 Gurdwara Road, Fremont CA 94536

ਮੁੱਖ ਮੌਕਾ : ਬੰਦੀ ਛੋੜ ਦਿਵਸ ਨੂੰ ਸਮਰਪਿਤ ਸਮਾਗਮ

ਮੰਚ ਸੰਚਾਲਕ : ਪ੍ਰਮਿੰਦਰ ਸਿੰਘ ਪ੍ਰਵਾਨਾ

ਪ੍ਰਮੁੱਖ ਕਵੀ ਸਾਹਿਬਾਨ : ਕਵੀ ਜਸਦੀਪ ਸਿੰਘ ਫਰੀਮੌਂਟ, ਬਲਵਿੰਦਰ ਕੌਰ ਹੰਸਰਾ, ਬਲਜਿੰਦਰ ਸਿੰਘ ਅਟਾਰੀ, ਪ੍ਰਮਿੰਦਰ ਸਿੰਘ ਪ੍ਰਵਾਨਾ

ਪ੍ਰਬੰਧਕੀ ਪ੍ਰਤੀਨਿਧ : ਭਾਈ ਅੰਮ੍ਰਿਤਪਾਲ ਸਿੰਘ (ਗੁਰਦੁਆਰਾ ਸਕੱਤਰ), ਸਥਾਨਕ ਸਮਾਗਮ ਕਮੇਟੀ

ਬੰਦੀ ਛੋੜ ਦਿਵਸ ਦਾ ਇਤਿਹਾਸਕ ਸੰਦਰਭ ਤੇ ਮੀਰੀ-ਪੀਰੀ ਦਾ ਸੰਕਲਪ

ਮੰਚ ਸੰਚਾਲਨ ਦੀ ਸੇਵਾ ਨਿਭਾਉਂਦਿਆਂ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਅਤੇ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਈ ਦੇ ਇਤਿਹਾਸਕ ਪ੍ਰਸੰਗ 'ਤੇ ਵਿਸਥਾਰਪੂਰਵਕ ਰੌਸ਼ਨੀ ਪਾਈ:

ਸਰਬੱਤ ਦੀ ਆਜ਼ਾਦੀ ਦਾ ਸੁਨੇਹਾ: ਜਦੋਂ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਹੋਏ, ਤਾਂ ਉਨ੍ਹਾਂ ਨੇ ਸਿਰਫ਼ ਆਪਣੀ ਰਿਹਾਈ ਸਵੀਕਾਰ ਨਹੀਂ ਕੀਤੀ, ਸਗੋਂ ਬਿਨਾਂ ਕਿਸੇ ਧਾਰਮਿਕ ਪੱਖਪਾਤ ਦੇ ਬਵੰਜਾ (52) ਹਿੰਦੂ ਰਾਜਿਆਂ ਦੀ ਆਜ਼ਾਦੀ ਯਕੀਨੀ ਬਣਾਈ। ਇਹ ਇਤਿਹਾਸਕ ਘਟਨਾ ਦਰਸਾਉਂਦੀ ਹੈ ਕਿ ਸੱਚਾ ਰਹਿਬਰ ਉਹ ਹੈ ਜੋ ਦੂਜਿਆਂ ਦੇ ਹੱਕਾਂ ਤੇ ਦੁੱਖਾਂ ਦੀ ਖ਼ਾਤਰ ਡਟਦਾ ਹੈ।

ਦੀਪਮਾਲਾ ਅਤੇ ਸੁਆਗਤ: ਗਵਾਲੀਅਰ ਤੋਂ ਬਾਅਦ ਜਦੋਂ ਗੁਰੂ ਸਾਹਿਬ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਪਹੁੰਚੇ, ਤਾਂ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਅਤੇ ਘਰ-ਘਰ ਦੀਵੇ ਬਾਲ ਕੇ ਦੀਪਮਾਲਾ ਨਾਲ ਗੁਰੂ ਪਾਤਸ਼ਾਹ ਦਾ ਸ਼ਾਨਦਾਰ ਸੁਆਗਤ ਕੀਤਾ। ਉਸ ਦਿਨ ਸੰਜੋਗ ਨਾਲ ਦੀਵਾਲੀ ਦਾ ਦਿਨ ਵੀ ਸੀ, ਜਿਸ ਤੋਂ ਬਾਅਦ ਸਿੱਖ ਕੌਮ ਵੱਲੋਂ ਇਸ ਦਿਹਾੜੇ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਇਆ ਜਾਣ ਲੱਗਾ।

ਕਵੀਆਂ ਨੇ ਗੁਰੂ ਜੱਸ ਗਾ ਕੇ ਸੰਗਤਾਂ ਨੂੰ ਕੀਤਾ ਨਿਹਾਲ

ਕਵੀ ਦਰਬਾਰ ਦੇ ਦੌਰਾਨ ਨਾਮਵਰ ਕਵੀਆਂ ਨੇ ਗੁਰੂ ਸਾਹਿਬ ਦੇ ਜੀਵਨ, ਬੰਦੀ ਛੋੜ ਫਲਸਫੇ ਅਤੇ ਸਿੱਖ ਸਿਧਾਂਤਾਂ 'ਤੇ ਆਧਾਰਿਤ ਕਵਿਤਾਵਾਂ ਰਾਹੀਂ ਮਾਹੌਲ ਨੂੰ ਧਾਰਮਿਕ ਰੰਗ ਵਿੱਚ ਰੰਗ ਦਿੱਤਾ:

1. ਕਾਵਿ-ਪ੍ਰਵਾਹ ਦੀ ਪੇਸ਼ਕਾਰੀ: ਕਵੀ ਜਸਦੀਪ ਸਿੰਘ ਫਰੀਮੌਂਟ, ਬਲਵਿੰਦਰ ਕੌਰ ਹੰਸਰਾ, ਬਲਜਿੰਦਰ ਸਿੰਘ ਅਟਾਰੀ ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਆਪਣੀਆਂ ਓਜੱਸਵੀ ਅਤੇ ਸ਼ਰਧਾਮਈ ਰਚਨਾਵਾਂ ਨਾਲ ਹਾਜ਼ਰੀ ਭਰੀ।

2. ਦਰਬਾਰੀ ਕਵੀਆਂ ਦੀ ਪਰੰਪਰਾ: ਬੁਲਾਰਿਆਂ ਨੇ ਜ਼ਿਕਰ ਕੀਤਾ ਕਿ ਇਹ ਕਵੀ ਦਰਬਾਰ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ 52 ਦਰਬਾਰੀ ਰਤਨਾਂ ਦੇ ਉਸ ਕਾਵਿ-ਪ੍ਰਵਾਹ ਨੂੰ ਅੱਗੇ ਤੋਰਨ ਦਾ ਇੱਕ ਸ਼ਲਾਘਾਯੋਗ ਜਤਨ ਹੈ, ਜਿਸ ਰਾਹੀਂ ਕੌਮ ਦੇ ਸ਼ਾਨਾਮੱਤੇ ਵਿਰਸੇ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਇਆ ਜਾ ਰਿਹਾ ਹੈ।

ਪ੍ਰਬੰਧਕਾਂ ਵੱਲੋਂ ਸ਼ਲਾਘਾ ਅਤੇ ਧੰਨਵਾਦ

ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਅੰਮ੍ਰਿਤਪਾਲ ਵੱਲੋਂ ਸਮਾਗਮ ਦੀ ਕਾਮਯਾਬੀ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਦੂਰ-ਦੁਰਾਡੇ ਦੇ ਗੁਰਦੁਆਰਿਆਂ ਵਿੱਚ ਜਾ ਕੇ ਧਾਰਮਿਕ ਕਵੀ ਦਰਬਾਰ ਸਜਾਉਣ ਵਾਲੇ ਕਵੀਆਂ ਦੇ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ ਗਈ।

ਸਮਾਗਮ ਦੀ ਸਮਾਪਤੀ 'ਤੇ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸਮੂਹ ਸੰਗਤਾਂ, ਕਵੀ ਸਾਹਿਬਾਨ ਅਤੇ ਸੇਵਾਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਪ੍ਰਬੰਧਕਾਂ ਨੇ ਕਿਹਾ ਕਿ ਅਜਿਹੇ ਸਮਾਗਮਾਂ ਦਾ ਸੁਨੇਹਾ ਮੀਡੀਆ ਅਤੇ ਅਖ਼ਬਾਰਾਂ ਰਾਹੀਂ ਘਰ-ਘਰ ਪਹੁੰਚਾਇਆ ਜਾ ਰਿਹਾ ਹੈ ਤਾਂ ਜੋ ਸੰਗਤ ਗੁਰਮਤਿ ਆਸ਼ੇ ਨਾਲ ਜੁੜੀ ਰਹਿ ਸਕੇ। ਪ੍ਰੋਗਰਾਮ ਦੀ ਸੰਪੂਰਨਤਾ ਸਮੂਹ ਕਵੀਆਂ ਅਤੇ ਪ੍ਰਬੰਧਕਾਂ ਦੀ ਇੱਕ ਯਾਦਗਾਰੀ ਤਸਵੀਰ ਨਾਲ ਹੋਈ।

ਅਮਰੀਕਾ 'ਚ ਤੇਜ਼ ਰਫ਼ਤਾਰ ਐਸ.ਯੂ.ਵੀ. ਨੇ ਫੁੱਟਪਾਥ 'ਤੇ ਜਾ ਰਹੇ ਲੋਕਾਂ ਨੂੰ ਕੁਚਲਿਆ

ਹਾਦਸੇ 'ਚ 3 ਵਿਅਕਤੀਆਂ ਦੀ ਗਈ ਜਾਨ, 3 ਜ਼ਖ਼ਮੀ



ਲਾਸ ਏਂਜਲਸ : ਅਮਰੀਕਾ ਦੇ ਨੌਰਥ ਹਾਲੀਵੁੱਡ ਵਿੱਚ ਮੰਗਲਵਾਰ ਸ਼ਾਮ ਨੂੰ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ, ਜਿੱਥੇ ਇੱਕ ਐਸ.ਯੂ.ਵੀ. ਨੇ ਮੈਟਰੋ ਸਟੇਸ਼ਨ ਨੇੜੇ ਫੁੱਟਪਾਥ 'ਤੇ ਚੱਲ ਰਹੇ ਲੋਕਾਂ ਨੂੰ ਕੁਚਲ ਦਿੱਤਾ। ਇਸ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ, ਜਦਕਿ ਤਿੰਨ ਹੋਰ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

ਲਾਸ ਏਂਜਲਸ ਫਾਇਰ ਡਿਪਾਰਟਮੈਂਟ ਮੁਤਾਬਕ, ਇਹ ਹਾਦਸਾ ਮੰਗਲਵਾਰ ਸ਼ਾਮ ਕਰੀਬ 5:55 ਵਜੇ ਨੌਰਥ ਲੈਂਕਰਸ਼ਿਮ ਬੁਲੇਵਾਰਡ ਅਤੇ ਵੈਡਿੰਗਟਨ ਸਟਰੀਟ ਨੇੜੇ ਵਾਪਰਿਆ। ਇੱਕ ਚਿੱਟੇ ਰੰਗ ਦੀ ਐਸ.ਯੂ.ਵੀ. ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੇ ਖਾਣ-ਪੀਣ ਦੇ ਸਟਾਲ ਅਤੇ ਉੱਥੇ ਮੌਜੂਦ ਲੋਕਾਂ ਵਿੱਚ ਜਾ ਵੜੀ। ਇਸ ਦੌਰਾਨ ਘੱਟੋ-ਘੱਟ ਛੇ ਪੈਦਲ ਯਾਤਰੀ ਇਸ ਦੀ ਲਪੇਟ ਵਿੱਚ ਆ ਗਏ। ਹਾਦਸੇ ਤੋਂ ਬਾਅਦ ਮੌਕੇ 'ਤੇ ਹਫੜਾ-ਦਫੜੀ ਮਚ ਗਈ। ਐਮਰਜੈਂਸੀ ਟੀਮਾਂ ਨੇ ਤੁਰੰਤ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕੀਤੇ। ਤਿੰਨ ਲੋਕਾਂ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ, ਜਦਕਿ ਘੱਟੋ-ਘੱਟ ਤਿੰਨ ਹੋਰਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ। ਜ਼ਖ਼ਮੀਆਂ ਵਿੱਚ ਗੱਡੀ ਦਾ ਡਰਾਈਵਰ ਵੀ ਸ਼ਾਮਲ ਹੈ। ਲਾਸ ਏਂਜਲਸ ਪੁਲਿਸ ਵਿਭਾਗ ਦੇ ਕੈਪਟਨ ਵਾਰਨਰ ਕੈਸਟੀਲੋ ਨੇ ਮੰਗਲਵਾਰ ਰਾਤ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਫਿਲਹਾਲ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਹਾਦਸਾ ਜਾਣਬੁੱਝ ਕੇ ਕੀਤਾ ਗਿਆ ਜਾਂ ਇਹ ਮਹਿਜ਼ ਇੱਕ ਦੁਰਘਟਨਾ ਸੀ। ਉਨ੍ਹਾਂ ਦੱਸਿਆ ਕਿ ਡਰਾਈਵਰ ਦੀ ਉਮਰ 60 ਸਾਲ ਤੋਂ ਵੱਧ ਹੈ ਅਤੇ ਉਸ ਦੀ ਮੈਡੀਕਲ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਪਤਾ ਲੱਗ ਸਕੇ ਕਿ ਉਹ ਨਸ਼ੇ ਦੀ ਹਾਲਤ ਵਿੱਚ ਤਾਂ ਗੱਡੀ ਨਹੀਂ ਚਲਾ ਰਿਹਾ ਸੀ। ਲਾਸ ਏਂਜਲਸ ਦੀ ਮੇਅਰ ਕੈਰਨ ਬਾਸ ਨੇ ਕਿਹਾ ਕਿ ਹਾਦਸੇ ਵਿੱਚ ਸਟਰੀਟ ਵਿਕਰੇਤਾ ਅਤੇ ਪੈਦਲ ਯਾਤਰੀ ਵੀ ਪੀੜਤ ਹੋਏ ਹਨ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਪੋਸਟ ਕਰਦਿਆਂ ਕਿਹਾ ਕਿ ਇਸ ਹਾਦਸੇ ਨਾਲ ਪ੍ਰਭਾਵਿਤ ਸਾਰੇ ਪਰਿਵਾਰਾਂ ਦੇ ਦੁੱਖ ਵਿੱਚ ਉਹ ਸ਼ਾਮਲ ਹਨ। ਉੱਧਰ, ਲਾਸ ਏਂਜਲਸ ਪੁਲਿਸ ਮੁਖੀ ਜਿਮ ਮੈਕਡੋਨਲ ਨੇ ਕਿਹਾ ਕਿ ਪੁਲਿਸ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰੇਗੀ। ਉਨ੍ਹਾਂ ਮੁਤਾਬਕ, ਮਾਮਲੇ ਦੀ ਜਾਂਚ ਲੰਬੀ ਹੋ ਸਕਦੀ ਹੈ, ਪਰ ਇਸ ਨੂੰ ਬਹੁਤ ਧਿਆਨ ਨਾਲ ਅੱਗੇ ਵਧਾਇਆ ਜਾਵੇਗਾ। ਫਿਲਹਾਲ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

ਕੈਨੇਡਾ ਭਰ ਵਿੱਚ ਰਿਮੈਂਬਰੈਂਸ ਡੇਅ ਮੌਕੇ ਸ਼ਹੀਦ ਸੈਨਿਕਾਂ ਨੂੰ ਸ਼ਰਧਾਂਜਲੀਆਂ, ਹਜ਼ਾਰਾਂ ਲੋਕਾਂ ਨੇ ਕੀਤੀ ਸ਼ਮੂਲੀਅਤ

ਵਿੰਨੀਪੈੱਗ : ਕੈਨੇਡਾ ਭਰ ਵਿੱਚ ਅੱਜ ਰਿਮੈਂਬਰੈਂਸ ਡੇਅ ਬੇਹੱਦ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਦੇਸ਼ ਦੀ ਆਜ਼ਾਦੀ, ਸ਼ਾਂਤੀ ਅਤੇ ਲੋਕਤੰਤਰ ਦੀ ਰੱਖਿਆ ਲਈ ਵੱਖ-ਵੱਖ ਜੰਗਾਂ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਸੈਨਿਕਾਂ ਨੂੰ ਯਾਦ ਕਰਨ ਲਈ ਹਜ਼ਾਰਾਂ ਲੋਕਾਂ ਨੇ ਵੱਖ-ਵੱਖ ਸ਼ਹਿਰਾਂ ਵਿੱਚ ਕਰਵਾਏ ਗਏ ਸਮਾਗਮਾਂ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸਾਬਕਾ ਫ਼ੌਜੀਆਂ, ਮੌਜੂਦਾ ਸੈਨਿਕਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਆਮ ਨਾਗਰਿਕਾਂ ਨੇ ਸ਼ਹੀਦਾਂ ਦੀ ਯਾਦ ਵਿੱਚ ਸਿਰ ਝੁਕਾ ਕੇ ਸ਼ਰਧਾਂਜਲੀ ਭੇਟ ਕੀਤੀ।



ਓਟਾਵਾ ਸਥਿਤ ਨੈਸ਼ਨਲ ਵਾਰ ਮੈਮੋਰੀਅਲ ਵਿਖੇ ਕੌਮੀ ਪੱਧਰ ਦਾ ਮੁੱਖ ਸਮਾਗਮ ਕਰਵਾਇਆ ਗਿਆ। ਇਸ ਵਿੱਚ ਗਵਰਨਰ ਜਨਰਲ ਲੂਈਜ਼ ਆਰਬਰ, ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਨੈਸ਼ਨਲ ਸਿਲਵਰ ਕਰਾਸ ਮਦਰ ਵਰਜੀਨੀਆ ਹਿਕਸ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਸ਼ਹੀਦ ਸੈਨਿਕਾਂ ਦੀ ਯਾਦ ਵਿੱਚ ਫੁੱਲ ਮਾਲਾਵਾਂ ਭੇਟ ਕੀਤੀਆਂ ਗਈਆਂ ਅਤੇ ਦੋ ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਲਾਮ ਕੀਤਾ ਗਿਆ। ਸਮਾਗਮ ਵਿੱਚ ਵੈਟਰਨਾਂ ਦੀ ਮਾਰਚ, ਫ਼ੌਜੀ ਦਸਤਿਆਂ ਦੀ ਹਾਜ਼ਰੀ ਅਤੇ ਰਵਾਇਤੀ ਸ਼ਰਧਾਂਜਲੀ ਮਾਰਚ-ਪਾਸਟ ਵੀ ਖਿੱਚ ਦਾ ਕੇਂਦਰ ਰਹੇ। ਇਸ ਮੌਕੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰਿਮੈਂਬਰੈਂਸ ਡੇਅ ਸਿਰਫ਼ ਸੈਨਿਕਾਂ ਦੀਆਂ ਕੁਰਬਾਨੀਆਂ ਲਈ ਸ਼ੁਕਰਗੁਜ਼ਾਰੀ ਪ੍ਰਗਟਾਉਣ ਦਾ ਦਿਨ ਨਹੀਂ, ਸਗੋਂ ਇਹ ਸ਼ਾਂਤੀ, ਆਜ਼ਾਦੀ ਅਤੇ ਮਨੁੱਖੀ ਮਰਿਆਦਾ ਦੀ ਰੱਖਿਆ ਲਈ ਹਮੇਸ਼ਾ ਸੁਚੇਤ ਅਤੇ ਦ੍ਰਿੜ੍ਹ ਰਹਿਣ ਦਾ ਸੰਦੇਸ਼ ਵੀ ਦਿੰਦਾ ਹੈ। ਗਵਰਨਰ ਜਨਰਲ ਲੂਈਜ਼ ਆਰਬਰ ਨੇ ਵੀ ਜੰਗਾਂ ਵਿੱਚ ਜਾਨਾਂ ਗੁਆਉਣ ਵਾਲੇ ਸੈਨਿਕਾਂ ਦੇ ਨਾਲ ਉਨ੍ਹਾਂ ਦੇ ਪਰਿਵਾਰਾਂ ਦੇ ਯੋਗਦਾਨ ਅਤੇ ਕੁਰਬਾਨੀਆਂ ਨੂੰ ਯਾਦ ਕਰਨ ਦੀ ਅਪੀਲ ਕੀਤੀ।

ਹੀਰੋ ਏਸ਼ੀਅਨ ਚੈਂਪੀਅਨਜ਼ ਟਰਾਫੀ ਪੰਜਾਬ 2026' ਦੇ ਫਾਈਨਲ 'ਚ ਭਾਰਤ ਨੇ ਜਾਪਾਨ ਨੂੰ ਹਰਾ ਕੇ ਜਿੱਤਿਆ ਖ਼ਿਤਾਬ

ਮੁੱਖ ਮੰਤਰੀ ਭਗਵੰਤ ਮਾਨ ਨੇ ਜੇਤੂ ਹਾਕੀ ਟੀਮ ਨਾਲ ਖਿਚਵਾਈ ਤਸਵੀਰ

ਮੋਹਾਲੀ : ਵੀਰਵਾਰ ਨੂੰ ਮੋਹਾਲੀ ਵਿਖੇ ਖੇਡੇ ਗਏ 'ਹੀਰੋ ਏਸ਼ੀਅਨ ਚੈਂਪੀਅਨਜ਼ ਟਰਾਫੀ ਪੰਜਾਬ 2026' (Hero Asian Champions Trophy Punjab 2026) ਦੇ ਫਾਈਨਲ ਮੁਕਾਬਲੇ ਵਿੱਚ ਭਾਰਤੀ ਪੁਰਸ਼ ਹਾਕੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜਾਪਾਨ (Japan) ਨੂੰ ਹਰਾ ਕੇ ਚੈਂਪੀਅਨਸ਼ਿਪ ਆਪਣੇ ਨਾਂ ਕਰ ਲਈ ਹੈ।

ਫਾਈਨਲ ਮੈਚ ਵਿੱਚ ਭਾਰਤ ਦੀ ਇਸ ਇਤਿਹਾਸਕ ਜਿੱਤ ਤੋਂ ਬਾਅਦ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੈਦਾਨ ਵਿੱਚ ਪਹੁੰਚ ਕੇ ਭਾਰਤੀ ਹਾਕੀ ਟੀਮ ਦੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਜੇਤੂ ਟੀਮ ਨਾਲ ਯਾਦਗਾਰੀ ਗਰੁੱਪ ਤਸਵੀਰ (Group Picture) ਖਿਚਵਾਉਂਦਿਆਂ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

ਮੁੱਖ ਵੇਰਵੇ ਇੱਕ ਨਜ਼ਰ 'ਚ

ਟੂਰਨਾਮੈਂਟ ਦਾ ਨਾਂ : ਹੀਰੋ ਏਸ਼ੀਅਨ ਚੈਂਪੀਅਨਜ਼ ਟਰਾਫੀ ਪੰਜਾਬ 2026 (Hero Asian Champions Trophy Punjab 2026)

ਮੁਕਾਬਲਾ ਫਾਈਨਲ ਮੈਚ (ਭਾਰਤ ਬਨਾਮ ਜਾਪਾਨ)

ਨਤੀਜਾ : ਭਾਰਤ ਜੇਤੂ (ਜਾਪਾਨ ਨੂੰ ਹਰਾਇਆ)



ਸਥਾਨ : ਮੋਹਾਲੀ (ਪੰਜਾਬ)

ਦਿਨ ਅਤੇ ਮਿਤੀ : ਵੀਰਵਾਰ, 12 ਨਵੰਬਰ 2026

ਮੁੱਖ ਹਾਜ਼ਰੀਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਭਾਰਤੀ ਹਾਕੀ ਟੀਮ ਦੇ ਖਿਡਾਰੀ

ਪੰਜਾਬ ਲਈ ਮਾਣ ਵਾਲਾ ਪਲ

ਪੰਜਾਬ ਦੀ ਮੇਜ਼ਬਾਨੀ: ਪੰਜਾਬ ਦੀ ਧਰਤੀ 'ਤੇ ਕਰਵਾਏ ਗਏ ਇਸ ਵੱਕਾਰੀ ਕੌਮਾਂਤਰੀ ਹਾਕੀ ਟੂਰਨਾਮੈਂਟ ਦੇ ਫਾਈਨਲ ਵਿੱਚ ਭਾਰਤੀ ਟੀਮ ਦੀ ਜਿੱਤ ਨਾਲ ਸੂਬੇ ਭਰ ਦੇ ਖੇਡ ਪ੍ਰੇਮੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

ਖਿਡਾਰੀਆਂ ਦਾ ਸਨਮਾਨ: ਮੁੱਖ ਮੰਤਰੀ ਭਗਵੰਤ ਮਾਨ ਨੇ ਫਾਈਨਲ ਜਿੱਤਣ ਉਪਰੰਤ ਟੀਮ ਇੰਡੀਆ ਦੇ ਸਮੂਹ ਖਿਡਾਰੀਆਂ ਅਤੇ ਕੋਚਿੰਗ ਸਟਾਫ਼ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ।

'ਆਪ' ਨੇ ਜੁਮਲਿਆਂ ਤੋਂ ਇਲਾਵਾ ਕੁੱਝ ਨਹੀਂ ਦਿੱਤਾ: ਪਰਗਟ

ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਆਉਣੀ ਤੈਅ: ਪ੍ਰਤਾਪ ਬਾਜਵਾ

ਐੱਸ ਏ ਐੱਸ ਨਗਰ (ਮੁਹਾਲੀ) : ਕਾਂਗਰਸ ਪਾਰਟੀ ਵੱਲੋਂ ਆਰੰਭ ਕੀਤੀ 'ਪੰਜਾਬ ਮੰਗਦਾ ਇਨਸਾਫ਼' ਦੀ ਪਹਿਲੀ ਮੀਟਿੰਗ ਹਲਕਾ ਮੁਹਾਲੀ ਵਿੱਚ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਅਗਵਾਈ ਹੇਠ ਹੋਈ। ਇਸ ਵਿਚ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਰਾਜ ਕੁਮਾਰ ਵੇਰਕਾ ਤੋਂ ਇਲਾਵਾ ਜ਼ਿਲ੍ਹੇ ਦੀ ਸਮੁੱਚੀ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿਚ ਪਾਰਟੀ ਵਰਕਰਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਪਰਗਟ ਸਿੰਘ ਨੇ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਬਦਲਾਅ ਦੀ ਉਮੀਦ ਨਾਲ ਆਮ ਆਦਮੀ ਪਾਰਟੀ ਨੂੰ ਸੱਤਾ ਸੌਂਪੀ ਸੀ, ਪਰ ਅੱਜ ਲੋਕ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਨਸ਼ਿਆਂ ਦਾ ਫੈਲਾਅ, ਅਪਰਾਧਾਂ ਵਿੱਚ ਵਾਧਾ ਅਤੇ ਵਿਗੜਦੀ ਕਾਨੂੰਨ ਵਿਵਸਥਾ ਸਰਕਾਰ ਦੇ ਦਾਅਵਿਆਂ ਦੀ ਅਸਲੀਅਤ ਬਿਆਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪੰਜ ਸਾਲ ਲੋਕਾਂ ਨੂੰ ਜੁਮਲੇ ਸੁਣਾਉਣ ਤੋਂ ਬਿਨਾਂ ਹੋਰ ਕੁੱਝ ਨਹੀਂ ਕੀਤਾ। ਉਨ੍ਹਾਂ ਬਲਬੀਰ ਸਿੰਘ ਸਿੱਧੂ ਦੀ ਸ਼ਲਾਘਾ ਕੀਤੀ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਮੁਹਾਲੀ ਵਿੱਚ ਝਾੜੂ ਪਾਰਟੀ ਨੇ ਗਮਾਡਾ ਵਰਗੇ ਮਹੱਤਵਪੂਰਨ ਅਦਾਰੇ ਨੂੰ ਵੀ ਕਮਾਈ ਦਾ ਸਾਧਨ ਬਣਾ ਕੇ ਰੱਖ ਦਿੱਤਾ ਹੈ। ਮੌਜੂਦਾ ਸਰਕਾਰ ਦੇ ਰਾਜ ਵਿੱਚ ਭ੍ਰਿਸ਼ਟਾਚਾਰ ਨੇ ਹਰ ਹੱਦ ਪਾਰ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਸੱਤਾ ਵਿੱਚ ਆਉਣ 'ਤੇ ਲੋਕਾਂ ਦੀ ਕੀਤੀ ਗਈ ਹਰ ਲੁੱਟ ਅਤੇ ਸਰਕਾਰੀ ਸਰੋਤਾਂ ਦੀ ਦੁਰਵਰਤੋਂ ਦਾ ਹਿਸਾਬ ਲਵੇਗੀ ਅਤੇ ਜਵਾਬਦੇਹੀ ਤੈਅ ਕਰੇਗੀ। ਉਨ੍ਹਾਂ ਕਿਹਾ ਕਿ 2027 ਵਿਚ ਕਾਂਗਰਸ ਦੀ ਸਰਕਾਰ ਆਉਣੀ ਤੈਅ ਹੈ ਅਤੇ ਮੁਹਾਲੀ ਵੀ ਇਸ ਵਿਚ ਆਪਣਾ ਯੋਗਦਾਨ ਪਾਵੇਗੀ।



ਬਲਬੀਰ ਸਿੰਘ ਸਿੱਧੂ ਨੇ ਪਾਰਟੀ ਲੀਡਰਸ਼ਿਪ ਅਤੇ ਵਰਕਰਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਹਰਕੇਸ਼ ਚੰਦ ਸ਼ਰਮਾ ਮੱਛਲੀ ਕਲਾਂ ਨੇ ਕੀਤਾ। ਇਸ ਮੌਕੇ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ, ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ, ਵਿਧਾਇਕ ਕਾਲਾ ਢਿੱਲੋਂ, ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਸਾਬਕਾ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ ਆਦਿ ਹਾਜ਼ਰ ਸਨ।

ਕੁਲਜੀਤ ਸਿੰਘ ਬੇਦੀ ਦੀ ਅਗਵਾਈ ਹੇਠ ਵੱਖਰੀ ਮੀਟਿੰਗ : ਮੁਹਾਲੀ ਵਿਚ ਹੀ ਸਾਬਕਾ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਦੀ ਅਗਵਾਈ ਹੇਠ ਮੁਹਾਲੀ ਦੇ ਸਨਅਤਕਾਰਾਂ ਦੀ ਭਰਵੀਂ ਇਕੱਤਰਤਾ ਹੋਈ। ਇਸ ਵਿਚ ਸੂਬਾ ਪ੍ਰਧਾਨ ਪਰਗਟ ਸਿੰਘ, ਪ੍ਰਤਾਪ ਸਿੰਘ ਬਾਜਵਾ, ਸੁਖਪਾਲ ਸਿੰਘ ਖਹਿਰਾ ਸਮੇਤ ਸਮੁੱਚੀ ਲੀਡਰਸ਼ਿਪ ਨੇ ਸ਼ਮੂਲੀਅਤ ਕੀਤੀ। ਸਨਅਤਕਾਰਾਂ ਨੇ ਕਾਂਗਰਸੀ ਲੀਡਰਸ਼ਿਪ ਨੂੰ ਉਦਯੋਗਾਂ ਦੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ। ਪਰਗਟ ਸਿੰਘ ਨੇ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣਨ ਤੇ ਮੁਹਾਲੀ ਇੰਡਸਟਰੀ ਦੇ ਸਾਰੇ ਮਾਮਲੇ ਹੱਲ ਕਰਨ ਦਾ ਭਰੋਸਾ ਦਿਵਾਇਆ। ਇਸ ਮੌਕੇ ਕਈ ਸਨਅਤਕਾਰਾਂ ਨੇ ਕੁਲਜੀਤ ਸਿੰਘ ਬੇਦੀ ਨੂੰ ਮੁਹਾਲੀ ਤੋਂ ਟਿਕਟ ਦੇਣ ਦੀ ਵਕਾਲਤ ਵੀ ਕੀਤੀ।

ਬੁੱਢੇ ਦਰਿਆ 'ਚ ਡੇਅਰੀਆਂ ਗੋਹਾ ਨਾ ਸੁੱਟਣ ਲਈ ਸਹਿਮਤ

ਲੁਧਿਆਣਾ : ਬੁੱਢੇ ਦਰਿਆ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬਣਾਈ ਕਮੇਟੀ ਦੀ ਪਹਿਲੀ ਮੀਟਿੰਗ ਰਾਜ ਸਭਾ ਮੈਂਬਰ ਅਤੇ ਕਮੇਟੀ ਦੇ ਚੇਅਰਮੈਨ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ ਹੋਈ। ਕਮੇਟੀ ਦੇ ਉਪ-ਚੇਅਰਮੈਨ ਅਤੇ ਲੋਕਲ ਬਾਡੀ ਦੇ ਸਕੱਤਰ ਘਣਸ਼ਿਆਮ ਥੋਰੀ ਦੀ ਹਾਜ਼ਰੀ 'ਚ ਸਹਿਮਤੀ ਬਣੀ ਕਿ ਬੁੱਢੇ ਦਰਿਆ ਵਿੱਚ ਪੈ ਰਹੇ ਗੋਹੇ ਅਤੇ ਹੋਰ ਗੰਦਗੀ ਨੂੰ ਰੋਕਣ ਲਈ ਡੇਅਰੀਆਂ ਪੂਰਨ ਸਹਿਯੋਗ ਦੇਣਗੀਆਂ। ਉਨ੍ਹਾਂ ਡੇਅਰੀਆਂ ਦਾ ਗੋਹਾ ਰੋੜ੍ਹਣ ਲਈ ਵਰਤੇ ਜਾਂਦੇ ਪੀਣ ਵਾਲੇ ਸਾਫ਼ ਪਾਣੀ ਦੀ ਵਰਤੋਂ ਘੱਟ ਕਰਨ ਬਾਰੇ ਵੀ ਸਹਿਮਤੀ ਪ੍ਰਗਟਾਈ। ਕਮੇਟੀ ਦੇ ਚੇਅਰਮੈਨ ਸੰਤ ਸੀਚੇਵਾਲ ਨੇ ਭਰੋਸਾ ਦਿੱਤਾ ਕਿ ਜਿਹੜੇ ਡੇਅਰੀਆਂ ਵਾਲਿਆਂ ਵਿਰੁੱਧ ਐੱਫ ਆਈ ਆਰਜ਼ ਦਰਜ ਹੋਈਆਂ ਹਨ, ਉਹ ਵਾਪਸ ਹੋਣਗੀਆਂ। ਡੇਅਰੀਆਂ ਦਾ ਗੋਹਾ ਚੁੱਕਣ ਲਈ ਨਗਰ ਨਿਗਮ ਨਾਲ ਤਿੰਨ ਸਾਲ ਦਾ ਟੈਂਡਰ ਹੋਇਆ ਹੈ। ਸੀਚੇਵਾਲ ਨੇ ਕਿਹਾ ਕਿ ਉਹ ਦੋ ਸਾਲ ਤੋਂ ਬੁੱਢੇ ਦਰਿਆ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਯਤਨਸ਼ੀਲ ਹਨ। ਇਸ ਵਾਸਤੇ ਉਹ 46 ਮੀਟਿੰਗਾਂ ਕਰ ਚੁੱਕੇ ਹਨ। ਬੁੱਢੇ ਦਰਿਆ ਦੀ ਸਫ਼ਾਈ ਲਈ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਲੁਧਿਆਣਾ ਆ ਕੇ 7 ਵਾਰ ਮੀਟਿੰਗਾਂ ਕਰ ਚੁੱਕੇ ਹਨ। ਮੁੱਖ ਮੰਤਰੀ ਨੇ ਦੋ ਵਾਰ ਉੱਚ ਪੱਧਰੀ ਮੀਟਿੰਗਾਂ ਕੀਤੀਆਂ ਹਨ। ਇਨ੍ਹਾਂ ਮੀਟਿੰਗਾਂ ਦਾ ਮਕਸਦ ਸਿਰਫ਼ ਇੰਨਾ ਹੀ ਸੀ ਕਿ ਬੁੱਢੇ ਦਰਿਆ ਵਿੱਚ ਕਿਸੇ ਵੀ ਤਰ੍ਹਾਂ ਦਾ ਪ੍ਰਦੂਸ਼ਣ ਨਾ ਹੋਵੇ।



ਸਿੱਖ ਹੱਕਾਂ ਲਈ ਬੋਲਣ ਦੀ ਮਿਲੀ ਸਾਰੇ ਪਰਿਵਾਰ ਨੂੰ ਸਜ਼ਾ

ਦਾਦੀ ਦੇ ਅੰਤਿਮ ਦਰਸ਼ਨ ਕਰਨੇ ਵੀ ਹੋਏ ਔਖੇ








ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਅਦਾਲਤ ਵੱਲੋਂ ਕਸਟਡੀ ਪੈਰੋਲ ਮਿਲਣ ਦੇ ਬਾਵਜੂਦ ਆਪਣੀ ਦਾਦੀ ਮਾਤਾ ਚਰਨ ਕੌਰ ਦੇ ਅੰਤਿਮ ਸੰਸਕਾਰ ਵਿੱਚ ਸਮੇਂ ਸਿਰ ਸ਼ਾਮਲ ਨਾ ਹੋ ਸਕਣ ਦੇ ਮਾਮਲੇ ਨੇ ਪੰਜਾਬ ਦੇ ਸਿਆਸੀ, ਕਾਨੂੰਨੀ ਅਤੇ ਸਮਾਜਿਕ ਹਲਕਿਆਂ ਵਿੱਚ ਇੱਕ ਗੰਭੀਰ ਬਹਿਸ ਛੇੜ ਦਿੱਤੀ ਹੈ। ਇਸ ਘਟਨਾਕ੍ਰਮ ਨੇ ਜਿੱਥੇ ਵੱਖਰੀ ਸਿਆਸੀ ਵਿਚਾਰਧਾਰਾ ਰੱਖਣ ਵਾਲੇ ਆਗੂਆਂ ਦੇ ਅਧਿਕਾਰਾਂ ਅਤੇ ਲੋਕਤੰਤਰੀ ਪ੍ਰਤੀਨਿਧਤਾ 'ਤੇ ਸਵਾਲ ਖੜ੍ਹੇ ਕੀਤੇ ਹਨ, ਉੱਥੇ ਹੀ ਪ੍ਰਸ਼ਾਸਨਿਕ ਕਾਰਜਪ੍ਰਣਾਲੀ ਅਤੇ ਕਾਨੂੰਨੀ ਨਿਯਮਾਂ ਦੀਆਂ ਸੀਮਾਵਾਂ ਨੂੰ ਵੀ ਸਾਹਮਣੇ ਲਿਆਂਦਾ ਹੈ।

'ਅਕਾਲੀ ਦਲ ਵਾਰਿਸ ਪੰਜਾਬ ਦੇ' ਦੇ ਆਗੂਆਂ ਸ਼ਮਸ਼ੇਰ ਸਿੰਘ ਪੱਧਰੀ ਅਤੇ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਅਨੁਸਾਰ, 13 ਨਵੰਬਰ ਨੂੰ ਅਦਾਲਤ ਵੱਲੋਂ 14 ਨਵੰਬਰ ਦੀ ਕਸਟਡੀ ਪੈਰੋਲ ਮਨਜ਼ੂਰ ਕੀਤੇ ਜਾਣ ਦੇ ਬਾਵਜੂਦ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਪੰਜਾਬ ਤੱਕ ਦੀ ਲੰਬੀ ਦੂਰੀ ਅਤੇ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਕਾਰਨ ਸਮੇਂ ਸਿਰ ਪਹੁੰਚਣਾ ਸੰਭਵ ਨਹੀਂ ਹੋ ਸਕਿਆ। ਪਾਰਟੀ ਆਗੂਆਂ ਅਤੇ ਸਮਰਥਕਾਂ ਦਾ ਇਲਜ਼ਾਮ ਹੈ ਕਿ ਇਹ ਦੇਰੀ ਸਿਰਫ਼ ਤਕਨੀਕੀ ਨਹੀਂ, ਸਗੋਂ ਸਿੱਖ ਹੱਕਾਂ ਅਤੇ ਵੱਖਰੀ ਸਿਆਸੀ ਸੋਚ ਦੀ ਗੱਲ ਕਰਨ ਵਾਲੇ ਇੱਕ ਚੁਣੇ ਹੋਏ ਨੁਮਾਇੰਦੇ ਪ੍ਰਤੀ ਵਿਤਕਰੇ ਅਤੇ ਬੇਰੁਖ਼ੀ ਦਾ ਨਤੀਜਾ ਹੈ। ਉਨ੍ਹਾਂ ਦਾ ਤਰਕ ਹੈ ਕਿ ਲੱਖਾਂ ਵੋਟਾਂ ਨਾਲ ਜਿੱਤੇ ਲੋਕ ਸਭਾ ਮੈਂਬਰ ਨੂੰ ਬਿਨਾਂ ਕਿਸੇ ਸਾਬਤ ਹੋਏ ਅਪਰਾਧ ਦੇ ਲੰਬੇ ਸਮੇਂ ਤੋਂ ਸੂਬੇ ਤੋਂ ਬਾਹਰ ਰੱਖਣਾ ਅਤੇ ਅਜਿਹੇ ਦੁਖਦਾਈ ਮੌਕੇ 'ਤੇ ਵੀ ਰੁਕਾਵਟਾਂ ਖੜ੍ਹੀਆਂ ਕਰਨਾ ਲੋਕਤੰਤਰੀ ਕਦਰਾਂ-ਕੀਮਤਾਂ ਦੇ ਉਲਟ ਹੈ।

ਦੂਜੇ ਪਾਸੇ, ਕਾਨੂੰਨੀ ਮਾਹਿਰਾਂ ਅਤੇ ਪ੍ਰਸ਼ਾਸਨਿਕ ਨਿਯਮਾਂ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਰਾਸ਼ਟਰੀ ਸੁਰੱਖਿਆ ਐਕਟ (NSA) ਵਰਗੇ ਸਖ਼ਤ ਕਾਨੂੰਨਾਂ ਅਧੀਨ ਨਜ਼ਰਬੰਦ ਕਿਸੇ ਵੀ ਵਿਅਕਤੀ ਦੀ ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ ਆਵਾਜਾਈ ਲਈ ਸਖ਼ਤ ਸੁਰੱਖਿਆ ਪ੍ਰੋਟੋਕੋਲ, ਦੋਵਾਂ ਸੂਬਿਆਂ ਦੀ ਪੁਲੀਸ ਵਿਚਕਾਰ ਤਾਲਮੇਲ ਅਤੇ ਅਦਾਲਤੀ ਹੁਕਮਾਂ ਦੀ ਰਸਮੀ ਤਸਦੀਕ ਲਾਜ਼ਮੀ ਹੁੰਦੀ ਹੈ। ਇਸ ਪ੍ਰਕਿਰਿਆ ਵਿੱਚ ਲੱਗਣ ਵਾਲੇ ਸਮੇਂ ਅਤੇ ਸ਼ਨਿੱਚਰਵਾਰ-ਐਤਵਾਰ ਦੀਆਂ ਅਦਾਲਤੀ ਛੁੱਟੀਆਂ ਕਾਰਨ ਸੋਧ ਪੱਤਰ (Amendment Application) 'ਤੇ ਤੁਰੰਤ ਸੁਣਵਾਈ ਨਾ ਹੋ ਸਕਣਾ ਪ੍ਰਸ਼ਾਸਨਿਕ ਅਤੇ ਨਿਆਂਇਕ ਪ੍ਰਣਾਲੀ ਦੀਆਂ ਤਕਨੀਕੀ ਰੁਕਾਵਟਾਂ ਨੂੰ ਦਰਸਾਉਂਦਾ ਹੈ।

ਇਸ ਵਿਵਾਦ ਦਾ ਦੂਜਾ ਅਹਿਮ ਪਹਿਲੂ ਸਫ਼ਰ ਦੇ ਖਰਚੇ ਨਾਲ ਜੁੜਿਆ ਹੋਇਆ ਹੈ। ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਇਸ ਗੱਲ 'ਤੇ ਸਖ਼ਤ ਇਤਰਾਜ਼ ਜਤਾਇਆ ਹੈ ਕਿ ਪਰਿਵਾਰ ਨੂੰ ਨਾ ਸਿਰਫ਼ ਸੰਸਦ ਮੈਂਬਰ ਦੇ ਹਵਾਈ ਸਫ਼ਰ, ਸਗੋਂ ਉਨ੍ਹਾਂ ਦੇ ਨਾਲ ਆਉਣ ਵਾਲੇ ਪੰਜ ਪੁਲੀਸ ਮੁਲਾਜ਼ਮਾਂ ਦੇ ਹਵਾਈ ਕਿਰਾਏ ਅਤੇ ਖਾਣ-ਪੀਣ ਦਾ ਲਗਪਗ 3 ਤੋਂ 4 ਲੱਖ ਰੁਪਏ ਦਾ ਖਰਚਾ ਖੁਦ ਚੁੱਕਣ ਲਈ ਕਿਹਾ





ਗਿਆ ਹੈ। ਇਆਲੀ ਅਨੁਸਾਰ, ਜਦੋਂ ਪੁਲੀਸ ਆਪਣੇ ਖਰਚੇ 'ਤੇ ਪੁੱਛਗਿੱਛ ਲਈ ਜਾ ਸਕਦੀ ਹੈ, ਤਾਂ ਇੱਕ ਚੁਣੇ ਹੋਏ ਨੁਮਾਇੰਦੇ 'ਤੇ ਸੁਰੱਖਿਆ ਅਮਲੇ ਦਾ ਵਿੱਤੀ ਬੋਝ ਪਾਉਣਾ ਬੇਇਨਸਾਫ਼ੀ ਹੈ। ਹਾਲਾਂਕਿ, ਜੇਲ੍ਹ ਮੈਨੂਅਲ ਅਤੇ ਕਸਟਡੀ ਪੈਰੋਲ ਦੇ ਪ੍ਰਚਲਿਤ ਨਿਯਮਾਂ ਮੁਤਾਬਕ, ਜਦੋਂ ਕਿਸੇ ਨਜ਼ਰਬੰਦ ਨੂੰ ਨਿੱਜੀ ਜਾਂ ਪਰਿਵਾਰਕ ਸਮਾਗਮ ਲਈ ਹਿਰਾਸਤ ਵਿੱਚ ਲਿਜਾਇਆ ਜਾਂਦਾ ਹੈ, ਤਾਂ ਸੁਰੱਖਿਆ ਅਤੇ ਆਵਾਜਾਈ ਦਾ ਖਰਚਾ ਬਿਨੈਕਾਰ ਜਾਂ ਪਰਿਵਾਰ ਵੱਲੋਂ ਸਹਿਣ ਕਰਨ ਦੀ ਵਿਵਸਥਾ ਹੁੰਦੀ ਹੈ।

ਕਿਸੇ ਵੀ ਪਰਿਵਾਰ ਲਈ ਆਪਣੇ ਬਜ਼ੁਰਗ ਦੀ ਮ੍ਰਿਤਕ ਦੇਹ ਦਾ ਸਸਕਾਰ ਰੋਕ ਕੇ ਅਦਾਲਤੀ ਤਰੀਕਾਂ ਦੀ ਉਡੀਕ ਕਰਨਾ ਬੇਹੱਦ ਪੀੜਾਦਾਇਕ ਸਥਿਤੀ ਹੈ। ਲੋਕਤੰਤਰ ਦੀ ਮਜ਼ਬੂਤੀ ਇਸ ਗੱਲ ਵਿੱਚ ਹੁੰਦੀ ਹੈ ਕਿ ਕਾਨੂੰਨ ਦਾ ਰਾਜ ਅਤੇ ਸੁਰੱਖਿਆ ਪ੍ਰਬੰਧ ਕਾਇਮ ਰੱਖਦਿਆਂ ਵੀ ਵੱਖਰੀ ਵਿਚਾਰਧਾਰਾ ਰੱਖਣ ਵਾਲੇ ਨਾਗਰਿਕਾਂ ਅਤੇ ਚੁਣੇ ਹੋਏ ਨੁਮਾਇੰਦਿਆਂ ਨਾਲ ਨਿਆਂ ਅਤੇ ਮਨੁੱਖੀ ਸੰਵੇਦਨਾ ਦਾ ਵਿਹਾਰ ਯਕੀਨੀ ਬਣਾਇਆ ਜਾਵੇ। ਹੁਣ ਸਭ ਦੀਆਂ ਨਜ਼ਰਾਂ ਸੋਮਵਾਰ, 16 ਨਵੰਬਰ ਦੀ ਅਦਾਲਤੀ ਸੁਣਵਾਈ 'ਤੇ ਟਿਕੀਆਂ ਹੋਈਆਂ ਹਨ, ਤਾਂ ਜੋ ਪਰਿਵਾਰ ਆਪਣੀਆਂ ਧਾਰਮਿਕ ਅਤੇ ਅੰਤਿਮ ਰਸਮਾਂ ਪੂਰੀਆਂ ਕਰ ਸਕੇ।

‘ਨਹਾਏ-ਖਾਏ’ ਨਾਲ ਚਾਰ-ਰੋਜ਼ਾ ਛਠ ਮਹਾਂ-ਪੁਰਬ 2026 ਦਾ ਆਗਾਜ਼: ਪਟਨਾ ਦੇ ਗੰਗਾ ਘਾਟਾਂ ’ਤੇ ਉਮੜਿਆ ਸ਼ਰਧਾਲੂਆਂ ਦਾ ਸੈਲਾਬ

ਪੰਜਾਬ ਸਮੇਤ ਦੇਸ਼-ਵਿਦੇਸ਼ ’ਚ ਛਠ ਪੂਜਾ ਦੀ ਧੂਮ





ਪਟਨਾ/ਨਵੀਂ ਦਿੱਲੀ/ਜਲੰਧਰ (ਵਿਸ਼ੇਸ਼ ਪ੍ਰਤੀਨਿਧ) : ਸੂਰਜ ਉਪਾਸਨਾ ਅਤੇ ਲੋਕ-ਆਸਥਾ ਦੇ ਚਾਰ ਦਿਨਾਂ ਤੱਕ ਚੱਲਣ ਵਾਲੇ ਮਹਾਂ-ਪੁਰਬ ਛਠ ਪੂਜਾ 2026 (Chhath Puja 2026) ਦਾ ਸ਼ੁਭ ਆਰੰਭ ਅੱਜ ਪਵਿੱਤਰ ਰਸਮ ‘ਨਹਾਏ-ਖਾਏ’ (Nahay-Khay) ਦੇ ਨਾਲ ਹੋ ਗਿਆ ਹੈ। ਬਿਹਾਰ ਦੀ ਰਾਜਧਾਨੀ ਪਟਨਾ ਦੇ ਦੀਘਾ ਪਾਟੀਪੁਲ ਘਾਟ (Digha Patipul Ghat) ਸਮੇਤ ਸਮੁੱਚੇ ਗੰਗਾ ਘਾਟਾਂ ’ਤੇ ਸਵੇਰ ਤੋਂ ਹੀ ਸ਼ਰਧਾਲੂਆਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। 15 ਨਵੰਬਰ ਤੱਕ ਚੱਲਣ ਵਾਲੇ ਇਸ ਮਹਾਂ-ਪੁਰਬ ਦੀ ਰੌਣਕ ਸਿਰਫ਼ ਬਿਹਾਰ, ਝਾਰਖੰਡ ਅਤੇ ਪੂਰਬੀ ਉੱਤਰ ਪ੍ਰਦੇਸ਼ ਤੱਕ ਹੀ ਸੀਮਤ ਨਹੀਂ, ਸਗੋਂ ਪੰਜਾਬ, ਦਿੱਲੀ-ਐੱਨ.ਸੀ.ਆਰ., ਮੁੰਬਈ ਤੋਂ ਲੈ ਕੇ ਨੇਪਾਲ, ਮਾਰੀਸ਼ਸ, ਅਮਰੀਕਾ ਅਤੇ ਕੈਨੇਡਾ ਤੱਕ ਵਸਦੇ ਪਰਵਾਸੀ ਭਾਈਚਾਰਿਆਂ ਵਿੱਚ ਵੀ ਪੂਰੇ ਉਤਸ਼ਾਹ ਨਾਲ ਦੇਖੀ ਜਾ ਰਹੀ ਹੈ।

ਪਟਨਾ ਦੇ ਗੰਗਾ ਘਾਟਾਂ ’ਤੇ ਸ਼ਰਧਾ ਅਤੇ ਭਾਵਨਾਵਾਂ ਦਾ ਮਾਹੌਲ (ਜ਼ਮੀਨੀ ਰਿਪੋਰਟ)

ਪਟਨਾ ਦੇ ਦੀਘਾ ਪਾਟੀਪੁਲ ਘਾਟ ’ਤੇ ਗੰਗਾ ਇਸ਼ਨਾਨ ਕਰਨ ਅਤੇ ਪੂਜਾ ਦਾ ਪ੍ਰਸ਼ਾਦ (ਠੇਕੂਆ) ਤਿਆਰ ਕਰਨ ਲਈ ਪਵਿੱਤਰ ਗੰਗਾ ਜਲ ਲੈਣ ਪਹੁੰਚੇ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਿਆ ਗਿਆ:

ਪ੍ਰਸ਼ਾਦ ਦੀ ਤਿਆਰੀ ਅਤੇ ਸੁੱਚਮ: ਘਾਟ ’ਤੇ ਮੌਜੂਦ ਸ਼ਰਧਾਲੂ ਸਾਧਨਾ ਭਾਰਤੀ (ਜੋ ਪਿਛਲੇ 10-12 ਸਾਲਾਂ ਤੋਂ ਵਰਤ ਰੱਖ ਰਹੇ ਹਨ) ਅਤੇ ਮਮਤਾ ਨੇ ਦੱਸਿਆ ਕਿ ‘ਨਹਾਏ-ਖਾਏ’ ਵਾਲੇ ਦਿਨ ਗੰਗਾ ਇਸ਼ਨਾਨ ਉਪਰੰਤ ਪਵਿੱਤਰ ਜਲ ਘਰ ਲਿਜਾ ਕੇ ਕਣਕ ਧੋਤੀ ਅਤੇ ਸੁਕਾਈ ਜਾਂਦੀ ਹੈ, ਜਿਸ ਨਾਲ ਮਹਾਂ-ਪ੍ਰਸ਼ਾਦ ‘ਠੇਕੂਆ’ ਤਿਆਰ ਹੋਵੇਗਾ। ਅੱਜ ਸ਼ਰਧਾਲੂਆਂ ਵੱਲੋਂ ਅਰਵਾ ਚੌਲ, ਚਨੇ ਦੀ ਦਾਲ ਅਤੇ ਕੱਦੂ ਦੀ ਸਾਤਵਿਕ ਸਬਜ਼ੀ ਛਕ ਕੇ ਵਰਤ ਦੀ ਸ਼ੁਰੂਆਤ ਕੀਤੀ ਗਈ।

ਛਠੀ ਮਈਆ ਪ੍ਰਤੀ ਅਟੁੱਟ ਵਿਸ਼ਵਾਸ: ਪਿਛਲੇ 6 ਸਾਲਾਂ ਤੋਂ ਛਠ ਪੂਜਾ ਕਰ ਰਹੀ ਰੇਡੀਓ ਜੌਕੀ ਆਰ.ਜੇ. ਬਰਖਾ (RJ Barkha) ਨੇ ਭਾਵੁਕ ਹੁੰਦਿਆਂ ਕਿਹਾ ਕਿ ਇਹ ਤਿਉਹਾਰ ਪੂਰੇ ਪਰਿਵਾਰ ਲਈ ਇੱਕ ਡੂੰਘਾ ਅਹਿਸਾਸ ਹੈ ਅਤੇ ਛਠੀ ਮਈਆ ਬਿਨਾਂ ਮੰਗਿਆਂ ਹੀ ਆਪਣੇ ਭਗਤਾਂ ਦੀ ਝੋਲੀ ਖੁਸ਼ੀਆਂ ਨਾਲ ਭਰ ਦਿੰਦੀ ਹੈ।

ਦੂਰ-ਦੁਰਾਡੇ ਤੋਂ ਪਹੁੰਚੇ ਪਰਿਵਾਰ: ਮੂਲ ਰੂਪ ਵਿੱਚ ਹਾਜੀਪੁਰ (ਬਿਹਾਰ) ਦੀ ਰਹਿਣ ਵਾਲੀ ਸਰਸਵਤੀ ਰਾਏ, ਜੋ ਆਪਣੇ ਪਰਿਵਾਰ ਸਮੇਤ ਆਗਰਾ (ਉੱਤਰ ਪ੍ਰਦੇਸ਼) ਤੋਂ ਖ਼ਾਸ ਤੌਰ ’ਤੇ ਪਟਨਾ ਛਠ ਮਨਾਉਣ ਪਹੁੰਚੀ ਹੈ, ਨੇ ਦੱਸਿਆ ਕਿ ਉਨ੍ਹਾਂ ਦੇ ਦੋਵੇਂ ਬੱਚੇ ਡਾਕਟਰ ਬਣ ਗਏ ਹਨ ਅਤੇ ਉਹ ਛਠੀ ਮਈਆ ਦਾ ਸ਼ੁਕਰਾਨਾ ਕਰਨ ਅਤੇ ਮੰਨਤ ਪੂਰੀ ਕਰਨ ਆਏ ਹਨ। ਉਨ੍ਹਾਂ ਦੀ ਧੀ ਡਾ. ਅਨੁਪ੍ਰਿਆ ਨੇ ਕਿਹਾ ਕਿ ਦੀਵਾਲੀ ਖ਼ਤਮ ਹੁੰਦਿਆਂ ਹੀ ਘਰ ਪਰਤਣ ਅਤੇ ਗੰਗਾ ਕੰਢੇ ਛਠ ਮਨਾਉਣ ਦੀ ਤਾਂਘ ਸ਼ੁਰੂ ਹੋ ਜਾਂਦੀ ਹੈ।

ਦੇਸ਼ ਅਤੇ ਦੁਨੀਆ ਭਰ ਵਿੱਚ ਛਠ ਪੂਜਾ 2026 ਦੀਆਂ ਤਿਆਰੀਆਂ

ਬਿਹਾਰ, ਝਾਰਖੰਡ ਤੇ ਯੂ.ਪੀ. : ਪਟਨਾ (ਗੰਗਾ ਘਾਟ), ਭਾਗਲਪੁਰ, ਮੁੰਗੇਰ, ਰਾਂਚੀ, ਵਾਰਾਣਸੀ ਅਤੇ ਗੋਰਖਪੁਰ ਵਿੱਚ ਨਦੀਆਂ ਤੇ ਤਲਾਬਾਂ ’ਤੇ ਲੱਖਾਂ ਸ਼ਰਧਾਲੂਆਂ ਲਈ ਸੁਰੱਖਿਆ, ਬੈਰੀਕੇਡਿੰਗ ਅਤੇ ਰੋਸ਼ਨੀ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

ਪੰਜਾਬ (ਲੁਧਿਆਣਾ ਸਮੇਤ) : ਲੁਧਿਆਣਾ ਵਿਖੇ ਸਿੱਧਵਾਂ ਨਹਿਰ ਅਤੇ ਲਾਡੋਵਾਲ ਬੈਰੀਅਰ (ਸਤਲੁਜ ਦਰਿਆ) ’ਤੇ ਪੰਜਾਬ ਸਰਕਾਰ ਵੱਲੋਂ SDRF ਦੀਆਂ ਟੀਮਾਂ, ਗੋਤਾਖੋਰ ਅਤੇ ਵਿਸ਼ੇਸ਼ ਹੈਲਪਲਾਈਨ ਨੰਬਰ (0161-2403100) ਜਾਰੀ ਕੀਤਾ ਗਿਆ ਹੈ।

ਦਿੱਲੀ, ਮੁੰਬਈ ਤੇ ਹੋਰ ਮਹਾਂਨਗਰ : ਦਿੱਲੀ ਵਿੱਚ ਯਮੁਨਾ ਘਾਟਾਂ ਅਤੇ ਆਰਜ਼ੀ ਤਲਾਬਾਂ ’ਤੇ, ਜਦਕਿ ਮੁੰਬਈ ਦੇ ਜੁਹੂ ਬੀਚ ਸਮੇਤ ਸੂਰਤ, ਬੈਂਗਲੁਰੂ ਅਤੇ ਕੋਲਕਾਤਾ ਵਿੱਚ ਵੱਡੇ ਪੱਧਰ ’ਤੇ ਸਮਾਗਮ ਕਰਵਾਏ ਜਾ ਰਹੇ ਹਨ।

ਨੇਪਾਲ, ਅਮਰੀਕਾ, ਕੈਨੇਡਾ ਤੇ ਮਾਰੀਸ਼ਸ

ਨੇਪਾਲ ਦੇ ਜਨਕਪੁਰ ਤੇ ਕਾਠਮੰਡੂ ਵਿੱਚ ਰਾਸ਼ਟਰੀ ਪੱਧਰ ’ਤੇ ਜਸ਼ਨ; ਮਾਰੀਸ਼ਸ ਦੇ ਸਮੁੰਦਰੀ ਤੱਟਾਂ ਅਤੇ ਅਮਰੀਕਾ (ਨਿਊ ਜਰਸੀ, ਟੈਕਸਾਸ, ਕੈਲੀਫੋਰਨੀਆ) ਤੇ ਕੈਨੇਡਾ (ਟੋਰਾਂਟੋ, ਬਰੈਂਪਟਨ) ਦੀਆਂ ਝੀਲਾਂ ਕੰਢੇ ਪਰਵਾਸੀ ਭਾਈਚਾਰਾ ਪੂਰੀ ਸ਼ਰਧਾ ਨਾਲ ਪੂਜਾ ਕਰ ਰਿਹਾ ਹੈ।

ਚਾਰ ਦਿਨਾਂ ਦਾ ਪ੍ਰੋਗਰਾਮ (12 ਤੋਂ 15 ਨਵੰਬਰ 2026)

1. ਪਹਿਲਾ ਦਿਨ (12 ਨਵੰਬਰ)—ਨਹਾਏ-ਖਾਏ: ਗੰਗਾ ਇਸ਼ਨਾਨ, ਘਰ ਦੀ ਸਫ਼ਾਈ ਅਤੇ ਕੱਦੂ-ਭਾਤ ਦੇ ਸਾਤਵਿਕ ਭੋਜਨ ਨਾਲ ਵਰਤ ਦਾ ਸੰਕਲਪ।
2. ਦੂਜਾ ਦਿਨ (13 ਨਵੰਬਰ)—ਖਰਨਾ: ਸਾਰਾ ਦਿਨ ਨਿਰਜਲਾ ਵਰਤ ਰੱਖਣ ਮਗਰੋਂ ਸ਼ਾਮ ਨੂੰ ਗੁੜ ਦੀ ਖੀਰ (ਰਸਿਆਵ) ਅਤੇ ਰੋਟੀ ਦਾ ਪ੍ਰਸ਼ਾਦ ਛਕਿਆ ਜਾਵੇਗਾ, ਜਿਸ ਤੋਂ ਬਾਅਦ 36 ਘੰਟਿਆਂ ਦਾ ਕਠੋਰ ਨਿਰਜਲਾ ਵਰਤ ਸ਼ੁਰੂ ਹੋਵੇਗਾ।
3. ਤੀਜਾ ਦਿਨ (14 ਨਵੰਬਰ)—ਸੰਧਿਆ ਅਰਘ: ਘਾਟਾਂ ’ਤੇ ਬਾਂਸ ਦੀਆਂ ਟੋਕਰੀਆਂ (ਸੂਪ) ਵਿੱਚ ਠੇਕੂਆ, ਗੰਨਾ ਅਤੇ ਮੌਸਮੀ ਫ਼ਲ ਸਜਾ ਕੇ ਡੁੱਬਦੇ ਸੂਰਜ ਨੂੰ ਪਹਿਲਾ ਅਰਘ ਦਿੱਤਾ ਜਾਵੇਗਾ।
4. ਚੌਥਾ ਦਿਨ (15 ਨਵੰਬਰ) — ਊਸ਼ਾ ਅਰਘ ਤੇ ਪਾਰਣ: ਸਵੇਰੇ ਚੜ੍ਹਦੇ ਸੂਰਜ ਨੂੰ ਅਰਘ ਭੇਟ ਕਰਨ ਉਪਰੰਤ ਪ੍ਰਸ਼ਾਦ ਛਕ ਕੇ 36 ਘੰਟਿਆਂ ਦੇ ਨਿਰਜਲਾ ਵਰਤ ਦੀ ਸਮਾਪਤੀ (ਪਾਰਣ) ਹੋਵੇਗੀ।











ਛਠ ਪੂਜਾ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਪਹੁੰਚੇ ਮੰਤਰੀ ਅਮਨ ਅਰੋੜਾ ਅਤੇ ਹਰਦੀਪ ਸਿੰਘ ਮੁੰਡੀਆਂ

ਸ਼ਰਧਾਲੂਆਂ ਦੀ ਸਹੂਲਤ ਲਈ ਵਿਸ਼ੇਸ਼ ਹੈਲਪਲਾਈਨ ਨੰਬਰ ਜਾਰੀ



ਲੁਧਿਆਣਾ (ਵਿਸ਼ੇਸ਼ ਪ੍ਰਤੀਨਿਧ) : 15 ਨਵੰਬਰ ਨੂੰ ਮਨਾਏ ਜਾਣ ਵਾਲੇ ਪਾਵਨ ਤਿਉਹਾਰ ਛਠ ਪੂਜਾ (Chhath Puja) ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਅੱਜ ਉਚੇਚੇ ਤੌਰ ’ਤੇ ਲੁਧਿਆਣਾ ਪਹੁੰਚੇ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਕੁਲਵੰਤ ਸਿੰਘ ਸਿੱਧੂ, ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਅਤੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਖੰਗੂੜਾ ਸਮੇਤ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀ ਮੌਜੂਦ ਸਨ। ਵਫ਼ਦ ਨੇ ਸਿੱਧਵਾਂ ਨਹਿਰ (Sidhwan Canal) ਅਤੇ ਲਾਡੋਵਾਲ ਬੈਰੀਅਰ ਨੇੜੇ ਸਤਲੁਜ ਦਰਿਆ ਦੇ ਘਾਟਾਂ ’ਤੇ ਕੀਤੇ ਜਾ ਰਹੇ ਪ੍ਰਬੰਧਾਂ ਦਾ ਨਿਰੀਖਣ ਕੀਤਾ।

ਮੁੱਖ ਵੇਰਵੇ: ਛਠ ਪੂਜਾ ਪ੍ਰਬੰਧ ਇੱਕ ਨਜ਼ਰ ’ਚ

ਤਿਉਹਾਰ ਦੀ ਮਿਤੀ : 15 ਨਵੰਬਰ

ਮੁੱਖ ਨਿਰੀਖਣ ਸਥਾਨ : ਸਿੱਧਵਾਂ ਨਹਿਰ (Sidhwan Canal), ਸਿੱਧਵਾਂ ਬੇਟ ਅਤੇ ਲਾਡੋਵਾਲ ਬੈਰੀਅਰ (ਸਤਲੁਜ ਦਰਿਆ)

ਮੌਜੂਦ ਆਗੂ ਤੇ ਅਧਿਕਾਰੀ : ਕੈਬਨਿਟ ਮੰਤਰੀ ਅਮਨ ਅਰੋੜਾ, ਮੰਤਰੀ ਹਰਦੀਪ ਸਿੰਘ ਮੁੰਡੀਆਂ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਡੀ.ਸੀ. ਹਿਮਾਂਸ਼ੂ ਅਗਰਵਾਲ

ਵਿਸ਼ੇਸ਼ ਹੈਲਪਲਾਈਨ ਨੰਬਰ : 0161-2403100 (ਲੁਧਿਆਣਾ ਪ੍ਰਸ਼ਾਸਨ ਵੱਲੋਂ ਜਾਰੀ)

ਸੁਰੱਖਿਆ ਤੇ ਬਚਾਅ ਪ੍ਰਬੰਧ : SDRF ਦੀਆਂ ਟੀਮਾਂ, ਗੋਤਾਖੋਰ, ਸਿਹਤ ਵਿਭਾਗ ਦੀਆਂ ਟੀਮਾਂ, ਨਹਿਰ ਵਿੱਚ ਪਾਣੀ ਦਾ ਪੱਧਰ ਘੱਟ ਰੱਖਣ ਦੇ ਹੁਕਮ

ਨਿਗਰਾਨੀ (Supervision) : ਸਬੰਧਤ ਇਲਾਕਿਆਂ ਦੇ ਐੱਸ.ਡੀ.ਐੱਮ. (SDMs)

ਪੰਜਾਬ ਸਰਕਾਰ ਵੱਲੋਂ ਕੀਤੇ ਗਏ ਪ੍ਰਬੰਧ (ਕੈਬਨਿਟ ਮੰਤਰੀ ਅਮਨ ਅਰੋੜਾ ਅਨੁਸਾਰ)

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਮੁੱਚੇ ਪੰਜਾਬ ਵਿੱਚ ਛਠ ਪੂਜਾ ਦੇ ਪੁਖ਼ਤਾ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਦੂਜੇ ਸੂਬਿਆਂ ਤੋਂ ਆ ਕੇ ਪੰਜਾਬ ਵਿੱਚ ਵਸੇ ਭਰਾਵਾਂ ਨੂੰ ਘਰ ਵਰਗਾ ਸੁਖਾਵਾਂ ਮਾਹੌਲ ਮਿਲ ਸਕੇ:

ਸੁਰੱਖਿਆ ਅਤੇ ਆਫ਼ਤ ਪ੍ਰਬੰਧਨ: ਘਾਟਾਂ ’ਤੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ (SDRF) ਦੀਆਂ ਟੀਮਾਂ, ਮਾਹਰ ਗੋਤਾਖੋਰ, ਮੈਡੀਕਲ ਟੀਮਾਂ ਅਤੇ ਟ੍ਰੈਫਿਕ ਪੁਲਿਸ ਤਾਇਨਾਤ ਕੀਤੀ ਜਾਵੇਗੀ। ਨਹਿਰੀ ਵਿਭਾਗ ਨੂੰ ਨਹਿਰ ਵਿੱਚ ਪਾਣੀ ਦਾ ਪੱਧਰ ਨਿਯੰਤਰਿਤ ਰੱਖਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

ਸਫ਼ਾਈ ਅਤੇ ਕੂੜਾ ਪ੍ਰਬੰਧਨ: ਪੂਜਾ ਸਮੱਗਰੀ ਦੇ ਸਹੀ ਨਿਪਟਾਰੇ ਲਈ ਨਗਰ ਨਿਗਮ, ਸਿੰਚਾਈ ਅਤੇ ਡਰੇਨੇਜ ਵਿਭਾਗ ਦੀਆਂ ਸਾਂਝੀਆਂ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ ਤਾਂ ਜੋ ਸਮਾਗਮ ਤੋਂ ਤੁਰੰਤ ਬਾਅਦ ਘਾਟਾਂ ਦੀ ਮੁਕੰਮਲ ਸਫ਼ਾਈ ਯਕੀਨੀ ਬਣਾਈ ਜਾ ਸਕੇ।

ਭਾਈਚਾਰਕ ਸਾਂਝ ਦੀ ਅਪੀਲ: ਕੁਝ ਜਥੇਬੰਦੀਆਂ ਵੱਲੋਂ ਜਤਾਏ ਗਏ ਇਤਰਾਜ਼ਾਂ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਅਮਨ ਅਰੋੜਾ ਨੇ ਗੁਰੂ ਸਾਹਿਬਾਨ ਦੇ ਸਰਬ-ਸਾਂਝੀਵਾਲਤਾ ਦੇ ਸੰਦੇਸ਼ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਾਨੂੰ ਆਪਣੇ ਧਰਮ ਵਿੱਚ ਪਰਪੱਕ ਰਹਿੰਦਿਆਂ ਦੂਜਿਆਂ ਦੇ ਵਿਸ਼ਵਾਸ ਅਤੇ ਭਾਵਨਾਵਾਂ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ।

ਮੁਹੱਲਿਆਂ ’ਚ ਪੂਜਾ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤਾਂ (ਮੰਤਰੀ ਹਰਦੀਪ ਮੁੰਡੀਆਂ ਤੇ ਵਿਧਾਇਕ ਸਿੱਧੂ ਅਨੁਸਾਰ)

JCB, ਪਾਣੀ ਦੇ ਟੈਂਕਰ ਅਤੇ ਤਰਪਾਲਾਂ ਦੀ ਸਹੂਲਤ: ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਲੁਧਿਆਣਾ ਪੂਰਬੀ, ਸਾਹਨੇਵਾਲ, ਦੱਖਣੀ ਅਤੇ ਗਿੱਲ ਹਲਕਿਆਂ ਵਿੱਚ ਜਿਹੜੇ ਸ਼ਰਧਾਲੂ ਆਪਣੇ ਮੁਹੱਲਿਆਂ ਵਿੱਚ ਆਰਜ਼ੀ ਤਲਾਬ ਬਣਾ ਕੇ ਪੂਜਾ ਕਰਦੇ ਹਨ, ਉਹ ਹੈਲਪਲਾਈਨ ਨੰਬਰ 0161-2403100 ’ਤੇ ਸੰਪਰਕ ਕਰਕੇ ਪ੍ਰਸ਼ਾਸਨ ਕੋਲੋਂ ਜੇ.ਸੀ.ਬੀ. (JCB), ਪਾਣੀ ਵਾਲੇ ਟੈਂਕਰ ਅਤੇ ਤਰਪਾਲਾਂ ਦੀ ਸਹੂਲਤ ਮੁਫ਼ਤ ਹਾਸਲ ਕਰ ਸਕਦੇ ਹਨ।

ਸ਼ਿਕਾਇਤ ਨਿਵਾਰਣ: ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਖੰਗੂੜਾ ਨੇ ਦੱਸਿਆ ਕਿ ਸਿੱਧਵਾਂ ਨਹਿਰ ’ਤੇ ਲਗਭਗ 1200 ਪੂਜਾ ਸਥਾਨ (ਟੇਬਲ) ਲੱਗਦੇ ਹਨ। ਜੇਕਰ ਕਿਸੇ ਪ੍ਰਬੰਧਕ ਨੂੰ ਮਨਜ਼ੂਰੀ ਲੈਣ ਵਿੱਚ ਕੋਈ ਦਿੱਕਤ ਆਉਂਦੀ ਹੈ ਜਾਂ ਕੋਈ ਅਧਿਕਾਰੀ ਬੇਲੋੜਾ ਤੰਗ ਕਰਦਾ ਹੈ, ਤਾਂ ਇਸ ਹੈਲਪਲਾਈਨ ਨੰਬਰ ’ਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ।

ਸਿਆਸੀ ਮੁੱਦਿਆਂ ’ਤੇ ਅਮਨ ਅਰੋੜਾ ਦੇ ਤਿੱਖੇ ਬਿਆਨ

ਪ੍ਰੈੱਸ ਕਾਨਫਰੰਸ ਦੌਰਾਨ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਅਮਨ ਅਰੋੜਾ ਨੇ ਵਿਰੋਧੀ ਪਾਰਟੀਆਂ ’ਤੇ ਵੀ ਨਿਸ਼ਾਨੇ ਸਾਧੇ:

ਕਾਂਗਰਸ ਦੀ ਅੰਦਰੂਨੀ ਫੁੱਟ: ਉਨ੍ਹਾਂ ਪੰਜਾਬ ਕਾਂਗਰਸ ਨੂੰ ‘ਖਿੰਡਿਆ ਹੋਇਆ ਸਾਈਕਲ’ ਕਰਾਰ ਦਿੰਦਿਆਂ ਕਿਹਾ ਕਿ ਪਾਰਟੀ ਵਿੱਚ ਚੰਨੀ, ਬਾਜਵਾ, ਖਹਿਰਾ ਅਤੇ ਰਾਜਾ ਵੜਿੰਗ ਦੇ ਵੱਖੋ-ਵੱਖਰੇ ਧੜੇ ਬਣੇ ਹੋਏ ਹਨ।

ਭਾਜਪਾ ਅਤੇ ਪੀ.ਸੀ.ਐੱਸ. ਪ੍ਰੀਖਿਆ ਵਿਵਾਦ: ਭਾਜਪਾ ਵੱਲੋਂ ਪੀ.ਸੀ.ਐੱਸ. (PCS) ਪ੍ਰੀਖਿਆਵਾਂ ਵਿਰੁੱਧ ਕੀਤੇ ਪ੍ਰਦਰਸ਼ਨਾਂ ਨੂੰ ਨਕਾਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪ੍ਰੀਖਿਆਵਾਂ ਪੂਰੀ ਪਾਰਦਰਸ਼ਤਾ ਨਾਲ ਹੋਈਆਂ ਹਨ, ਜਦਕਿ ਭਾਜਪਾ ਨੂੰ ਕੇਂਦਰ ਸਰਕਾਰ ਦੇ ਪੇਪਰ ਲੀਕ ਮਾਮਲਿਆਂ ’ਤੇ ਜਵਾਬ ਦੇਣਾ ਚਾਹੀਦਾ ਹੈ।

ਜੰਮੂ-ਕਸ਼ਮੀਰ ਅੱਤਵਾਦੀ ਹਮਲਾ: ਜੰਮੂ-ਕਸ਼ਮੀਰ ਵਿੱਚ ਹੋਏ ਅੱਤਵਾਦੀ ਹਮਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਉਨ੍ਹਾਂ ਇਸ ਨੂੰ ਕੇਂਦਰ ਸਰਕਾਰ ਦੀ ਖ਼ੁਫ਼ੀਆ ਤੰਤਰ ਦੀ ਨਾਕਾਮੀ (Intelligence Failure) ਦੱਸਿਆ ਅਤੇ ਸਖ਼ਤ ਕਦਮ ਚੁੱਕਣ ਦੀ ਮੰਗ ਕੀਤੀ।

ਅਰਵਿੰਦ ਕੇਜਰੀਵਾਲ ਨੂੰ ਫਿਰੌਤੀ ਦੀ ਕਾਲ: ਇਸ ਸਵਾਲ ’ਤੇ ਚੁਟਕੀ ਲੈਂਦਿਆਂ ਅਮਨ ਅਰੋੜਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਕੋਲ ਪੈਸੇ ਦਾ ਨਹੀਂ ਸਗੋਂ ਬਿਹਤਰ ਸਿੱਖਿਆ, ਸ਼ਾਨਦਾਰ ਸਕੂਲਾਂ ਅਤੇ ਹਸਪਤਾਲਾਂ ਦੇ ਮਾਡਲ ਦਾ ਖ਼ਜ਼ਾਨਾ ਹੈ, ਸ਼ਾਇਦ ਕਿਸੇ ਨੇ ਭੁਲੇਖੇ ਨਾਲ ਕਾਲ ਕਰ ਦਿੱਤੀ ਹੋਵੇਗੀ।

ਪੰਜਾਬ ਭਰ ਵਿੱਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਣ ਵਾਲੇ ਛਠ ਪੂਜਾ ਸਮਾਗਮਾਂ ਅਤੇ ਘਾਟਾਂ ’ਤੇ ਹੋਣ ਵਾਲੀਆਂ ਧਾਰਮਿਕ ਰਸਮਾਂ ਦੀ ਝਲਕ ਹੇਠਾਂ ਦਿੱਤੀ ਵੀਡੀਓ ਵਿੱਚ ਵੇਖੀ ਜਾ ਸਕਦੀ ਹੈ।

ਪਾਬੰਦੀਆਂ ਲਾਏ ਜਾਣ ’ਤੇ ਵਾਂਗਚੁਕ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਤੇ ਲੱਦਾਖ ਦੇ ਉਪ ਰਾਜਪਾਲ ਨੂੰ ਪੱਤਰ

ਸ੍ਰੀਨਗਰ : ਲੱਦਾਖ ਪ੍ਰਸ਼ਾਸਨ ਵੱਲੋਂ ਸੋਨਮ ਵਾਂਗਚੁਕ ’ਤੇ 60 ਦਿਨਾਂ ਲਈ ਪਾਬੰਦੀਆਂ ਲਗਾਏ ਜਾਣ ਤੋਂ ਬਾਅਦ ਇਸ ਵਾਤਾਵਰਣ ਕਾਰਕੁਨ ਨੇ ਕੇਂਦਰੀ ਗ੍ਰਹਿ ਮੰਤਰੀ, ਲੱਦਾਖ ਦੇ ਉਪ ਰਾਜਪਾਲ ਅਤੇ ਹੋਰਨਾਂ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਇਸ ਹੁਕਮ ਨੇ ਅਸਲ ਵਿੱਚ ਉਨ੍ਹਾਂ ਦੇ ‘ਘੁੰਮਣ-ਫਿਰਨ ਅਤੇ ਬੋਲਣ ਦੀ ਆਜ਼ਾਦੀ ਦੇ ਅਧਿਕਾਰ’ ਨੂੰ ਸੀਮਤ ਕਰ ਦਿੱਤਾ ਹੈ।

ਇਨ੍ਹਾਂ ਪਾਬੰਦੀਆਂ ਤਹਿਤ ਉਨ੍ਹਾਂ ਨੂੰ ‘ਕਿਸੇ ਵੀ ਗਤੀਵਿਧੀ ਵਿੱਚ ਸ਼ਾਮਲ ਹੋਣ, ਕਿਸੇ ਵੀ ਅਣਅਧਿਕਾਰਤ ਰੈਲੀ, ਜਲੂਸ ਜਾਂ ਜਨਤਕ ਇਕੱਠ ਦਾ ਪ੍ਰਬੰਧ ਕਰਨ ਜਾਂ ਉਸ ਵਿੱਚ ਹਿੱਸਾ ਲੈਣ÷ ਤੋਂ ਰੋਕਿਆ ਗਿਆ ਹੈ।

ਉਨ੍ਹਾਂ ਕਿਹਾ ਕਿ ‘ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਅਧਿਕਾਰ ਇਸ ਦੇਸ਼ ਦੇ ਹਰ ਨਾਗਰਿਕ ਨੂੰ ਦਿੱਤਾ ਗਿਆ ਇੱਕ ਮੌਲਿਕ ਅਧਿਕਾਰ ਹੈ।’ ਉਨ੍ਹਾਂ ਪੱਤਰ ਵਿੱਚ ਕਿਹਾ, ‘ਹੁਕਮ ਵਿੱਚ ਦਰਜ ਆਦਰਸ਼ ਚੋਣ ਜ਼ਾਬਤੇ ਨੂੰ ਲਾਗੂ ਕਰਨ ਦਾ ਹਵਾਲਾ ਆਪਣੇ ਆਪ ਵਿੱਚ ਇਸ ਅਧਿਕਾਰ ਨੂੰ ਖੋਹਣ ਜਾਂ ਅਜਿਹੀਆਂ ਪਾਬੰਦੀਆਂ ਲਗਾਉਣ ਲਈ ਇੱਕ ਆਮ ਬਹਾਨੇ ਵਜੋਂ ਨਹੀਂ ਵਰਤਿਆ ਜਾ ਸਕਦਾ, ਜੋ ਬਿਨਾਂ ਕਿਸੇ ਠੋਸ ਕਾਰਨ ਦੇ ਮੈਨੂੰ ਅਸਲ ਵਿੱਚ ਮੇਰੀ ਰਿਹਾਇਸ਼ ਤੱਕ ਸੀਮਤ ਕਰ ਦਿੰਦੀਆਂ ਹਨ।’

ਇਹ ਦੱਸਦਿਆਂ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਕੀਤੇ ਗਏ ਹੁਕਮ ਵਿੱਚ ‘ਸਪੱਸ਼ਟ ਤੌਰ ’ਤੇ ‘ਨਜ਼ਰਬੰਦੀ’ (house arrest) ਵਰਗੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਇਸ ਵਿੱਚ ‘ਹਿਰਾਸਤ’ ਜਾਂ ‘ਕੈਦ’ ਵਰਗੇ ਸ਼ਬਦ ਵਰਤੇ ਗਏ ਹਨ’, ਵਾਂਗਚੁਕ ਨੇ ਕਿਹਾ, ‘ਇਹ ਮੈਨੂੰ ਕਿਤੇ ਵੀ ਆਪਣੀ ਰਿਹਾਇਸ਼ ’ਤੇ ਰਹਿਣ ਦਾ ਨਿਰਦੇਸ਼ ਨਹੀਂ ਦਿੰਦਾ — ਇਹ ਨਿਰਦੇਸ਼ ਮੈਨੂੰ ਉਨ੍ਹਾਂ ਕਰਮਚਾਰੀਆਂ ਵੱਲੋਂ ਜ਼ੁਬਾਨੀ ਤੌਰ ’ਤੇ ਦਿੱਤਾ ਗਿਆ ਸੀ ਜਿਨ੍ਹਾਂ ਨੇ ਮੈਨੂੰ ਚੁੱਕਿਆ ਸੀ ਅਤੇ ਜੋ



ਹੁਣ ਮੇਰੇ ਘਰ ਦੇ ਬਾਹਰ ਮੌਜੂਦ ਹਨ।’

ਉਨ੍ਹਾਂ ਕਿਹਾ, ‘ਹੁਕਮ ਵਿੱਚ ਮੇਰੀ ਆਵਾਜਾਈ ’ਤੇ ਲਗਾਈਆਂ ਗਈਆਂ ਪਾਬੰਦੀਆਂ ਦੇ ਦਾਇਰੇ ਜਾਂ ਹੱਦ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ, ਜਿਸ ਨਾਲ ਇਨ੍ਹਾਂ ਨੂੰ ਲਾਗੂ ਕਰਨ ਦਾ ਫ਼ੈਸਲਾ ਤਾਇਨਾਤ ਪੁਲੀਸ ਮੁਲਾਜ਼ਮਾਂ ਦੀ ਮਰਜ਼ੀ ’ਤੇ ਛੱਡ ਦਿੱਤਾ ਗਿਆ ਹੈ।’

ਉਨ੍ਹਾਂ ਕਿਹਾ, ‘ਰਾਤ ਕਰੀਬ 8:00 ਵਜੇ, ਜਦੋਂ ਮੈਂ ਟੈਂਟ ਵਿੱਚ ਉਨ੍ਹਾਂ ਨਾਲ ਚਾਹ-ਪਾਣੀ ਲੈ ਰਿਹਾ ਸੀ, ਤਾਂ ਬਿਨਾਂ ਨੇਮ ਪਲੇਟ ਤੋਂ ਸਾਦੇ ਕੱਪੜਿਆਂ ਵਿੱਚ ਹੁੱਡੀਆਂ ਅਤੇ ਕਾਲੇ ਮਾਸਕ ਪਹਿਨੇ ਪੁਲੀਸ ਮੁਲਾਜ਼ਮਾਂ ਦਾ ਇੱਕ ਸਮੂਹ, ਇੱਕ ਵਰਦੀਧਾਰੀ ਪੁਲੀਸ ਅਧਿਕਾਰੀ ਦੇ ਨਾਲ ਉੱਥੇ ਪਹੁੰਚਿਆ।÷ ਉਨ੍ਹਾਂ ਅੱਗੇ ਕਿਹਾ, ‘...ਮਾਸਕ ਪਹਿਨੇ ਚਾਰ ਵਿਅਕਤੀਆਂ ਵੱਲੋਂ ਮੈਨੂੰ ਜ਼ਬਰਦਸਤੀ ਇੱਕ ਗੱਡੀ ਵਿੱਚ ਧੱਕ ਦਿੱਤਾ ਗਿਆ ਅਤੇ ਮੈਨੂੰ ਇਹ ਵੀ ਨਹੀਂ ਦੱਸਿਆ ਗਿਆ ਕਿ ਮੈਨੂੰ ਕਿੱਥੇ ਲਿਜਾਇਆ ਜਾ ਰਿਹਾ ਹੈ। ਉਨ੍ਹਾਂ ਨੇ ਮੈਨੂੰ ਆਪਣਾ ਫ਼ੋਨ ਬਾਹਰ ਨਹੀਂ ਕੱਢਣ ਦਿੱਤਾ ਅਤੇ ਮੇਰੇ ਤੋਂ ਫ਼ੋਨ ਖੋਹਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਦਾ ਮੈਂ ਵਿਰੋਧ ਕੀਤਾ। ਇਸ ਤਰ੍ਹਾਂ ਮੈਨੂੰ ਆਪਣੇ ਪਰਿਵਾਰ ਨੂੰ ਸੂਚਿਤ ਕਰਨ ਜਾਂ ਕਿਸੇ ਵਕੀਲ ਨਾਲ ਗੱਲ ਕਰਨ ਤੋਂ ਰੋਕਿਆ ਗਿਆ।’

ਵਾਂਗਚੁਕ ਨੇ ਦੱਸਿਆ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਪਿੰਡ ਵੱਲ ਲਿਜਾਇਆ ਗਿਆ। ਉਨ੍ਹਾਂ ਕਿਹਾ, ‘ਮੈਨੂੰ ਪੁਲੀਸ ਗਾਰਡਾਂ ਦੀ ਨਿਗਰਾਨੀ ਹੇਠ ਘਰ ਵਿੱਚ ਰਹਿਣ ਲਈ ਕਿਹਾ ਗਿਆ। ਉਸ ਸ਼ਾਮ ਤੋਂ ਲੈ ਕੇ, ਦਰਜਨਾਂ ਹਥਿਆਰਬੰਦ ਪੁਲੀਸ ਮੁਲਾਜ਼ਮ (ਲਗਭਗ 20 ਤੋਂ 22) ਮੇਰੀ ਰਿਹਾਇਸ਼ ’ਤੇ ਅਤੇ ਇਸ ਦੇ ਆਲੇ-ਦੁਆਲੇ ਤਾਇਨਾਤ ਕੀਤੇ ਗਏ ਹਨ ਅਤੇ ਜਦੋਂ ਮੈਂ ਇਹ ਪੱਤਰ ਲਿਖ ਰਿਹਾ ਹਾਂ, ਉਦੋਂ ਵੀ ਉਹ ਉੱਥੇ ਤਾਇਨਾਤ ਹਨ।’

ਜ਼ਿਲ੍ਹਾ ਪ੍ਰਸ਼ਾਸਨ ਦੇ ਹੁਕਮਾਂ ਦਾ ਹਵਾਲਾ ਦਿੰਦਿਆਂ ਵਾਂਗਚੁਕ ਨੇ ਕਿਹਾ, ‘ਹੁਕਮ ਵਿੱਚ ਅਜਿਹੀ ਲੰਬੀ ਪਾਬੰਦੀ ਦੀ ਲੋੜ ਜਾਂ ਅਨੁਪਾਤਕਤਾ ਨੂੰ ਜਾਇਜ਼ ਠਹਿਰਾਉਣ ਵਾਲੇ ਕਿਸੇ ਵੀ ਕਾਰਨ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ, ਅਤੇ ਨਾ ਹੀ ਇਸ ਵਿੱਚ ਮੇਰੇ ਨਾਲ ਜੁੜੀ ਕਿਸੇ ਅਜਿਹੀ ਲਗਾਤਾਰ ਐਮਰਜੈਂਸੀ ਜਾਂ ਖ਼ਤਰੇ ਦੀ ਪਛਾਣ ਕੀਤੀ ਗਈ ਹੈ ਜੋ ਇੰਨੇ ਲੰਬੇ ਸਮੇਂ ਦੀਆਂ ਪਾਬੰਦੀਆਂ ਨੂੰ ਜਾਇਜ਼ ਠਹਿਰਾਉਂਦੀ ਹੋਵੇ।’

ਉਨ੍ਹਾਂ ਕਿਹਾ, ‘ਜਿਸ ਚੋਣ ਪ੍ਰਕਿਰਿਆ ਦੀ ਰੱਖਿਆ ਕਰਨ ਦੀ ਗੱਲ ਕਹੀ ਜਾ ਰਹੀ ਹੈ, ਉਹ ਨੋਟੀਫਾਈਡ ਪ੍ਰੋਗਰਾਮ ਤਹਿਤ 08.12.2026 ਨੂੰ ਸਮਾਪਤ ਹੋਣੀ ਤੈਅ ਹੈ। ਇਹ ਕਾਰਵਾਈਆਂ ਸਪੱਸ਼ਟ ਤੌਰ ’ਤੇ ਚੋਣਾਂ ਤੋਂ ਪਹਿਲਾਂ ਮੇਰੀ ਆਵਾਜਾਈ ਅਤੇ ਅਧਿਕਾਰਾਂ ਨੂੰ ਸੀਮਤ ਕਰਨ ਲਈ ਕੀਤੀਆਂ ਗਈਆਂ ਹਨ।’ ਉਨ੍ਹਾਂ ਅੱਗੇ ਕਿਹਾ, ‘ਉਪਰੋਕਤ ਦੇ ਮੱਦੇਨਜ਼ਰ, ਮਿਤੀ 11.11.2026 ਦਾ ਹੁਕਮ ਕਾਨੂੰਨੀ ਤੌਰ ’ਤੇ ਸਪੱਸ਼ਟ ਤੌਰ ’ਤੇ ਗ਼ਲਤ, ਮਨਮਾਨਾ, ਅਸਪੱਸ਼ਟ ਅਤੇ ਅਣਉਚਿਤ ਹੈ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਜਲਦੀ ਤੋਂ ਜਲਦੀ ਸਪੱਸ਼ਟੀਕਰਨ ਦਿੱਤਾ ਜਾਵੇ, ਅਤੇ ਬਿਨਾਂ ਕਿਸੇ ਦੇਰੀ ਦੇ ਇਸ ਹੁਕਮ ਨੂੰ ਵਾਪਸ ਲਿਆ ਜਾਵੇ।’

‘ਨੇਜ਼ਾ ਬਾਜ਼ੀ ਪੰਜਾਬ ਚੈਂਪੀਅਨਸ਼ਿਪ 2026’ ਦੌਰਾਨ ਘੋੜਸਵਾਰਾਂ ਨੇ ਦਿਖਾਏ ਜੰਗੀ ਜੌਹਰ

ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ ਨੇ ਕੀਤੀ ਸ਼ਮੂਲੀਅਤ

ਅੰਮ੍ਰਿਤਸਰ : (ਸਮਾਚਾਰ ਏਜੰਸੀ ਏ.ਐੱਨ.ਆਈ.) ਬੁੱਧਵਾਰ ਨੂੰ ਅੰਮ੍ਰਿਤਸਰ ਦੇ ਇੱਕ ਪਿੰਡ ਵਿਖੇ ‘ਨੇਜ਼ਾ ਬਾਜ਼ੀ ਪੰਜਾਬ ਚੈਂਪੀਅਨਸ਼ਿਪ 2026’ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਰਵਾਇਤੀ ਘੋੜਸਵਾਰੀ ਮੁਕਾਬਲੇ ਦੌਰਾਨ ਵੱਡੀ ਗਿਣਤੀ ਵਿੱਚ ਘੋੜਸਵਾਰਾਂ ਨੇ ਤੇਜ਼ ਰਫ਼ਤਾਰ ਘੋੜਿਆਂ ’ਤੇ ਸਵਾਰ ਹੋ ਕੇ ਨੇਜ਼ੇ ਨਾਲ ਕਿੱਲਾ ਪੁੱਟਣ (Tent Pegging) ਦੀ ਆਪਣੀ ਵਿਰਾਸਤੀ ਕਲਾ ਅਤੇ ਨਿਸ਼ਾਨੇਬਾਜ਼ੀ ਦੇ ਜੌਹਰ ਦਿਖਾਏ। ਇਸ ਮੌਕੇ ਨਿਹੰਗ ਸਿੰਘ ਧਾਰਮਿਕ ਆਗੂਆਂ ਅਤੇ ਵੱਡੀ ਗਿਣਤੀ ਵਿੱਚ ਪਹੁੰਚੇ ਦਰਸ਼ਕਾਂ ਨੇ ਮੈਦਾਨ ਵਿੱਚ ਬੈਠ ਕੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

ਮੁੱਖ ਵੇਰਵੇ ਇੱਕ ਨਜ਼ਰ ’ਚ

ਸਮਾਗਮ ਦਾ ਨਾਂ : ਨੇਜ਼ਾ ਬਾਜ਼ੀ ਪੰਜਾਬ ਚੈਂਪੀਅਨਸ਼ਿਪ 2026 (Neza Bazi / Tent Pegging Punjab Championship 2026)

ਸਥਾਨ : ਅੰਮ੍ਰਿਤਸਰ (ਪੰਜਾਬ) ਦਾ ਇੱਕ ਪੇਂਡੂ ਖੇਡ ਮੈਦਾਨ

ਦਿਨ ਅਤੇ ਮਿਤੀ : ਬੁੱਧਵਾਰ, 11 ਨਵੰਬਰ 2026

ਮੁੱਖ ਹਾਜ਼ਰੀ : ਨਿਹੰਗ ਸਿੰਘ ਧਾਰਮਿਕ ਆਗੂ, ਘੋੜਸਵਾਰ ਖਿਡਾਰੀ ਅਤੇ ਸਥਾਨਕ ਦਰਸ਼ਕ

ਖੇਡ ਦੀ ਕਿਸਮ : ਨੇਜ਼ਾ ਬਾਜ਼ੀ (Tent Pegging—ਰਵਾਇਤੀ ਘੋੜਸਵਾਰੀ ਅਤੇ ਨੇਜ਼ੇਬਾਜ਼ੀ ਦੀ ਖੇਡ)



ਨੇਜ਼ਾ ਬਾਜ਼ੀ (Tent Pegging) ਦਾ ਇਤਿਹਾਸਕ ਅਤੇ ਵਿਰਾਸਤੀ ਮਹੱਤਵ

ਪੁਰਾਤਨ ਜੰਗੀ ਕਲਾ: ਨੇਜ਼ਾ ਬਾਜ਼ੀ (ਜਿਸ ਨੂੰ ਅੰਗਰੇਜ਼ੀ ਵਿੱਚ Tent Pegging ਕਿਹਾ ਜਾਂਦਾ ਹੈ) ਪੰਜਾਬ ਅਤੇ ਖ਼ਾਸ ਕਰਕੇ ਸਿੱਖ ਵਿਰਾਸਤ ਦੀ ਇੱਕ ਪੁਰਾਤਨ ਜੰਗੀ ਅਤੇ ਘੋੜਸਵਾਰੀ ਕਲਾ ਹੈ। ਪੁਰਾਣੇ ਸਮਿਆਂ ਵਿੱਚ ਜੰਗ ਦੇ ਮੈਦਾਨ ਵਿੱਚ ਘੋੜਸਵਾਰ ਫ਼ੌਜੀ ਦੁਸ਼ਮਣ ਦੇ ਤੰਬੂਆਂ ਦੇ ਕਿੱਲੇ ਪੁੱਟਣ ਅਤੇ ਤੇਜ਼ ਰਫ਼ਤਾਰ ਨਾਲ ਹਮਲਾ ਕਰਨ ਲਈ ਇਸ ਹੁਨਰ ਦਾ ਅਭਿਆਸ ਕਰਦੇ ਸਨ।

ਨਿਹੰਗ ਸਿੰਘ ਪਰੰਪਰਾ: ਨਿਹੰਗ ਸਿੰਘ ਦਲਾਂ ਵਿੱਚ ਘੋੜਸਵਾਰੀ ਅਤੇ ਨੇਜ਼ਾ ਬਾਜ਼ੀ ਨੂੰ ਅੱਜ ਵੀ ਪੂਰੇ ਉਤਸ਼ਾਹ ਨਾਲ ਸੰਭਾਲਿਆ ਜਾ ਰਿਹਾ ਹੈ। ਹੋਲਾ ਮਹੱਲਾ ਅਤੇ ਸੂਬਾ ਪੱਧਰੀ ਚੈਂਪੀਅਨਸ਼ਿਪਾਂ ਦੌਰਾਨ ਘੋੜਸਵਾਰਾਂ ਵੱਲੋਂ ਇਸ ਵਿਰਾਸਤੀ ਖੇਡ ਦਾ ਪ੍ਰਦਰਸ਼ਨ ਨੌਜਵਾਨ ਪੀੜ੍ਹੀ ਨੂੰ ਆਪਣੇ ਇਤਿਹਾਸ, ਸਰੀਰਕ ਤੰਦਰੁਸਤੀ ਅਤੇ ਵਿਰਾਸਤੀ ਖੇਡਾਂ ਨਾਲ ਜੋੜਨ ਦਾ ਅਹਿਮ ਜ਼ਰੀਆ ਬਣਿਆ ਹੋਇਆ ਹੈ।

ਮੁਕਾਬਲੇ ਦੀ ਵਿਧੀ: ਇਸ ਖੇਡ ਵਿੱਚ ਘੋੜਸਵਾਰ ਤੇਜ਼ ਦੌੜਦੇ ਘੋੜੇ ਉੱਤੋਂ ਹੇਠਾਂ ਝੁਕ ਕੇ ਆਪਣੇ ਹੱਥ ਵਿਚਲੇ ਲੰਬੇ ਨੇਜ਼ੇ (Lance) ਨਾਲ ਜ਼ਮੀਨ ਵਿੱਚ ਗੱਡੇ ਹੋਏ ਲੱਕੜ ਦੇ ਕਿੱਲੇ ਨੂੰ ਨਿਸ਼ਾਨਾ ਬਣਾ ਕੇ ਪੁੱਟਦੇ ਹਨ, ਜਿਸ ਲਈ ਘੋੜੇ ਦੀ ਰਫ਼ਤਾਰ, ਸੰਤੁਲਨ ਅਤੇ ਅੱਖਾਂ ਦੇ ਸਟੀਕ ਨਿਸ਼ਾਨੇ ਦਾ ਸੁਮੇਲ ਹੋਣਾ ਬੇਹੱਦ ਜ਼ਰੂਰੀ ਹੁੰਦਾ ਹੈ।

ੴ ਵਾਹਿਗੁਰੂ ਜੀ ਕੀ ਫ਼ਤਹ ॥

ਜੋਤਿ ਗ੍ਰੰਥ ਵਿਚ ਸਰੀਰ ਪੰਥ ਵਿਚ

ਅੱਜ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਬਾਰੇ ਕੁਝ ਲਿਖਣ ਲਈ ਬੈਠਿਆ ਤਾਂ ਦਿਲ ਵਿੱਚ ਇਹ ਵਲਵਲਾ ਉਠਿਆ

ਜੋਤਿ ਟਿਕਾਇ ਕਰ ਗ੍ਰੰਥ ਮਹਿ,
ਆਪ ਪੰਥ ਮਹਿ ਗਯੋ ਸਮਾਇ॥
ਜੋਤਿ ਜੁਗਤਿ ਕੇ ਰਹਸੁ ਕਉ,
ਪੰਥ-ਗ੍ਰੰਥ ਮਹਿ ਦੀਓ ਦਿਖਾਇ॥ (ਸਵੈ ਲਿਖਤ)

ਸੰਸਾਰ ਦੇ ਇਤਿਹਾਸ ਵਿਚ ਇਹ ਪਹਿਲਾ ਵਾਕਿਆ ਹੈ ਕਿ ਕਿਸੇ ਪਵਿੱਤਰ ਗ੍ਰੰਥ ਵਿਚ ਗੁਰਿਆਈ ਦੀ ਜੋਤ ਟਿਕਾਈ ਗਈ ਹੋਵੇ। ਸੰਸਾਰ ਵਿਚ ਅਨੇਕਾ ਧਰਮ ਹਨ ਅਤੇ ਉਹਨਾਂ ਦੀਆਂ ਪਵਿੱਤਰ ਧਾਰਮਿਕ ਪੁਸਤਕਾਂ ਹਨ, ਪਰ ਕਿਸੇ ਨੂੰ ਵੀ 'ਜੀਵਤ ਗੁਰੂ' ਦਾ ਦਰਜਾ ਨਹੀਂ ਪ੍ਰਾਪਤ ਹੋਇਆ। ਜਿਹੜਾ ਗੁਰੂ ਦਾ ਦਰਜਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਾਪਤ ਸੀ ਬਿਲਕੁਲ ਉਸੇ ਹੀ ਬਿਧ ਨਾਲ ਉਹੀ ਦਰਜਾ ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਦੇ ਕਿ ਉਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਜੋਂ ਪ੍ਰਗਟ ਕੀਤਾ ਗਿਆ। ਇਹ ਸਿੱਖ ਰਹੱਸਵਾਦ ਦਾ ਅਦੁੱਤੀ ਅਤੇ ਵਿਲੱਖਣ ਵਰਤਾਰਾ ਸੀ।

ਇਤਿਹਾਸਕ ਦਿਹਾੜੇ ਅਤੇ ਗੁਰਿਆਈ ਦਾ ਰਹੱਸ


੧੧ ਨਵੰਬਰ, ੨੦੨੬ (੨੬ ਕੱਤਕ,ਕੱਤਕ ਸੁਦੀ ੨) ਗੁਰਿਆਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ੧੪ ਨਵੰਬਰ, ੨੦੨੬ (੨੯ ਕੱਤਕ, ਕੱਤਕ ਸੁਦੀ ੫) ਜੋਤੀ ਜੋਤਿ ਪੁਰਬ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ। ਇਹ ਮਾਨਵਤਾ ਦੇ ਇਤਿਹਾਸ ਵਿਚ ਦੋ ਅਹਿਮ ਦਿਨ ਹਨ। ਸਿੱਖ ਪੰਥ ਲਈ ਇਹ ਅਦੁੱਤੀ ਰਹੱਸਵਾਦ ਦੇ ਦੋ ਮੁਕਾਮ ਹਨ ਜਦੋ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਨੂੰ ਖ਼ੁਦ ਮੱਥਾ ਟੇਕ ਕੇ ਹੁਕਮ ਕੀਤਾ ਕਿ ਹੁਣ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਪ੍ਰਤੱਖ ਰੂਪ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਜੁਗੋ ਜੁਗ ਅਟਲ ਗੁਰੂ ਹਨ। ਪਰ ਸਤਿਗੁਰੂ ਜੀ ਵਲੋਂ ਗਰੂ ਗ੍ਰੰਥ ਸਾਹਿਬ ਨੂੰ ਗੁਰੂ ਐਲਾਨਣ ਤੋਂ ਪਹਿਲਾਂ ਉਸ ਵਿਚ ਗੁਰਿਆਈ ਦੀ 'ਜੋਤਿ' ਸਥਾਪਤ ਕੀਤੀ ਅਤੇ ਗੁਰੂ ਦੀ 'ਜੁਗਤੀ' ਖਾਲਸੇ ਵਿਚ ਜਜ਼ਬ ਕਰ ਦਿੱਤੀ ਗਈ।

ਸਰੀਰ ਅਤੇ ਸ਼ਬਦ ਦਾ ਸਿਧਾਂਤ

ਇੱਕ ਵੇਰ ਇੱਕ ਸਿੱਖ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਸੀ ਕਿ ਸੱਚੇ ਪਾਤਿਸ਼ਾਹ ਕਿਰਪਾ ਕਰੋ ਤੁਹਾਥੋਂ ਕਦੀ ਵਿਛੜੀਏ ਨਾ। ਸਤਿਗੁਰੂ ਜੀ ਨੇ ਬਚਨ ਕੀਤੇ ਸਨ, ਸਰੀਰ ਨਾਲ ਜੁੜੋਗੇ ਵਿਛੁੜ ਜਾਉਗੇ, ਸ਼ਬਦ ਨਾਲ ਜੁੜੋ, ਹਮੇਸ਼ਾਂ ਜੁੜੇ ਰਹੋਗੇ। ਇਹ ਰਹੱਸ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਨਾਲ ਪ੍ਰਤੱਖ ਹੋਇਆ।

ਹਰ ਸਿੱਖ ਨਿਤਾਪ੍ਰਤਿ ਅਰਦਾਸ ਵਿੱਚ ਦੁਹਰਾਉਂਦਾ ਹੈ—'ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ...'। 'ਸਿੱਖ' ਦੀ ਪਰਿਭਾਸ਼ਾ ਦੇ ਇਹ ਸ਼ਬਦ ਸਿੱਖ ਰਹਿਤ ਮਰਯਾਦਾ ਵਿਚ ਦਰਜ ਹਨ। ਜੋ ਮਨੁੱਖ ਇਸ ਸਿਧਾਂਤ ਤੋਂ ਮੁਨਕਰ (ਇਨਕਾਰੀ) ਹੈ, ਉਹ ਸਿੱਖ ਅਖਵਾਉਣ ਦਾ ਅਧਿਕਾਰੀ ਹੀ ਨਹੀਂ ਹੋ ਸਕਦਾ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ



ਮੁਖਵਾਕ ਗਵਾਹੀ ਹੈ ਕਿ ਅਕਾਲ ਪੁਰਖ ਦੀ ਨਿਜ ਜੋਤਿ ਹੀ ਗੁਰੂ ਨਾਨਕ ਦੇ ਸਰੂਪ ਵਿੱਚ ਪ੍ਰਗਟ ਹੋਈ। ਉਪਰੰਤ ਇਹ ਜੋਤਿ ਕ੍ਰਮਵਾਰ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਫਿਰ ਗੁਰੂ ਅਰਜਨ ਦੇਵ ਜੀ ਵਿੱਚ ਸਥਾਪਤ ਹੋਈ:

ਜੋਤਿ ਰੂਪ ਹਰਿ ਆਪਿ ਗੁਰੂ ਨਾਨਕ ਕਹਾਯਉ ।।
ਤਾ ਤੇ ਅੰਗਦ ਭਯਉ ਤਤ ਸਿਉ ਤਤੁ ਮਿਲਾਯਉ ।।
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ।।
ਅਮਰਦਾਸ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ।।
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ।।
ਮੂਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ।।੧ ।। (ਸਵਈਏ ਮ:੫ ਅੰਗ ੧੪੦੯)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੀ 'ਅਪਨੀ ਕਥਾ' (ਬਚਿੱਤਰ ਨਾਟਕ) ਵਿੱਚ ਸਪੱਸ਼ਟ ਤੌਰ 'ਤੇ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੱਕ ਸਾਰੇ ਗੁਰੂ ਸਾਹਿਬਾਨ ਇੱਕੋ ਜੋਤਿ ਦੇ ਸਰੂਪ ਹਨ।

ਨਾਨਕ ਅੰਗਦ ਕੋ ਬਪੁ ਧਰਾ॥
ਧਰਮ ਪ੍ਰਚੁਰ ਇਹ ਜਗ ਮੋ ਕਰਾ ॥
ਅਮਰਦਾਸ ਪੁਨਿ ਨਾਮੁ ਕਹਾਯੋ॥
ਜਨੁ ਦੀਪਕ ਤੇ ਦੀਪ ਜਗਾਯੋ ॥੭॥
ਜਬ ਬਰਦਾਨਿ ਸਮੈ ਵੁਹ ਆਵਾ॥
ਰਾਮਦਾਸ ਤਬ ਗੁਰੂ ਕਹਾਵਾ॥
ਤਿਹ ਬਰਦਾਨਿ ਪੁਰਾਤਨਿ ਦੀਆ ॥
ਅਮਰਦਾਸਿ ਸੁਰਪੁਰਿ ਮਗੁ ਲੀਆ ॥੮॥
ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥
ਅਮਰਦਾਸ ਅੰਗਦ ਪਹਿਚਾਨਾ ॥
ਅਮਰਦਾਸ ਰਾਮਦਾਸ ਕਹਾਯੋ ॥
ਸਾਧਨ ਲਖਾ ਮੂੜ੍ਹ ਨਹਿ ਪਾਯੋ ॥੯॥
ਭਿੰਨ ਭਿੰਨ ਸਭਹੂੰ ਕਰ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥
ਬਿਨ ਸਮਝੇ ਸਿਧਿ ਹਾਥਿ ਨ ਆਈ ॥੧੦॥
ਰਾਮਦਾਸ ਹਰਿ ਸੋ ਮਿਲ ਗਏ ॥
ਗੁਰਤਾ ਦੇਤ ਅਰਜਨਿਹ ਭਏ ॥
ਜਬ ਅਰਜਨ ਪ੍ਰਭੁ ਲੋਕਿ ਸਿਧਾਏ ॥
ਹਰਿਗੋਬਿੰਦ ਤਿਹ ਠਾ ਠਹਰਾਏ ॥੧੧॥
ਹਰਿਗੋਬਿੰਦ ਪ੍ਰਭ ਲੋਕਿ ਸਿਧਾਰੇ ॥
ਹਰੀਰਾਇ ਤਹਿ ਠਾਂ ਬੈਠਾਰੇ ॥
ਹਰੀਕ੍ਰਿਸਨ ਤਿਨ ਕੇ ਸੁਤ ਵਏ ॥
ਤਿਨ ਤੇ ਤੇਗ ਬਹਾਦਰ ਭਏ ॥੧੨॥ (ਦ. ਗ੍ਰੰ.)

ਜੋਤਿ ਅਤੇ ਜੁਗਤਿ ਦੀ ਅਜਬ ਖੇਡ

ਇਸ ਰੂਹਾਨੀ ਅਤੇ ਗ਼ੈਬੀ (ਦੈਵੀ) ਰਹੱਸਵਾਦ ਨੂੰ ਤਰਕ-ਕੁਤਰਕ ਦੇ ਘੋੜੇ 'ਤੇ ਸਵਾਰ ਹੋ ਕੇ ਨਹੀਂ ਸਮਝਿਆ ਜਾ ਸਕਦਾ। ਇਹ ਨਿਰੰਕਾਰ ਦੀ ਅਜਬ ਖੇਡ ਸੀ ਕਿ ਉਸ ਨੇ ਪ੍ਰਸੰਨ ਹੋ ਕੇ ਆਪਣੀ ਨੂਰੀ ਜੋਤਿ ਗੁਰੂ ਨਾਨਕ ਪਾਤਸ਼ਾਹ ਦੇ ਸਰੀਰ ਵਿੱਚ ਟਿਕਾਈ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ, ਆਪਣੇ ਜੀਵਨ ਕਾਲ ਵਿੱਚ ਹੀ ਉਹ ਨਿਰੰਕਾਰੀ ਜੋਤਿ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿੱਚ ਸਥਾਪਤ ਕਰ ਦਿੱਤੀ। ਆਪ ਗੁਰਿਆਈ ਦੇ ਸਿੰਘਾਸਨ 'ਤੇ ਗੁਰੂ ਅੰਗਦ ਦੇਵ ਜੀ ਨੂੰ ਬਿਠਾ ਕੇ ਖ਼ੁਦ ਸੰਗਤ ਵਿੱਚ ਬਿਰਾਜਮਾਨ ਹੋ ਗਏ। ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਅਤੇ



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਗੁਰੂ ਰਾਮਦਾਸ ਜੀ ਤੋਂ ਹੁੰਦੀ ਹੋਈ ਇਹ ਜੋਤਿ ਗੁਰੂ ਅਰਜਨ ਦੇਵ ਜੀ ਤੱਕ ਪਹੁੰਚੀ: ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ।।੪ ।। (ਅੰਗ ੧੪੦੯)। ਇੱਕ ਜਗਦਾ ਦੀਵਾ ਹੀ ਦੂਸਰਾ ਦੀਵਾ ਜਗਾ ਸਕਦਾ ਹੈ। ਜੇਕਰ ਸਰੀਰ ਪਹਿਲਾਂ ਹੀ ਜੋਤੀ-ਜੋਤਿ ਸਮਾ ਜਾਵੇ, ਤਾਂ ਇਹ ਜੋਤਿ ਅੱਗੇ ਕਿਸੇ ਹੋਰ ਸਰੀਰ ਵਿੱਚ ਨਹੀਂ ਟਿਕਾਈ ਜਾ ਸਕਦੀ। ਇਹ ਸਿਲਸਿਲਾ ਲਗਾਤਾਰ ਚੱਲਦਾ ਹੋਇਆ ਅਖੀਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿੱਚ ਸਥਾਪਤ ਹੋਇਆ। ਪਾਵਨ ਗੁਰਵਾਕ ਹੈ: ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।। (ਅੰਗ ੯੬੬)

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ, ਹਰ ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿੱਚ ਹੀ ਨਿਰੰਕਾਰ ਦੀ ਇਸ ਜੋਤਿ ਨੂੰ ਅਗਲੇ ਗੁਰ-ਸਰੀਰ ਵਿੱਚ ਟਿਕਾਇਆ। ਭਾਈ ਨੰਦ ਲਾਲ ਜੀ 'ਜੋਤਿ ਵਿਗਾਸ' ਵਿੱਚ ਲਿਖਦੇ ਹਨ:

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ।।
ਹਮਾ ਸ਼ਬਦਿ ਊ ਜੌਹਰੋ ਮਾਨਕ ਅਸਤ ॥ ੨੮॥ (ਜੋਤਿ ਵਿਗਾਸ)

(ਮੈਂ ਹੀ ਨਾਨਕ ਹਾਂ। ਮੈਂ ਹੀ ਗੋਬਿੰਦ ਸਿੰਘ ਹਾਂ। ਮੈਂ ਹੀ ਸ਼ਬਦ ਹਾਂ। ਇਸ ਵਿਚ ਹੀ ਸਾਰੇ ਮਾਣਕ ਮੋਤੀ (ਗੁਣ) ਸਮਾਏ ਹੋਏ ਹਨ)

ਦੇਹਧਾਰੀ ਗੁਰੂ ਡੰਮ੍ਹ ਦਾ ਖੰਡਨ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰਿਆਈ ਦੀ ਸਦੀਵੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਪਤ ਕੀਤੀ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੱਖ ਨਿਰੰਕਾਰ ਅਤੇ ਦਸਾਂ ਪਾਤਸ਼ਾਹੀਆਂ ਦੀ ਜਾਗਦੀ-ਜੋਤਿ ਹਨ, ਪਰ ਇਹ ਹਾਡ-ਮਾਸ ਦਾ ਦੇਹਧਾਰੀ ਸਰੀਰ ਨਹੀਂ ਹੈ।

ਇਸ ਲਈ ਜਿਵੇਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬਗ਼ਦਾਦ ਵਿਚ ਪੀਰ ਦਸਤਗੀਰ ਨੂੰ ਕਿਹਾ ਸੀ ਕਿ ਰੱਬ ਚਾਹ ਕੇ ਵੀ (ਆਪਣੇ ਵਰਗਾ) ਦੂਸਰਾ ਰੱਬ ਨਹੀਂ ਬਣਾ ਸਕਦਾ; ਠੀਕ ਉਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਦੀ ਜੋਤਿ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਲਾਵਾ ਕਿਧਰੇ ਹੋਰ ਸਥਾਪਤ ਨਹੀਂ ਹੋ ਸਕਦੀ। ਇਹ ਕਾਲ ਰਹਿਤ ਅਤੇ ਸੀਮਾ ਰਹਿਤ ਹੋਣ ਦੇ ਨਾਨ ਨਾਲ ਜੁਗੋ ਜੁਗ ਅਟਲ ਹੋ ਗਿਆ। ਗੁਰੂ ਗ੍ਰੰਥ ਸਾਹਿਬ ਜੀ ਵਿਚ ਉਸੇ ਹੀ ਨਿਰੰਜਨੀ ਜੋਤਿ ਦਾ ਪ੍ਰਕਾਸ਼ ਹੈ ਜੋ ਗੁਰੂ ਨਾਨਕ ਦੇਵ ਜੀ ਦੇ ਪਾਵਨ ਗੁਰੂ ਸਰੀਰ ਵਿਚ ਪਰਾ ਰੂਪ ਵਿਚ ਪ੍ਰਗਟ ਹੋਈ ਸੀ। ਇਹ ਜੋਤਿ ਦਸਾਂ ਗੁਰੂ ਜਾਮਿਆਂ ਵਿਚੋਂ ਹੁੰਦੀ ਹੋਈ ਗੁਰੂ ਗ੍ਰੰਥ ਸਾਹਿਬ ਵਿਚ ਸਦੀਵ ਕਾਲ ਲਈ ਟਿਕ ਗਈ। ਇਹ ਜੋਤਿ ਹੋਰ ਕਿਧਰੇ ਨਹੀਂ ਜਾ ਸਕਦੀ।

ਗੁਰਿਆਈ ਦੀ ਇਹ ਜੋਤਿ ਇੱਕ ਗ੍ਰੰਥ ਵਿਚ ਕਿਸ ਤਰ੍ਹਾਂ ਸਮਾ ਸਕਦੀ ਹੈ - ਇਹ ਕੌਤਕ ਸੰਸਾਰ ਨੇ ਪਹਿਲੀ ਅਤੇ ਆਖ਼ਿਰੀ ਵਾਰ ਵੇਖਿਆ। ਇਸ ਨੂੰ ਕੋਈ ਤਰਕਵਾਦੀ ਗਿਆਨੀ ਨਾ ਤਾਂ ਸਮਝ ਸਕਦਾ ਹੈ ਅਤੇ ਨਾ ਹੀ ਸਮਝਾਇਆ ਜਾ ਸਕਦਾ ਹੈ। ਇਹੀ ਸਿੱਖ ਰਹੱਸਵਾਦ ਦਾ ਸਰਵਉੱਚ ਸਿਖਰ ਹੈ।

ਪੰਥ ਅਤੇ ਗ੍ਰੰਥ ਦਾ ਸੁਮੇਲ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਜੋਤਿ' ਗੁਰੂ ਗ੍ਰੰਥ ਸਾਹਿਬ ਜੀ ਵਿਚ ਅਤੇ 'ਜੁਗਤਿ' ਖਾਲਸੇ ਵਿੱਚ ਸਥਾਪਤ ਕਰ ਦਿੱਤੀ। ਹੁਣ ਸਿੱਖੀ ਦਾ ਇਹ ਪ੍ਰਵਾਹ 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦੇ ਦੋ ਕੰਢਿਆਂ ਦੇ ਵਿਚਕਾਰ ਬੰਨ ਦਿੱਤਾ ਗਿਆ। ਜੋਤਿ ਇੱਕ ਸੀ ਉਹ ਗੁਰੂ ਗ੍ਰੰਥ ਸਾਹਿਬ ਜੀ ਵਿਚ ਟਿਕਾ ਦਿੱਤੀ ਗਈ, ਕਿਉਂਕਿ ਇੱਕ ਜੋਤਿ ਇੱਕੋ ਸਮੇਂ ਦੋ ਥਾਵਾਂ ਤੇ ਸਥਾਪਤ ਨਹੀਂ ਹੋ ਸਕਦੀ। ਸ਼ਬਦ ਰੂਪੀ ਇਹ ਜੋਤਿ ਗੁਰੂ ਸੀ ਅਤੇ ਇਹ ਸ਼ਬਦ ਰੂਪੀ ਜੋਤਿ ਗੁਰੂ ਸਰੀਰ ਵਿਚ ਹੀ ਟਿਕ ਸਕਦੀ ਸੀ।

ਆਮ ਤੌਰ ਤੇ ਸੰਸਾਰ ਵਿਚ ਕਿਸੇ ਵਿਅਕਤੀ ਦੇ ਚਲਾਣਾ ਕਰ ਜਾਣ ਦੇ ਬਾਅਦ ਉਸਦੀ ਜਾਇਦਾਦ ਜਾਂ ਪਦਾਰਥ ਉਸਦੇ ਵਾਰਸਾਂ ਵਿਚ ਤਕਸੀਮ ਹੁੰਦੇ ਹਨ। ਪਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੋ ਕੇ ਹਰ ਗੁਰੂ ਸਾਹਿਬ ਨੇ ਸਰੀਰ ਦੇ ਹੁੰਦਿਆਂ, ਆਪਣੀ ਹਯਾਤੀ, ਆਪਣੇ ਜੀਵਨ ਕਾਲ ਵਿਚ ਹੀ ਗੁਰਿਆਈ ਦੀ ਜੋਤਿ ਅਗਲੇ ਗੁਰੂ ਸਾਹਿਬ ਦੇ ਸਰੀਰ ਵਿਚ ਟਿਕਾਈ ਜਾਂ ਸਥਾਪਤ ਕੀਤੀ। ਇਹ ਜੋਤਿ ਕਿਵੇਂ ਇੱਕ ਗੁਰੂ ਸਰੀਰ ਵਿਚੋਂ ਦੂਸਰੇ ਗੁਰੂ ਸਰੀਰ ਵਿਚ ਟਿਕਾਈ ਜਾ ਸਕਦੀ ਹੈ, ਇਹ ਸਿੱਖ ਰਹੱਸਵਾਦ ਦਾ ਬਹੁਤ ਹੀ ਕਮਾਲ ਦਾ ਫਲਸਫਾ ਹੈ। ਸਤਿਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਨੇ ਦਿੱਲੀ ਦੀ ਧਰਤੀ ਤੋਂ ਹੀ 'ਬਾਬੇ ਬਕਾਲੇ' ਕਹਿ ਕੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਰੀਰ ਵਿਚ ਇਹ ਗੁਰਿਆਈ ਦੀ ਜੋਤਿ ਟਿਕਾਈ। ਜੀਵਤ ਸਰੀਰ ਵਿਚੋਂ ਹੀ ਜੋਤਿ ਅਗਲੇ ਸਰੀਰ ਵਿਚ ਟਿਕਾਈ ਜਾ ਸਕਦੀ ਹੈ।

ਸਤਿਗੁਰੂ ਸੱਚੇ ਪਾਤਿਸ਼ਾਹ ਕੋਲ ਜੋਤਿ ਅਤੇ ਜੁਗਤਿ ਦਾ ਸੁਮੇਲ ਸੀ। ਉਹਨਾਂ ਨੇ ਅਬਚਲ ਨਗਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਸਥਾਨ ਤੇ ਗੁਰਿਆਈ ਦੀ ਜੋਤਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਟਿਕਾ ਦਿੱਤੀ ਅਤੇ ਜੁਗਤੀ ਖ਼ਾਲਸੇ ਨੂੰ ਬਖਸ਼ਿਸ਼ ਕਰ ਦਿੱਤੀ। ਗੁਰਿਆਈ ਕੋਈ ਵਿਰਾਸਤ ਜਾਂ ਵਿਰਸਾ ਨਹੀਂ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਕੋਈ ਵੀ ਮਨੁੱਖ ਦੇਹਧਾਰੀ ਗੁਰੂ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਜੇਕਰ ਕੋਈ ਅਜਿਹਾ ਦਾਅਵਾ ਕਰਦਾ ਹੈ, ਤਾਂ ਉਹ ਸਪਸ਼ਟ ਤੌਰ 'ਤੇ ਬਹੁਰੂਪੀਆ ਜਾਂ ਭੇਖੀ (ਪਾਖੰਡੀ) ਗੁਰੂ ਹੈ।

ਯਕੀਨਨ ਅਤੇ ਨਿਰਵਿਵਾਦਤ ਤੌਰ ਤੇ ਗੁਰੂ ਇੱਕ ਹੋ ਸਕਦਾ ਹੈ ਦੋ ਨਹੀਂ। ਸਰੀਰਕ ਜਾਂ ਆਤਮਿਕ ਰੂਪ ਵਿਚ ਇੱਕ ਗੁਰੂ ਦੇ ਹੁੰਦਿਆਂ ਦੂਜਾ ਗੁਰੂ ਹੋ ਹੀ ਨਹੀਂ ਸਕਦਾ। ਹੋਰੁ ਸਰੀਕੁ ਹੋਵੈ ਕੋਈ ਤੇਰਾ ਤਿਸੁ ਅਗੈ ਤੁਧੁ ਆਖਾਂ।। (ਮ:੪ ਅੰਗ ੧੨੪੨) ਇਸੇ ਤਰ੍ਹਾਂ ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤਿ ਕੇਵਲ ਅਤੇ ਕੇਵਲ ਜੁਗੋ ਜੁਗ ਅਟਲ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਇਸ ਲਈ ਗੁਰਿਆਈ ਦੀ ਜੋਤਿ ਕਿਸੇ ਹੋਰ ਗ੍ਰੰਥ ਨੂੰ ਪ੍ਰਾਪਤ ਨਹੀਂ ਹੈ ਅਤੇ ਨਾ ਹੀ ਹੋ ਸਕਦੀ ਹੈ।

ਇਸ ਦੇ ਨਾਲ ਹੀ, ਇਹ ਕਲਗੀਧਰ ਪਿਤਾ ਦੀ ਇੱਕ ਵੱਡੀ ਕਰਾਮਾਤ ਸੀ ਕਿ ਖ਼ੁਦ ਖ਼ਾਲਕ-ਮਾਲਕ ਅਤੇ ਸਮਰੱਥ ਗੁਰੂ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਨਹੀਂ ਕੀਤੀ। ਪਰ 'ਗੁਰ ਸੰਗਤ ਕੀਨੀ ਖਾਲਸਾ' ਦੇ ਸਿਧਾਂਤ ਤਹਿਤ ਖ਼ਾਲਸੇ ਦੀ ਸਿਰਜਣਾ ਕਰਨ ਅਤੇ ਉਸ ਨੂੰ ਸਦ-ਜੀਵੀ ਕਰਮ ਲਈ, ਸਤਿਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ-ਨਾਲ ਆਪਣੀ ਵੀਰ-ਰਸੀ ਅਤੇ ਅਧਿਆਤਮਿਕ ਗੁਰਬਾਣੀ ਨੂੰ ਵੀ ਸਿੱਖ ਜੀਵਨ ਜਾਚ (ਨਿਤਨੇਮ ਅਤੇ ਅੰਮ੍ਰਿਤ ਸੰਚਾਰ ਦੀਆਂ ਬਾਣੀਆਂ) ਲਈ ਲਾਜ਼ਮੀ ਕਰ ਦਿੱਤਾ। ਇਸੇ ਲਈ 'ਸਿੱਖ ਰਹਿਤ ਮਰਯਾਦਾ' ਅਨੁਸਾਰ ਸਿੱਖ ਦੀ ਪਰਿਭਾਸ਼ਾ ਨਿਸ਼ਚਿਤ ਕੀਤੀ ਗਈ ਹੈ, ਜੋ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ 'ਤੇ ਪੂਰਨ ਨਿਸ਼ਚਾ ਰੱਖਦਾ ਹੋਵੇ।

ਇਹ ਸਿਧਾਂਤ ਕਲਗੀਆਂ ਵਾਲੇ ਪਾਤਿਸ਼ਾਹ ਨੇ ਖ਼ੁਦ ਅਮਲ ਵਿੱਚ ਲਿਆ ਕੇ ਦੱਸਿਆ ਹੈ। ਖ਼ਾਲਸਾ ਪੰਥ ਦੇ ਗੁਰੂ ਕੇਵਲ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਅਤੇ ਖ਼ਾਲਸਾ ਪੰਥ ਦੇ ਸਿਰਜਕ ਅਤੇ ਪਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ (ਦੀ ਬਾਣੀ) ਹਨ, ਅਤੇ ਗੁਰੂ ਪੰਥ ਹਮੇਸ਼ਾਂ ਇਨ੍ਹਾਂ ਦੇ ਇਲਾਹੀ ਪਰਛਾਵੇਂ ਹੇਠ ਹੀ ਪ੍ਰਫੁੱਲਤ ਹੁੰਦਾ ਹੈ।

੧ੴ ਵਾਹਿਗੁਰੂ ਜੀ ਕੀ ਫ਼ਤਹ॥

ਕਾਰਤਕ ਮਾਸ ਰੁਤਿ ਸਰਦ ਪੂਰਨਮਾਸੀ ਆਠ ਜਾਮ ਸਾਠਿ ਘਰੀ ਆਜੁ ਤੇਰੀ ਬਾਰੀ ਹੈ॥



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

- ਸੂਰਜੀ (ਸੰਗਰਾਂਦ) ਅਤੇ ਚੰਦ੍ਰਮਾ (ਸੁਦੀ ਵਦੀ) ਇਹ ਦੋ ਕੈਲੰਡਰ ਪੰਥ ਵਿਚ ਪ੍ਰਵਾਨ ਹਨ।

ਸਾਹਿਬ ਸ੍ਰੀ ਗੁਰੂ ਨਾਨਕ ਜੀ ਦੇ ਪ੍ਰਕਾਸ਼ ਪੁਰਬ ੨੪ ਨਵੰਬਰ, ੨੦੨੫ ਕੱਤਕ ਪੁੰਨਿਆ ੯ ਮੱਘਰ ਨੂੰ ਹੈ।

- ਇਸ ਸਾਲ ਸੂਰਜੀ ਕੈਲੰਡਰ ਮੁਤਾਬਕ ਕੱਤਕ ਦਾ ਮਹੀਨਾ ੧੭ ਅਕਤੂਬਰ ਤੋਂ ੧੫ ਨਵੰਬਰ ਤਕ ਹੈ।

-ਚੰਦ੍ਰਮਾ ਕੈਲੰਡਰ ਮੁਤਾਬਕ ਕੱਤਕ ਦਾ ਮਹੀਨਾ ਕੱਤਕ ਵਦੀ ੧ (੨੭ ਅਕਤੂਬਰ) ਤੋਂ ਕੱਤਕ ਪੁੰਨਿਆ ੯ ਮੱਘਰ (੨੪ ਨਵੰਬਰ) ਤਕ ਹੈ।

-ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ੫੦੦ ਸਾਲਾ ਪ੍ਰਕਾਸ਼ ਦਿਵਸ ਵੀ ੨੩ ਨਵੰਬਰ, ੧੯੬੯ ਕੱਤਕ ਪੁੰਨਿਆ ੯ ਮੱਘਰ ਨੂੰ ਸੀ। ਉਸ ਦਾ ਕੋਈ ਰੌਲਾ ਨਹੀ ਪਿਆ ਕਿਉਂ ਨਾਸਤਿਕਤਾ ਦੇ ਜਰਾਸੀਮ ਅਜੇ ਪ੍ਰਗਟ ਨਹੀਂ ਸਨ ਹੋਏ। ਇਸ ਤਰ੍ਹਾਂ ਕਈ ਵਾਰ ਹੋਇਆ ਹੈ ਅਤੇ ਹੁੰਦਾ ਰਹੇਗਾ।

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥ (੨੮੬) ਗੁਰਮਤਿ ਦਾ ਆਧਾਰ ਵਿਸਾਹ ਦਾਨ, ਭਰੋਸਾ ਦਾਨ ਅਤੇ ਸਿਦਕ ਦਾਨ ਹੈ। ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ॥



ਇਹ ਗੁਰਪੁਰਬ ਵੀ ਭੈਅ ਭਾਵਨੀ ਅਧੀਨ ਹੀ ਮਨਾਏ ਜਾ ਸਕਦੇ ਹਨ। ਪਰ ਪਤਾ ਨਹੀਂ ਕਈਆਂ ਦੀ ਮੱਤ ਦੇ ਕਿਸਦਾ ਸਾਇਆ ਹੈ ਕਿ ਹਰ ਗੁਰਪੁਰਬ ਤੇ ਕਿੰਤੂ ਪ੍ਰੰਤੂ, ਤਰਕ ਕੁ-ਤਰਕ ਦੇ ਤਰਕਸ਼ ਕੱਢ ਲੈਂਦੇ ਹਨ। ਗੁਰਪੁਰਬ ਭਾਵੇਂ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਹੋਵੇ, ਗੁਰੂ ਗੋਬਿੰਦ ਸਿੰਘ ਜੀ ਦਾ ਹੋਵੇ, ਕੋਈ ਸੰਗਰਾਂਦ ਹੋਵੇ, ਕੋਈ ਦਿਨ ਦਿਹਾਰ ਹੋਵੇ ਕਦੇ ਤਰੀਕਾਂ ਦਾ ਰੌਲਾ, ਕਦੇ ਬਾਣੀ ਬਾਰੇ ਉਲਝਣਾ ਫੈਲਾਣੀਆਂ ਅਤੇ ਕਦੇ ਗੁਰੂ ਸਾਹਿਬ ਜੀ ਦੀ ਪਾਵਨ ਹਸਤੀ ਅਤੇ ਇਤਿਹਾਸ ਤੇ ਹੀ ਉਟੰਕਣ।

ਸੂਰਜੀ ਕੈਲੰਡਰ ਮੁਤਾਬਕ ਬਾਰਾਮਾਹੇ ਗੁਰੂ ਨਾਨਕ ਦੇਵ ਜੀ, ਗੁਰ ਅਰਜਨ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਚਾਰਣ ਕੀਤੇ ਹਨ। ਇਸ ਤੋਂ ਅਲਾਵਾ ਤਕਰੀਬਨ ਤਿੰਨ ਸੌ ਬਾਰਾਮਾਹੇ ਹਨ ਜੋ ਸੂਰਜੀ ਕੈਲੰਡਰ ਮੁਤਾਬਕ ਹਨ। ਗੁਰੂ ਸਾਹਿਬਾਨ ਨਾਲ ਸੰਬਧਤ ਸਾਰੇ ਗੁਰਪੁਰਬ ਚੰਦ੍ਰਮਾ ਦੇ ਕੈਲੰਡਰ ਮੁਤਾਬਕ ਸੁਦੀ ਵਦੀ ਮੁਤਾਬਕ ਹੀ ਮਨਾਏ ਜਾਂਦੇ ਹਨ। ਜਿਵੇਂ ਕੱਤਕ ਪੁੰਨਿਆ, ਪੋਹ ਸੁਦੀ ਸਤਮੀ, ਕੱਤਕ ਵਦੀ ੧ ਆਦਿ। ਦੂਸਰੇ ਪਾਸੇ ਸਾਹਿਬਜ਼ਾਦਿਆਂ ਦੇ ਜਾਂ ਇਤਿਹਾਸਕ ਦਿਹਾੜੇ ਸੰਗਰਾਂਦ ਮੁਤਾਬਕ ਮਨਾਏ ਜਾਂਦੇ ਹਨ। ਬਾਕੀ ਦੇ ਸਾਰੇ ਧਰਮਾਂ ਦੇ ਵੀ ਉਹਨਾਂ ਦੇ ਪਾਵਨ ਦਿਹਾੜੇ ਚੰਦ੍ਰਮਾ ਕੈਲੰਡਰ ਹੀ ਮਨਾਏ ਜਾਂਦੇ ਹਨ। ਜਿਵੇਂ ਰਾਮ ਨਵਮੀ, ਜਨਮ ਅਸ਼ਟਮੀ, ਬੁਧ ਪੂਰਨਿਮਾ, ਈਦ ਆਦਿ।

ਹੁਣ ਇਹ ਕੱਤਕ ਦੀ ਸੰਗਰਾਂਦ ਮੱਘਰ ਵਿਚ ਕਿਵੇਂ ਆ ਗਈ। ਇਹ ਭੁਲੇਖਾ ਜਾਣ ਬੁਝ ਕੇ ਪਾਉਣ ਦੀ ਨਾਕਾਮ ਕੋਸ਼ਿਸ਼ ਹਰ ਗੁਰਪੁਰਬ, ਹਰ ਸੰਗਰਾਂਦ ਹਰ ਦਿਨ ਦਿਹਾਰ ਤੇ ਕੀਤੀ ਜਾਂਦੀ ਹੈ। ਹੁਣ ਸੂਰਜੀ ਅਤੇ ਚੰਦ੍ਰਮਾ ਇਹ ਦੋ ਵੱਖਰੇ ਪੈਮਾਨੇ ਹਨ। ਉਤਲੇ ਚਾਰਟ ਵਿਚ ਸਪਸ਼ਟ ਹੋ ਜਾਂਦਾ ਹੈ ਕਿ ਕਦੀ ਵੀ ਇਕੱਠੇ ਨਹੀਂ ਹੋਣਗੇ। ਜਿਵੇਂ ਮੀਲ ਅਤੇ ਕਿਲੋਮੀਟਰ ਹਮੇਸ਼ਾਂ ਵੱਖ ਹੀ ਹੋਣਗੇ। ਇਸ ਲਈ ਗੁਰਪੁਰਬ ਕਈ ਵਾਰ ਸੂਰਜੀ ਕੈਲੰਡਰ ਦੇ ਅਗਲੇ ਮਹੀਨੇ ਵਿਚ ਆਣਗੇ। ਪਰ ਕੱਤਕ ਪੁੰਨਿਆ, ਪੋਹ ਸੁਦੀ ਸਤਮੀ ਮੁੱਢ ਕਦੀਮ ਤੋਂ ਕੱਤਕ ਪੁੰਨਿਆ ਅਤੇ ਪੋਹ ਸੁਦੀ ਸਤਮੀ ਨੂੰ ਹੀ ਆਣਗੀਆਂ। ਇਸ ਵਿਚ ਕੋਈ ਦੁਬਿਧਾ ਨਹੀਂ। ਸਮਝਣ ਲਈ ਸਮਝ ਲੁੜੀਂਦੀ ਹੈ। ਬੇ ਸਮਝ ਸਿਆਣਾ ਕੀ ਸਮਝੇ॥

ਇਹ ਤਾਂ ਉਸੇ ਤਰ੍ਹਾਂ ਹੀ ਹੈ ਕਿ ਜਿਵੇ ਕੋਈ ਕਹਿ ਰਿਹਾ ਸੀ ਕਿ ਜਦੋਂ ਮੈਂ ਜੰਮਿਆ ਤਾਂ ਅੱਠ ਪੌਂਡ ਦਾ ਸੀ। ਪਰ ਜੋ ਹੁਣ ਜੰਮਦਾ ਤਾਂ ਬਹੁਤ ਘਟ ਹੋਣਾ ਸੀ ਕਿਉਂਕਿ ਅੱਜ ਕਲ ਪੌਂਡ ਦੀ ਕੀਮਤ ਕਾਫੀ ਗਿਰ ਗਈ ਹੈ।

ਜਿਸ ਨਕਲੀ ਨਾਨਕਸ਼ਾਹੀ ਕੈਲੰਡਰ ਨੂੰ ਲੈ ਕੇ ਇਹ ਸ਼ੰਕੇ ਖੜੇ ਕਰਦੇ ਹਨ ਉਸ ਵਿਚ ਤਾਂ ਸੰਗਰਾਂਦ ਹੈ ਹੀ ਨਹੀਂ। ਫਿਰ ਇਹ ੨੩ ਪੋਹ ਜਾਂ ਹੋਰ ਤਰੀਕਾਂ ਅੰਗਰੇਜੀ ਤਰੀਕਾ ਮੁਤਾਬਕ ਮਿੱਥਣ ਦੀ ਗੱਲ ਕਿਵੇਂ ਕਰ ਸਕਦੇ ਹਨ। ਅਤੇ ਨਾਲ ਹੀ ਗੁਰਦੁਆਰਾ ਸਾਹਿਬ ਵਿਚ ਝੂਠ ਕਿਉਂ ਬੋਲਦੇ ਹਨ ਕਿ ਅੱਜ ਸੰਗਰਾਂਦ ਹੈ। ਵੈਸੇ ਵੀ ਇਸ ਵਾਰ ੨੩ ਪੋਹ ੭ ਜਨਵਰੀ ਨੂੰ ਹੈ, ੫ ਜਨਵਰੀ ਨੂੰ ਨਹੀਂ।

ਮਾਨਸਿਕ ਸਿਹਤ ਦੇ ਖੇਤਰ 'ਚ ਆਈ ਤਬਦੀਲੀ

ਡਾ. ਪ੍ਰਦੀਪ ਨੰਗਲੂ

ਸੰਨ 1947 ਵਿੱਚ ਆਜ਼ਾਦੀ ਮਿਲਣ ਤੋਂ ਬਾਅਦ ਭਾਰਤ ਨੇ ਸਿੱਖਿਆ, ਅਰਥਵਿਵਸਥਾ, ਤਕਨਾਲੋਜੀ ਅਤੇ ਸਿਹਤ ਦੇ ਖੇਤਰ ਵਿੱਚ ਵੱਡੀਆਂ ਤਬਦੀਲੀਆਂ ਲਿਆਂਦੀਆਂ ਹਨ, ਪਰ ਮਾਨਸਿਕ ਸਿਹਤ ਦੇ ਖੇਤਰ ਦੀ ਕਹਾਣੀ ਵੱਖਰੀ ਹੈ। ਮਾਨਸਿਕ ਬਿਮਾਰੀਆਂ ਦਾ ਰਿਸ਼ਤਾ ਸਮਾਜਿਕ ਤਬਦੀਲੀਆਂ, ਸ਼ਹਿਰੀਕਰਨ, ਪਰਿਵਾਰਕ ਢਾਂਚੇ ਵਿੱਚ ਤਬਦੀਲੀ, ਬੇਰੁਜ਼ਗਾਰੀ, ਪਰਵਾਸ, ਨਸ਼ੇ, ਇਕੱਲਾਪਣ ਅਤੇ ਆਰਥਿਕ ਦਬਾਅ ਵਰਗੇ ਹੋਰ ਕਈ ਗੰਭੀਰ ਮੁੱਦਿਆਂ ਨਾਲ ਹੈ। ਆਜ਼ਾਦੀ ਸਮੇਂ ਭਾਰਤ ਵਿੱਚ ਮਾਨਸਿਕ ਸਿਹਤ ਸੇਵਾਵਾਂ ਬਹੁਤ ਸੀਮਿਤ ਸਨ। ਪ੍ਰਾਪਤ ਅਧਿਐਨਾਂ ਅਨੁਸਾਰ ਉਸ ਸਮੇਂ ਦੇਸ਼ ਵਿੱਚ ਮਾਨਸਿਕ ਬਿਮਾਰੀਆਂ ਦੇ ਇਲਾਜ ਲਈ ਲਗਪਗ 19 ਹਸਪਤਾਲ ਸਨ, ਜਿਨ੍ਹਾਂ ਵਿੱਚ ਤਕਰੀਬਨ 10,181 ਬਿਸਤਰ ਸਨ। ਇਲਾਜ ਦਾ ਢਾਂਚਾ ਮੁੱਖ ਤੌਰ 'ਤੇ ਸੰਸਥਾਗਤ ਸੀ, ਭਾਵ ਮਰੀਜ਼ ਨੂੰ ਪਰਿਵਾਰ ਅਤੇ ਸਮਾਜ ਤੋਂ ਦੂਰ ਹਸਪਤਾਲ ਵਿੱਚ ਰੱਖ ਕੇ ਇਲਾਜ ਕੀਤਾ ਜਾਂਦਾ ਸੀ। ਸਮਾਜਿਕ ਪੱਧਰ 'ਤੇ ਮਾਨਸਿਕ ਸਿਹਤ ਦੀ ਧਾਰਨਾ ਹਾਲੇ ਬਹੁਤੀ ਵਿਕਸਿਤ ਨਹੀਂ ਸੀ ਹੋਈ।

ਸਮੇਂ ਦੇ ਨਾਲ ਨਾਲ ਇਹ ਸੋਚ ਬਦਲਣੀ ਸ਼ੁਰੂ ਹੋਈ। ਸਾਲ 1982 ਵਿੱਚ ਭਾਰਤ ਸਰਕਾਰ ਨੇ ਰਾਸ਼ਟਰੀ ਮਾਨਸਿਕ ਸਿਹਤ ਪ੍ਰੋਗਰਾਮ ਸ਼ੁਰੂ ਕੀਤਾ। ਇਸ ਦਾ ਉਦੇਸ਼ ਮਾਨਸਿਕ ਸਿਹਤ ਸੇਵਾਵਾਂ ਨੂੰ ਆਮ ਸਿਹਤ ਪ੍ਰਣਾਲੀ ਨਾਲ ਜੋੜਨਾ, ਭਾਈਚਾਰਕ ਪੱਧਰ 'ਤੇ ਸੇਵਾਵਾਂ ਪਹੁੰਚਾਉਣਾ ਅਤੇ ਲੋਕਾਂ ਵਿੱਚ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਵਧਾਉਣਾ ਸੀ। ਇਸ ਤੋਂ ਬਾਅਦ 1996 ਵਿੱਚ ਜ਼ਿਲ੍ਹਾ ਮਾਨਸਿਕ ਸਿਹਤ ਪ੍ਰੋਗਰਾਮ ਦੀ ਸ਼ੁਰੂਆਤ ਹੋਈ, ਜਿਸ ਦਾ ਉਦੇਸ਼ ਮਾਨਸਿਕ ਸਿਹਤ ਸੇਵਾਵਾਂ ਨੂੰ ਜ਼ਿਲ੍ਹਾ ਪੱਧਰ ਤੱਕ ਲੈ ਕੇ ਜਾਣਾ ਸੀ। ਅੱਜ ਵੀ ਭਾਰਤ ਦੀ ਸਭ ਤੋਂ ਵੱਡੀ ਚੁਣੌਤੀ ਲੋੜ ਅਤੇ ਸੇਵਾ ਵਿਚਕਾਰਲਾ ਪਾੜਾ ਹੀ ਹੈ। 2015-16 ਦੇ ਰਾਸ਼ਟਰੀ ਮਾਨਸਿਕ ਸਿਹਤ ਸਰਵੇਖਣ ਅਨੁਸਾਰ ਭਾਰਤ ਵਿੱਚ ਲਗਭਗ 10.56 ਫ਼ੀਸਦੀ ਲੋਕਾਂ 'ਚ ਮਾਨਸਿਕ ਸਿਹਤ ਸਮੱਸਿਆਵਾਂ ਪਾਈਆਂ ਗਈਆਂ ਅਤੇ ਲਗਭਗ 15 ਕਰੋੜ ਲੋਕਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੀ ਮਾਨਸਿਕ ਸਿਹਤ ਸਹਾਇਤਾ ਦੀ ਲੋੜ ਹੋਣ ਦੀ ਸੰਭਾਵਨਾ ਜਤਾਈ ਗਈ ਹੈ। ਸਭ ਤੋਂ ਚਿੰਤਾਜਨਕ ਗੱਲ ਇਹ ਸੀ ਕਿ ਕਈ ਮਾਨਸਿਕ ਬਿਮਾਰੀਆਂ ਲਈ ਇਲਾਜ ਦੀ ਘਾਟ 70 ਤੋਂ 90 ਫ਼ੀਸਦੀ ਤੋਂ ਵੀ ਵੱਧ ਪਾਈ ਗਈ।

ਇਸ ਦਾ ਅਰਥ ਇਹ ਹੈ ਕਿ ਸਮੱਸਿਆ ਸਿਰਫ਼ ਇਹ ਨਹੀਂ ਕਿ ਲੋਕਾਂ ਨੂੰ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ਹਨ ਸਗੋਂ ਇਹ ਹੈ ਕਿ ਜਿਨ੍ਹਾਂ ਲੋਕਾਂ ਨੂੰ ਮਦਦ ਦੀ ਲੋੜ ਹੈ, ਉਨ੍ਹਾਂ ਵਿੱਚੋਂ ਬਹੁਤ ਵੱਡੀ ਗਿਣਤੀ ਤੱਕ ਸਹੀ ਸਮੇਂ 'ਤੇ ਸਹੀ ਸੇਵਾ ਨਹੀਂ ਪਹੁੰਚ ਰਹੀ। ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਇਹ ਸਮੱਸਿਆ ਵੱਖਰੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਮਹਾਨਗਰਾਂ ਵਿੱਚ ਮੁਕਾਬਲਾ, ਕੰਮ ਦਾ ਦਬਾਅ, ਤੇਜ਼ ਰਫ਼ਤਾਰ ਜੀਵਨ-ਸ਼ੈਲੀ, ਆਰਥਿਕ ਅਸੁਰੱਖਿਆ, ਰਿਸ਼ਤਿਆਂ ਵਿੱਚ ਬਦਲਾਅ, ਇਕੱਲਾਪਣ ਅਤੇ ਡਿਜੀਟਲ ਜੀਵਨ ਮਾਨਸਿਕ ਤਣਾਅ ਦਾ ਕਾਰਨ ਬਣਦੇ ਹਨ। ਦੂਜੇ ਪਾਸੇ ਪੇਂਡੂ ਅਤੇ ਦੂਰ-ਦੁਰਾਡੇ ਇਲਾਕਿਆਂ ਵਿੱਚ ਮਾਹਿਰਾਂ ਦੀ ਘਾਟ, ਆਵਾਜਾਈ ਦੀਆਂ ਮੁਸ਼ਕਿਲਾਂ, ਗ਼ਰੀਬੀ, ਮਾਨਸਿਕ ਸਿਹਤ ਬਾਰੇ ਘੱਟ ਜਾਣਕਾਰੀ ਅਤੇ ਸਮਾਜਿਕ ਬਦਨਾਮੀ ਦਾ ਡਰ ਵੱਡੀਆਂ ਰੁਕਾਵਟਾਂ ਹਨ। ਇੱਥੇ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਪਿੰਡਾਂ ਅਤੇ ਸ਼ਹਿਰਾਂ ਲਈ ਇੱਕੋ ਮਾਡਲ ਕਾਫ਼ੀ ਨਹੀਂ ਹੋ ਸਕਦਾ। ਪੰਜਾਬ ਦੇ ਪਿੰਡ, ਰਾਜਸਥਾਨ ਦੇ ਦੂਰ-ਦੁਰਾਡੇ ਖੇਤਰ, ਉੱਤਰ-ਪੂਰਬ ਦੇ ਪਹਾੜੀ ਇਲਾਕੇ, ਮੁੰਬਈ ਜਾਂ ਦਿੱਲੀ ਵਰਗੇ ਮਹਾਨਗਰ ਅਤੇ ਉਦਯੋਗਿਕ ਸ਼ਹਿਰ, ਹਰ ਥਾਂ ਦੀਆਂ ਸਮਾਜਿਕ ਅਤੇ ਮਨੋਵਿਗਿਆਨਕ ਲੋੜਾਂ ਵੱਖੋ-ਵੱਖਰੀਆਂ ਹੁੰਦੀਆਂ ਹਨ।

ਸਾਲ 2014 ਦੀ ਰਾਸ਼ਟਰੀ ਮਾਨਸਿਕ ਸਿਹਤ ਨੀਤੀ 'ਚ ਮਾਨਸਿਕ ਸਿਹਤ ਵਿੱਚ ਸਮਾਨਤਾ, ਨਿਆਂ, ਭਾਈਚਾਰਕ ਭਾਗੀਦਾਰੀ ਅਤੇ ਜਾਂਚ-ਆਧਾਰਿਤ ਇਲਾਜ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਮਾਨਸਿਕ ਸਿਹਤ ਸੰਭਾਲ ਕਾਨੂੰਨ, 2017 ਨੇ ਮਾਨਸਿਕ ਸਿਹਤ ਨੂੰ ਮਨੁੱਖੀ ਅਧਿਕਾਰਾਂ ਅਤੇ ਮਰੀਜ਼ ਦੀ ਇੱਜ਼ਤ ਨਾਲ ਜੋੜਦਿਆਂ ਇੱਕ ਮਹੱਤਵਪੂਰਨ ਅਧਿਕਾਰ-ਆਧਾਰਿਤ ਢਾਂਚਾ ਦਿੱਤਾ ਹੈ। ਅੱਜ ਭਾਰਤ ਇੱਕ ਹੋਰ ਮਹੱਤਵਪੂਰਨ ਪੜਾਅ ਵਿੱਚ ਦਾਖਲ ਹੋ ਰਿਹਾ ਹੈ-ਦੂਰਸੰਚਾਰ ਰਾਹੀਂ ਮਾਨਸਿਕ ਸਿਹਤ ਸੇਵਾਵਾਂ। 2022 ਵਿੱਚ ਸ਼ੁਰੂ ਕੀਤਾ ਗਿਆ 'ਟੈਲੀ-ਮਾਨਸ' (Tele-MANAS) ਮਾਨਸਿਕ ਸਿਹਤ ਸੇਵਾਵਾਂ ਨੂੰ ਟੈਲੀਫੋਨ ਅਤੇ ਡਿਜੀਟਲ ਮਾਧਿਅਮ ਰਾਹੀਂ ਲੋਕਾਂ ਤੱਕ ਪਹੁੰਚਾਉਣ ਦੀ ਇੱਕ ਮਹੱਤਵਪੂਰਨ ਪਹਿਲ ਹੈ। ਇਸ ਨਾਲ ਦੂਰ-ਦੁਰਾਡੇ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਤੱਕ ਮਦਦ ਮੁਹੱਈਆ ਕਰਨ ਦੀ ਸੰਭਾਵਨਾ ਵਧੀ ਹੈ ਪਰ ਤਕਨਾਲੋਜੀ ਮਨੁੱਖੀ ਸੰਪਰਕ ਦਾ ਬਦਲ ਨਹੀਂ ਬਣ ਸਕਦੀ। ਭਾਰਤ ਨੂੰ ਇੱਕ ਬਹੁ-ਪੱਧਰੀ, ਹੱਲ-ਕੇਂਦਰਿਤ ਮਾਨਸਿਕ ਸਿਹਤ ਪ੍ਰਣਾਲੀ ਦੀ ਲੋੜ ਹੈ। ਸਭ ਤੋਂ ਪਹਿਲਾਂ ਮਾਨਸਿਕ ਸਿਹਤ ਨੂੰ ਮੁੱਢਲੀਆਂ ਸਿਹਤ ਸੇਵਾਵਾਂ ਦਾ ਹਿੱਸਾ ਬਣਾਉਣਾ ਹੋਵੇਗਾ। ਪਿੰਡਾਂ ਅਤੇ ਸ਼ਹਿਰਾਂ ਦੇ ਸਿਹਤ ਕੇਂਦਰਾਂ ਵਿੱਚ ਮਾਨਸਿਕ ਤਣਾਅ, ਉਦਾਸੀ, ਘਬਰਾਹਟ, ਨਸ਼ਿਆਂ ਅਤੇ ਆਤਮ-ਹੱਤਿਆ ਦੇ ਖ਼ਤਰੇ ਦੀ ਸ਼ੁਰੂਆਤੀ ਪਛਾਣ ਹੋਣੀ ਚਾਹੀਦੀ ਹੈ।

ਦੂਜਾ, ਸਾਨੂੰ ਇਲਾਜ ਤੋਂ ਪਹਿਲਾਂ ਰੋਕਥਾਮ ਵੱਲ ਜਾਣਾ ਹੋਵੇਗਾ। ਸਕੂਲਾਂ ਵਿੱਚ ਭਾਵਨਾਤਮਿਕ ਸਿੱਖਿਆ, ਮਾਨਸਿਕ ਮਜ਼ਬੂਤੀ, ਸਮਾਜਿਕ ਹੁਨਰ, ਧੱਕੇਸ਼ਾਹੀ ਤੋਂ ਬਚਾਅ ਅਤੇ ਤਣਾਅ ਪ੍ਰਬੰਧਨ ਨੂੰ ਪਾਠਕ੍ਰਮ ਦਾ ਹਿੱਸਾ ਬਣਾਇਆ ਜਾ ਸਕਦਾ ਹੈ। ਕਾਲਜਾਂ ਅਤੇ ਕੰਮਕਾਜ ਵਾਲੀਆਂ ਥਾਵਾਂ 'ਤੇ ਸਲਾਹ-ਮਸ਼ਵਰਾ ਅਤੇ ਮਾਨਸਿਕ ਸਿਹਤ ਸਹਾਇਤਾ ਆਸਾਨੀ ਨਾਲ ਉਪਲੱਬਧ ਹੋਣੀ ਚਾਹੀਦੀ ਹੈ। ਤੀਜਾ, ਪੇਂਡੂ ਭਾਰਤ ਲਈ ਕੰਮ



ਦੀ ਸਾਂਝੀ ਵੰਡ ਵਾਲਾ ਮਾਡਲ ਬਹੁਤ ਮਹੱਤਵਪੂਰਨ ਹੋ ਸਕਦਾ ਹੈ। ਸਿਖਲਾਈ ਪ੍ਰਾਪਤ ਸਿਹਤ ਕਰਮਚਾਰੀਆਂ, ਨਰਸਾਂ, ਸਲਾਹਕਾਰਾਂ ਅਤੇ ਸਮਾਜ ਸੇਵਕਾਂ ਨੂੰ ਮੁੱਢਲੀ ਮਾਨਸਿਕ ਸਿਹਤ ਸਹਾਇਤਾ ਲਈ ਤਿਆਰ ਕੀਤਾ ਜਾ ਸਕਦਾ ਹੈ ਜਦੋਂਕਿ ਗੰਭੀਰ ਮਾਮਲਿਆਂ ਨੂੰ ਮਨੋਚਿਕਿਤਸਕਾਂ ਅਤੇ ਕਲੀਨਿਕਲ ਮਨੋਵਿਗਿਆਨੀਆਂ ਵੱਲ ਭੇਜਿਆ ਜਾਵੇ।

ਚੌਥਾ, ਖ਼ੁਦਕੁਸ਼ੀਆਂ ਦੀ ਰੋਕਥਾਮ ਨੂੰ ਕੌਮੀ ਜਨਤਕ ਸਿਹਤ ਤਰਜੀਹ ਬਣਾਉਣਾ ਜ਼ਰੂਰੀ ਹੈ। ਇਹ ਸਿਰਫ਼ ਵਿਅਕਤੀ ਦੀ ਸਮੱਸਿਆ ਨਹੀਂ; ਇਹ ਪਰਿਵਾਰ, ਸਮਾਜ ਅਤੇ ਸਿਹਤ ਪ੍ਰਣਾਲੀ ਦੀ ਸਾਂਝੀ ਜ਼ਿੰਮੇਵਾਰੀ ਹੈ। ਅੰਤ ਵਿੱਚ, ਸਾਨੂੰ ਇਹ ਵੀ ਪੁੱਛਣਾ ਪਵੇਗਾ ਕਿ ਸਾਡੇ ਪ੍ਰੋਗਰਾਮ ਸੱਚਮੁੱਚ ਕਾਰਗਰ ਹਨ ਜਾਂ ਨਹੀਂ। ਕਿੰਨੀਆਂ ਵਰਕਸ਼ਾਪਾਂ ਹੋਈਆਂ ਜਾਂ ਕਿੰਨੇ ਲੋਕ ਰਜਿਸਟਰ ਹੋਏ, ਇਹ ਸਫ਼ਲਤਾ ਦੇ ਮਾਪਦੰਡ ਨਹੀਂ ਹੋਣੇ ਚਾਹੀਦੇ। ਸਾਨੂੰ ਸਿਹਤਯਾਬੀ, ਰੋਜ਼ਾਨਾ ਜੀਵਨ ਵਿੱਚ ਕਾਰਗੁਜ਼ਾਰੀ, ਜੀਵਨ ਦੀ ਗੁਣਵੱਤਾ, ਰੁਜ਼ਗਾਰ, ਸਕੂਲ ਵਿੱਚ ਹਾਜ਼ਰੀ, ਪਰਿਵਾਰਕ ਸੁੱਖ-ਸ਼ਾਂਤੀ ਅਤੇ ਖ਼ੁਦਕੁਸ਼ੀਆਂ ਦੀ ਰੋਕਥਾਮ ਵਰਗੇ ਨਤੀਜਿਆਂ ਨੂੰ ਮਾਪਣਾ ਹੋਵੇਗਾ। 1947 ਤੋਂ ਲੈ ਕੇ ਅੱਜ ਤੱਕ ਭਾਰਤ ਨੇ ਮਾਨਸਿਕ ਸਿਹਤ ਦੇ ਖੇਤਰ ਵਿੱਚ ਮਾਨਸਿਕ ਹਸਪਤਾਲਾਂ ਦੀਆਂ ਕੰਧਾਂ ਤੋਂ ਭਾਈਚਾਰਕ ਦੇਖਭਾਲ, ਚੁੱਪ ਤੋਂ ਜਾਗਰੂਕਤਾ ਅਤੇ ਕਲੰਕ ਤੋਂ ਅਧਿਕਾਰਾਂ ਤੱਕ ਇੱਕ ਲੰਮਾ ਸਫ਼ਰ ਤੈਅ ਕੀਤਾ ਹੈ, ਪਰ ਅਗਲੀ ਕ੍ਰਾਂਤੀ ਹੋਰ ਵੱਡੀ ਹੋਣੀ ਚਾਹੀਦੀ ਹੈ: ਮਾਨਸਿਕ ਬਿਮਾਰੀ ਦੇ ਇਲਾਜ ਤੋਂ ਮਾਨਸਿਕ ਤੰਦਰੁਸਤੀ ਦੀ ਉਸਾਰੀ ਤੱਕ। ਭਾਰਤ ਦੀ ਮਾਨਸਿਕ ਸਿਹਤ ਕ੍ਰਾਂਤੀ ਦੀ ਅਸਲ ਸਫ਼ਲਤਾ ਉਸ ਦਿਨ ਹੋਵੇਗੀ, ਜਦੋਂ ਇੱਕ ਦੂਰ-ਦੁਰਾਡੇ ਪਿੰਡ ਦਾ ਕਿਸਾਨ, ਦਿੱਲੀ ਦਾ ਵਿਦਿਆਰਥੀ, ਮੁੰਬਈ ਦਾ ਮਜ਼ਦੂਰ, ਪੰਜਾਬ ਦੀ ਬਜ਼ੁਰਗ ਮਾਂ, ਛੋਟੇ ਸ਼ਹਿਰ ਦਾ ਬਜ਼ੁਰਗ ਅਤੇ ਬੰਗਲੂਰੂ ਦਾ ਨੌਜਵਾਨ, ਇਹ ਸਾਰੇ ਬਿਨਾਂ ਸ਼ਰਮ ਤੇ ਬਿਨਾਂ ਡਰ ਕਹਿ ਸਕਣ: 'ਜਦੋਂ ਮੈਨੂੰ ਮਾਨਸਿਕ ਸਹਾਇਤਾ ਦੀ ਲੋੜ ਹੋਵੇਗੀ, ਮੈਨੂੰ ਇਹ ਸਹਾਇਤਾ ਮੇਰੇ ਨੇੜੇ, ਸਮੇਂ ਸਿਰ ਅਤੇ ਸਤਿਕਾਰ ਨਾਲ ਮਿਲੇਗੀ।' ਇਹੀ ਭਾਰਤ ਦੀ ਅਗਲੀ ਮਾਨਸਿਕ ਸਿਹਤ ਕ੍ਰਾਂਤੀ ਹੋਣੀ ਚਾਹੀਦੀ ਹੈ।

ਇੱਥੇ ‘ਫ਼ੈਸਲੇ’ ਤਾਂ ਹੁੰਦੇ ਨੇ ‘ਇਨਸਾਫ਼’ ਨਹੀਂ !

ਅਮਰਜੀਤ ਸਿੰਘ ਵੜੈਚ

ਅਦਾਲਤ ਦੇ ਚੱਕਰ ਕੱਟ ਕੱਟ ਕੇ ਤੰਗ ਆ ਚੁੱਕਿਆ ਇੱਕ ਬਜ਼ੁਰਗ ਕੇਸ ਦੇ ਫ਼ੈਸਲੇ ਵਾਲੇ ਦਿਨ ਜੱਜ ਮੂਹਰੇ ਹੱਥ ਜੋੜ ਕੇ ਕਹਿਣ ਲੱਗਿਆ, “ਜੱਜ ਸਾਹਿਬ, ਅੱਜ ਇਨਸਾਫ਼ ਕਰ ਦਿਓ।” ਜੱਜ ਸਾਹਿਬ ਬਹੁਤ ਸਿਆਣੇ ਸਨ, ਕਹਿਣ ਲੱਗੇ, “ਬਜ਼ੁਰਗੋ! ਇਨ੍ਹਾਂ ਅਦਾਲਤਾਂ ਵਿੱਚ ਤਾਂ ਫ਼ੈਸਲੇ ਸੁਣਾਏ ਜਾਂਦੇ ਨੇ, ਇਨਸਾਫ਼ ਤਾਂ ਸਿਰਫ਼ ਰੱਬ ਦੀ ਅਦਾਲਤ ’ਚ ਹੀ ਹੁੰਦਾ ਹੈ। ਸੇਵਾਮੁਕਤ ਜਸਟਿਸ ਸੰਜੇ ਕਿਸ਼ਨ ਕੌਲ ਨੇ ਹਾਲ ਹੀ ਵਿੱਚ ਸਾਡੇ ਅਦਾਲਤੀ ਨਿਜ਼ਾਮ ’ਤੇ ਜੋ ਪ੍ਰਤੀਕਰਮ ਦਿੱਤੇ ਹਨ, ਉਨ੍ਹਾਂ ਦੇ ਵਿਸ਼ਲੇਸ਼ਣ ਤੋਂ ਇੱਕ ਗੱਲ ਫਿਰ ਸਾਬਿਤ ਹੋ ਰਹੀ ਹੈ ਕਿ ਧੂੰਆਂ ਉਦੋਂ ਹੀ ਉੱਠਦਾ ਹੈ ਜਦੋਂ ਕਿਤੇ ਅੱਗ ਲੱਗਦੀ ਹੈ, ਜਦੋਂ ਕਿਸੇ ਜੱਜ ਦੇ ਘਰੋਂ ਬੋਰੀਆਂ ’ਚ ਭਰੇ ਨੋਟ ਮਿਲਣ, ਘਰ ਦੀ ਦਹਿਲੀਜ਼ ’ਤੇ ਨੋਟਾਂ ਨਾਲ ਭਰਿਆ ਬੈਗ ਮਿਲੇ, ਇੱਕ ਜੱਜ ਇਹ ਕਹੇ ਕਿ ਰਾਜ ਸਿਰਫ਼ ਬਹੁਗਿਣਤੀ ਵਿਚਾਰਾਂ ਦਾ ਹੁੰਦਾ ਹੈ, ਉੱਚ-ਅਦਾਲਤ ਦਾ ਮੁੱਖ ਜੱਜ ਲਾਉਣ ਵੇਲੇ ਸੀਨੀਅਰ ਜੱਜਾਂ ਨੂੰ ਦਰਕਿਨਾਰ ਕੀਤਾ ਜਾਵੇ, ਸੁਪਰੀਮ ਕੋਰਟ ਦੇ ਜੱਜ ਪ੍ਰੈੱਸ ਕਾਨਫਰੰਸ ਕਰਨ ਲਈ ਮਜਬੂਰ ਹੋ ਜਾਣ ਤਾਂ ਫਿਰ ਸੁਆਲ ਉੱਠਣੇ ਲਾਜ਼ਮੀ ਹਨ। ਹੱਦ ਤਾਂ ਉਸ ਵੇਲੇ ਹੁੰਦੀ ਹੈ ਜਦੋਂ ਦੇਸ਼ ਦੀ ਸਰਬ-ਉੱਚ ਅਦਾਲਤ ਦੇ ਜੱਜ ’ਤੇ ਉਸੇ ਕੋਰਟ ਦੀ ਹੀ ਜੁਡੀਸ਼ੀਅਲ ਅਫਸਰ ਨਾਲ ਕਥਿਤ ਛੇੜਛਾੜ ਦਾ ਦੋਸ਼ ਲੱਗੇ ਤੇ ਇਸ ਬਾਰੇ ਬਣੀ ਪਹਿਲੀ ਜਾਂਚ ਕਮੇਟੀ ਦਾ ਉਹ ਜੱਜ ਖ਼ੁਦ ਹੀ ਮੈਂਬਰ ਹੋਵੇ। ਸੁਪਰੀਮ ਕੋਰਟ ਦਾ ਇੱਕ ਸਤਿਕਾਰਿਤ ਜੱਜ ਭਰੀ ਅਦਾਲਤ ’ਚ ਕਹਿ ਦੇਵੇ ਕਿ ਬੇਰੁਜ਼ਗਾਰ ਤਾਂ ‘ਕੌਕਰੋਚ’ ਹੁੰਦੇ ਹਨ ਅਤੇ ਅਦਾਲਤ ਕੋਲ ਨਾਗਰਿਕਾਂ ਉੱਪਰ ਪੁਲੀਸ ਜ਼ਿਆਦਤੀਆਂ ਦੀਆਂ ਵੀਡੀਓਜ਼ ਦੇਖਣ ਦਾ ਸਮਾਂ ਹੀ ਨਾ ਹੋਵੇ!

ਕੀ ਇਹ ਸਥਿਤੀ ਗੰਭੀਰ ਨਹੀਂ ਕਿ ਦੇਸ਼ ਦੇ ਕਾਨੂੰਨ ਦੀ ਇੱਕ ਨਾਮਵਰ ਅਕੈਡਮੀ ਦੇ ਵਿਦਿਆਰਥੀ ਸੁਪਰੀਮ ਕੋਰਟ ਦੇ ਮਾਣਯੋਗ ਚੀਫ ਜਸਟਿਸ ਨੂੰ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਸੁਣਨ ਤੋਂ ਹੀ ਇਨਕਾਰ ਕਰ ਦੇਣ ਅਤੇ ‘ਬਾਰ ਕੌਂਸਲ ਆਫ ਇੰਡੀਆ’ ਇਸ ਕਾਰਨ ਉਸ ਅਕੈਡਮੀ ਦੇ ਵਿਦਿਆਰਥੀਆਂ ਨੂੰ ਅਦਾਲਤਾਂ ’ਚ ਪ੍ਰੈਕਟਿਸ ਕਰਨ ਦਾ ਲਾਇਸੈਂਸ ਦੇਣ ’ਤੇ ਹੀ ਰੋਕ ਲਾ ਦੇਵੇ (ਭਾਵੇਂ ਬਾਅਦ ’ਚ ਰੋਕ ਦਾ ਫ਼ੈਸਲਾ ਰੱਦ ਕਰ ਦਿੱਤਾ ਗਿਆ)। ਇਹ ਕਿਹੋ ਜਿਹੀ ਸਥਿਤੀ ਹੈ ਕਿ ਦੇਸ਼ ਦੀ ਸਰਕਾਰ ਅਤੇ ਸਰਬ-ਉੱਚ ਅਦਾਲਤ ਦੇਸ਼ ਦੇ 18-35 ਸਾਲਾਂ ਦੇ ਨੌਜਵਾਨ ਨਾਗਰਿਕਾਂ ਨੂੰ ਸੁਣਨਾ ਹੀ ਨਹੀਂ ਚਾਹੁੰਦੀ, ਭਾਵੇਂ ਮਗਰੋਂ ਦੇਸ਼ ਵਿਆਪੀ ‘ਗਹਿਰੀ ਚਿੰਤਾ ਤੇ ਚਰਚਾ’ ਛਿੜਨ ਮਗਰੋਂ ਸਰਬ-ਉੱਚ ਅਦਾਲਤ ਨੇ ‘ਜੈੱਨ-ਜ਼ੀ’ ਦੇ ਸਬੰਧਿਤ ਕੇਸ ਦਾਖ਼ਲ ਵੀ ਕਰ ਲਏ। ਚਲੋ! ਇਹ ਵੀ ਚੰਗਾ ਹੀ ਹੋਇਆ।

ਮੁੰਬਈ ਹਾਈ ਕੋਰਟ ਦੇ ਇੱਕ ਸਾਬਕਾ ਜਸਟਿਸ ਬੀ ਜੀ ਕੋਲਸੇ ਪਾਟਿਲ ਸ੍ਰੀ ਰਾਮ ਮਨੋਹਰ ਲੋਹੀਆ ਦੇ ਸ਼ਬਦਾਂ ਨੂੰ ਦੁਹਰਾਉਂਦਿਆਂ ਇਹ ਕਹਿ ਰਹੇ ਹਨ ਕਿ ‘ਸੰਸਦ ਆਵਾਰਾ’ ਹੋ ਗਈ ਹੈ। ਕੀ ‘ਜਿਨ੍ਹਾਂ’ ਤੋਂ ਇਨਸਾਫ਼ ਦੀ ਉਮੀਦ ਹੁੰਦੀ ਹੈ, ਉਨ੍ਹਾਂ ’ਚੋਂ ਹੁਣ ‘ਕੁਝ’ ‘ਸਿਆਸੀ ਪੈੱਨ’ ਨਾਲ ਅਦਾਲਤੀ ਫ਼ੈਸਲੇ ਲਿਖਣ ਲੱਗ ਪਏ ਹਨ? ਇਹ ਸਵਾਲ ਕਈ ਮੰਚਾਂ ’ਤੇ ਉੱਠ ਰਹੇ ਹਨ। ਇਹ ਪ੍ਰਭਾਵ ‘ਰਾਮ ਮੰਦਿਰ ਬਨਾਮ ਬਾਬਰੀ ਮਸਜਿਦ’ ਬਾਰੇ 9 ਨਵੰਬਰ 2019 ਨੂੰ ਸਾਡੇ ਦੇਸ਼ ਦੇ ਤਤਕਾਲੀ ਚੀਫ ਜਸਟਿਸ ਰੰਜਨ ਗੋਗੋਈ ਦੇ ਬੈਂਚ ਵੱਲੋਂ ਦਿੱਤੇ ਫ਼ੈਸਲੇ ਮਗਰੋਂ ਬਣਿਆ। ਜਸਟਿਸ ਗੋਗੋਈ ਨੇ ਲੜਾਕੂ ਜਹਾਜ਼ ‘ਰਾਫੇਲ’ ਦੀ ਰੀਵਿਊ ਪਟੀਸ਼ਨ ਵੀ ਰੱਦ ਕਰ ਦਿੱਤੀ ਸੀ। ਇਹ ਦੇਸ਼ ਦੇ ਇਤਿਹਾਸ ’ਚ ਪਹਿਲੀ ਵਾਰ ਹੋਇਆ ਸੀ ਕਿ ਕੋਈ ਜੱਜ ਸੇਵਾਮੁਕਤੀ ਤੋਂ ਚਾਰ ਮਹੀਨਿਆਂ ਬਾਅਦ ਰਾਜ ਸਭਾ ਦਾ ਮੈਂਬਰ ਮਨੋਨੀਤ ਕਰ ਦਿੱਤਾ ਜਾਵੇ। ਜਸਟਿਸ ਗੋਗੋਈ 16 ਨਵੰਬਰ 2019 ਨੂੰ ਸੇਵਾਮੁਕਤ ਹੋਏ ਤੇ ਰਾਸ਼ਟਰਪਤੀ ਨੇ ਉਨ੍ਹਾਂ ਨੂੰ 16 ਮਾਰਚ 2020 ਨੂੰ ਰਾਜ ਸਭਾ ਮੈਂਬਰ ਮਨੋਨੀਤ ਕਰ ਦਿੱਤਾ। ਸੰਵਿਧਾਨ ਦੀ ਧਾਰਾ 80 ਵਿੱਚ ਇਹ ਸਪੱਸ਼ਟ ਹੈ ਕਿ ਰਾਸ਼ਟਰਪਤੀ ਸਿਰਫ਼ ‘ਸਾਹਿਤ, ਵਿਗਿਆਨ, ਕਲਾ ਤੇ ਸਮਾਜ ਸੇਵਾ’ ਦੇ ਖੇਤਰਾਂ ’ਚੋਂ ਹੀ ਰਾਜ ਸਭਾ ਲਈ ਮੈਂਬਰ ਨਾਮਜ਼ਦ ਕਰ ਸਕਦੇ ਹਨ।

ਜਸਟਿਸ ਰੰਗਨਾਥ ਮਿਸ਼ਰਾ (ਸਾਬਕਾ ਸੀ ਜੇ ਆਈ) 1991 ’ਚ ਸੇਵਾਮੁਕਤ ਹੋਏ ਅਤੇ ਉਹ ‘ਕੌਮੀ ਮਨੁੱਖੀ ਅਧਿਕਾਰ ਕਮਿਸ਼ਨ’ ਦੇ ਚੇਅਰਮੈਨ ਲਾ ਦਿੱਤੇ ਗਏ। ਬਾਅਦ ਵਿੱਚ ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਰਾਜ ਸਭਾ ਦੀ ਟਿਕਟ ਦੇ ਦਿੱਤੀ। ਜਸਟਿਸ ਮਿਸ਼ਰਾ 1984 ’ਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਦੋ ਸਿੱਖ ਸੁਰੱਖਿਆ ਗਾਰਡਾਂ ਵੱਲੋਂ ਕਤਲ ਮਗਰੋਂ ‘ਦਿੱਲੀ ’ਚ ਸਿੱਖਾਂ ਵਿਰੁੱਧ ਹੋਈ ਹਿੰਸਾ’, ਜਿਸ ’ਚ ਤਕਰੀਬਨ 3000 ਸਿੱਖ ਬੇਰਹਿਮੀ ਨਾਲ ਕਤਲ ਕਰ ਦਿੱਤੇ ਗਏ ਸਨ, ਦੀ ਜਾਂਚ ਕਰਨ ਲਈ ਬਣਾਏ ਕਮਿਸ਼ਨ ਦੇ ਚੇਅਰਮੈਨ ਲਾਏ ਗਏ ਸਨ। ਇਸ ਕਮਿਸ਼ਨ ਨੇ ਉਸ ਹਿੰਸਾ ਨੂੰ ‘ਆਪਮੁਹਾਰੇ ਭੜਕੀ ਹਿੰਸਾ’ ਕਿਹਾ ਤੇ ਸਥਾਨਕ ਕਾਂਗਰਸੀ ਲੀਡਰਾਂ ਨੂੰ ਬਰੀ ਕਰ ਦਿੱਤਾ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ 2002 ’ਚ ਬਣੇ ‘ਨਾਨਾਵਤੀ ਕਮਿਸ਼ਨ’ ਦੀ ਰਿਪੋਰਟ ਮਿਸ਼ਰਾ ਕਮਿਸ਼ਨ ਨਾਲੋਂ ਬਿਲਕੁਲ ਹੀ ਉਲਟ ਸੀ।



ਸੁਪਰੀਮ ਕੋਰਟ ਦੇ ਜੱਜ ਜਸਟਿਸ ਬਹਿਰੁਲ ਇਸਲਾਮ ਨੇ ਸੇਵਾਮੁਕਤੀ ਤੋਂ ਇੱਕ ਮਹੀਨਾ ਪਹਿਲਾਂ 1983 ’ਚ ਅਸਤੀਫ਼ਾ ਦੇ ਦਿੱਤਾ ਅਤੇ ਕਾਂਗਰਸ ਨੇ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਬਣਾ ਦਿੱਤਾ। ਜਸਟਿਸ ਇਸਲਾਮ ਨੇ ਬਿਹਾਰ ਦੇ ਤਤਕਾਲੀ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਨੂੰ ਇੱਕ ਬੈਂਕ ਘੁਟਾਲੇ ਦੇ ਕੇਸ ’ਚ ਰਾਹਤ ਦਿੱਤੀ ਸੀ। ਸੁਪਰੀਮ ਕੋਰਟ ਦੇ ਜੱਜ ਅਬਦੁਲ ਨਜ਼ੀਰ ਨੂੰ ਸੇਵਾਮੁਕਤੀ ਤੋਂ ਇੱਕ ਮਹੀਨੇ ਮਗਰੋਂ ਹੀ ਫਰਵਰੀ 2023 ’ਚ ਅਰੁਣਾਚਲ ਪ੍ਰਦੇਸ਼ ਦਾ ਰਾਜਪਾਲ ਲਾ ਦਿੱਤਾ ਗਿਆ। ਜਸਟਿਸ ਨਜ਼ੀਰ, ਰਾਮ ਜਨਮ ਭੂਮੀ ਵਾਲੇ ਮੁਕੱਦਮੇ ਦੇ ਪੰਜ ਮੈਂਬਰੀ ਸੁਪਰੀਮ ਕੋਰਟ ਦੀ ਬੈਂਚ ਦੇ ਮੈਂਬਰ ਸਨ, ਜਿਸ ਨੇ ਅੰਤਿਮ ਫ਼ੈਸਲਾ ਦਿੱਤਾ ਸੀ। ਉਨ੍ਹਾਂ ਨੇ ਨੋਟਬੰਦੀ 2016 ਦੇ ਫ਼ੈਸਲੇ ’ਤੇ ਪਾਈ ਗਈ ਪਟੀਸ਼ਨ ਦੇ ਮਾਮਲੇ ’ਚ ਵੀ ਸਰਕਾਰ ਦੇ ਹੱਕ ’ਚ ਫ਼ੈਸਲਾ ਦਿੱਤਾ ਸੀ। ਜ਼ਿਕਰਯੋਗ ਹੈ ਕਿ ਨੋਟਬੰਦੀ ਵਾਲੇ ਪੰਜ ਜੱਜਾਂ ਦੇ ਬੈਂਚ ਵਿੱਚ ਮਹਿਲਾ ਮੈਂਬਰ ਜਸਟਿਸ ਬੀ ਵੀ ਨਾਗਰਤਨਾ ਵੀ ਸਨ, ਜਿਨ੍ਹਾਂ ਨੇ ਨੋਟਬੰਦੀ ਦੇ ਸੁਪਰੀਮ ਕੋਰਟ ਦੇ ਫ਼ੈਸਲੇ ’ਤੇ ਅਸਹਿਮਤੀ ਦਰਜ ਕਰਵਾਈ ਸੀ। ਉਨ੍ਹਾਂ ਦਾ ਤਰਕ ਸੀ ਕਿ ਇੰਨਾ ਵੱਡਾ ਫ਼ੈਸਲਾ ਸੰਸਦ ਰਾਹੀਂ ਕਾਨੂੰਨ ਬਣਾ ਕੇ ਕਰਨਾ ਚਾਹੀਦਾ ਹੈ, ਪਰ ਬੈਂਚ ਦੇ ਚਾਰ ਜੱਜਾਂ ਨੇ ਨੋਟਬੰਦੀ ਦੇ ਹੱਕ ਵਿੱਚ ਫ਼ੈਸਲਾ ਦਿੱਤਾ ਸੀ।

ਸੁਪਰੀਮ ਕੋਰਟ ਦੇ ਸਾਬਕਾ ਮੁਖੀ ਜਸਟਿਸ ਪੀ. ਸਦਾਸ਼ਿਵਮ ਨੂੰ ਸਤੰਬਰ 2014 ’ਚ ਸੇਵਾਮੁਕਤੀ ਤੋਂ ਪੰਜ ਮਹੀਨੇ ਬਾਅਦ ਹੀ ਕੇਰਲਾ ਦਾ ਰਾਜਪਾਲ ਲਾ ਦਿੱਤਾ ਗਿਆ ਸੀ। ਇਸੇ ਤਰ੍ਹਾਂ ਭਾਰਤੀ ਸੁਪਰੀਮ ਕੋਰਟ ਦੀ ਪਹਿਲੀ ਮਹਿਲਾ ਜੱਜ, ਜਸਟਿਸ ਫ਼ਾਤਿਮਾ ਬੀਵੀ ਨੂੰ 1992 ’ਚ ਸੇਵਾਮੁਕਤੀ ਮਗਰੋਂ 1997 ’ਚ ਤਾਮਿਲਨਾਡੂ ਦੀ ਰਾਜਪਾਲ ਲਾਇਆ ਗਿਆ ਸੀ।

ਭਾਰਤ ਵਿੱਚ ਆਜ਼ਾਦੀ ਮਗਰੋਂ ਇਸ ਤਰ੍ਹਾਂ ਜੱਜ ਸਾਹਿਬਾਨ ਨੂੰ ਸਰਕਾਰੀ ਉੱਚ-ਅਹੁਦਿਆਂ ’ਤੇ ਲਾਉਣ ਦੀ ਪਹਿਲੀ ਉਦਾਹਰਣ ਕਾਂਗਰਸ ਦੇ ਰਾਜ ਵਿੱਚ ਦੇਖਣ ਨੂੰ ਮਿਲਦੀ ਹੈ, ਜਦੋਂ ਸੁਪਰੀਮ ਕੋਰਟ ਦੇ ਜੱਜ ਜਸਟਿਸ ਫ਼ਜ਼ਲ ਅਲੀ ਨੂੰ ਮਈ 1952 ’ਚ ਸੇਵਾਮੁਕਤੀ ਦੇ ਇੱਕ ਮਹੀਨੇ ਮਗਰੋਂ ਉਡੀਸ਼ਾ ਦਾ ਰਾਜਪਾਲ ਲਾਇਆ ਗਿਆ ਸੀ। ਜਸਟਿਸ ਕੌਲ ਦੀ ਕਿਤਾਬ ‘ਵਿਦਾਊਟ ਫੀਅਰ ਔਰ ਫੇਵਰ’ ਉੱਤੇ ਹੋ ਰਹੀ ਚਰਚਾ ਅਨੁਸਾਰ 1973 ’ਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸੀਨੀਅਰ ਜੱਜਾਂ ਨੂੰ ਨੁਕਰੇ ਲਾਉਣ ਦੀ ‘ਰੀਤ’ ਪਾਈ ਸੀ, ਜਦੋਂ ਜਸਟਿਸ ਰਾਏ ਨੂੰ ਸੁਪਰੀਮ ਕੋਰਟ ਦਾ ਮੁਖੀ ਬਣਾਉਣ ਲਈ ਤਿੰਨ ਸੀਨੀਅਰ ਜੱਜਾਂ ਨੂੰ ਅਣਗੌਲਿਆਂ ਕੀਤਾ ਗਿਆ ਸੀ। ਇਸੇ ਤਰ੍ਹਾਂ ਮੌਜੂਦਾ ਸਮੇਂ ’ਚ 2024 ’ਚ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਇੱਕ ਕਮਾਲ ਦੀ ਉਦਾਹਰਣ ਕੋਲਕਾਤਾ ਹਾਈ ਕੋਰਟ ਦੇ ਜੱਜ ਸਾਹਿਬ ਦੀ ਹੈ। ਜਸਟਿਸ ਅਭਿਜੀਤ ਗੰਗੋਉਪਾਧਿਆਏ ਨੇ ਚੋਣਾਂ ਤੋਂ ਕੁਝ ਦਿਨ ਪਹਿਲਾਂ ਹੀ ਅਸਤੀਫ਼ਾ ਦਿੱਤਾ, ਫਿਰ ਭਾਜਪਾ ਦੀ ਟਿਕਟ ’ਤੇ ਚੋਣ ਲੜ ਕੇ ਪੱਛਮੀ ਬੰਗਾਲ ਦੇ ਲੋਕ ਸਭਾ ਹਲਕੇ ਤਮਲੁਕ ਤੋਂ ਐੱਮ ਪੀ ਬਣ ਗਏ। ਸਾਬਕਾ ਜਸਟਿਸ ਡੀ ਵਾਈ ਚੰਦਰਚੂੜ ਵੱਲੋਂ ਮੋਦੀ ਸਰਕਾਰ ਦੇ ‘ਇਲੈਕਟੋਰਲ ਬੌਂਡਜ਼’ ਨੂੰ ਰੱਦ ਕਰਨ ਦਾ ਫ਼ੈਸਲਾ ਦੇ ਕੇ ਆਪਣਾ ਰੁਤਬਾ ਬਹਾਲ ਰੱਖਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਹੁਣ ਜਸਟਿਸ ਕੌਲ ਦੇ ਖ਼ੁਲਾਸਿਆਂ ਨੇ ਉਨ੍ਹਾਂ ’ਤੇ ਫਿਰ ਸਵਾਲ ਖੜ੍ਹੇ ਕਰ ਦਿੱਤੇ ਹਨ।

ਭਾਰਤੀ ਸੰਵਿਧਾਨ ਕਿਸੇ ਵੀ ਜੱਜ ’ਤੇ ਸੇਵਾਮੁਕਤੀ ਮਗਰੋਂ ਕੋਈ ਸਰਕਾਰੀ ਅਹੁਦਾ ਲੈਣ ’ਤੇ ਪਾਬੰਦੀ ਨਹੀਂ ਲਾਉਂਦਾ ਪਰ ਅਤੀਤ ਦੇ ਵਰਤਾਰਿਆਂ ਤੋਂ ਕਾਨੂੰਨੀ, ਵਿਦਿਅਕ, ਸਿਆਸੀ ਤੇ ਪ੍ਰਸ਼ਾਸਨਿਕ ਮਾਹਿਰਾਂ ’ਚ ਇਹ ਚਿੰਤਾ ਤੇ ਚਰਚਾ ਹੁੰਦੀ ਆ ਰਹੀ ਹੈ ਕਿ ਸੇਵਾਮੁਕਤੀ ਮਗਰੋਂ ਕਿਸੇ ਸਰਕਾਰੀ ਲਾਲਚ ਦੀ ਆਸ ਅਦਾਲਤੀ ਫ਼ੈਸਲਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ‘14ਵੇਂ ਕਾਨੂੰਨ ਕਮਿਸ਼ਨ’ ਨੇ ਬਹੁਤ ਹੀ ਜ਼ੋਰਦਾਰ ਢੰਗ ਨਾਲ ਸਿਫ਼ਾਰਿਸ਼ ਕੀਤੀ ਸੀ ਕਿ ਸੇਵਾਮੁਕਤੀ ਮਗਰੋਂ ਦੋ ਸਾਲਾਂ ਤੱਕ ਇਹ ਪਾਬੰਦੀ ਹੋਣੀ ਚਾਹੀਦੀ ਹੈ ਕਿ ਜੱਜ ਕੋਈ ਵੀ ਸਰਕਾਰੀ ਅਹੁਦਾ ਸਵੀਕਾਰ ਨਾ ਕਰ ਸਕਣ। ਜਸਟਿਸ ਕੌਲ ਦੇ ਸ਼ਬਦਾਂ ਵਿੱਚ: ਭਾਰਤ ਦੇ ਅਦਾਲਤੀ ਇਤਿਹਾਸ ਵਿੱਚ 12 ਜਨਵਰੀ 2018 ਦਾ ਦਿਨ ਵੀ ਜਮਹੂਰੀਅਤ ਲਈ ਨਿਆਂਇਕ ਖੇਤਰ ਵਿੱਚ ਇੱਕ ‘ਭੁਚਾਲ’ ਵਾਂਗ ਸੀ, ਜਦੋਂ ਦੇਸ਼ ਦੀ ਸਰਬ-ਉੱਚ ਅਦਾਲਤ ਦੇ ਚਾਰ ਜਸਟਿਸ ਸਾਹਿਬਾਨ ਨੇ ਪ੍ਰੈੱਸ ਕਾਨਫਰੰਸ ਕਰਕੇ ਭਾਰਤ ਦੇ ਤਤਕਾਲੀ ਚੀਫ ਜਸਟਿਸ ’ਤੇ ਇਹ ਦੋਸ਼ ਲਾਏ ਸਨ ਕਿ ‘ਸਰਬ-ਉੱਚ ਅਦਾਲਤ’ ਵਿੱਚ ਸਭ ਕੁਝ ਠੀਕ-ਠਾਕ ਨਹੀਂ ਚੱਲ ਰਿਹਾ। ਇੱਥੇ ਇਹ ਦੱਸਣਾ ਬਣਦਾ ਹੈ ਕਿ ਉਸ ਸਮੇਂ ਇਨ੍ਹਾਂ ਚਾਰ ਜੱਜਾਂ ਵਿੱਚ ਬਾਅਦ ’ਚ ਚੀਫ ਜਸਟਿਸ ਆਫ ਇੰਡੀਆ ਬਣੇ ਰੰਜਨ ਗੋਗੋਈ ਵੀ ਸਨ ਤੇ ਉਸ ਸਮੇਂ ਸਰਬ-ਉੱਚ ਅਦਾਲਤ ਦੇ ਮੁਖੀ ਜਸਟਿਸ ਦੀਪਕ ਮਿਸ਼ਰਾ ਸਨ। ਭਾਰਤ ਵਿੱਚ ਭਾਵੇਂ ਇਹ ਪਹਿਲੀ ਘਟਨਾ ਸੀ ਪਰ ਇਸ ਘਟਨਾ ਨੇ ਪਹਾੜਾਂ ਜਿੱਡੇ ਸਵਾਲ ਖੜ੍ਹੇ ਕਰ ਦਿੱਤੇ ਸਨ, ਜਿਨ੍ਹਾਂ ਦੇ ਜਵਾਬ ਹਾਲੇ ਵੀ ਦੇਸ਼ ਮੰਗ ਰਿਹਾ ਹੈ।

ਹਾਲ ਹੀ ਵਿੱਚ ਇੱਕ ਸੀਨੀਅਰ ਵਕੀਲ ਇੰਦਰਾ ਜੈ ਸਿੰਘ ਨੇ ਇੱਕ ਯਾਦਗਾਰੀ ਭਾਸ਼ਣ ’ਚ ਮਰਦ ਜੱਜਾਂ ਉੱਪਰ ਲੱਗੇ ਕਥਿਤ ਇਲਜ਼ਾਮਾਂ ਬਾਰੇ ਖ਼ੁਲਾਸੇ ਕਰਕੇ ਲੋਕਾਂ ਨੂੰ ਸੁੰਨ ਕਰ ਦਿੱਤਾ ਕਿ ਅਦਾਲਤਾਂ ਵਿੱਚ ਮਰਦ ਜੱਜਾਂ ਵੱਲੋਂ ਮਹਿਲਾ ਜੱਜਾਂ ਦਾ ਕਥਿਤ ‘ਸ਼ੋਸ਼ਣ’ ਇਸ ਕਿੱਤੇ ਦਾ ਇੱਕ ‘ਘਿਣਾਉਣਾ ਰਾਜ਼’ ਹੈ। ਭਾਰਤ ਦੀ ਪਹਿਲੀ ਮਹਿਲਾ ਸੌਲਿਸਟਰ ਜਨਰਲ ਅਤੇ ਸੀਨੀਅਰ ਵਕੀਲ ਇੰਦਰਾ ਜੈ ਸਿੰਘ ਕਈ ਮਹਿਲਾ ਜੱਜਾਂ ਦੇ ਮਰਦ ਜੱਜਾਂ ਵੱਲੋਂ ਕਥਿਤ ਸ਼ੋਸ਼ਣ ਦੇ ਕੇਸ ਲੜ ਚੁੱਕੇ ਹਨ। ਉਹ ਰੂਪਨ ਦਿਓਲ ਬਜਾਜ (ਆਈ ਏ ਐੱਸ) ਬਨਾਮ ਕੇ ਪੀ ਐੱਸ ਗਿੱਲ (ਕਥਿਤ) ਛੇੜਛਾੜ ਕੇਸ ਵਿੱਚ ਬੀਬੀ ਬਜਾਜ ਦੇ ਵਕੀਲ ਸਨ, ਜਿਸ ਵਿੱਚ ਅਦਾਲਤ ਨੇ ਗਿੱਲ ਨੂੰ ਦੋਸ਼ੀ ਮੰਨਿਆ ਸੀ।

ਭਾਰਤੀ ਸੁਪਰੀਮ ਕੋਰਟ ਦੇ ਇਤਿਹਾਸ ਵਿੱਚ ਪੰਜ ਜੱਜਾਂ ਖ਼ਿਲਾਫ਼ ‘ਮਹਾਦੋਸ਼’ ਸ਼ੁਰੂ ਕੀਤੇ ਗਏ, ਪਰ ਹੁਣ ਤੱਕ ਕਿਸੇ ਵੀ ਜੱਜ ਨੂੰ ਮਹਾਦੋਸ਼ ਤਹਿਤ ਅਹੁਦੇ ਤੋਂ ਨਹੀਂ ਹਟਾਇਆ ਗਿਆ। ਇਨ੍ਹਾਂ ਜੱਜਾਂ ਖ਼ਿਲਾਫ਼ ਕਥਿਤ ਰਿਸ਼ਵਤ ਅਤੇ ਜੂਨੀਅਰ ਜੱਜਾਂ ਦੇ ਸ਼ੋਸ਼ਣ ਵਰਗੇ ਇਲਜ਼ਾਮ ਲੱਗੇ ਸਨ। ਜਸਟਿਸ ਦੀਪਕ ਮਿਸ਼ਰਾ ਪਹਿਲੇ ਚੀਫ ਜਸਟਿਸ ਸਨ, ਜਿਨ੍ਹਾਂ ਖ਼ਿਲਾਫ਼ ਰਾਜ ਸਭਾ ’ਚ ਮਹਾਦੋਸ਼ ਲਿਆਂਦਾ ਗਿਆ, ਪਰ ਉਹ ਪਾਸ ਨਹੀਂ ਹੋ ਸਕਿਆ। ਜਸਟਿਸ ਮਿਸ਼ਰਾ ਨੇ ਕੇਰਲਾ ਦੇ ਸਬਰੀਮਾਲਾ ਮੰਦਿਰ ’ਚ ਹਰ ਉਮਰ ਦੀਆਂ ਔਰਤਾਂ ਨੂੰ ਮੱਥਾ ਟੇਕਣ ਦਾ ਹੁਕਮ ਦਿੱਤਾ ਸੀ ਤੇ ਨਿਰਭਯਾ ਕੇਸ ’ਚ ਦੋਸ਼ੀਆਂ ਲਈ ਫਾਂਸੀ ਦੇ ਹੁਕਮਾਂ ਨੂੰ ਬਰਕਰਾਰ ਰੱਖਿਆ ਸੀ। ‘ਮਹਾਦੋਸ਼’ ਦੇ ਕੇਸ ਸਿਰਫ਼ ਹਾਈ ਕੋਰਟਾਂ ਜਾਂ ਸੁਪਰੀਮ ਕੋਰਟ ਦੇ ਜੱਜਾਂ ਵਿਰੁੱਧ ਹੀ ਚਲਾਏ ਜਾ ਸਕਦੇ ਹਨ। ਟ੍ਰਾਇਲ ਤੇ ਸੈਸ਼ਨਜ਼ ਅਦਾਲਤਾਂ ਦੇ ਜੱਜਾਂ ਖ਼ਿਲਾਫ਼ ਕਾਰਵਾਈ ਕਰਨ ਦਾ ਅਧਿਕਾਰ ਹਾਈ ਕੋਰਟਾਂ ਕੋਲ ਹੁੰਦਾ ਹੈ।

ਇਹ ਅਕਸਰ ਸੁਣਨ ਵਿੱਚ ਆਉਂਦਾ ਹੈ ਕਿ ‘ਤਾਕਤਵਰ’ ਲੋਕ ਅਦਾਲਤਾਂ ਦੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਨ ’ਚ ਬਹੁਤੀ ਵਾਰ ਸਫ਼ਲ ਹੋ ਜਾਂਦੇ ਹਨ ਤੇ ਕਮਜ਼ੋਰ ਲੋਕ ਇਨਸਾਫ਼ ਤੋਂ ਵਾਂਝੇ ਰਹਿ ਜਾਂਦੇ ਹਨ। ਅੱਕੇ ਹੋਏ ਲੋਕ ਅਕਸਰ ਕਹਿੰਦੇ ਹਨ ਕਿ ਅਦਾਲਤਾਂ ’ਚ ਸਿਰਫ਼ ਝੂਠ ਹੀ ਜਿੱਤਦਾ ਹੈ, ਸੱਚ ਤਾਂ ਹਮੇਸ਼ਾ ਹੀ ਹਾਰਦਾ ਹੈ। ਵਕਾਲਤ ਦੇ ਪਵਿੱਤਰ ਕਿੱਤੇ ਨਾਲ ਜੁੜੀਆਂ ਕੁਝ ਕਾਲੀਆਂ ਭੇਡਾਂ ਝੂਠੇ ਦਸਤਾਵੇਜ਼ਾਂ ਅਤੇ ਝੂਠੀਆਂ ਸ਼ਾਹਦੀਆਂ ਦੇ ਸਹਾਰੇ ਹੀ ਇਨਸਾਫ਼ ਨੂੰ ਠਿੱਬੀ ਲਾ ਜਾਂਦੀਆਂ ਹਨ, ਜਿੱਥੇ ਸੰਵਿਧਾਨ ਵੀ ਨਿਹੱਥਾ ਹੋ ਜਾਂਦਾ ਹੈ।

ਇਨ੍ਹਾਂ ਹਾਲਾਤ ’ਚ ਇਹ ਸਵਾਲ ਉੱਭਰਨੇ ਕੁਦਰਤੀ ਹਨ ਕਿ ਕੀ ਉਹੋ ਜਿਹੇ ਜੱਜ ਹੁਣ ਅਦਾਲਤਾਂ ਦੀਆਂ ਕੁਰਸੀਆਂ ’ਤੇ ਕਦੇ ਬੈਠਣਗੇ, ਜੋ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਕੋਰਟ ’ਚ ਸਾਹਮਣੇ ਬਿਠਾ ਕੇ ਉਸੇ ਦੇ ਖ਼ ?ਲਾਫ਼ ਫ਼ੈਸਲਾ ਸੁਣਾ ਸਕੇ ਜਾਂ ਆਪਣੇ ਭਵਿੱਖ ਨੂੰ ਦਾਅ ’ਤੇ ਲਾ ਕੇ ਸੁਪਰੀਮ ਕੋਰਟ ਦੇ ਬੈਂਚ ’ਚ ਆਪਣਾ ਅਸਹਿਮਤੀ ਦਾ ਨੋਟ ਲਿਖ ਸਕੇ। ਜਦੋਂ-ਜਦੋਂ ਵੀ ਅਦਾਲਤੀ ਇਨਸਾਫ਼ ਦੀ ਚਰਚਾ ਚੱਲੇਗੀ, ਅਲਾਹਾਬਾਦ ਦੇ ਜੱਜ ਜਸਟਿਸ ਜਗਮੋਹਨ ਸਿਨਹਾ ਅਤੇ ਸੁਪਰੀਮ ਕੋਰਟ ਦੇ ਪੰਜਾਬੀ ਜੱਜ ਜਸਟਿਸ ਐੱਚ ਆਰ ਖੰਨਾ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

‘ਸੋਸ਼ਲਿਸਟ ਪਾਰਟੀ ਆਫ ਇੰਡੀਆ’ ਦੇ ਵੱਡੇ ਆਗੂ ਰਾਜ ਨਾਰਾਇਣ 1971 ਦੀਆਂ ਲੋਕ ਸਭਾ ਚੋਣਾਂ ਸਮੇਂ ਰਾਏ ਬਰੇਲੀ ’ਚ ਇੰਦਰਾ ਗਾਂਧੀ ਤੋਂ ਹਾਰ ਗਏ ਤੇ ਇੰਦਰਾ ਗਾਂਧੀ ਦੇਸ਼ ਦੀ ਪ੍ਰਧਾਨ ਮੰਤਰੀ ਬਣ ਗਈ। ਰਾਜ ਨਾਰਾਇਣ ਨੇ ਅਲਾਹਾਬਾਦ ਹਾਈ ਕੋਰਟ ’ਚ ਇੰਦਰਾ ’ਤੇ ਚੋਣਾਂ ਦੌਰਾਨ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਨ ਦਾ ਕੇਸ ਕਰ ਦਿੱਤਾ। ਕੇਸ ਦਾ ਫ਼ੈਸਲਾ ਜਸਟਿਸ ਜਗਮੋਹਨ ਸਿਨਹਾ ਨੇ ਸੁਣਾਉਣਾ ਸੀ। ਏਜੰਸੀਆਂ ’ਤੇ ਦਬਾਅ ਸੀ ਕਿ ਕੇਸ ਦਿੱਲੀ ਤਬਦੀਲ ਹੋ ਜਾਵੇ ਤਾਂ ਕਿ ਪ੍ਰਧਾਨ ਮੰਤਰੀ ਨੂੰ ਅਲਾਹਾਬਾਦ ਜਾਣ ਦੀ ਨਮੋਸ਼ੀ ਤੋਂ ਬਚਾਇਆ ਜਾ ਸਕੇ ਪਰ ਅਦਾਲਤ ਅੱਗੇ ਸਰਕਾਰ ਦੀ ਇੱਕ ਨਾ ਚੱਲੀ। ਜਸਟਿਸ ਸਿਨਹਾ ਨੇ 16 ਜੂਨ 1975 ਨੂੰ ਇੰਦਰਾ ਗਾਂਧੀ ਦੀ ਹਾਜ਼ਰੀ ’ਚ ਉਸ ਦੇ ਖ਼ਿਲਾਫ਼ ਫ਼ੈਸਲਾ ਸੁਣਾ ਦਿੱਤਾ। ਇਸ ਫ਼ੈਸਲੇ ਦਾ ਮੁੱਲ ਭਾਵੇਂ ਦੇਸ਼ ਨੂੰ ਐਮਰਜੈਂਸੀ ਦੇ ਰੂਪ ’ਚ ਤਾਰਨਾ ਪਿਆ ਪਰ ਇਹ ਫ਼ੈਸਲਾ ਇਤਿਹਾਸਕ ਹੋ ਗਿਆ ਕਿਉਂਕਿ ਮਾਣਯੋਗ ਜਸਟਿਸ ਸਿਨਹਾ ਨੇ ਦੇਸ਼ ਦੇ ਪ੍ਰਧਾਨ ਮੰਤਰੀ ਦਾ ਦਬਾਅ ਵੀ ਨਹੀਂ ਸੀ ਮੰਨਿਆ। ਜਸਟਿਸ ਸਿਨਹਾ ਬਾਅਦ ’ਚ ਲਿਖਦੇ ਹਨ ਕਿ ਉਨ੍ਹਾਂ ਉੱਪਰ ਬਹੁਤ ਸਖ਼ਤ ਦਬਾਅ ਸੀ। ਸੂਹੀਏ ਇਹ ਟੋਹ ਲਾਉਂਦੇ ਰਹੇ ਕਿ ਉਨ੍ਹਾਂ ਕੀ ਫ਼ੈਸਲਾ ਕਰਨਾ ਹੈ। ਜਸਟਿਸ ਸਿਨਹਾ ਨੇ ਲਾਲ ਤੇ ਕਾਲੇ ਰੰਗ ਦੇ ਰਿਬਨਾਂ ਨਾਲ ਦੋ ਵੱਖੋ-ਵੱਖਰੇ ਫ਼ੈਸਲੇ ਟਾਈਪ ਕਰਵਾਏ ਸਨ ਤਾਂ ਕਿ ਏਜੰਸੀਆਂ ਦੇ ਸੂਹੀਏ ਵੀ ਫੇਲ੍ਹ ਹੋ ਜਾਣ। ਇੰਦਰਾ ਗਾਂਧੀ ਨੇ ਇਸ ਫ਼ੈਸਲੇ ਦੀ ਬੜੀ ਹੱਤਕ ਸਮਝੀ ਤੇ ਅਪੀਲ ਦੇ ਸਮੇਂ ਦੌਰਾਨ ਹੀ 25 ਜੂਨ 1975 ਨੂੰ ਦੇਸ਼ ’ਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ। ਜਸਟਿਸ ਸਿਨਹਾ ਚੁੱਪਚਾਪ ਬਾਇੱਜ਼ਤ ਕੰਮ ਕਰਦੇ ਰਹੇ ਤੇ ਸੇਵਾਮੁਕਤੀ ਮਗਰੋਂ ਕੋਈ ਸਿਆਸੀ ਲਾਭ ਨਹੀਂ ਲਿਆ।

ਇੱਕ ਹੋਰ ਜ਼ਿੰਦਾਦਿਲ ਸ਼ਖ਼ਸੀਅਤ ਸਨ ਸੁਪਰੀਮ ਕੋਰਟ ਦੇ ਜੱਜ ਜਸਟਿਸ ਐੱਚ ਆਰ ਖੰਨਾ, ਜਿਨ੍ਹਾਂ ਨੇ ਭਵਿੱਖ ’ਚ ਚੀਫ ਜਸਟਿਸ ਬਣਨ ਦਾ ਸੁਨਹਿਰੀ ਮੌਕਾ ਵੀ ਆਪਣੀ ਤੇ ਕਾਨੂੰਨ ਦੀ ਪ੍ਰਤਿਸ਼ਠਾ ਲਈ ਇਨਸਾਫ਼ ਦੀ ਬਲੀ ਚੜ੍ਹਾ ਦਿੱਤਾ। ਦੇਸ਼ ਵਿੱਚ ਜੂਨ 1975 ’ਚ ਐਮਰਜੈਂਸੀ ਲੱਗਣ ਸਾਰ ਹੀ ਵਿਰੋਧੀ ਧਿਰਾਂ ਦੀ ਜ਼ਬਰਦਸਤ ਫੜੋ-ਫੜੀ ਸ਼ੁਰੂ ਹੋ ਗਈ। ਪ੍ਰਧਾਨ ਮੰਤਰੀ ਨੇ ਜ਼ਿਲ੍ਹਾ ਮੈਜਿਸਟਰੇਟਾਂ ਨੂੰ ਇਹ ਸ਼ਕਤੀਆਂ ਦੇ ਦਿੱਤੀਆਂ ਕਿ ਕਿਸੇ ਵੀ ਵਿਅਕਤੀ ਨੂੰ ਬਿਨਾਂ ਕੇਸ ਚਲਾਏ ਇੱਕ ਸਾਲ ਤੱਕ ਜੇਲ੍ਹ ਭੇਜਿਆ ਜਾ ਸਕਦਾ ਸੀ। ਜਬਲਪੁਰ ’ਚ ਏ ਡੀ ਐੱਮ ਦੇ ਫ਼ੈਸਲੇ ਖ਼ਿਲਾਫ਼ ਸ਼ਿਵਕਾਂਤ ਸ਼ੁਕਲਾ ਨੇ ਹਾਈ ਕੋਰਟ ਜਬਲਪੁਰ ’ਚ ਹੈਬੀਅਸ ਕਾਰਪਸ (ਬੰਦੀ ਦੀ ਜਿਸਮਾਨੀ ਹਾਜ਼ਰੀ) ਪਟੀਸ਼ਨ ਪਾ ਦਿੱਤੀ। ਉਸ ਵਕਤ ਪੂਰੇ ਦੇਸ਼ ਵਿੱਚ ਐਮਰਜੈਂਸੀ ਦੀ ਦਹਿਸ਼ਤ ਸੀ, ਸੋ ਕੋਈ ਵੀ ਸਰਕਾਰ ਖ਼ਿਲਾਫ਼ ਬੋਲਣ ਤੋਂ ਤ੍ਰਭਕਦਾ ਸੀ।


ਜਬਲਪੁਰ ਹਾਈ ਕੋਰਟ ਬੈਂਚ ਨੇ ਇਹ ਕਹਿ ਕੇ ਸ਼ੁਕਲਾ ਦਾ ਕੇਸ ਰੱਦ ਕਰ ਦਿੱਤਾ ਕਿ ਕੌਮੀ ਐਮਰਜੈਂਸੀ ਸਮੇਂ ਨਾਗਰਿਕਾਂ ਦੇ ਨਿੱਜੀ ਸੁਤੰਤਰਤਾ ਦੇ ਅਧਿਕਾਰ ਰੱਦ ਕੀਤੇ ਜਾ ਸਕਦੇ ਹਨ। ਇਹ ਕੇਸ 1976 ’ਚ ਐਮਰਜੈਂਸੀ ਦੌਰਾਨ ਹੀ ਸੁਪਰੀਮ ਕੋਰਟ ਕੋਲ ਰੀਵਿਊ ਲਈ ਪਹੁੰਚਿਆ। ਸੁਪਰੀਮ ਕੋਰਟ ਦੇ ਪੰਜ ਜੱਜਾਂ ’ਤੇ ਆਧਾਰਿਤ ਬੈਂਚ ਨੇ ਇਹ ਕੇਸ ਸੁਣਨਾ ਸੀ। ਬੈਂਚ ਵਿੱਚ ਪੰਜਾਬ ਨਾਲ ਸਬੰਧਿਤ ਇੱਕ ਮੈਂਬਰ ਜਸਟਿਸ ਐੱਚ ਆਰ ਖੰਨਾ ਵੀ ਸਨ। ਜਦੋਂ ਫ਼ੈਸਲਾ ਹੋਇਆ ਤਾਂ ਚਾਰ ਜੱਜ ਇੱਕ ਪਾਸੇ ਤੇ ਜਸਟਿਸ ਖੰਨਾ ਦੂਜੇ ਪਾਸੇ ਸਨ। ਚਾਰ ਜੱਜਾਂ ’ਚ ਉਸ ਵਕਤ ਦੇ ਚੀਫ ਜਸਟਿਸ ਏ ਐੱਨ ਰਾਏ ਵੀ ਸਨ, ਜਿਨ੍ਹਾਂ ਨੇ ਇਹ ਫ਼ੈਸਲਾ ਕੀਤਾ ਕਿ ਐਮਰਜੈਂਸੀ ਦੌਰਾਨ ਨਾਗਰਿਕਾਂ ਦੇ ਬੁਨਿਆਦੀ ਜਿਊਣ ਦੇ ਤੇ ਨਿੱਜੀ ਆਜ਼ਾਦੀ ਦੇ ਅਧਿਕਾਰਾਂ ’ਤੇ ਰੋਕ ਲੱਗ ਸਕਦੀ ਹੈ ਅਤੇ ਉਹ ਕਿਸੇ ਵੀ ਅਦਾਲਤ ’ਚ ਇੱਕ ਸਾਲ ਤੱਕ ਕੇਸ ਵੀ ਨਹੀਂ ਕਰ ਸਕਦੇ। ਜਸਟਿਸ ਖੰਨਾ ਨੇ ਹਿੰਮਤ ਤੇ ਦਲੇਰੀ ਨਾਲ ਬੈਂਚ ਦੇ ਚਾਰ ਜੱਜਾਂ ਦੇ ਫ਼ੈਸਲੇ ਨਾਲ ਅਸਹਿਮਤੀ ਦਰਜ ਕਰਵਾ ਦਿੱਤੀ। ਅੰਤਿਮ ਫ਼ੈਸਲਾ ਚਾਰ ਜੱਜਾਂ ਵਾਲਾ ਹੀ ਹੋਇਆ, ਜਿਸ ’ਚ ਰੀਵਿਊ ਪਟੀਸ਼ਨ ਰੱਦ ਕਰਕੇ ਜਬਲਪੁਰ ਦੇ ਬੈਂਚ ਦਾ ਫ਼ੈਸਲਾ ਬਰਕਰਾਰ ਰੱਖਿਆ ਗਿਆ। ਸੁਪਰੀਮ ਕੋਰਟ ਨੇ 2017 ’ਚ ਉਸ ਫ਼ੈਸਲੇ ਨੂੰ ਉਲਟ ਦਿੱਤਾ ਸੀ।

ਜਸਟਿਸ ਖੰਨਾ ਨੂੰ ਇਸ ਫ਼ੈਸਲੇ ਦੀ ਸਜ਼ਾ ਇਹ ਦਿੱਤੀ ਗਈ ਕਿ ਉਨ੍ਹਾਂ ਤੋਂ ਜੂਨੀਅਰ ਜੱਜ ਜਸਟਿਸ ਐੱਚ ਐੱਮ ਬੇਗ ਨੂੰ ਸਰਕਾਰ ਨੇ ਚੀਫ ਜਸਟਿਸ ਆਫ ਇੰਡੀਆ ਲਾ ਦਿੱਤਾ। ਪ੍ਰਸਿੱਧ

(ਬਾਕੀ ਅਗਲੇ ਸਫ਼ੇ ’ਤੇ)

ਸਿੱਖ ਫ਼ੌਜੀਆਂ ਦੀ ਜਾਂਬਾਜ਼ੀ ਦੀ ਗਵਾਹ ਸਾਰਾਗੜ੍ਹੀ ਦੀ ਜੰਗ

ਸਵਰਨਦੀਪ ਸਿੰਘ ਨੂਰ



ਦੁਨੀਆ ਵਿੱਚ ਜੰਗਾਂ ਲਾਸਾਨੀ ਵੀਰਤਾ ਨਾਲ ਲੜੀਆਂ ਜਾਂਦੀਆਂ ਰਹੀਆਂ ਹਨ। ਸਾਰਾਗੜ੍ਹੀ ਦੀ ਇਤਿਹਾਸਕ ਲੜਾਈ ਉਨ੍ਹਾਂ ਇਤਿਹਾਸਕ ਲੜਾਈਆਂ 'ਚੋਂ ਇੱਕ ਹੈ, ਜੋ ਸੰਯੁਕਤ ਰਾਸ਼ਟਰ ਦੀ ਸੱਭਿਆਚਾਰ ਅਤੇ ਵਿਦਿਆ ਦੇ ਪਸਾਰ ਲਈ ਬਣੀ ਸੰਸਥਾ ਯੂਨੈਸਕੋ ਵੱਲੋਂ ਦੁਨੀਆ ਭਰ ਦੀਆਂ ਅੱਠ ਵਿਲੱਖਣ ਲੜਾਈਆਂ ਵਿੱਚ ਸ਼ਾਮਿਲ ਕੀਤੀ ਗਈ ਹੈ। ਇਸ ਨੂੰ ਦੁਨੀਆ ਭਰ ਦੀਆਂ ਪੰਜ ਅਤਿ ਮਹੱਤਵਪੂਰਨ ਘਟਨਾਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਜੰਗ 12 ਸਤੰਬਰ 1897 ਨੂੰ ਉੱਤਰ-ਪੱਛਮੀ ਸਰਹੱਦੀ ਸੂਬੇ (ਹੁਣ ਖ਼ੈਬਰ ਪਖ਼ਤੂਨਖ਼ਵਾ) 'ਚ ਸਥਿਤ ਸਾਰਾਗੜ੍ਹੀ ਦੇ ਅਸਥਾਨ 'ਤੇ 21 ਸਿੱਖ ਫ਼ੌਜੀਆਂ ਅਤੇ ਦਸ ਹਜ਼ਾਰ ਤੋਂ ਵੱਧ ਗਿਣਤੀ ਵਿੱਚ ਅਫ਼ਗ਼ਾਨ ਕਬਾਇਲੀਆਂ ਦਰਮਿਆਨ ਲੜੀ ਗਈ ਸੀ। ਸਾਰਾਗੜ੍ਹੀ, ਸਮਾਨਾ ਘਾਟੀ ਵਿੱਚ ਕੋਹਾਟ ਜ਼ਿਲ੍ਹੇ ਦਾ ਇੱਕ ਛੋਟਾ ਜਿਹਾ ਪਿੰਡ ਹੈ। 'ਪਸ਼ਤੋ' ਭਾਸ਼ਾ ਵਿੱਚ 'ਸਾਰਾ' ਦਾ ਅਰਥ ਹੈ ਚਾਦਰ, ਪਰਦਾ ਜਾਂ ਖ਼ਾਲਸ। 'ਗੜ੍ਹੀ' ਤੋਂ ਭਾਵ ਹੈ ਛੋਟੀ ਸੈਨਿਕ ਚੌਕੀ ਜਾਂ ਛੋਟਾ ਕਿਲ੍ਹਾ। ਹਜ਼ਰਤ ਮੁਹੰਮਦ ਸਾਹਿਬ ਦੀ ਪਤਨੀ ਦਾ ਨਾਂ ਵੀ 'ਸਾਰਾ' ਸੀ। ਸ਼ਾਇਦ ਉਸੇ ਤੋਂ ਇਸ ਜਗ੍ਹਾ ਦਾ ਨਾਂ ਹੋਂਦ ਵਿੱਚ ਆਇਆ ਹੋਵੇ। ਇਹ ਕੋਹਾਟ ਤੋਂ 35 ਮੀਲ ਅਤੇ ਪਿਸ਼ਾਵਰ ਤੋਂ 50 ਮੀਲ ਦੂਰੀ 'ਤੇ ਸਥਿਤ ਹੈ। ਇਸ ਇਲਾਕੇ ਨੂੰ ਵਜ਼ੀਰਿਸਤਾਨ ਦਾ ਇਲਾਕਾ ਵੀ ਕਿਹਾ ਜਾਂਦਾ ਹੈ, ਜਿਸ ਦੇ ਪਹਾੜ ਅਫ਼ਗ਼ਾਨਿਸਤਾਨ ਅਤੇ ਬ੍ਰਿਟਿਸ਼ ਫਰੰਟੀਅਰ ਨੂੰ ਦੋ ਹਿੱਸਿਆਂ ਵਿੱਚ ਵੰਡਦੇ ਹਨ। 19ਵੀਂ ਸਦੀ ਦੇ ਅਖ਼ੀਰ ਵਿੱਚ ਅੰਗਰੇਜ਼ਾਂ ਨੇ ਇਹ ਇਲਾਕਾ ਆਪਣੇ ਅਧੀਨ ਕਰ ਲਿਆ ਸੀ। ਇੱਥੋਂ ਦੇ ਅਫ਼ਗ਼ਾਨਾਂ ਅਤੇ ਕਬਾਇਲੀ ਲੜਾਕਿਆਂ ਨੂੰ ਅੰਗਰੇਜ਼ੀ ਸਾਮਰਾਜ ਦੀ ਅਧੀਨਤਾ ਹੇਠ ਰਹਿਣਾ ਮਨਜ਼ੂਰ ਨਹੀਂ ਸੀ। ਇਨ੍ਹਾਂ ਲੋਕਾਂ ਨੇ ਅੰਗਰੇਜ਼ਾਂ ਖ਼ਿਲਾਫ਼ ਬਗ਼ਾਵਤ ਦਾ ਝੰਡਾ ਬੁਲੰਦ ਕਰ ਦਿੱਤਾ। ਅੰਗਰੇਜ਼ਾਂ ਲਈ ਵਪਾਰਕ ਪੱਖੋਂ ਇਹ ਇਲਾਕਾ ਬਹੁਤ ਲਾਹੇਵੰਦ ਸੀ ਪਰ ਪਠਾਣ ਅਕਸਰ ਮੌਕਾ ਪਾ ਕੇ ਅੰਗਰੇਜ਼ਾਂ ਦੀਆਂ ਵਪਾਰਕ ਟੁਕੜੀਆਂ 'ਤੇ ਹਮਲਾ ਕਰ ਦਿੰਦੇ ਅਤੇ ਸਾਰਾ ਮਾਲ ਲੁੱਟ ਕੇ ਲੈ ਜਾਂਦੇ ਸਨ। ਅੰਗਰੇਜ਼ ਪਿਛਲੇ ਪੰਜ ਸਾਲਾਂ ਤੋਂ ਸਮਾਨਾ ਘਾਟੀ 'ਤੇ ਕਬਜ਼ਾ ਜਮਾਈ ਬੈਠੇ ਸਨ ਪਰ ਹੁਣ ਉਨ੍ਹਾਂ ਨੂੰ ਨਵੇਂ ਹਾਲਾਤ ਦਾ ਸਾਹਮਣਾ ਕਰਨਾ ਔਖਾ ਹੋ ਰਿਹਾ ਸੀ।

31 ਦਸੰਬਰ 1896 ਨੂੰ ਅੰਗਰੇਜ਼ਾਂ ਵੱਲੋਂ 36 ਸਿੱਖ ਬਟਾਲੀਅਨ, ਜਿਸ ਦੀ ਸਥਾਪਨਾ ਲੈਫਟੀਨੈਂਟ ਕਰਨਲ ਜੌਹਨ ਕੁੱਕ ਨੇ 1887 ਈਸਵੀ ਵਿੱਚ ਜਲੰਧਰ ਵਿੱਚ 36 ਸਿੱਖ ਰੈਜੀਮੈਂਟ ਵਜੋਂ ਕੀਤੀ ਸੀ, ਨੂੰ ਬੁਲਾ ਕੇ ਸਮਾਨਾ ਘਾਟੀ ਦੀ ਉਪਰਲੀ ਚੋਟੀ 'ਤੇ ਪੱਕਾ ਕਬਜ਼ਾ ਕਰਕੇ ਬੈਠਣ ਦਾ ਹੁਕਮ ਸੁਣਾਇਆ ਗਿਆ। ਫ਼ੌਜ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ। ਰਾਈਟ ਵਿੰਗ ਅਤੇ ਲੈਫਟ ਵਿੰਗ। ਰਾਈਟ ਵਿੰਗ ਦੀ ਕਮਾਂਡ ਲੈਫਟੀਨੈਂਟ ਕਰਨਲ ਮਿਸਟਰ ਹਡਸਨ ਨੂੰ ਸੌਂਪੀ ਗਈ। ਇਸ ਟੁਕੜੀ ਨੇ 2 ਜਨਵਰੀ 1897 ਨੂੰ ਲੌਕਹਾਰਟ ਕਿਲ੍ਹੇ 'ਤੇ ਆਪਣਾ ਕਬਜ਼ਾ ਕਰ ਲਿਆ ਸੀ। ਲੌਕਹਾਰਟ ਤੋਂ ਛੇ ਕਿਲੋਮੀਟਰ ਦੀ ਦੂਰੀ ਇੱਕ ਹੋਰ ਕਿਲ੍ਹਾ ਸੀ ਗੁਲਿਸਤਾਨ। ਉਧਰ ਦੂਜੇ ਪਾਸੇ ਲੈਫਟ ਵਿੰਗ ਦੀ ਕਮਾਂਡ ਕੈਪਟਨ ਡਬਲਿਊ ਵੀ ਗਾਰਡਨ ਕੋਲ ਸੀ, ਉਹ ਪਰਚਿਨਾਰ 'ਤੇ ਆਪਣੀ ਫ਼ੌਜ ਲੈ ਕੇ ਬੈਠ ਗਿਆ। ਥਲ ਅਤੇ ਸਾਦਾ ਨਾਮਕ ਚੌਕੀਆਂ ਵੀ ਇਸੇ ਵਿੰਗ ਦੀ ਨਿਗਰਾਨੀ ਅਧੀਨ ਸਨ। ਦੋਵੇਂ ਕਿਲ੍ਹਿਆਂ ਵਿਚਕਾਰ ਸਾਰਾਗੜ੍ਹੀ ਨਾਂ ਦੀ ਇੱਕ ਛੋਟੀ ਸੈਨਿਕ ਚੌਕੀ ਸਥਾਪਿਤ ਕੀਤੀ ਗਈ ਸੀ। ਇਸ ਚੌਕੀ 'ਤੇ ਹੌਲਦਾਰ ਈਸ਼ਰ ਸਿੰਘ ਦੀ ਅਗਵਾਈ ਹੇਠ 21 ਸਿੱਖ ਫ਼ੌਜੀ ਤਾਇਨਾਤ ਕੀਤੇ ਗਏ, ਜੋ 36 ਸਿੱਖ ਬਟਾਲੀਅਨ ਦੇ ਸਿਪਾਹੀ ਸਨ। ਇਸ ਚੌਕੀ ਦੇ ਤਿੰਨ ਪਾਸੇ ਡੂੰਘੀਆਂ ਖਾਈਆਂ ਸਨ ਅਤੇ ਇੱਕ ਪਾਸੇ ਕੁਦਰਤੀ ਪਾਣੀ ਦਾ ਇੱਕ ਚਸ਼ਮਾ ਸੀ ਜੋ ਇਸ ਚੌਕੀ ਦੀ ਸੁਰੱਖਿਆ ਕਰਦਾ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸ਼ਾਸਨ ਕਾਲ ਦੌਰਾਨ ਪਿਸ਼ਾਵਰ ਅਤੇ ਕਾਬੁਲ ਦੇ ਇਲਾਕੇ ਵਿੱਚ ਕਈ ਕਿਲ੍ਹਿਆਂ ਦੀ ਉਸਾਰੀ ਕਰਵਾਈ ਸੀ। 1841-42 ਵਿੱਚ ਸਿੱਖ ਅਤੇ ਅੰਗਰੇਜ਼ ਫ਼ੌਜਾਂ ਨੇ ਅਫ਼ਗ਼ਾਨਾਂ ਨਾਲ ਅਨੇਕਾਂ ਯੁੱਧ ਲੜੇ ਸਨ। ਉਦੋਂ ਇਨ੍ਹਾਂ ਦੋ ਵੱਡੇ ਕਿਲ੍ਹਿਆਂ ਲੌਕਹਾਰਟ ਅਤੇ ਗੁਲਿਸਤਾਨ ਦੀ ਉਸਾਰੀ ਹੋਈ ਸੀ। ਸਾਰਾਗੜ੍ਹੀ ਦੀ ਚੌਕੀ ਇਨ੍ਹਾਂ ਕਿਲ੍ਹਿਆਂ ਵਿਚਕਾਰ ਨੀਵੀਂ ਜਿਹੀ ਥਾਂ 'ਤੇ ਸਥਿਤ ਸੀ। ਇੱਥੋਂ ਸਿਪਾਹੀਆਂ ਦੁਆਰਾ ਝੰਡੀ, ਸੂਰਜ ਅਤੇ ਸ਼ੀਸ਼ੇ ਰਾਹੀਂ ਸਿਗਨਲ ਭੇਜ ਕੇ ਦੋਵੇਂ ਕਿਲ੍ਹਿਆਂ ਵਿਚਕਾਰ ਸਬੰਧ ਸਥਾਪਿਤ ਕੀਤਾ ਜਾਂਦਾ ਸੀ, ਜਿਸ ਨੂੰ 'ਹੈਲਿਓਗ੍ਰਾਫ਼ੀ' ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਕਿਲ੍ਹਿਆਂ ਦੇ ਆਲ਼ੇ-ਦੁਆਲ਼ੇ ਦਾਰ, ਸੰਗਰ, ਕੁਰੈਗ ਅਤੇ ਸਰਟਰੋਪ ਨਾਮੀਂ ਹੋਰ ਵੀ ਚੌਕੀਆਂ ਸਨ ਪਰ ਸਾਰਾਗੜ੍ਹੀ ਇਨ੍ਹਾਂ ਵਿੱਚੋਂ ਸਭ ਤੋਂ ਅਹਿਮ ਸੀ।

ਬਰਤਾਨਵੀ ਸਾਮਰਾਜ ਦੀਆਂ ਕਾਰਵਾਈਆਂ ਤੋਂ ਨਾਰਾਜ਼ ਅਫ਼ਰੀਦੀ ਆਦਿਵਾਸੀਆਂ, ਪਠਾਣਾਂ ਅਤੇ ਕਬਾਇਲੀਆਂ ਨੇ ਅੰਗਰੇਜ਼ਾਂ ਖ਼?ਲਾਫ਼ ਬਗ਼ਾਵਤ ਦਾ ਝੰਡਾ ਬੁਲੰਦ ਕਰ ਦਿੱਤਾ। ਉਨ੍ਹਾਂ ਨੇ ਆਪਣੇ ਸਰਦਾਰ ਗੁਲ ਬਾਦਸ਼ਾਹ ਖ਼ਾਨ ਦੀ ਅਗਵਾਈ ਹੇਠ ਅੰਗਰੇਜ਼ਾਂ ਦੇ ਕਬਜ਼ੇ ਹੇਠਲੇ ਇਲਾਕਿਆਂ ਉੱਤੇ ਜ਼ੋਰਦਾਰ ਹਮਲੇ ਕੀਤੇ। 27 ਅਗਸਤ ਤੋਂ ਲੈ ਕੇ 8 ਸਤੰਬਰ 1897 ਤੱਕ ਕਬਾਇਲੀਆਂ ਨੇ ਲੈਫਟ ਵਿੰਗ ਵਾਲੇ ਪਾਸੇ ਅੰਗਰੇਜ਼ ਫ਼ੌਜ 'ਤੇ ਹਮਲੇ ਕੀਤੇ। ਇਨ੍ਹਾਂ ਹਮਲਿਆਂ ਵਿੱਚ ਪਠਾਣਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ। ਅੰਗਰੇਜ਼ੀ ਫ਼ੌਜ ਨੇ ਕਰਾਰਾ ਜਵਾਬ ਦਿੰਦਿਆਂ ਉਨ੍ਹਾਂ ਨੂੰ ਖ਼ਾਕੀ ਘਾਟੀ ਵੱਲ ਪਿੱਛੇ ਨੂੰ ਧੱਕ ਦਿੱਤਾ। ਇਹ 10 ਸਤੰਬਰ ਦੀ ਘਟਨਾ ਹੈ। ਫਿਰ ਕਬਾਇਲੀ ਸਮਾਨਾ ਚੌਕੀ ਵੱਲ ਵਧੇ ਪਰ ਇੱਥੇ ਵੀ ਕਬਾਇਲੀਆਂ ਦੇ ਹਮਲੇ ਨੂੰ ਕਾਮਯਾਬੀ ਨਾ ਮਿਲੀ। ਇਸ ਤੋਂ ਬਾਅਦ ਕੁਝ ਸੋਚ ਵਿਚਾਰ ਕਰਕੇ ਕਬਾਇਲੀਆਂ ਅਤੇ ਅਫ਼ਰੀਦੀਆਂ ਨੇ ਸਾਰਾਗੜ੍ਹੀ ਚੌਕੀ ਉੱਤੇ ਹਮਲਾ ਕਰਨ ਦੀ ਵਿਉਂਤ ਬਣਾਈ। ਉਨ੍ਹਾਂ ਨੂੰ ਇਸ ਗੱਲ ਦਾ ਪਹਿਲਾਂ ਹੀ ਪਤਾ ਸੀ ਕਿ ਇਸ ਚੌਕੀ 'ਤੇ ਸਿਪਾਹੀਆਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਉਹ ਬੜੀ ਅਸਾਨੀ ਨਾਲ 'ਸਾਰਾਗੜ੍ਹੀ' 'ਤੇ ਕਬਜ਼ਾ ਕਰ ਲੈਣਗੇ। ਹਮਲਾਵਰਾਂ ਨੇ ਚੌਕੀ ਨੂੰ ਚਾਰੇ ਪਾਸਿਉਂ ਘੇਰ ਲਿਆ, ਜਿਸ ਨਾਲ ਚੌਕੀ ਦਾ ਸੰਪਰਕ ਆਪਣੀ ਬਾਕੀ ਅੰਗਰੇਜ਼ ਫ਼ੌਜ ਨਾਲੋਂ ਟੁੱਟ ਗਿਆ। ਕਬਾਇਲੀਆਂ ਨੇ ਸਿੱਖ ਸਿਪਾਹੀਆਂ ਨੂੰ ਚਿਤਾਵਨੀ ਦਿੱਤੀ ਕਿ ਉਹ ਬਿਨਾਂ ਮੁਕਾਬਲਾ ਆਤਮ-ਸਮਰਪਣ ਕਰਕੇ ਆਪਣੀ ਜਾਨ ਬਚਾ ਸਕਦੇ ਹਨ। ਸਿੱਖ ਸੈਨਿਕਾਂ ਨੇ ਆਪਣੀ ਜਾਨ ਬਚਾਉਣ ਲਈ ਕੋਈ ਪੇਸ਼ਕਸ਼ ਸਵੀਕਾਰ ਕਰਨ ਦੀ ਬਜਾਏ ਦੁਸ਼ਮਣ ਨੂੰ ਮੂੰਹ ਤੋੜ ਜਵਾਬ ਦਿੱਤਾ ਅਤੇ ਇੱਕੋ ਹੱਲੇ ਵਿੱਚ ਅਫ਼ਰੀਦੀ ਕਬਾਇਲੀ ਸੈਨਿਕਾਂ ਦੇ ਪੈਰ ਉਖਾੜ ਦਿੱਤੇ। ਇਹ ਲੜਾਈ ਸਵੇਰੇ 9.30 ਵਜੇ ਦੇ ਕਰੀਬ ਸ਼ੁਰੂ ਹੋਈ ਸੀ।

ਅਫ਼ਰੀਦੀ ਹਮਲਾਵਰਾਂ ਦੀ ਗਿਣਤੀ ਲਗਪਗ ਦਸ ਹਜ਼ਾਰ ਸੀ। ਦੁਪਹਿਰ ਤੱਕ ਭਾਰੀ ਗਿਣਤੀ ਵਿੱਚ ਦੁਸ਼ਮਣ ਫ਼ੌਜ ਦੇ ਸਿਪਾਹੀ ਮਾਰੇ ਗਏ ਤੇ ਬਾਰਾਂ ਸਿੱਖ ਸੈਨਿਕ ਵੀ ਸ਼ਹੀਦ ਹੋ ਗਏ ਸਨ। ਬਾਕੀ ਬਚੇ ਸਿੱਖ ਸੈਨਿਕਾਂ ਕੋਲ ਗੋਲਾ ਬਾਰੂਦ ਵੀ ਬਹੁਤ ਘੱਟ ਰਹਿ ਗਿਆ ਸੀ। ਅਫ਼ਰੀਦੀਆਂ ਦੀ ਇੱਕ ਟੋਲੀ ਕਿਸੇ ਤਰ੍ਹਾਂ ਕਿਲੇ ਦੀ ਇੱਕ ਕੰਧ ਤੋੜਨ ਵਿੱਚ ਸਫ਼ਲ ਹੋ ਗਈ, ਪਰ ਅਣਖੀਲੇ ਤੇ ਜਾਂਬਾਜ਼ ਸਿੱਖ ਫ਼ੌਜੀਆਂ ਨੇ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਇਨ੍ਹਾਂ ਨੂੰ ਚੌਕੀ ਦੇ ਅੰਦਰ ਆਉਣ ਤੋਂ ਰੋਕੀ ਰੱਖਿਆ। ਅਫ਼ਰੀਦੀ ਸੈਨਾ ਨੇ ਗੜ੍ਹੀ ਦੇ ਬਾਹਰ ਘਾਹ-ਫੂਸ ਨੂੰ ਅੱਗ ਲਾ ਦਿੱਤੀ। ਚਾਰੇ ਪਾਸੇ ਧੂੰਆਂ ਹੀ ਧੂੰਆਂ ਫੈਲ ਗਿਆ। ਦੁਸ਼ਮਣ ਫ਼ੌਜ ਦੇ ਕੁਝ ਸਿਪਾਹੀ ਇਸ ਮੌਕੇ ਦਾ ਫ਼ਾਇਦਾ ਉਠਾ ਕੇ ਗੜ੍ਹੀ ਦੇ ਅੰਦਰ ਦਾਖ਼ਲ ਹੋਣ ਵਿੱਚ ਕਾਮਯਾਬ ਹੋ ਗਏ। ਇਸ ਸਮੇਂ ਤੱਕ ਸਿੱਖ ਫ਼ੌਜੀਆਂ ਕੋਲ ਗੋਲੀ ਸਿੱਕਾ ਖ਼ਤਮ ਹੋ ਚੁਕਿਆ ਸੀ ਪਰ ਹੌਸਲਾ ਉਸੇ ਤਰ੍ਹਾਂ ਕਾਇਮ ਸੀ। ਉਹ ਬੰਦੂਕਾਂ ਦੇ ਅੱਗੇ ਲੱਗੇ ਬੈਨਟਾਂ ਨਾਲ ਹੀ ਮੁਕਾਬਲਾ ਕਰ ਰਹੇ ਸਨ। ਸਿੱਖ ਫ਼ੌਜੀਆਂ ਨੇ ਆਪਣੀ ਬੇਮਿਸਾਲ ਬਹਾਦਰੀ ਅਤੇ ਹੌਸਲੇ ਦੇ ਸਿਰ 'ਤੇ ਹੁਣ ਤੱਕ ਸੈਂਕੜੇ ਕਬਾਇਲੀ ਤੇ ਅਫ਼ਰੀਦੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸ ਗਹਿਗੱਚ ਲੜਾਈ ਵਿੱਚ ਸ਼ਾਮ ਪੈਂਦਿਆਂ ਤੱਕ ਵੀਹ ਸਿੱਖ ਫ਼ੌਜੀ ਸ਼ਹੀਦੀ ਜਾਮ ਪੀ ਚੁੱਕੇ ਸਨ। ਸਿਰਫ਼ ਸਿਗਨਲਮੈਨ ਗੁਰਮੁਖ ਸਿੰਘ ਹੀ ਜ਼ਿੰਦਾ ਸੀ। ਉਸ ਨੇ ਕਰਨਲ ਹਾਰਟਨ ਨੂੰ ਆਖ਼ਰੀ ਸੰਦੇਸ਼ ਭੇਜਿਆ ਕਿ ਮੇਰੇ ਸਾਰੇ ਸਾਥੀ ਦੁਸ਼ਮਣ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋ ਚੁੱਕੇ ਹਨ ਅਤੇ ਹੁਣ ਮੈਂ ਵੀ ਸਿਗਨਲ ਬੰਦ ਕਰਕੇ ਦੁਸ਼ਮਣ ਦਾ ਮੁਕਾਬਲਾ ਕਰਨ ਜਾ ਰਿਹਾ ਹਾਂ। ਮੈਨੂੰ ਆਗਿਆ ਦਿੱਤੀ ਜਾਵੇ। ਇਸ ਦੇ ਨਾਲ ਹੀ ਉਸ ਨੇ ਸਿਗਨਲ ਬੰਦ ਕੀਤਾ ਅਤੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਲਾਉਂਦਿਆਂ ਅੱਗੇ ਵਧ ਕੇ ਪੰਦਰਾਂ ਵੀਹ ਦੁਸ਼ਮਣ ਸੈਨਿਕਾਂ ਨੂੰ ਬੈਨਟ ਨਾਲ ਥਾਏਂ ਢੇਰ ਕਰ ਦਿੱਤਾ।

ਕਬਾਇਲੀ ਅਤੇ ਅਫ਼ਰੀਦੀਆਂ ਵੱਲੋਂ ਸਾਰੇ ਸਿੱਖ ਫ਼ੌਜੀਆਂ ਨੂੰ ਸ਼ਹੀਦ ਕਰਨ ਤੋਂ ਬਾਅਦ ਗੜ੍ਹੀ ਨੂੰ ਅੱਗ ਲਾ ਦਿੱਤੀ ਗਈ। ਇਸ ਤਰ੍ਹਾਂ 36 ਸਿੱਖ ਰੈਜੀਮੈਂਟ (ਅੱਜਕੱਲ੍ਹ ਭਾਰਤੀ ਫ਼ੌਜ ਦੀ 4 ਸਿੱਖ ਬਟਾਲੀਅਨ) ਦੇ ਇਹ 21 ਜਾਂਬਾਜ਼ ਸਿਪਾਹੀ ਆਪਣੇ ਕਮਾਂਡਰ 'ਹੌਲਦਾਰ ਈਸ਼ਰ ਸਿੰਘ', ਜੋ ਲੁਧਿਆਣੇ ਨੇੜਲੇ ਪਿੰਡ ਝੋਰੜਾਂ ਦੇ ਰਹਿਣ ਵਾਲੇ ਸਨ, ਦੀ ਅਗਵਾਈ ਵਿੱਚ ਬਹਾਦਰੀ ਨਾਲ ਆਪਣੀਆਂ ਜਾਨਾਂ ਕੁਰਬਾਨ ਕਰ ਗਏ। ਗਿਣਤੀ ਵਿੱਚ ਥੋੜ੍ਹੇ ਹੋਣ ਦੇ ਬਾਵਜੂਦ ਇਨ੍ਹਾਂ ਸੂਰਬੀਰਾਂ ਨੇ ਦੁਸ਼ਮਣ ਦੀ ਈਨ ਨਹੀਂ ਮੰਨੀ। ਦੁਸ਼ਮਣ ਸੈਨਾ ਵੀ ਸਿੱਖ ਸੈਨਿਕਾਂ ਦੇ ਇਸ ਜਜ਼ਬੇ 'ਤੇ ਹੈਰਾਨ ਹੋਏ ਬਿਨਾਂ ਨਾ ਰਹਿ ਸਕੀ। ਇਸ ਸਾਕੇ ਦੀ ਗੂੰਜ ਜਦੋਂ ਬਰਤਾਨੀਆ ਦੀ ਪਾਰਲੀਮੈਂਟ ਵਿੱਚ ਪਹੁੰਚੀ ਤਾਂ ਦੋਵੇਂ ਸਦਨਾਂ ਦੇ ਮੈਂਬਰਾਂ ਨੇ ਆਪਣੀਆਂ ਕੁਰਸੀਆਂ ਤੋਂ ਖੜ੍ਹੇ ਹੋ ਕੇ ਸ਼ਹੀਦ ਸਿੱਖ ਫ਼ੌਜੀਆਂ ਨੂੰ ਸ਼ਰਧਾਂਜਲੀ ਦਿੱਤੀ। ਵਿਸ਼ਵ ਭਰ ਵਿੱਚ ਇਸ ਬੇਮਿਸਾਲ ਲੜਾਈ ਦੀ ਚਰਚਾ ਕੀਤੀ ਗਈ। ਸੰਸਾਰ ਭਰ ਦੀਆਂ ਅਖ਼ਬਾਰਾਂ ਵਿੱਚ ਇਸ ਲੜਾਈ ਦਾ ਪ੍ਰਮੁੱਖਤਾ ਨਾਲ ਜ਼ਿਕਰ ਹੋਇਆ। ਇਨ੍ਹਾਂ 21 ਬਹਾਦਰ ਸਿੱਖ ਫ਼ੌਜੀਆਂ ਨੂੰ ਇੰਗਲੈਂਡ ਦੀ ਸਰਕਾਰ ਵੱਲੋਂ ਹਿੰਦੋਸਤਾਨੀ ਫ਼ੌਜੀਆਂ ਨੂੰ ਦਿੱਤੇ ਜਾਣ ਵਾਲੇ ਸਭ ਤੋਂ ਵੱਡੇ ਸਨਮਾਨ 'ਇੰਡੀਅਨ ਔਰਡਰ ਆਫ ਮੈਰਿਟ' ਨਾਲ ਨਿਵਾਜਿਆ, ਜੋ 'ਪਰਮਵੀਰ ਚੱਕਰ' ਦੇ ਬਰਾਬਰ ਹੈ। ਇਸ ਤੋਂ ਇਲਾਵਾ ਹਰ ਸ਼ਹੀਦ ਫ਼ੌਜੀ ਦੇ ਪਰਿਵਾਰ ਨੂੰ ਦੋ ਮੁਰੱਬੇ ਜ਼ਮੀਨ ਅਤੇ 500 ਰੁਪਏ ਦੀ ਨਗਦ ਰਾਸ਼ੀ ਵੀ ਦਿੱਤੀ ਗਈ। ਭਾਰਤੀ ਯੋਧਿਆਂ ਦੇ ਇਤਿਹਾਸ ਵਿੱਚ ਅੱਜ ਤੱਕ ਇੰਨਾ ਵੱਡਾ ਸਨਮਾਨ ਅਤੇ ਇਕੱਠਿਆਂ ਏਨੀ ਵੱਡੀ ਗਿਣਤੀ ਭਾਰਤੀ ਸੈਨਿਕਾਂ ਨੂੰ ਕਦੇ ਨਹੀਂ ਮਿਲਿਆ। ਇਸ ਸਾਕੇ ਨੂੰ ਯਾਦ ਕਰਕੇ ਜਿੱਥੇ ਭਾਰਤੀ ਦੇਸ਼ ਵਾਸੀਆਂ ਦਾ ਸੀਨਾ ਮਾਣ ਨਾਲ ਚੌੜਾ ਹੋ ਜਾਂਦਾ ਹੈ, ਉੱਥੇ ਪਠਾਣਾਂ ਅਤੇ ਅਫ਼ਰੀਦੀਆਂ ਦੇ ਅੱਜ ਵੀ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ।

ਪੰਜਾਬ ਵਿੱਚ 'ਸਾਰਾਗੜ੍ਹੀ' ਸਾਕੇ ਦੀ ਯਾਦਗਾਰ ਦੋ ਸ਼ਹਿਰਾਂ ਵਿੱਚ ਬਣੀ ਹੋਈ ਹੈ, ਅੰਮ੍ਰਿਤਸਰ ਅਤੇ ਫ਼ਿਰੋਜ਼ਪੁਰ। ਦੋਹਾਂ ਥਾਵਾਂ 'ਤੇ ਇਨ੍ਹਾਂ 21 ਸ਼ਹੀਦ ਸਿੱਖ ਸੈਨਿਕਾਂ ਦੇ ਨਾਂ ਸਤਿਕਾਰ ਨਾਲ ਲਿਖੇ ਹੋਏ ਹਨ। ਇਹ ਨਾਂ ਹਨ: ਹਵਾਲਦਾਰ ਸਰਦਾਰ ਈਸ਼ਰ ਸਿੰਘ ਝੋਰੜਾਂ, ਸਰਦਾਰ ਲਾਲ ਸਿੰਘ, ਸਰਦਾਰ ਚੰਦਾ ਸਿੰਘ ਲਾਂਸ ਨਾਇਕ, ਸਰਦਾਰ ਸੁੰਦਰ ਸਿੰਘ, ਸਰਦਾਰ ਉੱਤਮ ਸਿੰਘ, ਸਰਦਾਰ ਹੀਰਾ ਸਿੰਘ, ਸਰਦਾਰ ਰਾਮ ਸਿੰਘ, ਸਰਦਾਰ ਜੀਵਾ ਸਿੰਘ, ਸਰਦਾਰ ਜੀਵਨ ਸਿੰਘ, ਸਰਦਾਰ ਗੁਰਮੁਖ ਸਿੰਘ ਸਿਗਨਲਮੈਨ, ਸਰਦਾਰ ਭੋਲਾ ਸਿੰਘ, ਸਰਦਾਰ ਬੂਟਾ ਸਿੰਘ, ਸਰਦਾਰ ਨੰਦ ਸਿੰਘ, ਸਰਦਾਰ ਸਾਹਿਬ ਸਿੰਘ, ਸਰਦਾਰ ਦਇਆ ਸਿੰਘ, ਸਰਦਾਰ ਭਗਵਾਨ ਸਿੰਘ, ਸਰਦਾਰ ਨਰਾਇਣ ਸਿੰਘ, ਸਰਦਾਰ ਗੁਰਮੁਖ ਸਿੰਘ, ਸਰਦਾਰ ਸਿੰਦਰ ਸਿੰਘ, ਦਾਉ ਸਿੰਘ ਅਤੇ ਦਾਦ ਸਿੰਘ। ਇਸ ਅਸਾਵੀਂ ਲੜਾਈ ਦੇ ਕਮਾਂਡਰ ਹੌਲਦਾਰ ਈਸ਼ਰ ਸਿੰਘ ਦੇ ਪਰਿਵਾਰਕ ਮੈਂਬਰਾਂ ਬਿੱਕਰ ਸਿੰਘ ਅਤੇ ਸੰਤੋਖ ਸਿੰਘ ਵੱਲੋਂ ਹਰ ਸਾਲ ਆਪਣੇ ਪਿੰਡ ਝੋਰੜਾਂ ਵਿੱਚ ਬਣੀ ਈਸ਼ਰ ਸਿੰਘ ਦੀ ਯਾਦ ਨੂੰ ਸਮਰਪਿਤ ਅਖੰਡ ਪਾਠ ਕਰਵਾਇਆ ਜਾਂਦਾ ਹੈ। ਇਸ ਮੌਕੇ ਇਲਾਕਾ ਨਿਵਾਸੀਆਂ ਅਤੇ ਭਾਰਤੀ ਫ਼ੌਜ ਵੱਲੋਂ ਇਸ ਮਹਾਨ ਯੋਧੇ ਦੀ ਯਾਦਗਾਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਹਨ।

(ਪਿਛਲੇ ਸਫ਼ੇ ਦੀ ਬਾਕੀ)

ਪੱਤਰਕਾਰ ਖ਼ੁਸ਼ਵੰਤ ਸਿੰਘ ਨੇ ਜਸਟਿਸ ਖੰਨਾ ਬਾਰੇ ਲਿਖਿਆ ਸੀ ਕਿ ਉਹ ਇੰਨੇ ਸਾਫ਼-ਸੁਥਰੇ ਬੰਦੇ ਸਨ, ਜਿਨ੍ਹਾਂ ਅੱਗੇ ਫ਼ਰਿਸ਼ਤੇ ਵੀ ਖ਼ੁਦ ਨੂੰ ਉਲਝੇ ਹੋਏ ਤੇ ਗੰਦੇ ਸਮਝ ਸਕਦੇ ਸਨ। ਜਿਸ ਦਿਨ ਜਸਟਿਸ ਬੇਗ ਨੂੰ ਰਾਸ਼ਟਰਪਤੀ ਫ਼ਖ਼ਰੂਦੀਨ ਅਲੀ ਅਹਿਮਦ ਨੇ ਚੀਫ ਜਸਟਿਸ ਆਫ ਇੰਡੀਆ ਲਾਉਣ ਦਾ ਆਰਡੀਨੈਂਸ ਜਾਰੀ ਕੀਤਾ, ਜਸਟਿਸ ਖੰਨਾ ਨੇ ਉਸੇ ਦਿਨ ਅਸਤੀਫ਼ਾ ਦੇ ਦਿੱਤਾ। ਸਰਕਾਰ ਦਾ ਇਹ ਫ਼ੈਸਲਾ ਦੇਸ਼ ਦੀ ਸੰਵਿਧਾਨਕ ਮਰਿਆਦਾ ਦੇ ਬਿਲਕੁਲ ਉਲਟ ਸੀ। ਜਸਟਿਸ ਖੰਨਾ ਨੂੰ ਸਜ਼ਾ ਦੇਣ ਦਾ ਮਤਲਬ ਬਾਕੀ ਜੁਡੀਸ਼ਰੀ ਤੇ ਅਫਸਰਸ਼ਾਹੀ ਨੂੰ ਅਸਿੱਧੇ ਰੂਪ 'ਚ ਚਿਤਾਵਨੀ ਦੇਣਾ ਵੀ ਸੀ।


ਇਸ ਸਚਾਈ ਨੂੰ ਮੰਨਣ 'ਚ ਗੁਰੇਜ਼ ਨਹੀਂ ਹੋਣਾ ਚਾਹੀਦਾ ਕਿ ਭ੍ਰਿਸ਼ਟਾਚਾਰ ਅਤੇ ਕੁਨਬਾਪਰਵਰੀ ਨੇ ਦੇਸ਼ ਦੇ ਹਰ ਮਹਿਕਮੇ 'ਚ ਜੜ੍ਹਾਂ ਪਸਾਰ ਲਈਆਂ ਹਨ ਅਤੇ ਅਦਾਲਤਾਂ ਨੂੰ ਇਸ ਦੋਸ਼ ਤੋਂ ਬਰੀ ਨਹੀਂ ਕੀਤਾ ਜਾ ਸਕਦਾ। ਲੋਕ ਸਭਾ ਵਿੱਚ ਦਿੱਤੇ ਅੰਕੜਿਆਂ ਅਨੁਸਾਰ ਭਾਰਤ ਦੀ ਸਰਬ-ਉੱਚ ਅਦਾਲਤ ਕੋਲ 2016 ਤੋਂ 2025 ਤੱਕ ਵੱਖ-ਵੱਖ ਜੱਜਾਂ ਖ਼?ਲਾਫ਼ ਵੱਖੋ-ਵੱਖ ਕਿਸਮ ਦੀਆਂ 8600 ਸ਼ਿਕਾਇਤਾਂ ਪਹੁੰਚੀਆਂ ਹਨ। ਦਿੱਲੀ ਹਾਈ ਕੋਰਟ ਦੇ ਜੱਜ ਯਸ਼ਵੰਤ ਵਰਮਾ ਦੇ ਘਰ 'ਚੋਂ ਮਾਰਚ 2025 'ਚ 15 ਕਰੋੜ ਦੇ ਨੋਟ ਬਰਾਮਦ ਹੋਏ। ਸਾਲ 2008 'ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇੱਕ ਜੱਜ ਦੇ ਘਰ ਦੇ ਗੇਟ 'ਤੇ 15 ਲੱਖ ਰੁਪਏ ਨਾਲ ਭਰਿਆ ਬੈਗ ਮਿਲਿਆ, ਜੋ ਨਾਮ ਦਾ ਭੁਲੇਖਾ ਪੈਣ ਕਰਕੇ ਗ਼ਲਤੀ ਨਾਲ ਉਸੇ ਨਾਮ ਦੇ ਦੂਜੇ ਜੱਜ ਦੇ ਘਰ ਮੂਹਰੇ ਰੱਖ ਦਿੱਤਾ ਗਿਆ ਸੀ। ਹਾਲ ਹੀ ਵਿੱਚ ਰਾਜਸਥਾਨ ਹਾਈ ਕੋਰਟ ਦੇ ਇੱਕ ਜੱਜ ਖ਼ਿਲਾਫ਼ ਸੁਪਰੀਮ ਕੋਰਟ 'ਚ ਕਈ ਸ਼ਿਕਾਇਤਾਂ ਪਹੁੰਚੀਆਂ ਹਨ। ਹੇਠਲੀਆਂ ਅਦਾਲਤਾਂ ਦੇ ਕਈ ਜੱਜਾਂ ਖ਼?ਲਾਫ਼ ਭ੍ਰਿਸ਼ਟਾਚਾਰ ਤੇ ਸ਼ੋਸ਼ਣ ਆਦਿ ਦੇ ਕੇਸ ਹੋ ਚੁੱਕੇ ਹਨ।

ਇੱਕ ਵੱਡੇ ਲੀਡਰ 'ਤੇ ਲੱਗੇ ਕਤਲ ਦੇ ਦੋਸ਼ਾਂ ਦਾ ਕੇਸ ਸੁਣ ਰਹੇ ਜੱਜ ਦੀ ਦਿਲ ਦੇ ਦੌਰੇ ਕਾਰਨ ਮੌਤ ਹੋ ਜਾਂਦੀ ਹੈ ਤੇ ਨਵਾਂ ਜੱਜ ਉਸ ਲੀਡਰ ਨੂੰ ਇੱਕ ਮਹੀਨੇ 'ਚ ਹੀ ਬਰੀ ਕਰ ਦਿੰਦਾ ਹੈ। ਦੇਸ਼ ਵਿੱਚ ਨੋਟਬੰਦੀ ਤੇ ਕਰੋਨਾ ਸਬੰਧੀ ਪਾਈਆਂ ਪਟੀਸ਼ਨਾਂ 'ਤੇ ਸਰਕਾਰ ਦੇ ਹੱਕ 'ਚ ਫ਼ੈਸਲੇ ਹੋਏ। ਗੋਧਰਾ ਕਾਂਡ ਵਾਲੇ ਜਬਰ-ਜਨਾਹ ਦੇ ਦੋਸ਼ੀਆਂ ਨੂੰ ਸਰਕਾਰ ਮੁਆਫ਼ ਕਰ ਦਿੰਦੀ ਹੈ। ਇੱਕ ਇਸਾਈ ਮਿਸ਼ਨਰੀ ਤੇ ਉਸ ਦੇ ਪੁੱਤਰ ਦੇ ਕਤਲ 'ਚ ਉਡੀਸ਼ਾ 'ਚ ਸਜ਼ਾ ਭੁਗਤ ਰਹੇ ਦੋਸ਼ੀ ਨੂੰ ਸਰਕਾਰ ਸਮੇਂ ਤੋਂ ਪਹਿਲਾਂ ਰਿਹਾਅ ਕਰਨ ਦੀ ਤਿਆਰੀ ਕਰਦੀ ਹੈ, ਪਰ ਯੂ ਪੀ ਦੇ ਹਾਥਰਸ 'ਚ ਕਥਿਤ ਜਬਰ-ਜਨਾਹ ਕੇਸ ਦੀ ਰਿਪੋਰਟਿੰਗ ਕਰਨ ਜਾ ਰਹੇ ਪੱਤਰਕਾਰ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਦੋ ਸਾਲ ਜੇਲ੍ਹ 'ਚ ਬੰਦ ਰੱਖਿਆ ਜਾਂਦਾ ਹੈ। ਬੰਦੀ ਸਿੰਘਾਂ ਦੀ ਰਿਹਾਈ ਦੇ ਆਰਡੀਨੈਂਸ ਜਾਰੀ ਹੋਣ ਮਗਰੋਂ ਵੀ ਉਹ ਜੇਲ੍ਹਾਂ ਵਿੱਚ ਹਨ। ਲੋਕਾਂ ਦੁਆਰਾ ਚੁਣੇ ਸੰਸਦ ਮੈਂਬਰ ਇੰਜੀਨੀਅਰ ਰਸ਼ੀਦ ਅਤੇ ਅੰਮ੍ਰਿਤਪਾਲ ਸਿੰਘ ਜੇਲ੍ਹ 'ਚ ਬੰਦ ਹਨ।

ਜਦੋਂ ਪ੍ਰਸ਼ਾਸਨ ਤੇ ਪੁਲੀਸ ਤੋਂ ਲੋਕਾਂ ਨੂੰ ਇਨਸਾਫ਼ ਮਿਲਣ ਦੀ ਉਮੀਦ ਖ਼ਤਮ ਹੋ ਜਾਵੇ ਤਾਂ ਫਿਰ ਬੱਸ ਇੱਕੋ-ਇੱਕ ਆਖ਼ਰੀ ਉਮੀਦ ਬਚਦੀ ਹੈ ਦੇਸ਼ ਦੀਆਂ ਅਦਾਲਤਾਂ! ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਵਕੀਲਾਂ ਨੇ ਦੇਸ਼ ਦੀਆਂ ਅਦਾਲਤਾਂ ਦੇ ਜੱਜ ਸਾਹਿਬਾਨ ਨੂੰ ਕਿਹਾ ਕਿ ਉਹ ਬਿਨਾਂ ਕਿਸੇ ਭੈਅ ਤੋਂ ਇਨਸਾਫ਼ ਕਰਨ ਕਿਉਂਕਿ ਪੂਰਾ ਵਕੀਲ ਭਾਈਚਾਰਾ, ਕਾਨੂੰਨੀ ਮਾਹਿਰ, ਬੁੱਧੀਜੀਵੀ ਤੇ ਸਹੀ ਸੋਚ ਵਾਲੇ ਲੋਕ ਸੰਵਿਧਾਨ ਦੇ ਪਿੱਛੇ ਖੜ੍ਹੇ ਹਨ। ਜੇ ਅਸੀਂ ਚਾਹੁੰਦੇ ਹਾਂ ਕਿ ਅਦਾਲਤਾਂ 'ਚ 'ਫ਼ੈਸਲਿਆਂ' ਦੀ ਥਾਂ 'ਇਨਸਾਫ਼' ਮਿਲਣ ਲੱਗ ਪਵੇ ਤਾਂ ਇਹ ਜ਼ਰੂਰੀ ਹੈ ਕਿ ਦੇਸ਼ ਦੇ ਸ਼ੁੱਭਚਿੰਤਕ ਸਿਰ ਜੋੜ ਕੇ ਬੈਠਣ। ਦੇਸ਼ ਨੂੰ ਰੱਬ ਦੇ ਸਹਾਰੇ ਨਹੀਂ ਛੱਡਿਆ ਜਾ ਸਕਦਾ!

*ਅਸਿਟੈਂਟ ਡਾਇਰੈਕਟਰ (ਸਾਬਕਾ), ਆਕਾਸ਼ਵਾਣੀ।

ਪੰਜਾਬ ਦੇ ਆਂਢ-ਗੁਆਂਢ ਪੰਜਾਬੀ ਦਾ ਸਥਾਨ



ਅਭੈ ਸਿੰਘ

ਅਸੀਂ ਇਹ ਦਾਅਵਾ ਕਰ ਸਕਦੇ ਹਾਂ ਕਿ ਮੌਜੂਦਾ ਪੰਜਾਬ ਦੇ ਨਕਸ਼ੇ 'ਤੇ ਉਸ ਦੇ ਚਾਰੇ ਪਾਸੇ ਦੀਆਂ ਸਰਹੱਦਾਂ ਤੋਂ ਪਾਰ ਮੀਲਾਂ ਤੱਕ ਪੰਜਾਬੀ ਬੋਲਦਾ ਇਲਾਕਾ ਹੈ ਤੇ ਉੱਥੇ ਕਿਸੇ ਹੱਦ ਤੱਕ ਪੰਜਾਬੀ ਜ਼ੁਬਾਨ ਦੀ ਮਾਨਤਾ ਵੀ ਕਾਇਮ ਹੈ। ਦੇਸ਼ਵੰਡ ਮਗਰੋਂ ਪੰਜਾਬ ਦਾ ਜੋ ਹਿੱਸਾ ਭਾਰਤ ਵਿੱਚ ਆਇਆ, ਉਸ ਦਾ ਨਾਂ 'ਪੂਰਬੀ ਪੰਜਾਬ' ਰੱਖਿਆ ਗਿਆ। ਛੋਟੇ ਹੁੰਦਿਆਂ ਸਕੂਲਾਂ ਵਿੱਚ ਗਾਇਆ ਜਾਂਦਾ ਇੱਕ ਗੀਤ ਅੱਜ ਤੱਕ ਯਾਦ ਹੈ, 'ਸਾਨੂੰ ਕੋਈ ਮਾਰੇ ਨਾ, ਸਾਨੂੰ ਕੋਈ ਝਿੜਕੇ ਨਾ, ਅਸੀਂ ਹਾਂ ਫੁੱਲ ਗੁਲਾਬ ਦੇ, ਪੂਰਬੀ ਪੰਜਾਬ ਦੇ।' ਬਾਅਦ ਵਿੱਚ ਜਦੋਂ ਪਾਕਿਸਤਾਨ ਵਿੱਚ ਪੈਂਦੇ ਪੰਜਾਬ ਨਾਲੋਂ 'ਮਗਰਬੀ' ਸ਼ਬਦ ਹਟਾ ਦਿੱਤਾ ਗਿਆ ਤਾਂ ਭਾਰਤੀ ਪੰਜਾਬ ਨਾਲੋਂ ਵੀ 'ਪੂਰਬੀ' ਸ਼ਬਦ ਵੱਖ ਕਰ ਦਿੱਤਾ ਗਿਆ। ਆਮ ਤੌਰ 'ਤੇ ਪੰਜਾਬ ਦੇ ਭਾਰਤ ਵਾਲੇ ਹਿੱਸੇ ਨੂੰ 'ਚੜ੍ਹਦਾ ਪੰਜਾਬ' ਤੇ ਪਾਕਿਸਤਾਨ ਵਾਲੇ ਹਿੱਸੇ ਨੂੰ 'ਲਹਿੰਦਾ ਪੰਜਾਬ' ਵੀ ਆਖ ਦਿੱਤਾ ਜਾਂਦਾ ਹੈ।

ਲਹਿੰਦਾ ਪੰਜਾਬ ਆਕਾਰ ਵਿੱਚ ਚੜ੍ਹਦੇ ਪੰਜਾਬ ਨਾਲੋਂ ਲਗਪਗ ਚਾਰ ਗੁਣਾ ਵੱਡਾ ਹੈ। ਉੱਥੋਂ ਦੀ ਜ਼ੁਬਾਨ ਪੰਜਾਬੀ ਹੀ ਮੰਨੀ ਜਾਂਦੀ ਹੈ ਭਾਵੇਂ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਉਰਦੂ ਤੇ ਛੇਵੀਂ ਤੋਂ ਪੰਜਾਬੀ ਪੜ੍ਹਾਈ ਜਾਂਦੀ ਹੈ। ਉੱਥੇ ਪੰਜਾਬੀ ਗੁਰਮੁਖੀ ਲਿਪੀ ਵਿੱਚ ਨਹੀਂ ਸਗੋਂ ਸ਼ਾਹਮੁਖੀ ਵਿੱਚ ਲਿਖੀ ਜਾਂਦੀ ਹੈ। ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ 'ਪੰਜਾਬੀ ਅਦਬੀ ਬੋਰਡ' ਦੀ ਸਥਾਪਨਾ ਕੀਤੀ ਗਈ ਹੈ, ਜੋ ਕਿਤਾਬਾਂ ਵੀ ਛਾਪਦਾ ਹੈ। ਉੱਥੇ ਪੰਜਾਬੀ ਦੇ ਕਈ ਰਸਾਲੇ ਨਿਕਲਦੇ ਹਨ ਤੇ ਬੱਚਿਆਂ ਵਾਸਤੇ ਕਿਤਾਬਾਂ ਵੀ ਛਪਦੀਆਂ ਹਨ। ਸੱਭਿਆਚਾਰਕ ਇਕੱਠਾਂ ਵਿੱਚ ਪੰਜਾਬੀ ਦੇ ਹੀ ਗੀਤਾਂ ਦੀ ਭਰਮਾਰ ਹੁੰਦੀ ਹੈ ਤੇ ਬੁੱਲੇ ਸ਼ਾਹ ਦੀਆਂ ਕਾਫ਼ੀਆਂ ਅਕਸਰ ਰੰਗ ਬੰਨ੍ਹਦੀਆਂ ਹਨ।

ਲਹਿੰਦੇ ਪੰਜਾਬ ਦੇ ਪੱਛਮ ਵਿੱਚ ਵੱਡਾ ਸੂਬਾ ਖ਼ੈਬਰ ਪਖ਼ਤੂਨਖ਼ਵਾ ਹੈ, ਜਿਸ ਨੂੰ ਪਹਿਲਾਂ ਫਰੰਟੀਅਰ ਸੂਬਾ ਕਹਿੰਦੇ ਸਨ ਜਿਸ ਦੀ ਪ੍ਰਵਾਨਿਤ ਭਾਸ਼ਾ ਪਸ਼ਤੋ ਹੈ, ਜਿਸ ਦੇ ਕਈ ਹਿੱਸਿਆਂ ਵਿੱਚ ਪੰਜਾਬੀ ਲੋਕ ਵੱਸਦੇ ਹਨ। ਪਿਸ਼ਾਵਰ ਤੋਂ ਬਾਅਦ ਇਸ ਦਾ ਵੱਡਾ ਅਹਿਮ ਸ਼ਹਿਰ ਐਬਟਾਬਾਦ ਹੈ, ਜੋ ਪੂਰੀ ਤਰ੍ਹਾਂ ਪੰਜਾਬੀ ਹੈ। ਇੱਥੋਂ ਦਾ ਇੱਕ ਇਲਾਕਾ 'ਹਜ਼ਾਰਾ' ਪੰਜਾਬੀ ਪ੍ਰਭਾਵ ਵਾਲਾ ਹੀ ਹੈ। ਇਸੇ ਲਈ ਤਾਂ ਨੂਰ ਜਹਾਂ ਗਾਉਂਦੀ ਹੈ, "ਇੱਕ ਮੈਂ ਸੋਹਣੀ, ਮੇਰਾ ਮਾਹੀ ਸੋਹਣਾ, ਮੇਰਾ ਸੋਹਣਾ ਦੇਸ ਹਜ਼ਾਰਾ ਨ੍ਹੀਂ ਸਈਓ।"

ਪਾਕਿਸਤਾਨ ਵਾਲੇ ਪਾਸੇ ਦਾ ਕਸ਼ਮੀਰ ਲਹਿੰਦੇ ਪੰਜਾਬ ਨਾਲ ਲੱਗਦਾ ਹੈ। ਉੱਥੇ ਕਸ਼ਮੀਰੀ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ ਦਸ-ਪੰਦਰਾਂ ਫ਼ੀਸਦੀ ਹੀ ਹੈ, ਬਾਕੀ ਸਭ ਪੰਜਾਬੀ ਬੋਲਦਾ ਇਲਾਕਾ ਹੈ। ਉੱਥੋਂ ਦੇ ਵਸਨੀਕ ਆਪਣੀ ਮਾਂ ਬੋਲੀ ਪੰਜਾਬੀ, ਪਹਾੜੀ ਤੇ ਪੋਠੋਹਾਰੀ ਵੀ ਦੱਸਦੇ ਹਨ। ਹਾਲਾਂਕਿ ਸਰਕਾਰੀ ਜ਼ੁਬਾਨ ਉਰਦੂ ਹੈ, ਪਰ ਆਮ ਬੋਲ-ਚਾਲ ਲਈ ਵੱਡੀ ਗਿਣਤੀ ਲੋਕ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕਰਦੇ ਹਨ। ਬਾਨੋ ਰਹਿਮਤ ਦਾ ਗਾਇਆ 'ਮਾਹੀਆ ਕਸ਼ਮੀਰ ਦਿਆ, ਜ਼ਰਾ ਖੜ੍ਹ ਮੇਰੇ ਕੋਲ' ਉੱਥੋਂ ਦਾ ਹਰਮਨ ਪਿਆਰਾ ਗੀਤ ਹੈ। ਕੁੱਲ ਮਿਲਾ ਕੇ ਅੱਜ ਸੰਸਾਰ ਵਿੱਚ ਪੰਜਾਬੀਆਂ ਦਾ ਸਭ ਤੋਂ ਵੱਡਾ ਮੁਲਕ ਪਾਕਿਸਤਾਨ ਹੈ।

ਦੇਸ਼ ਦੀ ਤਕਸੀਮ ਤੋਂ ਬਾਅਦ ਪੂਰਬੀ ਪੰਜਾਬ ਦੀ ਪਹਿਲੀ ਰਾਜਧਾਨੀ ਸ਼ਿਮਲਾ ਬਣੀ। ਇੱਥੇ ਹੀ ਰਾਜਪਾਲ, ਮੁੱਖ ਮੰਤਰੀ ਤੇ ਮੰਤਰੀਆਂ ਨੂੰ ਸਹੁੰ ਚੁਕਾਈ ਗਈ। ਫਿਰ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵੀ ਦੋ ਹਿੱਸੇ ਹੋ ਗਏ ਤੇ ਏਧਰ ਇੱਕ ਹੋਰ ਪੰਜਾਬ ਯੂਨੀਵਰਸਿਟੀ, ਸੋਲਨ ਬਣ ਗਈ। ਲੰਮਾ ਸਮਾਂ ਓਧਰ ਦੀ ਯੂਨੀਵਰਸਿਟੀ ਤੋਂ ਰਿਕਾਰਡ ਏਧਰ ਲਿਆਏ ਜਾਂਦੇ ਰਹੇ। ਇੱਥੇ ਸ਼ਿਮਲੇ ਵਿੱਚ ਹੀ ਪੰਜਾਬ ਸਰਕਾਰ ਨੇ ਪਹਿਲੀ ਜਮਾਤ ਤੋਂ ਉਰਦੂ ਦੀ ਪੜ੍ਹਾਈ ਬੰਦ ਕਰ ਕੇ ਪੰਜਾਬੀ ਜਾਂ ਹਿੰਦੀ ਲਾਜ਼ਮੀ ਕੀਤੀ ਤੇ ਚੌਥੀ ਜਮਾਤ ਵਿੱਚ ਇਨ੍ਹਾਂ ਵਿੱਚੋਂ ਦੂਜੀ ਭਾਸ਼ਾ ਸ਼ੁਰੂ ਕੀਤੀ। ਵਰਤਮਾਨ ਹਰਿਆਣਾ ਤੇ ਹਿਮਾਚਲ ਦੇ ਵੱਡੇ ਇਲਾਕੇ ਵਿੱਚ ਦੂਰ-ਦੁਰਾਡੇ ਤੋਂ ਵੀ ਦਸਵੀਂ ਪੜ੍ਹੇ ਲੋਕ ਪੰਜਾਬੀ ਤੇ ਹਿੰਦੀ ਦੇ ਅਧਿਆਪਕ ਲਗਾ ਦਿੱਤੇ ਗਏ ਸਨ, ਸਿਖਲਾਈ ਬਾਅਦ ਵਿੱਚ ਸਹੀ। ਇਸੇ ਤਰ੍ਹਾਂ ਲਾਹੌਲ ਸਪਿਤੀ ਤੱਕ ਅੰਗਰੇਜ਼ੀ ਤੇ ਉਰਦੂ ਦੇ ਨਾਲ ਨਾਲ ਸਰਕਾਰੀ ਦਫ਼ਤਰਾਂ 'ਚ ਹਿੰਦੀ ਤੇ ਪੰਜਾਬੀ ਦੇ ਬੋਰਡ ਲੱਗ ਗਏ। ਮੰਨਣਾ ਪਵੇਗਾ ਕਿ ਪੰਜਾਬ ਦੇ ਪੁਨਰਗਠਨ, ਭਾਵ ਪੰਜਾਬੀ ਸੂਬਾ ਬਣਨ ਨਾਲ ਪੰਜਾਬੀ ਦਾ ਪ੍ਰਭਾਵ ਖੇਤਰ ਬਹੁਤ ਘਟ ਗਿਆ। ਪੰਜਾਬੀ ਨੂੰ ਸਭ ਤੋਂ ਵੱਡਾ ਝਟਕਾ ਹਿਮਾਚਲ ਵਿੱਚ ਲੱਗਿਆ, ਜਿੱਥੇ ਅੱਜ ਇਸ ਭਾਸ਼ਾ ਨੂੰ ਕਿਸੇ ਵੀ ਪੱਧਰ 'ਤੇ ਸਰਕਾਰੀ ਮਾਨਤਾ ਹਾਸਲ ਨਹੀਂ ਹੈ। ਹਾਲਾਂਕਿ ਇੱਕ ਵੱਡੇ ਇਲਾਕੇ ਵਿੱਚ ਇਹ ਲੋਕਾਂ ਦੀ ਆਮ ਬੋਲਚਾਲ ਦੀ ਭਾਸ਼ਾ ਹੈ, ਪਰ ਇਸ ਦਾ ਨਾਂ ਪਹਾੜੀ ਜਾਂ ਕਈ ਥਾਂ ਡੋਗਰੀ ਵੀ ਲਿਆ ਜਾਂਦਾ ਹੈ। ਆਪਣੇ ਲੰਮੇ ਸਾਂਝੇ ਇਤਿਹਾਸ ਦੀ ਬਦੌਲਤ ਅੱਜ ਵੀ ਹਿਮਾਚਲ ਦੇ ਲੋਕ ਗੀਤਾਂ ਅਤੇ ਧਾਰਮਿਕ ਗੀਤਾਂ ਵਿੱਚ ਪੰਜਾਬੀ ਭਾਸ਼ਾ ਦਾ ਰੰਗ ਸਹਿਜੇ ਹੀ ਦੇਖਣ ਨੂੰ ਮਿਲਦਾ ਹੈ।

ਪੰਜਾਬ ਦਾ ਵੱਡਾ ਗੁਆਂਢੀ ਸੂਬਾ ਹਰਿਆਣਾ ਹੈ, ਜੋ 1966 ਤੱਕ ਪੰਜਾਬ ਦਾ ਹਿੱਸਾ ਰਿਹਾ। ਇਹੀ ਕਾਰਨ ਹੈ ਕਿ ਇੱਥੇ ਪੰਜਾਬੀ ਬੋਲਦੇ ਲੋਕਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ। ਪੰਜਾਬ ਦੇ ਹੋਰਨਾਂ ਗੁਆਂਢੀ ਸੂਬਿਆਂ ਦੇ ਮੁਕਾਬਲੇ ਹਰਿਆਣਾ ਵਿੱਚ ਪੰਜਾਬੀ ਭਾਸ਼ਾ ਨੂੰ ਬਿਹਤਰ ਸਰਕਾਰੀ ਮਾਨਤਾ ਮਿਲੀ ਹੈ। ਹਰਿਆਣਾ ਅਸੈਂਬਲੀ ਨੇ ਪੰਜਾਬੀ ਨੂੰ ਦੂਜੀ ਰਾਜ ਭਾਸ਼ਾ ਦਾ ਦਰਜਾ ਦਿੱਤਾ ਹੈ ਤੇ ਉੱਥੇ ਬਹੁਤ ਸਾਰੇ ਸਕੂਲਾਂ ਵਿੱਚ ਛੇਵੀਂ ਜਮਾਤ ਤੋਂ ਪੰਜਾਬੀ ਪੜ੍ਹਾਈ ਜਾਂਦੀ ਹੈ। ਇੱਥੇ ਸਰਕਾਰੀ ਤੌਰ 'ਤੇ ਕਾਇਮ ਕੀਤੀ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਹੈ, ਜੋ ਪੰਜਾਬੀ ਦਾ ਰਸਾਲਾ 'ਸ਼ਬਦ ਬੂੰਦ' ਕੱਢਦੀ ਹੈ ਤੇ ਪੰਜਾਬੀ ਲੇਖਕਾਂ ਨੂੰ ਸਨਮਾਨਿਤ ਵੀ ਕਰਦੀ ਹੈ। ਫਿਰ ਵੀ ਹਰਿਆਣਾ ਵਿੱਚ ਪੰਜਾਬੀ ਦੇ ਚੰਗੇ ਮੁਕਾਮ ਵਾਸਤੇ ਹੋਰ ਉਪਰਾਲਿਆਂ ਦੀ ਲੋੜ ਹੈ, ਜਿਸ ਵਾਸਤੇ ਉੱਥੋਂ ਦੇ ਪੰਜਾਬੀ ਪ੍ਰੇਮੀ ਆਵਾਜ਼ ਉਠਾਉਂਦੇ ਰਹਿੰਦੇ ਹਨ।

ਦਿੱਲੀ ਅੱਜ ਪੰਜਾਬ ਦਾ ਗੁਆਂਢੀ ਨਹੀਂ ਰਿਹਾ ਤੇ ਉੱਥੇ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਉਰਦੂ ਨਾਲ ਸਾਂਝਾ ਕਰਨਾ ਪੈ ਰਿਹਾ ਹੈ। ਉੱਥੇ ਵੀ ਸਰਕਾਰੀ 'ਪੰਜਾਬੀ ਅਕਾਦਮੀ' ਹੈ। ਰਾਜਸਥਾਨ ਵਿੱਚ ਪੰਜਾਬ ਦੀ ਸਰਹੱਦ ਨਾਲ ਲੱਗਦੇ ਇਲਾਕਿਆਂ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਹੈ। ਉੱਥੇ ਰਾਜਸਥਾਨੀ ਨੂੰ ਦੂਜੀ ਅਤੇ ਪੰਜਾਬੀ, ਉਰਦੂ ਤੇ ਸਿੰਧੀ ਨੂੰ ਤੀਜੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ। ਵਰਤਮਾਨ ਸਮੇਂ ਵਿੱਚ ਜੰਮੂ ਕਸ਼ਮੀਰ ਦੀ ਸਰਹੱਦ ਪੰਜਾਬ ਨਾਲ ਬੱਸ ਚੁੰਝ ਮਾਤਰ ਹੀ ਲੱਗਦੀ ਹੈ, ਪਰ ਉੱਥੇ ਪੰਜਾਬੀ ਬੋਲਣ ਵਾਲਿਆਂ ਦੀ ਵੱਡੀ ਗਿਣਤੀ ਹੈ। ਤੁਸੀਂ ਜੰਮੂ ਤੇ ਕਟੜਾ ਦੇ ਰੇਲਵੇ ਸਟੇਸ਼ਨਾਂ 'ਤੇ ਜਾਓਗੇ ਤਾਂ ਉੱਥੇ ਅੰਗਰੇਜ਼ੀ ਤੇ ਹਿੰਦੀ ਦੇ ਨਾਲ ਨਾਲ ਡੋਗਰੀ ਵਿੱਚ ਵੀ ਸਾਰੀ ਜਾਣਕਾਰੀ ਦਿੱਤੀ ਜਾਂਦੀ ਹੈ ਤੇ ਪੰਜਾਬ ਦੇ ਕਿਸੇ ਵੀ ਯਾਤਰੀ ਨੂੰ ਡੋਗਰੀ ਭਾਸ਼ਾ ਕਿਸੇ ਵੀ ਪੱਖੋਂ ਪੰਜਾਬੀ ਤੋਂ ਵੱਖਰੀ ਨਹੀਂ ਲੱਗਦੀ। ਦੱਸਦੇ ਨੇ ਕਿ ਜਦੋਂ ਕਸ਼ਮੀਰ ਵਿੱਚ ਪਾਕਿਸਤਾਨ ਵਾਲੇ ਪਾਸੇ ਦਾ ਹਿੱਸਾ ਵੀ ਸ਼ਾਮਿਲ ਸੀ ਤਾਂ ਉਸ ਵੇਲੇ ਦੀ ਪਹਿਲੀ ਮਰਦਮਸ਼ੁਮਾਰੀ ਵਿੱਚ ਸਭ ਤੋਂ ਵੱਡੀ ਗਿਣਤੀ ਪੰਜਾਬੀ ਭਾਸ਼ਾ ਬੋਲਣ ਵਾਲਿਆਂ ਦੀ ਸੀ। ਫਿਰ ਜਦੋਂ ਡੋਗਰੀ, ਪਹਾੜੀ ਤੇ ਗੋਜਰੀ ਨੂੰ ਪੂਰਨ ਭਾਸ਼ਾਵਾਂ ਦਾ ਦਰਜਾ ਮਿਲ ਗਿਆ ਤਾਂ ਅੰਕੜਿਆਂ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕਾਫ਼ੀ ਘਟ ਗਈ। ਇਹ ਭਾਸ਼ਾਵਾਂ ਇੰਨੀਆਂ ਮਿਲਦੀਆਂ ਜੁਲਦੀਆਂ ਹਨ ਕਿ ਜਦੋਂ ਇਨ੍ਹਾਂ ਨੂੰ ਗੁਰਮੁਖੀ ਲਿਪੀ ਵਿੱਚ ਲਿਖਿਆ ਜਾਂਦਾ ਹੈ ਤਾਂ ਇਹ ਪੰਜਾਬੀ ਹੁੰਦੀ ਹੈ, ਦੇਵਨਾਗਰੀ ਵਿੱਚ ਲਿਖੀ ਜਾਵੇ ਤਾਂ ਡੋਗਰੀ ਬਣ ਜਾਂਦੀ ਹੈ ਤੇ ਜੇ ਸ਼ਾਹਮੁਖੀ ਵਿੱਚ ਲਿਖੀ ਜਾਵੇ ਤਾਂ ਇਹ ਭਾਸ਼ਾ ਪਹਾੜੀ ਜਾਂ ਗੋਜਰੀ ਕਹਾਉਂਦੀ ਹੈ। ਜੰਮੂ ਕਸ਼ਮੀਰ ਦਾ ਭਾਸ਼ਾ ਵਿਭਾਗ ਆਪਣਾ ਸਾਹਿਤਕ ਰਸਾਲਾ 'ਸ਼ੀਰਾਜ਼ਾ' ਪੰਜਾਬੀ ਸਮੇਤ ਇਨ੍ਹਾਂ ਸਾਰੀਆਂ ਭਾਸ਼ਾਵਾਂ ਵਿੱਚ ਕੱਢਦਾ ਹੈ। ਸਾਡੇ ਪੰਜਾਬੀ ਸਾਹਿਤਕਾਰ ਆਪਣੇ ਵੱਲੋਂ ਵੀ ਕਈ ਸਾਹਿਤਕ ਰਸਾਲੇ 'ਹਿਮਾਲਾ', 'ਜਿਹਲਮ ਦਾ ਪਾਣੀ' ਤੇ 'ਕੇਸਰ ਮਹਿਕਾਂ' ਆਦਿ ਕੱਢਦੇ ਹਨ ਤੇ ਹੁਣੇ ਜੰਮੂ ਤੋਂ ਇੱਕ ਹੋਰ ਤਿਮਾਹੀ ਰਸਾਲਾ 'ਅਸੀਂ' ਸ਼ੁਰੂ ਕੀਤਾ ਗਿਆ ਹੈ।

ਡੋਗਰਾ ਹਕੂਮਤਾਂ ਵੇਲੇ ਤੋਂ ਹੀ ਜੰਮੂ ਕਸ਼ਮੀਰ ਵਾਸਤੇ ਉਰਦੂ ਇੱਕੋ ਇੱਕ ਸਰਕਾਰੀ ਭਾਸ਼ਾ ਚਲੀ ਆ ਰਹੀ ਹੈ। ਧਾਰਾ 370 ਰੱਦ ਕੀਤੇ ਜਾਣ ਵੇਲੇ ਕੇਂਦਰ ਸਰਕਾਰ ਨੇ ਉੱਥੋਂ ਵਾਸਤੇ ਪੰਜ ਰਾਜ ਭਾਸ਼ਾਵਾਂ ਦਾ ਐਲਾਨ ਕੀਤਾ, ਜਿਨ੍ਹਾਂ ਵਿੱਚ ਉਰਦੂ, ਕਸ਼ਮੀਰੀ, ਹਿੰਦੀ, ਡੋਗਰੀ ਤੇ ਅੰਗਰੇਜ਼ੀ ਸ਼ਾਮਿਲ ਹਨ। ਹਾਲਾਂਕਿ ਸਾਡੇ ਮੁਲਕ ਦੇ ਕਿਸੇ ਵੀ ਹਿੱਸੇ-ਹਿੰਦੀ ਰਾਜ ਵਿੱਚ ਹਿੰਦੀ ਰਾਜ ਭਾਸ਼ਾ ਨਹੀਂ ਐਲਾਨੀ ਗਈ ਤੇ ਅੰਗਰੇਜ਼ੀ ਨੂੰ ਇਹ ਦਰਜਾ ਦੇਣ ਦੀ ਕੋਈ ਤੁਕ ਨਹੀਂ।

ਇੱਥੇ ਕਾਫ਼ੀ ਸਕੂਲਾਂ ਤੇ ਕਾਲਜਾਂ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਹੈ ਤੇ ਜੰਮੂ ਯੂਨੀਵਰਸਿਟੀ ਵਿੱਚ ਪੰਜਾਬੀ ਵਿਭਾਗ ਵੀ ਹੈ। ਜੰਮੂ ਕਸ਼ਮੀਰ ਨੇ ਪੰਜਾਬੀ ਦੇ ਮਿਆਰੀ ਸਾਹਿਤਕਾਰ ਪੈਦਾ ਕੀਤੇ ਹਨ। ਅੱਜ ਦੀ ਬਹੁਤ ਗੁੰਝਲਦਾਰ ਹਾਲਤ ਵਿੱਚ ਵੀ ਉੱਥੋਂ ਦੇ ਪੰਜਾਬੀ ਪ੍ਰੇਮੀ ਭਾਸ਼ਾ ਦੇ ਉਭਾਰ ਵਾਸਤੇ ਯਤਨਸ਼ੀਲ ਹਨ।

ਹੁਣ ਤੱਕ ਅਸੀਂ ਪੰਜਾਬ ਨਾਲ ਸਰਹੱਦਾਂ ਸਾਂਝੀਆਂ ਕਰਨ ਵਾਲੇ ਸੂਬਿਆਂ ਦੀ ਗੱਲ ਕੀਤੀ ਹੈ, ਪਰ ਐਸੇ ਵੀ ਕੁਝ ਇਲਾਕੇ ਹਨ, ਜਿਨ੍ਹਾਂ ਨਾਲ ਬੇਸ਼ੱਕ ਮੌਜੂਦਾ ਪੰਜਾਬ ਦੀਆਂ ਸਰਹੱਦਾਂ ਨਹੀਂ ਲੱਗਦੀਆਂ, ਪਰ ਉੱਥੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕਾਫ਼ੀ ਹੈ। ਕੁਝ ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 'ਕੁੱਲ ਭਾਰਤ ਪੰਜਾਬੀ ਕਾਨਫਰੰਸਾਂ' ਕਰਵਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਪੰਜਾਬ, ਹਰਿਆਣਾ ਤੇ ਜੰਮੂ ਕਸ਼ਮੀਰ ਤੋਂ ਇਲਾਵਾ ਝਾਰਖੰਡ, ਉੜੀਸਾ ਤੇ ਛੱਤੀਸਗੜ੍ਹ ਤੋਂ ਵੀ ਡੈਲੀਗੇਟ ਆਏ ਸਨ। ਇਹ ਤਜਰਬਾ ਚੰਗਾ ਸਾਬਿਤ ਹੋਇਆ ਸੀ। ਜੇਕਰ ਇਸ 'ਤੇ ਮੁੜ ਵਿਚਾਰ ਕਰਕੇ ਉੱਦਮ ਕੀਤਾ ਜਾਵੇ ਤਾਂ ਉੱਤਰ ਪ੍ਰਦੇਸ਼, ਉੱਤਰਾਖੰਡ, ਬਿਹਾਰ ਤੇ ਬੰਗਾਲ ਤੋਂ ਵੀ ਪੰਜਾਬੀ ਸੱਜਣ ਜੁੜ ਸਕਦੇ ਹਨ। ਪਾਕਿਸਤਾਨ ਵਿੱਚ ਵੀ ਜਦੋਂ ਪੰਜਾਬ ਤੋਂ ਬਾਹਰਲੇ ਇਲਾਕਿਆਂ 'ਤੇ ਨਜ਼ਰ ਮਾਰੀਏ ਤਾਂ ਸਮਝ ਆਉਂਦਾ ਹੈ ਕਿ ਇਸ ਉਪ ਮਹਾਂਦੀਪ ਵਿੱਚ ਬਹੁਤ ਵੱਡਾ ਇਲਾਕਾ ਪੰਜਾਬੀ ਬੋਲਣ ਵਾਲਿਆਂ ਦਾ ਹੈ, ਜੋ ਆਪਸੀ ਸਾਂਝ ਅਤੇ ਤਾਲਮੇਲ ਵਧਾਉਣ ਦਾ ਹਾਮੀ ਹੈ।





ਔਰਤਾਂ ਲਈ ਕੰਮ ਵਧਿਆ ਕਮਾਈ ਘਟੀ



ਭਾਰਤ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੀ ਗਿਣਤੀ 2017-18 ਵਿੱਚ 10.4 ਕਰੋੜ ਤੋਂ ਵਧ ਕੇ 2025 ਵਿੱਚ 20.1 ਕਰੋੜ (ਲਗਪਗ ਦੁੱਗਣੀ) ਹੋ ਗਈ ਹੈ, ਜਿਸ ਨੂੰ ਤਰੱਕੀ ਵਜੋਂ ਦੇਖਿਆ ਜਾ ਰਿਹਾ ਹੈ। ਪਰ 'ਆਈ ਸੀ ਆਰ ਆਈ ਈ ਆਰ' ਦੀ ਰਿਪੋਰਟ 'ਦਿ ਪਾਰਟੀਸਿਪੇਸ਼ਨ ਪੈਰਾਡੌਕਸ' ਇੱਕ ਅਹਿਮ ਸਵਾਲ ਖੜ੍ਹਾ ਕਰਦੀ ਹੈ ਕਿ ਔਰਤਾਂ ਕਿਸ ਤਰ੍ਹਾਂ ਦਾ ਕੰਮ ਕਰ ਰਹੀਆਂ ਹਨ? ਇਸ ਵਾਧੇ ਦਾ ਵੱਡਾ ਹਿੱਸਾ ਪੇਂਡੂ ਖੇਤਰਾਂ ਵਿੱਚ ਖੇਤੀਬਾੜੀ, ਆਪਣੇ ਨਿੱਜੀ ਕਾਰੋਬਾਰ ਅਤੇ ਬਿਨਾਂ ਤਨਖ਼ਾਹ ਵਾਲੇ ਪਰਿਵਾਰਕ ਕੰਮਾਂ ਤੱਕ ਹੀ ਸੀਮਤ ਹੈ। ਪਿੰਡਾਂ ਵਿੱਚ ਆਪਣੇ ਖ਼ੁਦ ਦੇ ਕੰਮ-ਧੰਦੇ ਨਾਲ ਜੁੜੀਆਂ ਔਰਤਾਂ ਦੀ ਗਿਣਤੀ 1.39 ਕਰੋੜ ਤੋਂ ਵਧ ਕੇ 5.6 ਕਰੋੜ ਹੋ ਗਈ ਹੈ, ਜਦਕਿ ਬਿਨਾਂ ਤਨਖ਼ਾਹ ਤੋਂ ਪਰਿਵਾਰਕ ਕੰਮਾਂ ਵਿੱਚ ਹੱਥ ਵਟਾਉਣ ਵਾਲੀਆਂ ਔਰਤਾਂ 2.88 ਕਰੋੜ ਤੋਂ ਵਧ ਕੇ 4.93 ਕਰੋੜ ਹੋ ਗਈਆਂ ਹਨ। ਇਸ ਦੇ ਉਲਟ ਪੇਂਡੂ ਖੇਤਰਾਂ ਵਿੱਚ ਪੱਕੀ ਤਨਖ਼ਾਹ ਵਾਲੀ ਨੌਕਰੀ ਕਰਨ ਵਾਲੀਆਂ ਔਰਤਾਂ ਦਾ ਹਿੱਸਾ 10.5 ਫ਼ੀਸਦੀ ਤੋਂ ਘਟ ਕੇ 9.3 ਫ਼ੀਸਦੀ ਰਹਿ ਗਿਆ ਹੈ।

ਰੁਜ਼ਗਾਰ ਵਿੱਚ ਗਿਣੇ ਜਾਣ ਦਾ ਇਹ ਮਤਲਬ ਨਹੀਂ ਕਿ ਔਰਤਾਂ ਆਪਣੇ ਪੈਰਾਂ 'ਤੇ ਖ਼ੁਦ ਖੜ੍ਹੀਆਂ ਹਨ, ਆਰਥਿਕ ਤੌਰ 'ਤੇ ਸੁਰੱਖਿਅਤ ਹਨ ਜਾਂ ਆਪਣੀ ਕਮਾਈ ਦੀਆਂ ਖ਼ੁਦ ਮਾਲਕ ਹਨ। ਤਨਖ਼ਾਹਾਂ ਦੇ ਅੰਕੜੇ ਬਹੁਤ ਨਿਰਾਸ਼ਾਜਨਕ ਹਨ। ਪੇਂਡੂ ਖੇਤਰਾਂ ਵਿੱਚ ਔਰਤਾਂ ਦੀ ਮਹੀਨਾਵਾਰ ਕਮਾਈ 6,596 ਰੁਪਏ ਹੈ, ਜਦਕਿ ਮਰਦਾਂ ਦੀ ਕਮਾਈ 14,632 ਰੁਪਏ ਹੈ। ਔਰਤਾਂ ਦੀ ਕਮਾਈ ਮਰਦਾਂ ਦੀ ਕਮਾਈ ਦਾ ਮਹਿਜ਼ 45 ਫ਼ੀਸਦੀ ਬਣਦੀ ਹੈ, ਜੋ ਕਿ 2017-18 ਵਿੱਚ 53 ਫ਼ੀਸਦੀ ਸੀ (ਯਾਨੀ ਇਸ ਵਿੱਚ ਹੋਰ ਗਿਰਾਵਟ ਆਈ ਹੈ)। ਰੁਜ਼ਗਾਰ ਵਿੱਚ ਆਏ ਇਸ ਉਛਾਲ ਨੇ ਆਪਸੀ ਅਸਮਾਨਤਾ ਨੂੰ ਘਟਾਇਆ ਨਹੀਂ ਹੈ। ਨਾ ਹੀ ਅਜਿਹੇ ਕੰਮ ਕਰਨ ਨਾਲ ਔਰਤਾਂ ਨੂੰ ਘਰੇਲੂ ਜ਼ਿੰਮੇਵਾਰੀਆਂ ਤੋਂ ਕੋਈ ਰਾਹਤ ਮਿਲੀ ਹੈ। ਔਰਤਾਂ ਮਰਦਾਂ ਨਾਲੋਂ ਘਰ ਦੇ ਕੰਮਕਾਜ ਅਤੇ ਦੇਖਭਾਲ 'ਤੇ ਜ਼ਿਆਦਾ ਸਮਾਂ ਦਿੰਦੀਆਂ ਹਨ, ਨੌਕਰੀ ਨਾ ਕਰਨ ਵਾਲੀਆਂ 60 ਫ਼ੀਸਦੀ ਔਰਤਾਂ ਨੌਕਰੀ ਨਾ ਕਰਨ ਦਾ ਕਾਰਨ ਘਰ ਅਤੇ ਪਰਿਵਾਰ ਦੀ ਦੇਖਭਾਲ ਦੀਆਂ ਜ਼ਿੰਮੇਵਾਰੀਆਂ ਨੂੰ ਦੱਸਦੀਆਂ ਹਨ, ਜਦੋਂ ਕਿ ਮਰਦਾਂ ਵਿੱਚ ਇਹ ਅੰਕੜਾ ਸਿਰਫ਼ 1 ਫ਼ੀਸਦੀ ਹੈ।

ਇਹ ਸਥਿਤੀ ਇਸ ਗੱਲ ਨੂੰ ਬੇਨਕਾਬ ਕਰਦੀ ਹੈ ਕਿ ਔਰਤਾਂ ਦੇ ਰੁਜ਼ਗਾਰ ਨੂੰ ਸਿਰਫ਼ 'ਹੁਨਰ ਸਿਖਲਾਈ' ਤੱਕ ਸੀਮਤ ਸਮਝਣਾ ਨਾਕਾਫ਼ੀ ਹੈ। ਭਾਰਤ ਨੂੰ ਹੁਣ ਸਿਰਫ਼ ਰੁਜ਼ਗਾਰ ਵਿੱਚ ਹਿੱਸੇਦਾਰੀ ਦੇ ਅੰਕੜਿਆਂ ਤੋਂ ਅੱਗੇ ਵਧਣਾ ਪਵੇਗਾ। ਘਰੇਲੂ ਜ਼ਿੰਮੇਵਾਰੀਆਂ ਅਤੇ ਦੇਖਭਾਲ ਦੇ ਬੋਝ ਨੂੰ ਘਟਾਉਣ ਲਈ ਸਸਤੇ ਬਾਲ-ਸੰਭਾਲ ਕੇਂਦਰ, ਦਫ਼ਤਰਾਂ ਜਾਂ ਕੰਮ ਵਾਲੀ ਥਾਂ 'ਤੇ ਬਾਲਵਾੜੀ (crèches), ਸੁਰੱਖਿਅਤ ਆਵਾਜਾਈ, ਸਮਾਜਿਕ ਸੁਰੱਖਿਆ ਅਤੇ ਤਨਖ਼ਾਹ ਸਮੇਤ ਬਾਲ-ਸੰਭਾਲ ਛੁੱਟੀ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ ਨਿਰਮਾਣ ਅਤੇ ਸੇਵਾ ਖੇਤਰ ਵਿੱਚ ਬਿਹਤਰ ਤਨਖ਼ਾਹ ਵਾਲੀਆਂ ਨੌਕਰੀਆਂ, ਕਰਜ਼ੇ, ਜ਼ਮੀਨ ਅਤੇ ਮੰਡੀ ਤੱਕ ਆਸਾਨ ਪਹੁੰਚ ਅਤੇ ਪਰਿਵਾਰਕ ਕਾਰੋਬਾਰਾਂ ਵਿੱਚ ਔਰਤਾਂ ਦੇ ਯੋਗਦਾਨ ਨੂੰ ਬਣਦਾ ਮਾਣ ਦੇਣਾ ਵੀ ਬਹੁਤ ਅਹਿਮ ਹੈ। ਕੰਮ ਕਰਨ ਵਾਲੀ ਆਬਾਦੀ ਜਾਂ ਮਜ਼ਦੂਰ ਸ਼ਕਤੀ ਦਾ ਦੁੱਗਣਾ ਹੋ ਜਾਣਾ, ਉਦੋਂ ਤੱਕ ਇੱਕ ਅਧੂਰੀ ਸਫਲਤਾ ਹੀ ਹੈ ਜਦੋਂ ਤੱਕ ਇਸ ਨਾਲ ਔਰਤਾਂ ਦੇ ਸਨਮਾਨ, ਉਜਰਤਾਂ ਅਤੇ ਆਤਮ-ਨਿਰਭਰਤਾ ਵਿੱਚ ਵਾਧਾ ਨਹੀਂ ਹੁੰਦਾ। ਤਰੱਕੀ ਦੀ ਅਸਲ ਪਰਖ ਇਸ ਗੱਲ ਵਿੱਚ ਨਹੀਂ ਹੈ ਕਿ ਕਿੰਨੀਆਂ ਔਰਤਾਂ ਕੰਮ ਕਰਦੀਆਂ ਗਿਣੀਆਂ ਗਈਆਂ ਹਨ, ਸਗੋਂ ਇਸ ਵਿੱਚ ਹੈ ਕਿ ਕੀ ਉਸ ਕੰਮ ਨੇ ਉਨ੍ਹਾਂ ਨੂੰ ਸੁਤੰਤਰ ਰੁਜ਼ਗਾਰ ਅਤੇ ਮੌਕਿਆਂ ਵਿੱਚ ਬਰਾਬਰੀ ਦਾ ਹਿੱਸਾ ਦਿੱਤਾ ਹੈ ਜਾਂ ਨਹੀਂ।

ਅੰਧ-ਵਿਸ਼ਵਾਸ ਤੋਂ ਪਰ੍ਹੇ ਸੱਭਿਆਚਾਰਕ ਸਾਂਝ

ਕਈ ਵਾਰ ਜਿਨ੍ਹਾਂ ਰਵਾਇਤਾਂ ਨੂੰ ਅਸੀਂ ਵਹਿਮ ਸਮਝ ਕੇ ਨਕਾਰ ਦਿੰਦੇ ਹਾਂ, ਉਨ੍ਹਾਂ ਦੇ ਅੰਦਰ ਰਿਸ਼ਤਿਆਂ ਦੀ ਸਾਂਝ ਅਤੇ ਸੱਭਿਆਚਾਰ ਦੀਆਂ ਡੂੰਘੀਆਂ ਜੜ੍ਹਾਂ ਲੁਕੀਆਂ ਹੁੰਦੀਆਂ ਹਨ। ਮੈਂ ਵਹਿਮਾਂ-ਭਰਮਾਂ ਅਤੇ ਕਰਮ ਕਾਂਡਾਂ ਤੋਂ ਕੋਹਾਂ ਦੂਰ ਰਹਿਣ ਅਤੇ ਤਰਕਸ਼ੀਲ ਸੋਚ ਰੱਖਣ ਵਾਲਾ ਇਨਸਾਨ ਹਾਂ। ਮੇਰੇ ਲਈ ਸ਼ਰਾਧ ਇੱਕ ਅਜਿਹੀ ਰਵਾਇਤ ਰਹੀ ਹੈ, ਜਿਸ ਦੇ ਪਿੱਛੇ ਲੁਕੇ ਵਿਸ਼ਵਾਸ ਨੂੰ ਮੈਂ ਕਦੇ ਸਵੀਕਾਰ ਨਹੀਂ ਕਰ ਸਕਿਆ ਪਰ ਬੀਤੇ ਦਿਨੀਂ ਵਾਪਰੀ ਇੱਕ ਘਟਨਾ ਨੇ ਮੈਨੂੰ ਆਪਣੇ ਹੀ ਤਰਕਾਂ ਉੱਤੇ ਮੁੜ ਵਿਚਾਰ ਕਰਨ ਲਈ ਮਜਬੂਰ ਕਰ ਦਿੱਤਾ।

ਮੈਂ ਆਪਣੇ ਪਰਿਵਾਰ ਤੋਂ ਵੱਖਰੇ ਘਰ ਵਿੱਚ ਰਹਿੰਦਾ ਹਾਂ। ਉਸ ਦਿਨ ਜਦੋਂ ਮੈਂ ਆਪਣੇ ਪਿਤਾ ਅਤੇ ਭਰਾਵਾਂ ਦੇ ਘਰ ਗਿਆ ਤਾਂ ਪਤਾ ਲੱਗਿਆ ਕਿ ਉੱਥੇ ਪਿੱਤਰਾਂ ਦਾ ਸ਼ਰਾਧ ਕੀਤਾ ਜਾ ਰਿਹਾ ਹੈ। ਮੈਂ ਵੀ ਸ਼ਰਾਧ ਦੀ ਖੀਰ ਛਕਣ ਲਈ ਪੰਗਤ ਵਿੱਚ ਜਾ ਬੈਠਾ। ਮੇਰੇ ਨਾਲ ਪਿਤਾ, ਚਾਚੇ ਅਤੇ ਹੋਰ ਪਰਿਵਾਰਕ ਮੈਂਬਰ ਬੈਠੇ ਸਨ। ਹੋਸ਼ ਸੰਭਾਲਣ ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦੋਂ ਮੈਂ ਪਰਿਵਾਰ ਦੀਆਂ ਸਾਰੀਆਂ ਪੀੜ੍ਹੀਆਂ ਨੂੰ ਇਸ ਤਰ੍ਹਾਂ ਇੱਕੋ ਪੰਗਤ ਵਿੱਚ ਭੋਜਨ ਕਰਦਿਆਂ ਦੇਖ ਰਿਹਾ ਸੀ। ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਵਿਆਹ-ਸ਼ਾਦੀਆਂ ਦੇ ਮੌਕੇ ਤਾਂ ਬਹੁਤ ਆਉਂਦੇ ਹਨ, ਪਰ ਪਰਿਵਾਰ ਦਾ ਇਸ ਤਰ੍ਹਾਂ ਇਕੱਠੇ ਬੈਠ ਕੇ ਦੁੱਖ-ਸੁੱਖ ਸਾਂਝਾ ਕਰਨਾ ਅੱਜਕੱਲ੍ਹ ਲੋਪ ਹੁੰਦਾ ਜਾ ਰਿਹਾ ਹੈ। ਉਸ ਦਿਨ ਸ਼ਰਾਧ ਦੀ ਪੰਗਤ ਵਿੱਚ ਬੈਠਿਆਂ ਘਰ ਦੇ ਮੈਂਬਰਾਂ ਨੇ ਇੱਕ-ਦੂਜੇ ਦਾ ਹਾਲ-ਚਾਲ ਪੁੱਛਿਆ ਅਤੇ ਕਈ ਐਸੇ ਵਿਸ਼ਿਆਂ 'ਤੇ ਗੱਲਾਂ ਹੋਈਆਂ, ਜਿਨ੍ਹਾਂ ਲਈ ਰੋਜ਼ਾਨਾ ਦੀ ਭੱਜ-ਦੌੜ ਵਿੱਚ ਕਦੇ ਸਮਾਂ ਨਹੀਂ ਮਿਲਦਾ।

ਮੈਨੂੰ ਅਹਿਸਾਸ ਹੋਇਆ ਕਿ ਅਸੀਂ ਉਸ ਵੇਲੇ ਸਿਰਫ਼ ਖੀਰ ਨਹੀਂ ਸੀ ਖਾ ਰਹੇ ਸਗੋਂ ਆਪਣੇ ਰਿਸ਼ਤਿਆਂ ਦੀ ਸਾਂਝ ਨੂੰ ਮੁੜ ਜੀਅ ਰਹੇ ਸਾਂ। ਭਾਵੇਂ ਸ਼ਰਾਧ ਨਾਲ ਪਿੱਤਰਾਂ ਤੱਕ ਭੋਜਨ ਪਹੁੰਚਣ ਜਾਂ ਕਿਸੇ ਅਲੌਕਿਕ ਸ਼ਕਤੀ ਦੀ ਹੋਂਦ ਬਾਰੇ ਮੇਰੀ ਸੋਚ ਅੱਜ ਵੀ ਵੱਖਰੀ ਹੈ, ਪਰ ਇਸ ਰਵਾਇਤ ਦਾ ਸਮਾਜਿਕ ਅਤੇ ਸੱਭਿਆਚਾਰਕ ਪੱਖ ਅਜਿਹਾ ਹੈ, ਜਿਸ ਨੂੰ ਅਸੀਂ ਅਕਸਰ ਅਣਗੌਲਿਆ ਕਰ ਦਿੰਦੇ ਹਾਂ। ਉਸ ਦਿਨ ਸਾਹਮਣੇ ਆਈ ਇਸ ਹਕੀਕਤ ਨੇ ਮੈਨੂੰ ਸੋਚਣ ਲਾ ਦਿੱਤਾ ਕਿ ਅਜਿਹੀਆਂ ਰਸਮਾਂ ਰਿਸ਼ਤਿਆਂ ਨੂੰ ਜੋੜਨ ਦਾ ਇੱਕ ਵੱਡਾ ਜ਼ਰੀਆ ਵੀ ਬਣ ਸਕਦੀਆਂ ਹਨ।

ਸ਼ਰਾਧ ਦੇ ਬਹਾਨੇ ਪਰਿਵਾਰ ਇਕੱਠਾ ਸੀ, ਬਜ਼ੁਰਗਾਂ



ਦੀ ਹਾਜ਼ਰੀ ਨੂੰ ਸਤਿਕਾਰ ਮਿਲ ਰਿਹਾ ਸੀ ਅਤੇ ਰਿਸ਼ਤਿਆਂ ਨੂੰ ਨੇੜੇ ਆਉਣ ਦਾ ਮੌਕਾ ਮਿਲ ਰਿਹਾ

ਕੁਲਦੀਪ ਸਿੰਘ ਲੋਹਟ

ਸੀ। ਮੈਂ ਸੋਚ ਰਿਹਾ ਸਾਂ ਕਿ ਸ਼ਾਇਦ ਸਾਡੇ ਪੁਰਖਿਆਂ ਨੇ ਅਜਿਹੀਆਂ ਰਵਾਇਤਾਂ ਰਾਹੀਂ ਪਰਿਵਾਰਕ ਸਾਂਝ ਨੂੰ ਕਾਇਮ ਰੱਖਣ ਦਾ ਇੱਕ ਅਜਿਹਾ ਢੰਗ ਸਿਰਜਿਆ ਹੈ, ਜਿਸ ਦੀ ਮੌਜੂਦਾ ਸਮੇਂ ਅੰਦਰ ਖ਼ਾਸ ਲੋੜ ਹੈ। ਸਮੇਂ ਦੇ ਨਾਲ ਇਨ੍ਹਾਂ ਰਸਮਾਂ ਦੇ ਅਰਥ ਅਤੇ ਸਰੂਪ ਬਦਲ ਸਕਦੇ ਹਨ, ਪਰ ਇਨ੍ਹਾਂ ਵਿੱਚੋਂ ਨਿਕਲਣ ਵਾਲੇ ਸਮਾਜਿਕ ਸੁਨੇਹੇ ਦੀ ਅਹਿਮੀਅਤ ਮੌਜੂਦਾ ਸਮੇਂ ਅੰਦਰ ਬੇਹੱਦ ਮਹੱਤਵਪੂਰਨ ਹੈ। ਘਰੇ ਸ਼ਰਾਧ ਦੀ ਪੰਗਤ ਵਿੱਚ ਬੈਠਿਆਂ ਮੈਨੂੰ ਗੁਰੂਘਰ ਦੇ ਲੰਗਰ ਦੀ ਯਾਦ ਆਈ, ਜਿੱਥੇ ਸੰਗਤ ਜਾਤ-ਪਾਤ, ਉਚ-ਨੀਚ ਅਤੇ ਅਮੀਰੀ-ਗ਼ਰੀਬੀ ਦੇ ਭੇਦ ਤੋਂ ਉੱਪਰ ਉੱਠ ਕੇ ਇੱਕੋ ਪੰਗਤ ਵਿੱਚ ਬੈਠਦੀ ਹੈ। ਉੱਥੇ ਸੰਗਤ ਦਾ ਅਸਲ ਮਹੱਤਵ ਕਿਸੇ ਰਸਮ ਦੇ ਬਾਹਰੀ ਸਰੂਪ ਵਿੱਚ ਨਹੀਂ ਸਗੋਂ ਸਾਂਝ, ਸੇਵਾ, ਬਰਾਬਰੀ ਅਤੇ ਆਪਸੀ ਸਤਿਕਾਰ ਵਿੱਚ ਹੈ। ਉਸ ਦਿਨ ਆਪਣੇ ਪਰਿਵਾਰ ਦੀ ਪੰਗਤ ਵਿੱਚ ਵੀ ਮੈਨੂੰ ਇਸੇ ਸਾਂਝ ਦੀ ਇੱਕ ਝਲਕ ਦਿਖਾਈ ਦਿੱਤੀ।

ਮੇਰਾ ਤਰਕ ਆਪਣੀ ਥਾਂ ਸੀ, ਪਰ ਉਸ ਦਿਨ ਉਸ ਤਰਕ ਵਿੱਚ ਇੱਕ ਨਵਾਂ ਅਹਿਸਾਸ ਸ਼ਾਮਿਲ ਹੋ ਗਿਆ। ਮੈਨੂੰ ਸਮਝ ਆਈ ਕਿ ਅੰਧ-ਵਿਸ਼ਵਾਸ ਦਾ ਵਿਰੋਧ ਕਰਨਾ ਜ਼ਰੂਰੀ ਹੈ, ਪਰ ਸੱਭਿਆਚਾਰ ਦੀਆਂ ਉਨ੍ਹਾਂ ਪਰਤਾਂ ਨੂੰ ਸਮਝਣਾ ਵੀ ਓਨਾ ਹੀ ਜ਼ਰੂਰੀ ਹੈ, ਜਿਨ੍ਹਾਂ ਵਿੱਚ ਪਰਿਵਾਰਕ ਸਾਂਝ ਅਤੇ ਸਮਾਜਿਕ ਸਦਭਾਵਨਾ ਦੇ ਬੀਜ ਪਏ ਹੋਣ। ਅੱਜ ਜਦੋਂ ਪੀੜ੍ਹੀਆਂ ਵਿਚਕਾਰ ਸੰਵਾਦ ਘਟ ਰਿਹਾ ਹੈ, ਨਵੀਂ ਪੀੜ੍ਹੀ ਦੀਆਂ ਤਰਜੀਹਾਂ ਬਦਲ ਰਹੀਆਂ ਹਨ ਅਤੇ ਸਾਂਝੇ ਪਰਿਵਾਰਾਂ ਦੀ ਹੋਂਦ ਲਗਾਤਾਰ ਸੁੰਗੜ ਰਹੀ ਹੈ, ਉਦੋਂ ਸਾਨੂੰ ਅਜਿਹੇ ਮੌਕਿਆਂ ਦੀ ਲੋੜ ਹੈ, ਜੋ ਪਰਿਵਾਰਾਂ ਨੂੰ ਮੁੜ ਇਕੱਠਿਆਂ ਬੈਠਣ ਲਈ ਪ੍ਰੇਰਿਤ ਕਰਨ। ਇਹ ਮੌਕੇ ਸ਼ਰਾਧ, ਤਿਉਹਾਰ, ਵਰ੍ਹੇਗੰਢਾਂ ਜਾਂ ਕੋਈ ਹੋਰ ਪਰਿਵਾਰਕ ਮਿਲਣੀ ਵੀ ਹੋ ਸਕਦੇ ਹਨ। ਮਹੱਤਵ ਇਸ ਗੱਲ ਦਾ ਨਹੀਂ ਕਿ ਅਸੀਂ ਕਿਸ ਮੌਕੇ ਇਕੱਠੇ ਹੋਏ ਹਾਂ ਸਗੋਂ ਇਸ ਗੱਲ ਦਾ ਹੈ ਕਿ ਇਕੱਠੇ ਹੋ ਕੇ ਅਸੀਂ ਆਪਣੇ ਰਿਸ਼ਤਿਆਂ ਲਈ ਕਿੰਨਾ ਸਮਾਂ ਕੱਢਦੇ ਹਾਂ। ਸ਼ਰਾਧ ਦੀ ਪੰਗਤ ਵਿੱਚੋਂ ਉੱਠਦਿਆਂ ਨਾ ਤਾਂ ਮੇਰੇ ਮਨ ਵਿੱਚ ਕਰਮਕਾਂਡ ਪ੍ਰਤੀ ਅੰਨ੍ਹੀ ਸ਼ਰਧਾ ਪੈਦਾ ਹੋਈ ਅਤੇ ਨਾ ਹੀ ਮੇਰੇ ਤਰਕ ਨੇ ਮੇਰਾ ਸਾਥ ਛੱਡਿਆ। ਹਾਂ, ਮੇਰੀ ਸੋਚ ਵਿੱਚ ਨਿਮਰਤਾ ਜ਼ਰੂਰ ਆ ਗਈ। ਮੈਂ ਸਮਝ ਗਿਆ ਕਿ ਗਿਆਨ ਦਾ ਅਰਥ ਹਰ ਪੁਰਾਣੀ ਰਵਾਇਤ ਨੂੰ ਰੱਦ ਕਰ ਦੇਣਾ ਨਹੀਂ ਸਗੋਂ ਉਸ ਦੇ ਚੰਗੇ-ਮਾੜੇ ਪੱਖਾਂ ਨੂੰ ਸਮਝਣ ਦੀ ਸਮਰੱਥਾ ਹਾਸਲ ਕਰਨਾ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

ਕਿਸੇ ਨੂੰ ਕੀ ਪਤਾ

ਮੈਂ ਕਿਸ ਨੂੰ ਕਰਦਾ ਹਾਂ ਪਿਆਰ, ਕਿਸੇ ਨੂੰ ਕੀ ਪਤਾ?
ਕੌਣ ਹੈ ਮੇਰਾ ਦੁਸ਼ਮਣ ਜਾਂ ਯਾਰ, ਕਿਸੇ ਨੂੰ ਕੀ ਪਤਾ?
ਇਸ ਨੂੰ ਵੇਖ ਕੇ ਲੋਕ ਮੈਨੂੰ ਕਰਦੇ ਨੇ ਨਫਰਤ,
ਪਰ ਮੈਂ ਕਿਉਂ ਪਾਇਆ ਗਲ਼ ਕੰਡਿਆਂ ਦਾ ਹਾਰ,
ਕਿਸੇ ਨੂੰ ਕੀ ਪਤਾ?
ਜ਼ਿੰਦਗੀ 'ਚ ਮਿਲੀਆਂ ਮੈਨੂੰ ਕਈ ਅਸਫਲਤਾਵਾਂ,
ਜੀਵਨ ਦੇ ਗਈਆਂ ਜਾਂ ਗਈਆਂ ਮਾਰ, ਕਿਸੇ ਨੂੰ ਕੀ ਪਤਾ?
ਇਸ ਸੰਸਾਰ 'ਚ ਰਹਿ ਕੇ ਮੈਨੂੰ ਕੁਝ ਨਹੀਂ ਮਿਲਦਾ,
ਮੈਂ ਕਿਉਂ ਨਹੀਂ ਛੱਡਦਾ ਇਹ ਸੰਸਾਰ, ਕਿਸੇ ਨੂੰ ਕੀ ਪਤਾ?
ਹਰ ਕੋਈ ਕਹਿੰਦਾ ਹੈ, 'ਮੇਰੇ ਤੇ ਇਤਬਾਰ ਕਰ ਲੈ'
ਪਰ ਮੈਂ ਕਿਸੇ ਤੇ ਕਰਦਾ ਕਿਉਂ ਨਹੀਂ ਇਤਬਾਰ, ਕਿਸੇ ਨੂੰ ਕੀ ਪਤਾ?
ਬਹੁਤ ਵਾਰ ਮੈਂ ਉਸ ਨੂੰ ਆਪਣੇ ਘਰ ਬੁਲਾਇਆ ਹੈ,
ਉਹ ਹਰ ਵਾਰ ਕਿਉਂ ਕਰੇ ਇਨਕਾਰ, ਕਿਸੇ ਨੂੰ ਕੀ ਪਤਾ?
ਮੈਂ ਜੀਵਨ 'ਚ ਉਸ ਤੋਂ ਕਦੇ ਕੁਝ ਨਹੀਂ ਮੰਗਿਆ,
ਫਿਰ ਵੀ ਉਹ ਕਿਉਂ ਸਮਝੇ ਮੈਨੂੰ ਭਾਰ, ਕਿਸੇ ਨੂੰ ਕੀ ਪਤਾ?

ਮਹਿੰਦਰ ਸਿੰਘ ਮਾਨ

ਅਕਸ਼ਰਾ ਦੀ ਪਰਵਾਜ਼

ਗਿਆਨ ਦੀ ਕਿਆਰੀ ਵਿੱਚ ਖਿੜਿਆ ਇੱਕ ਫੁੱਲ ਪਿਆਰਾ
ਰੱਬੀ ਨੂਰ ਦੀ ਲੋਅ ਨਾਲ ਚਮਕੇ ਅਕਸ਼ਰਾ ਨਾਮ ਉਜਿਆਰਾ।

ਉਸਦੇ ਸੁਫ਼ਨਿਆਂ ਦੀ ਪਟਾਰੀ ਅੰਬਰ ਜਿੰਨੀ ਵਿਸ਼ਾਲ
ਹੌਸਲਿਆਂ ਦੀ ਉਡਾਰੀ ਹੋਰਾਂ ਲਈ ਬਣੇ ਮਿਸਾਲ।

ਰੰਗਾਂ ਦੀ ਉਹ ਰਾਣੀ ਬਣ ਸੁਫ਼ਨੇ ਕੈਨਵਸ 'ਤੇ ਸਜਾਵੇ
ਖਾਲੀ ਪੰਨਿਆਂ ਦੀ ਹਿੱਕ ਉੱਤੇ ਜਾਦੂਮਈ ਚਿੱਤਰ ਬਣਾਵੇ।

ਕੂਚੀ ਦੀ ਹਰ ਛੋਹ ਵਿੱਚ ਕਲਪਨਾ ਦੇ ਰੰਗ ਨਿਰਾਲੇ
ਚਿੱਤਰਾਂ ਵਿੱਚੋਂ ਬੋਲਣ ਲੱਗਣ ਅਹਿਸਾਸ ਪਿਆਰੇ।

ਉਸਦੀ ਕਲਾ ਦੀ ਹਰ ਇੱਕ ਲਕੀਰ ਦਿਲ ਦੀ ਬਾਤ ਸੁਣਾਵੇ
ਰੰਗਾਂ ਦੇ ਮੋਤੀਆਂ ਨਾਲ ਉਹ ਸੁਫ਼ਨਿਆਂ ਦੇ ਹਾਰ ਬਣਾਵੇ।

ਜਿੱਥੇ ਸ਼ਬਦ ਵੀ ਚੁੱਪ ਹੋ ਜਾਂਦੇ ਉਸ ਦੇ ਚਿੱਤਰ ਬੋਲਦੇ
ਅਕਸ਼ਰਾ ਦੇ ਮਨ ਅੰਦਰ ਕੁਦਰਤ ਦੇ ਭੇਤ ਖੋਲਦੇ।

ਜਦੋਂ ਮੰਚ 'ਤੇ ਆ ਉਹ ਕਲਾ ਦੀਆਂ ਰਿਸ਼ਮਾਂ ਜਗਾਵੇ
ਸਰੋਤਿਆਂ ਦੇ ਦਿਲਾਂ ਅੰਦਰ ਰੂਹ ਫੂਕਦੀ ਜਾਵੇ।

ਉਹ ਬੋਲਾਂ ਦੀ ਸਰਦਾਰ ਅਤੇ ਬੁਲੰਦ ਜਜ਼ਬੇ ਦੀ ਅਸਵਾਰ
ਹਰ ਮਹਿਫ਼ਲ ਨੂੰ ਰੌਸ਼ਨ ਕਰਦੀ ਬਣ ਕੇ ਚਾਨਣ-ਧਾਰ।

ਉਸਦੇ ਸ਼ਬਦਾਂ ਵਿੱਚ ਜਜ਼ਬਾ ਰਹਿੰਦੀ ਕਲਾ ਵਿੱਚ ਮਗਨ
ਸੁਣਨ ਵਾਲਿਆਂ ਦੇ ਮਨ ਅੰਦਰ ਉਠਾਵੇ ਪ੍ਰੇਰਨਾ ਦੀ ਲਗਨ।

ਨਾ ਕੋਈ ਹੱਦ ਉਸਦੇ ਸੁਫ਼ਨਿਆਂ ਦੀ ਨਾ ਕੋਈ ਰੋਕ ਉਡਾਰੀ
ਹਰ ਚੁਣੌਤੀ ਨੂੰ ਜਿੱਤਣ ਵਾਲੀ ਹਿੰਮਤ ਦੀ ਉਹ ਪੁਜਾਰੀ।

ਵੱਖਰੀ ਸੋਚ, ਵੱਖਰੀ ਪਹਿਚਾਣ, ਵੱਖਰਾ ਉਸਦਾ ਸੰਸਾਰ
ਅਕਸ਼ਰਾ ਦੇ ਨਾਮ ਨਾਲ ਰੌਸ਼ਨ ਹੋਵੇ ਸਿੱਖਿਆ ਦਾ ਦਰਬਾਰ।

ਸਰਕਾਰੀ ਸੀਨੀ. ਸੈਕੰ. ਸਕੂਲ ਅਜਨਾਲਾ (ਕੁ) ਅੱਠਵੀਂ 'ਚ ਪੜ੍ਹਦੀ
ਕਲਾ ਦੇ ਅੰਬਰ ਵਿੱਚ ਹਜ਼ਾਰਾਂ ਖੁਆਬ ਨਿੱਤ ਬੁਣਦੀ।

ਤੂੰ ਸਿਰਫ਼ ਇੱਕ ਨਾਮ ਨਹੀਂ ਤੂੰ ਹੈ ਰੰਗਾਂ ਦੀ ਕਹਾਣੀ
ਤੂੰ ਹੌਸਲੇ ਦੀ ਆਵਾਜ਼ ਅਤੇ ਤੂੰ ਸੁਫ਼ਨਿਆਂ ਦੀ ਰਾਣੀ।

ਤੇਰੇ ਅੰਦਰ ਰੱਬ ਨੇ ਸਜਾਈ ਪ੍ਰਤਿਭਾ ਦੀ ਫੁਲਕਾਰੀ
ਅਕਸ਼ਰਾ, ਤੇਰੀ ਚਮਕ ਰਹੇ ਸਦਾ, ਜਗ ਤੋਂ ਵੀ ਨਿਆਰੀ।

ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

ਕੁੰਢੀਆਂ ਦੇ ਸਿੰਗ

ਹੈ ਨਵਾਂ ਜਮਾਨਾ ਇੱਕ ਪਾਸੇ
ਦੂਜੇ ਪਾਸੇ ਪੁਰਾਣੀ ਰੂੜੀ।
ਬੜੇ ਚਿਰ ਤੋਂ ਰਵਾਇਤੀ ਪਾਰਟੀਆਂ
ਨੇ ਜਨਤਾ ਪਈ ਸੀ ਨੂੜੀ।

ਅੱਜ ਕੁੰਢੀਆਂ ਦੇ ਸਿੰਗ ਫਸੇ ਪਏ
ਐਪਰ ਪਤਾ ਲੱਗੂ ਦਸ ਮਾਰਚ ਨੂੰ,
ਕੀਹਨੇ ਖਾਧੇ ਹੋਏ ਵੜੇਵੇਂ ਸੀ
ਤੇ ਕਿਸ ਨੇ ਸੁੱਕੀ ਤੂੜੀ।

ਮੂਲ ਚੰਦ ਸ਼ਰਮਾ

ਕਵਿਤਾ

ਵੇ ਕੁਝ ਮਜਬੂਰੀਆਂ ਵੀਂ ਨੇ।
ਕੀ ਦੱਸਾਂ, ਦੂਰੀਆਂ ਵੀਂ ਨੇ।

ਕੀ ਕਰਨੇ ਨੇ ਇਸ਼ ਦੇ ਹਾਸੇ,
ਮੱਥੇ 'ਤੇ ਘੂਰੀਆਂ ਵੀਂ ਨੇ।

ਤੂੰ ਪੱਟ ਦਾ ਮਾਸ ਕਹਿਣੈ ਏ,
ਛੰਨੇ ਵਿਚ ਚੂਰੀਆਂ ਵੀਂ ਨੇ।

ਕੁਦਰਤ ਦਾ ਤੂੰ ਦੇਖ ਕਰਿਸ਼ਮਾ,
ਇਹ ਅੱਖਾਂ ਭੂਰੀਆਂ ਵੀਂ ਨੇ।

ਲੋਕੀਂ ਚੁਗਲੀਆਂ ਕਰਦੇ ਨੇ,
ਦੱਸਾਂ, ਮਸ਼ਹੂਰੀਆਂ ਵੀਂ ਨੇ।

ਕੇਵਲ ਜੁਗਨੂਆਂ ਦੀ ਗੱਲ ਨਈਂ,
ਇਹ ਰਾਤਾਂ ਨੂਰੀਆਂ ਵੀਂ ਨੇ।

ਫੁੱਲਾਂ ਦੇ ਨਾਲ ਕੰਡੇ ਦਿਸਦੇ,
ਰੁੱਤਾਂ ਮਗਰੂਰੀਆਂ ਵੀਂ ਨੇ।

ਕੱਚੀਆਂ ਅੰਬੀਆਂ ਦੇ ਕੀ ਕਹਿਣੇ,
ਪਰ ਬਾਹਰੋਂ ਸਿੰਧੂਰੀਆਂ ਵੀਂ ਨੇ।

ਗੀਝਾਂ ਦਿਲ ਦੇ ਵਿਚ ਤਰਦੀਆਂ,
ਮਗਰ ਅਧੂਰੀਆਂ ਵੀਂ ਨੇ।

ਬੇਸ਼ੱਕ ਬਲ ਕੇ ਢੇਰੀ ਹੋਈਆਂ,
ਮੋਮਬੱਤੀਆਂ ਪੂਰੀਆਂ ਵੀਂ ਨੇ।

ਕਿਸਮ ਕਿਸਮ ਦੀ ਰੋਟੀ ਖਾਧੀ,
ਖਾਧੀਆਂ ਤੰਦੂਰੀਆਂ ਵੀਂ ਨੇ।

ਪਤਝੜ ਦਾ ਕਿੰਨਾ ਫਾਇਦਾ ਹੈ,
ਰੁੱਤਾਂ ਅੰਗੂਰੀਆਂ ਵੀਂ ਨੇ।

ਬਾਲਮ, ਤੇਰੀਆਂ ਗ਼ਜ਼ਲਾਂ ਨੇ,
ਮਸ਼ਹੂਰ ਗ਼ਰੂਰੀਆਂ ਵੀਂ ਨੇ।

ਬਲਵਿੰਦਰ ਬਾਲਮ ਗੁਰਦਾਸਪੁਰ
98156-25409

ਬੰਦੀ ਛੋੜ ਦਿਵਸ 'ਤੇ

'ਬੰਦੀ ਛੋੜ' ਨਾ ਬਣ ਹੁਣ ਪ੍ਰੀਤਮ...

ਅਧਿਆਤਮਕ ਰੰਗ ਵਿਚ ਰੰਗੀ, ਪੋਠੋਹਾਰੀ ਸ਼ਬਦਾਵਲੀ ਦੀ ਮਿਠਸ ਨਾਲ ਭਰੀ ਇਕ ਬਹੁਤ ਹੀ ਪਿਆਰੀ ਅਤੇ ਰੂਹਾਨੀ ਰਚਨਾ। ਜਦੋਂ ਇਨਸਾਨ ਆਪਣੀ ਨਾਸਮਝੀ ਅਤੇ ਭਟਕਣ ਨੂੰ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਬਣਾ ਕੇ ਰੱਖਦਾ ਹੈ, ਤਾਂ ਅਜਿਹੇ ਬੋਲ ਨਿਕਲਦੇ ਹਨ। ਜ਼ਰੂਰ ਪੜ੍ਹੋ ਅਤੇ ਸਾਂਝੀ ਕਰੋ :

ਟੁਰਨੇ ਨਾ ਜਾਂ ਮੈਕੀ ਵਲ ਨਹੀਂ ਸੀ,
ਲਾਈ ਉਂਗਲ ਹਰ ਕੋਈ ਫਿਰਨਾ।

ਰੁੜ੍ਹਨਾ ਖੁੜ੍ਹਨਾ ਜਦ ਢਹਿਨਾ ਸਾਂ,
ਕੁਛੜ ਹਰ ਕੋਈ ਚਾਈ ਗਿੱਛਣਾ।

ਟੁਰਨੇ ਨਾ ਹੁਣ ਵਲ ਜੇ ਆਇਆ,
ਐਵੇਂ ਥਾਈਂ-ਕੁਥਾਈਂ ਪਿਆ ਢਹਿਨਾ।

'ਬੰਦੀ ਛੋੜ' ਨਾ ਬਣ ਹੁਣ ਪ੍ਰੀਤਮ,
ਗੰਢਾਂ ਪਾ ਛੱਡ ਮੈਕੀ ਪੀਢੀਆਂ।

ਘੁੱਟ ਕੇ ਨੱਪ ਲੈ ਮਹਾੜੀ ਵੀਣੀ,
ਮੁੜ ਨਾ ਕੁਥਾਵੇਂ ਜਾ ਹੀ ਢੱਠਾਂ।

-ਗੁਰਚਰਨਜੀਤ ਸਿੰਘ ਲਾਂਬਾ

ਚੁਰਾਸੀ- ਦਿੱਲੀ- ਘੱਲੂਘਾਰਾ

ਧਰਮ ਕਰਮ ਦੀ ਬਾਤ ਹਮੇਸ਼ਾ ਪਾਉਂਦੇ ਰਹੇ,
ਜੁਰਮ ਇਕਬਾਲ ਤੋਂ ਕੰਨੀਂ ਕਤਰਾਉਂਦੇ ਰਹੇ।

ਹਕੂਮਤ ਗੁਸ਼ੁ਼ ਰਿਸ਼ਵਤ ਰੁਤਬੇ ਦੀ ਧੌਂਸ ਤੇ,
ਕੀਤੇ ਅਪਰਾਧਾਂ ਦੇ ਪ੍ਰਮਾਣ ਮਿਟਾਉਂਦੇ ਰਹੇ।

ਦਰਖਤ ਡਿੱਗਾ ਇੱਕ ਧਰਤ ਕੰਬੀ ਭਾਰਤ ਦੀ,
ਨਿਰਜਿੰਦ ਰੁੱਖ ਸਿੰਜਦੇ, ਰੱਤ ਵਹਾਉਂਦੇ ਰਹੇ।

ਲਾਸ਼ ਰੱਖ ਕੇ ਪ੍ਰਦਰਸ਼ਨ, ਟੈਲੀਵਿਜ਼ਨ ਮੂਹਰੇ,
ਆਰਤੀ ਉਤਾਰਦੇ, ਬਸਤੀਆਂ ਜਲਾਉਂਦੇ ਰਹੇ।

ਨਸਲਕੁਸ਼ੀ ਇੱਕ ਕੌਮ ਦੀ ਸੀ ਟਾਰਗੈਟ ਅੱਗੇ,
ਪ੍ਰਯੋਜਨ ਲਲਕਾਰਦੇ, ਬਿਗਲ ਵਜਾਉਂਦੇ ਰਹੇ।

ਸਾੜੋ, ਮਾਰੋ, ਲੁੱਟੋ, ਮੁਕਾ ਦਿਓ ਨਸਲ ਸਾਰੀ,
ਭੂਤਰੀ ਭੀੜ ਸੀ ਅਬਦਾਲੀ ਉਕਸਾਉਂਦੇ ਰਹੇ।

ਮਸਲੀਆਂ ਕਰੂੰਬਲਾਂ ਪੱਤੀਆਂ ਜਰਵਾਣਿਆਂ ਨੇ,
ਟਾਹਣੀਆਂ ਛਾਂਗਦੇ ਰਹੇ, ਮੌਛੇ ਮਚਾਉਂਦੇ ਰਹੇ।

ਕਰਦੇ ਰਹੇ ਵਾਢੀ, ਮਾਵੇ ਡੁੰਗ ਕੇ ਉਹ ਸੀਰੀ,
ਸਿਰਾਂ ਦੇ ਮੁੱਲ ਮਿਣਦੇ, ਸੱਥਰ ਵਿਛਾਉਂਦੇ ਰਹੇ।

ਝਪਟੇ ਗਿਰਝਾਂ ਵਾਂਗਰ ਅਣਭੋਲ ਸ਼ਿਕਾਰ ਉੱਤੇ,
ਬੋਟੀਆਂ ਨੋਚਦੇ ਜਬਰ ਹਵਸ ਮਿਟਾਉਂਦੇ ਰਹੇ।

ਗ਼ਜ਼ਨੀ ਦੀਆਂ ਫ਼ੌਜਾਂ ਵਾਂਗਰ ਮਚਾਈ ਅਗਜ਼ਨੀ,
ਆਬਰੂ ਬਹੂ ਬੇਟੀਆਂ ਦੀ ਘੱਟੇ ਰੁਲਾਉਂਦੇ ਰਹੇ।

ਚਾਂਦਨੀ ਚੌਂਕ ਮੁੜ ਸਾੜ੍ਹਸਤੀ ਦੀ ਭੇਟ ਚੜ੍ਹਿਆ,
ਭੂਤ ਔਰੰਗਜ਼ੇਬ ਦੇ ਨਿਰੰਤਰ ਮੰਡਲਾਉਂਦੇ ਰਹੇ।

ਜਿਹਾਦੀ ਹਜੂਮ ਬੁੱਕਦੇ, ਖੁੰਧਕ ਦੀ ਭਾਵਨਾ ਸੀ,
ਟਾਇਰ ਗਲ ਪਾਉਂਦੇ ਰਹੇ ਲਾਂਬੂ ਲਾਉਂਦੇ ਰਹੇ।

ਹਿੰਸਾ ਕਰਦੇ ਰਹੇ ਰਾਸ਼ਟਰ ਪਿਤਾ ਦੇ ਪੁਜਾਰੀ,
ਅਹਿੰਸਾ ਨਾਮ ਤੇ ਲਹੂ ਨਦੀਆਂ ਵਹਾਉਂਦੇ ਰਹੇ।

ਮਾਰ ਧਾੜ ਫੈਲੀ ਬੁਰਛਾ-ਗਰਦੀ ਮੱਚਦੀ ਰਹੀ,
ਘਿਣਾਉਣਾ ਸਾਕਾ ਨਨਕਾਣਾ ਦੁਹਰਾਉਂਦੇ ਰਹੇ।

ਘਰ ਕਾਰਖ਼ਾਨੇ ਟਰਾਂਸਪੋਰਟ ਤਬਾਹ ਕੀਤੇ ਸਾਰੇ,
ਵਿਸਕੀਆਂ ਪੀਂਦੇ ਰਹੇ, ਬੱਕਰੇ ਬੁਲਾਉਂਦੇ ਰਹੇ।

ਜ਼ਖਮੀ ਤੜਫਦੇ ਉਡੀਕਦੇ ਰਹੇ ਬਚਾਓ ਛਤਰੀ,
ਤਾੜੀਆਂ ਮਾਰਦੇ ਨਰੈਣੇ ਖਿੱਲੀ ਉਡਾਉਂਦੇ ਰਹੇ।

ਗਲ ਲਟਕਾ ਕੇ ਬਿੱਲੇ ਧਰਮ ਯੁੱਧ ਦੇ ਨਾਮ ਦੇ,
ਗੁਰਦੁਆਰੇ ਢਾਉਂਦੇ ਰਹੇ, ਮੰਦਿਰ ਬਣਾਉਂਦੇ ਰਹੇ।

ਸਾਂਭੀ ਬੈਠੇ ਵਜੀਰੀਆਂ, ਸ਼ੜਯੰਤਰ ਦੇ ਪ੍ਰਬੰਧਕ,
ਹਰਿਮੰਦਰ ਢਾਹੁਣ ਤੇ ਜੋ ਦੀਵੇ ਜਗਾਉਂਦੇ ਰਹੇ।

ਨੰਗੇ ਹੋ ਜਾਣੇ ਨੇ ਰਾਜ-ਭਗਤ ਕਾਨੂੰਨ ਸਨਮੁਖ,
ਚੁਰਾਸੀ ਸੰਨ ਤੋਂ ਜੋ ਸਿਤਮਗਰ ਛੁਪਾਉਂਦੇ ਰਹੇ।

ਫਾਂਸੀ ਚੜ੍ਹ ਜਾਣੇ ਨੇ ਪੰਨੂ, ਕਤਲੇਆਮ ਦੇ ਹੀਰੋ,
ਮਰਯਾਦਾ ਪੁਰਸ਼ੋਤਮ ਜੋ ਧਨੁਖ ਚਲਾਉਂਦੇ ਰਹੇ।

ਚਰਨਜੀਤ ਸਿੰਘ ਪੰਨੂ

ਕੰਮ ਆਪੋ ਆਪਣੇ

ਕੰਮ ਮਾਲੀ ਦਾ ਬੂਟੇ ਨੂੰ ਪਾਣੀ ਪਾਉਣਾ...
ਕੰਮ ਫੁੱਲਾਂ ਦਾ ਮਹਿਕ ਵਿਖੇਰਨਾ ਐ॥

ਰਹਿ ਕੇ ਸਾਬੁਤ ਲੰਗੋਟ ਦਾ ਤਪ ਕਰਨਾ
ਕੰਮ ਸਾਧਾਂ ਦਾ ਮਾਲਾ ਨੂੰ ਫੇਰਨਾ ਐ॥

ਬਣ ਕੇ ਲੀਡਰ ਨਾ ਜਨਤਾ ਦਾ ਦੁੱਖ ਪੁੱਛੇ
ਉਹਨੂੰ ਲੋਕਾਂ ਨੇ ਪਿੰਡਾਂ ਚ ਘੇਰਨਾ ਐ॥

ਜਿਹੜਾ ਹਾਕਮ ਨਾ ਸੁਣੇ ਮਾਤਹਿਤਾਂ ਦੀ
ਜਾਂਦੀ ਕੁਰਸੀ ਨੂੰ ਲੱਗਦੀ ਦੇਰ ਨਾ ਐ॥

ਆਪੋ ਆਪਣੀ ਹੈ ਸਭ ਨੇ ਭੋਗ ਜਾਣੀ
ਹੋਵੇ ਰਾਤ ਤੇ ਕਿਸੇ ਦੀ ਸਵੇਰ ਨਾ ਐ॥

ਕਪਿਲ ਦੇਵ ਬੈਲੇ

ਕਵਿਤਾ

ਕੁਛ ਸੀਖਾ ਹੈ,
ਕੁਛ ਟੂਟਾ ਹੈ
ਕੁਛ ਬਨਨੇ ਕੋ ਥਾ
ਸਾਥ ਚਲਨੇ ਕੋ ਥਾ
ਹਾਥ ਫਿਰ ਛੂਟਾ ਹੈ
ਵੋ ਜੋ ਲਗਤਾ ਹੈ,
ਸਚ ਹੈ, ਸਚ ਨਹੀਂ
ਅਸਲ ਮੇਂ ਵੋ ਝੂਠਾ ਹੈ
ਯੇ ਡਰ ਕਿਸ ਬਾਤ ਕਾ ਹੈ
ਨਾ ਊਂਚ ਨੀਚ ਨਾ ਜਾਤ ਕਾ ਹੈ
ਦਿਨ ਸੇ ਪਹਿਲੇ ਰਾਤ ਕਾ ਹੈ
ਬਿਨ ਸਤਾਏ ਰੂਠਾ ਕਿਊਂ ਹੈ?
ਸਾਥ ਚਲਨੇ ਕੋ ਥਾ,
ਹਾਥ ਫਿਰ ਛੂਟਾ ਕਿਊਂ ਹੈ?
ਕੁਛ ਦਿਲ ਕੋ ਲਗੀ ਹੈ,
ਕੁਛ ਸਜਾ ਤੋ ਮਿਲੀ ਹੈ
ਦੂਸਰੋਂ ਕੋ ਦੇ ਖੁਸ਼ੀ
ਖੁਦ ਕੀ ਆਂਖੋਂ ਕੋ ਨਮੀਂ ਕਿਊਂ ਮਿਲੀ ਹੈ
ਯੇ ਕਿਸ ਬਾਤ ਕੀ ਦੌੜ ਹੈ?
ਜੋ ਗਿਰਾ ਕੇ ਅਪਨੋਂ ਕੋ ਆਗੇ
ਨਿਕਲਨੇ ਕੀ ਜਲਦੀ ਹੈ,
ਠੋਕਰ ਲਗੀ ਅਬ ਤੁਮਹੋਂ ਹੀ ਅਬ ਅਬ!
ਕਿਸ ਬਾਤ ਕੀ ਕਮੀ ਹੈ?
ਸੀਖ ਲੋ, ਬਦਲ ਜਾਓ
ਬਿਖਰ ਜਾਓਗੇ
ਸੰਭਲ ਜਾਓ,
ਗਮ ਕਿਸ ਬਾਤ ਕਾ ਹੈ?
ਉਸਕੀ ਜਗ੍ਹਾ ਕੋਈ ਔਰ
ਹੋਤਾ ਤੋ ਯਹੀ ਕਰਤਾ
ਫਿਰ ਬਤਾਓ ਮਲਾਲ ਕਿਸ ਬਾਤ ਕਾ ਹੈ?
ਯੇ ਦਿਨ ਸੇ ਪਹਿਲੇ ਕਾ ਉਜਾਲਾ ਹੈ,
ਬਸ ਤੁਮਕੋਂ ਲਗਤਾ ਹੈ
ਯੇ ਕਾਲਾ ਹੈ!
ਯੇ ਧੋਖਾ, ਯੇ ਫਰੇਬ ਤੁਮਹੋਂ ਬਹੁਤ
ਕੁਛ ਸਿਖਾਨੇ ਵਾਲਾ ਹੈ,
ਯੇ ਅੰਧੇਰਾ ਹੀ ਤੁਮਹੋਂ ਖੀਚ ਕੇ
ਰੌਸ਼ਨੀ ਕੀ ਔਰ ਲਿਜਾਨੇ ਵਾਲਾ ਹੈ...

ਮਿਸ਼ੂ

ਕੁਝ ਕਹਿ ਕੇ ਹੀ ਜੇ ਕਿਹਾ...

ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ?
ਕੁਝ ਸਹਿ ਕੇ ਵੀ ਜੇ ਕਿਹਾ
ਤਾਂ ਕੀ ਸਹਿਆ?
ਗੱਲ ਤਾਂ ਸੀ ਕੁਝ ਦੱਸਣ ਦੀ ,
ਪਰ ਸਾਥੋਂ ਦੱਸਿਆ ਹੀ ਨਾ ਗਿਆ
ਸਾਥੋਂ ਦੱਸਿਆ ਹੀ ਨਾ ਗਿਆ।
ਦੋ ਪਲ ਤੇਰੇ ਕੋਲ਼ ਬੈਠ ਕੇ
ਤੇਰੇ ਨਾਲ ਸਾਥੋਂ ਹੱਸਿਆ ਵੀ ਨਾ ਗਿਆ।
ਰੋਂਦੇ ਰਹੇ ਕਦੇ ਕਿਸਮਤ ਨੂੰ
ਕਦੇ ਭਟਕਾਉਂਦੇ ਰਹੇ ਆਪਣੇ - ਆਪ ਨੂੰ
ਗਮ ਅਸਲੀ ਸੀ ਜੋ ਮਨ ਅੰਦਰ
ਗਮ ਅਸਲੀ ਸੀ ਜੋ ਮਨ ਅੰਦਰ ,
ਸੱਜਣਾ ! ਉਹ ਗਮ ਕਦੇ ਤੈਨੂੰ
ਸਾਥੋਂ ਦੱਸਿਆ ਹੀ ਨਾ ਗਿਆ।
ਸੋਚਦੇ ਰਹੇ ਅਸੀਂ ਇਹੋ
ਕਿ ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ?
ਗਮ ਮਨ ਵਿੱਚ ਹੀ ਰਿਹਾ
ਤੇ ਤੈਨੂੰ ਕਦੇ ਦੱਸਿਆ ਹੀ ਨਾ ਗਿਆ,
ਗਮ ਬੋਲ ਕੇ ਹੀ ਜੇ ਕਿਹਾ
ਤਾਂ ਸੱਜਣਾ! ਕੀ ਕਿਹਾ?
ਫਿਕਰਾਂ 'ਚ ਲੰਘ ਗਈ ਜ਼ਿੰਦਗੀ
ਪਰ ਤੈਥੋਂ ਸਾਡਾ ਫਿਕਰ
ਸਮਝਿਆ ਹੀ ਨਾ ਗਿਆ।
ਮਨ ਦਾ ਗਮ ਤੇਰੇ ਕੋਲ
ਬੈਠ ਕੇ ਹੀ ਜੇ ਕਿਹਾ
ਤਾਂ ਕੀ ਕਿਹਾ?
ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ?
ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ?



ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356

ਸੋਸ਼ਲ ਮੀਡੀਆ ਬਨਾਮ ਪ੍ਰੰਪਰਾਗਤ ਮੀਡੀਆ: ਉਹ ਕਿਵੇਂ ਵੱਖਰੇ ਹਨ ?



ਇੱਕ ਵਿਅਕਤੀ ਆਪਣੇ ਸੱਜੇ ਹੱਥ ਵਿੱਚ ਇੱਕ ਸਮਾਰਟਫ਼ੋਨ ਫੜੀ ਹੋਈ ਹੈ, ਜਿਸ ਦੇ ਗਲੇ ਵਿੱਚ ਹੈੱਡਸੈੱਟ ਹੈ, ਥੋੜ੍ਹਾ ਜਿਹਾ ਮੁਸਕਰਾਉਂਦਾ ਹੋਇਆ ਅੱਗੇ ਦੇਖਦਾ ਹੈ। ਮੀਡੀਆ ਇੱਕ ਵਿਆਪਕ ਉਦਯੋਗ ਹੈ ਜਿਸ ਵਿੱਚ ਜਨਤਕ ਸੰਚਾਰ ਦਾ ਕੋਈ ਵੀ ਰੂਪ ਸ਼ਾਮਲ ਹੈ, ਜਿਵੇਂ ਕਿ ਰੇਡੀਓ, ਟੈਲੀਵਿਜ਼ਨ ਅਤੇ ਇੰਟਰਨੈੱਟ ਪਲੇਟਫਾਰਮ। ਸੋਸ਼ਲ ਮੀਡੀਆ ਅਤੇ ਪਰੰਪਰਾਗਤ ਮੀਡੀਆ ਮੀਡੀਆ ਖੇਤਰ ਦੇ ਦੋ ਪ੍ਰਾਇਮਰੀ ਸੈਕਟਰ ਹਨ, ਅਤੇ ਦੋਵੇਂ ਵੱਖ-ਵੱਖ ਦਰਸ਼ਕਾਂ ਨੂੰ ਮਹੱਤਵਪੂਰਨ ਜਾਣਕਾਰੀ ਜਾਂ ਸੂਝ ਪ੍ਰਦਾਨ ਕਰਨ ਲਈ ਉਪਯੋਗੀ ਹੋ ਸਕਦੇ ਹਨ। ਜੇਕਰ ਤੁਸੀਂ ਮੀਡੀਆ ਖੇਤਰ ਦੇ ਅੰਦਰ ਇੱਕ ਕਰੀਅਰ ਵਿੱਚ ਦਿਲਚਸਪੀ ਰੱਖਦੇ ਹੋ ਜਾਂ ਤੁਸੀਂ ਕਿਸੇ ਖਾਸ ਦਰਸ਼ਕਾਂ ਨਾਲ ਗੱਲਬਾਤ ਕਰਨ ਲਈ ਮੀਡੀਆ ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਇਹਨਾਂ ਦੋ ਮੀਡੀਆ ਕਿਸਮਾਂ ਬਾਰੇ ਹੋਰ ਸਿੱਖਣ ਨਾਲ ਇਹ ਪਤਾ ਲਗਾਉਣ ਵਿੱਚ ਤੁਹਾਡੀ ਮਦਦ ਹੋ ਸਕਦੀ ਹੈ ਕਿ ਤੁਹਾਡੇ ਲਈ ਕਿਹੜਾ ਸਹੀ ਹੋ ਸਕਦਾ ਹੈ। ਇਸ ਲੇਖ ਵਿੱਚ ਅਸੀਂ ਸਮਝਾਉਂਦੇ ਹਾਂ ਕਿ ਸਮਾਜਿਕ ਅਤੇ ਪਰੰਪਰਾਗਤ ਮੀਡੀਆ ਕੀ ਹਨ, ਦੋ ਮੀਡੀਆ ਕਿਸਮਾਂ ਦੇ ਵਿਚਕਾਰ ਮੁੱਖ ਅੰਤਰ ਦੀ ਸੂਚੀ ਬਣਾਓ ਅਤੇ ਹਰੇਕ ਸੈਕਟਰ ਦੇ ਅੰਦਰ ਪ੍ਰਾਇਮਰੀ ਨੌਕਰੀਆਂ ਦੀ ਸੂਚੀ ਪ੍ਰਦਾਨ ਕਰੋ। ਸੋਸ਼ਲ ਮੀਡੀਆ ਕੀ ਹੈ ? ਸੋਸ਼ਲ ਮੀਡੀਆ ਵੈੱਬਸਾਈਟਾਂ, ਇੰਟਰਨੈੱਟ ਪਲੇਟਫਾਰਮ ਅਤੇ ਹੋਰ ਤਕਨੀਕਾਂ ਹਨ ਜੋ ਕਾਰੋਬਾਰਾਂ ਅਤੇ ਵਿਅਕਤੀਆਂ ਨੂੰ ਔਨਲਾਈਨ ਗੱਲਬਾਤ ਕਰਨ ਦੀ ਇਜਾਜ਼ਤ ਦਿੰਦੀਆਂ ਹਨ। ਇੱਥੇ ਬਹੁਤ ਸਾਰੇ ਸੋਸ਼ਲ ਮੀਡੀਆ ਪਲੇਟਫਾਰਮ ਹਨ ਜਿਨ੍ਹਾਂ ਵਿੱਚ ਵੱਖ-ਵੱਖ ਵੈਬਸਾਈਟਾਂ, ਮੈਸੇਜਿੰਗ ਪਲੇਟਫਾਰਮ ਅਤੇ ਐਪਲੀਕੇਸ਼ਨ ਸ਼ਾਮਲ ਹਨ, ਅਤੇ ਹਰੇਕ ਪਲੇਟਫਾਰਮ ਵਿੱਚ ਵੱਖ-ਵੱਖ ਵਿਸ਼ੇਸ਼ਤਾਵਾਂ ਅਤੇ ਸਮਰੱਥਾਵਾਂ ਹੋ ਸਕਦੀਆਂ ਹਨ। ਕੰਪਨੀਆਂ ਸੋਸ਼ਲ ਮੀਡੀਆ ਦੀ ਵਰਤੋਂ ਆਪਣੇ ਉਤਪਾਦਾਂ ਜਾਂ ਸੇਵਾਵਾਂ ਦੀ ਮਸ਼ਹੂਰੀ ਕਰਨ, ਗਾਹਕਾਂ ਦੇ ਸਵਾਲਾਂ ਦੇ ਜਵਾਬ ਦੇਣ ਜਾਂ ਨਵੇਂ ਬ੍ਰਾਂਡ ਜਾਂ ਵਿਚਾਰ ਨੂੰ ਪ੍ਰਸਾਰਿਤ ਕਰਨ ਲਈ ਕਰ ਸਕਦੀਆਂ ਹਨ। ਰਵਾਇਤੀ ਮੀਡੀਆ ਕੀ ਹੈ ? ਪਰੰਪਰਾਗਤ ਮੀਡੀਆ ਜਨਤਕ ਸੰਚਾਰ ਦਾ ਇੱਕ ਰੂਪ ਹੈ ਜਿਸ ਵਿੱਚ ਕਿਸੇ ਖਾਸ ਦਰਸ਼ਕਾਂ ਨਾਲ ਵਿਚਾਰਾਂ ਜਾਂ ਇਸ਼ਤਿਹਾਰਾਂ ਨੂੰ ਸਾਂਝਾ ਕਰਨਾ ਸ਼ਾਮਲ ਹੁੰਦਾ ਹੈ। ਰਵਾਇਤੀ ਮੀਡੀਆ ਵਿੱਚ ਅਖ਼ਬਾਰਾਂ, ਟੈਲੀਵਿਜ਼ਨ ਪ੍ਰੋਗਰਾਮ, ਰਸਾਲੇ ਅਤੇ ਰੇਡੀਓ ਸ਼ੋਅ ਸ਼ਾਮਲ ਹੋ ਸਕਦੇ ਹਨ। ਇਸ ਵਿੱਚ ਇਹਨਾਂ ਸਾਧਨਾਂ ਦੇ ਡਿਜੀਟਲ ਸੰਸਕਰਣ ਵੀ ਸ਼ਾਮਲ ਹੋ ਸਕਦੇ ਹਨ, ਜਿਵੇਂ ਕਿ ਇੱਕ ਔਨਲਾਈਨ ਮੈਗਜ਼ੀਨ ਜਾਂ ਇੱਕ ਬਲੌਗ। ਇੰਟਰਨੈਟ ਤੋਂ ਪਹਿਲਾਂ, ਪਰੰਪਰਾਗਤ ਮੀਡੀਆ ਅਕਸਰ ਸੰਭਾਵੀ ਗਾਹਕਾਂ ਨੂੰ ਸੰਸਥਾਵਾਂ ਦੁਆਰਾ ਇਸ਼ਤਿਹਾਰ ਦੇਣ ਦਾ ਪ੍ਰਾਇਮਰੀ ਤਰੀਕਾ ਸੀ। ਸੋਸ਼ਲ ਮੀਡੀਆ ਬਨਾਮ ਰਵਾਇਤੀ ਮੀਡੀਆ ਭਾਵੇਂ ਤੁਸੀਂ ਮੀਡੀਆ ਕਰੀਅਰ ਨੂੰ ਅੱਗੇ ਵਧਾਉਣ ਬਾਰੇ ਵਿਚਾਰ ਕਰ ਰਹੇ ਹੋ ਜਾਂ ਕਿਸੇ ਕਾਰੋਬਾਰ ਜਾਂ ਉਤਪਾਦ ਦੀ ਮਾਰਕੀਟਿੰਗ ਕਰਨ ਦੇ ਤਰੀਕਿਆਂ ਦੀ ਪੜਚੋਲ ਕਰ ਰਹੇ ਹੋ, ਸਮਾਜਿਕ ਅਤੇ ਪਰੰਪਰਾਗਤ ਮੀਡੀਆ ਵਿਚਕਾਰ ਅੰਤਰਾਂ ਬਾਰੇ ਸਿੱਖਣਾ ਤੁਹਾਨੂੰ ਬਿਹਤਰ ਢੰਗ ਨਾਲ ਇਹ ਨਿਰਧਾਰਤ ਕਰਨ ਵਿੱਚ ਮਦਦ ਕਰ ਸਕਦਾ ਹੈ ਕਿ ਤੁਹਾਡੇ ਇੱਛੁਕ ਦਰਸ਼ਕਾਂ ਲਈ ਕਿਹੜਾ ਵਧੇਰੇ ਪ੍ਰਭਾਵਸ਼ਾਲੀ ਹੋ ਸਕਦਾ ਹੈ।

ਇੱਥੇ ਇਹਨਾਂ ਦੋ ਕਿਸਮਾਂ ਦੇ ਮੀਡੀਆ ਵਿਚਕਾਰ ਕੁਝ ਮੁੱਖ ਅੰਤਰ ਹਨ: ਦਰਸ਼ਕ ਸੋਸ਼ਲ ਅਤੇ ਪਰੰਪਰਾਗਤ ਮੀਡੀਆ ਦੋਵੇਂ ਇੱਕ ਖਾਸ ਦਰਸ਼ਕਾਂ ਨਾਲ ਜੁੜਨ ਲਈ ਉਪਯੋਗੀ ਸਾਧਨ ਹੋ ਸਕਦੇ ਹਨ। ਰਵਾਇਤੀ ਮੀਡੀਆ ਆਮ ਤੌਰ 'ਤੇ ਕਾਰੋਬਾਰਾਂ ਨੂੰ ਵਿਆਪਕ ਦਰਸ਼ਕਾਂ ਦਾ ਧਿਆਨ ਖਿੱਚਣ ਵਿੱਚ ਮਦਦ ਕਰਦਾ ਹੈ। ਉਦਾਹਰਨ ਲਈ, ਇੱਕ ਕੰਪਨੀ ਇੱਕ ਰਾਸ਼ਟਰੀ ਟੈਲੀਵਿਜ਼ਨ ਨੈੱਟਵਰਕ 'ਤੇ ਸਵੇਰ ਦੀਆਂ ਖਬਰਾਂ ਦੌਰਾਨ ਆਪਣੇ ਉਤਪਾਦ ਦੀ ਮਸ਼ਹੂਰੀ ਕਰਨ ਲਈ ਭੁਗਤਾਨ ਕਰ ਸਕਦੀ ਹੈ। ਇਹ ਉਸ ਕੰਪਨੀ ਨੂੰ ਵਧੇਰੇ ਦਰਸ਼ਕਾਂ ਨੂੰ ਆਕਰਸ਼ਿਤ ਕਰਨ ਦੀ ਇਜਾਜ਼ਤ ਦਿੰਦਾ ਹੈ, ਕਿਉਂਕਿ ਬਹੁਤ ਸਾਰੇ ਲੋਕ ਕੰਮ 'ਤੇ ਜਾਣ ਤੋਂ ਪਹਿਲਾਂ ਸਵੇਰ ਨੂੰ ਖ਼ਬਰਾਂ ਦੇਖਣ ਲਈ ਹੁੰਦੇ ਹਨ। ਸੋਸ਼ਲ ਮੀਡੀਆ ਆਮ ਤੌਰ 'ਤੇ ਇੱਕ ਛੋਟੇ, ਵਧੇਰੇ ਖਾਸ ਦਰਸ਼ਕਾਂ ਲਈ ਉਪਯੋਗੀ ਹੁੰਦਾ ਹੈ। ਸੋਸ਼ਲ ਮੀਡੀਆ ਮਾਹਰ ਕਿਸੇ ਕੰਪਨੀ ਦੇ ਪੈਰੋਕਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਪੋਸਟਾਂ ਬਣਾ ਸਕਦੇ ਹਨ ਜਾਂ ਉਹ ਕਿਸੇ ਖਾਸ ਸਮੂਹ ਦਾ ਧਿਆਨ ਬਰਕਰਾਰ ਰੱਖਣ ਲਈ ਇੱਕ ਹੋਰ ਵਿਅਕਤੀਗਤ ਇਸ਼ਤਿਹਾਰ ਵਿਕਸਿਤ ਕਰ ਸਕਦੇ ਹਨ। ਉਦਾਹਰਨ ਲਈ, ਇੱਕ ਕੱਪੜੇ ਦੀ ਕੰਪਨੀ ਜੋ ਛੋਟੀਆਂ ਔਰਤਾਂ ਲਈ ਕੱਪੜੇ ਬਣਾਉਂਦੀ ਹੈ, ਉਹ ਆਪਣੇ ਚੈਨਲਾਂ 'ਤੇ ਇੱਕ ਨਵੇਂ ਡਿਜ਼ਾਈਨ ਬਾਰੇ ਪੋਸਟ ਕਰ ਸਕਦੀ ਹੈ, ਜਿਸ ਨਾਲ ਇਸਦੇ ਸੋਸ਼ਲ ਮੀਡੀਆ ਪੈਰੋਕਾਰਾਂ ਨੂੰ ਪੋਸਟ ਨੂੰ ਹੋਰ ਆਸਾਨੀ ਨਾਲ ਲੱਭਣ ਅਤੇ ਸਾਂਝਾ ਕਰਨ ਦੀ ਇਜਾਜ਼ਤ ਮਿਲਦੀ ਹੈ। ਕੰਪਨੀ ਦੀ ਮਾਰਕੀਟਿੰਗ ਟੀਮ ਵਧੇਰੇ ਖਾਸ ਉਮਰ ਸਮੂਹਾਂ ਲਈ ਪੋਸਟ ਨੂੰ ਨਿਸ਼ਾਨਾ ਬਣਾਉਣ ਅਤੇ ਅਨੁਕੂਲਿਤ ਕਰਨ ਲਈ ਸੋਸ਼ਲ ਮੀਡੀਆ ਐਲਗੋਰਿਦਮ ਦੀ ਵਰਤੋਂ ਕਰ ਸਕਦੀ ਹੈ। ਸੰਵਾਦ ਸੋਸ਼ਲ ਅਤੇ ਪਰੰਪਰਾਗਤ ਮੀਡੀਆ ਦੋਵੇਂ ਵੱਖ-ਵੱਖ ਕਿਸਮਾਂ ਦੇ ਸੰਚਾਰ ਜਾਂ ਸੰਵਾਦ ਦੀ ਪੇਸ਼ਕਸ਼ ਕਰਦੇ ਹਨ। ਪਰੰਪਰਾਗਤ ਮੀਡੀਆ ਅਕਸਰ ਇੱਕ ਤਰਫਾ ਸੰਚਾਰ ਸਾਧਨ ਹੁੰਦਾ ਹੈ, ਮਤਲਬ ਕਿ ਇਹ ਮੁੱਖ ਤੌਰ 'ਤੇ ਦਰਸ਼ਕਾਂ ਨੂੰ ਸੂਚਿਤ ਕਰਨਾ ਜਾਂ ਮਨਾਉਣ ਦਾ ਇਰਾਦਾ ਰੱਖਦਾ ਹੈ। ਉਦਾਹਰਨ ਲਈ, ਕੋਈ ਕਾਰੋਬਾਰ ਸਥਾਨਕ ਵਿੱਚ ਇੱਕ ਇਸ਼ਤਿਹਾਰ ਪੋਸਟ ਕਰ ਸਕਦਾ ਹੈਅਖਬਾਰ ਜਾਂ ਦਿਨ ਦੇ ਸਮੇਂ ਟੈਲੀਵਿਜ਼ਨ 'ਤੇ ਆਪਣੇ ਖੁਦ ਦੇ ਵਪਾਰਕ ਨੂੰ ਦਰਸ਼ਕਾਂ ਨਾਲ ਤੇਜ਼ੀ ਨਾਲ ਸਾਂਝਾ ਕਰਨ ਲਈ. ਸੋਸ਼ਲ ਮੀਡੀਆ ਇਸ ਵਿੱਚ ਵੱਖਰਾ ਹੈ ਕਿ ਇਹ ਕੰਪਨੀਆਂ ਨੂੰ ਆਪਣੇ ਇੱਛਤ ਦਰਸ਼ਕਾਂ ਨਾਲ ਦੋ-ਪੱਖੀ ਸੰਵਾਦ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਨਾਲ ਨਿਰੰਤਰ ਗੱਲਬਾਤ ਨੂੰ ਕਾਇਮ ਰੱਖਣ ਦੀ ਇਜਾਜ਼ਤ ਦਿੰਦਾ ਹੈ। ਉਦਾਹਰਨ ਲਈ, ਕੋਈ ਕੰਪਨੀ ਆਪਣੀ ਨਵੀਂ ਸੇਵਾ ਦਾ ਇਸ਼ਤਿਹਾਰ ਦਿੰਦੇ ਹੋਏ ਆਪਣੇ ਸੋਸ਼ਲ ਮੀਡੀਆ ਚੈਨਲਾਂ 'ਤੇ ਤਸਵੀਰ ਪੋਸਟ ਕਰ ਸਕਦੀ ਹੈ। ਸੰਭਾਵੀ ਗਾਹਕ ਪੋਸਟ ਦਾ ਜਨਤਕ ਤੌਰ 'ਤੇ ਜਵਾਬ ਦੇ ਕੇ ਅਤੇ ਇਸਨੂੰ ਪਸੰਦ ਕਰਨ ਜਾਂ ਉਹਨਾਂ ਦੇ ਅਨੁਸਰਣ ਕਰਨ ਵਾਲਿਆਂ ਨਾਲ ਸਾਂਝਾ ਕਰਕੇ ਇਸ ਨਾਲ ਗੱਲਬਾਤ ਕਰ ਸਕਦੇ ਹਨ। ਇਹ ਕੰਪਨੀ ਨੂੰ ਆਪਣੀ ਬ੍ਰਾਂਡ ਜਾਗਰੂਕਤਾ ਵਧਾਉਣ, ਗਾਹਕਾਂ ਤੋਂ ਜਲਦੀ ਫੀਡਬੈਕ ਪ੍ਰਾਪਤ ਕਰਨ ਅਤੇ ਉਹਨਾਂ ਨਾਲ ਹੋਰ ਆਸਾਨੀ ਨਾਲ ਜੁੜਨ ਦੀ ਆਗਿਆ ਦੇ ਸਕਦਾ ਹੈ। ਲਾਗਤ ਫਾਰਮੈਟ 'ਤੇ ਨਿਰਭਰ ਕਰਦੇ ਹੋਏ, ਮਾਰਕੀਟਿੰਗ ਲਈ ਮੀਡੀਆ ਦੀ ਲਾਗਤ ਵੱਖ-ਵੱਖ ਹੋ ਸਕਦੀ ਹੈ। ਸੋਸ਼ਲ ਮੀਡੀਆ ਆਮ ਤੌਰ 'ਤੇ ਰਵਾਇਤੀ ਮੀਡੀਆ ਨਾਲੋਂ ਘੱਟ ਖਰਚ ਕਰਦਾ ਹੈ ਪਰ ਵਧੇਰੇ ਦਰਸ਼ਕਾਂ ਨੂੰ ਆਕਰਸ਼ਿਤ ਕਰਨ ਲਈ ਵਧੇਰੇ ਵਿਅਕਤੀਗਤ ਭੁਗਤਾਨਾਂ ਦੀ ਲੋੜ ਹੋ ਸਕਦੀ ਹੈ। ਉਦਾਹਰਨ ਲਈ, ਜੇਕਰ ਇੱਕ ਮਾਰਕੀਟਿੰਗ ਟੀਮ ਇੱਕ ਨਵੇਂ ਉਤਪਾਦ ਲਈ ਇੱਕ ਇਸ਼ਤਿਹਾਰ ਪੋਸਟ ਕਰਨਾ ਚਾਹੁੰਦੀ ਹੈ, ਤਾਂ ਇਹ ਮੁਫਤ ਵਿੱਚ ਜਾਂ ਇੱਕ ਛੋਟੀ ਜਿਹੀ ਲਾਗਤ ਲਈ ਇੱਕ ਸੋਸ਼ਲ ਮੀਡੀਆ ਘੋਸ਼ਣਾ ਬਣਾ ਸਕਦੀ ਹੈ। ਇੱਕ ਕੰਪਨੀ ਆਪਣੇ ਸੋਸ਼ਲ ਮੀਡੀਆ 'ਤੇ ਜਿੰਨੇ ਜ਼ਿਆਦਾ ਭੁਗਤਾਨ ਕੀਤੇ ਇਸ਼ਤਿਹਾਰ ਪੋਸਟ ਕਰਦੀ ਹੈ, ਓਨੀ ਹੀ ਆਸਾਨੀ ਨਾਲ ਇਹ ਆਪਣੇ ਨਿਸ਼ਾਨਾ ਦਰਸ਼ਕਾਂ ਦਾ ਧਿਆਨ ਖਿੱਚਣ ਦੇ ਯੋਗ ਹੋ ਸਕਦੀ ਹੈ। ਮੀਡੀਆ ਸੰਸਥਾ ਜਾਂ ਕੰਪਨੀ 'ਤੇ ਨਿਰਭਰ ਕਰਦੇ ਹੋਏ, ਰਵਾਇਤੀ ਮੀਡੀਆ ਨੇ ਅਕਸਰ ਦਰਾਂ ਨਿਰਧਾਰਤ ਕੀਤੀਆਂ ਹੁੰਦੀਆਂ ਹਨ। ਉਦਾਹਰਨ ਲਈ, ਇੱਕ ਕੰਪਨੀ ਜੋ ਇੱਕ ਮੈਗਜ਼ੀਨ ਵਿੱਚ ਇੱਕ ਇਸ਼ਤਿਹਾਰ ਪੋਸਟ ਕਰਨਾ ਚਾਹੁੰਦੀ ਹੈ, ਉਹ ਮੈਗਜ਼ੀਨ ਕੰਪਨੀ ਨੂੰ ਇੱਕ ਖਾਸ ਫੀਸ ਅਦਾ ਕਰ ਸਕਦੀ ਹੈ। ਟੀਵੀ ਅਤੇ ਰੇਡੀਓ ਵਿਗਿਆਪਨਾਂ ਦੀ ਲਾਗਤ ਅਕਸਰ ਦਿਨ ਦੇ ਖਾਸ ਸਮੇਂ ਜਾਂ ਦਰਸ਼ਕਾਂ ਦੀ ਗਿਣਤੀ 'ਤੇ ਨਿਰਭਰ ਕਰਦੀ ਹੈ। ਉਹ ਸ਼ੋਅ ਜੋ ਵਧੇਰੇ ਦਰਸ਼ਕ ਪ੍ਰਾਪਤ ਕਰਦੇ ਹਨ ਜਾਂ ਦਿਨ ਦੇ ਸਮੇਂ ਜਦੋਂ ਜ਼ਿਆਦਾ ਲੋਕ ਪ੍ਰੋਗਰਾਮ ਦੇਖ ਰਹੇ ਹੁੰਦੇ ਹਨ, ਉੱਚ ਵਿਗਿਆਪਨ ਲਾਗਤਾਂ ਨਾਲ ਸਬੰਧਿਤ ਹੋ ਸਕਦੇ ਹਨ। ਟਾਈਮਿੰਗ ਇਹਨਾਂ ਦੋ ਮੀਡੀਆ ਫਾਰਮੈਟਾਂ ਲਈ ਟਾਈਮਲਾਈਨ ਜਾਂ ਉਤਪਾਦਨ ਅਨੁਸੂਚੀ ਵੀ ਵੱਖ-ਵੱਖ ਹੋ ਸਕਦੀ ਹੈ। ਰਵਾਇਤੀ ਮੀਡੀਆ ਨੂੰ ਆਮ ਤੌਰ 'ਤੇ ਬਣਾਉਣ ਲਈ ਜ਼ਿਆਦਾ ਸਮਾਂ ਲੱਗਦਾ ਹੈ ਅਤੇ ਇਸਦੀ ਵਿਸਤ੍ਰਿਤ ਸਮਾਂ-ਸਾਰਣੀ ਹੁੰਦੀ ਹੈ ਜੋ ਵਿਗਿਆਪਨ ਦੇ ਖਾਸ ਰੂਪ 'ਤੇ ਨਿਰਭਰ ਕਰਦੀ ਹੈ। ਉਦਾਹਰਨ ਲਈ, ਇੱਕ ਮੈਗਜ਼ੀਨ ਵਿੱਚ ਇਸ਼ਤਿਹਾਰ ਦੇਣ ਵਿੱਚ ਦਿਲਚਸਪੀ ਰੱਖਣ ਵਾਲੀਆਂ ਮਾਰਕੀਟਿੰਗ ਟੀਮਾਂ ਲਈ ਉਸ ਮੈਗਜ਼ੀਨ ਦੇ ਪ੍ਰਕਾਸ਼ਨ ਅਨੁਸੂਚੀ ਦੇ ਆਧਾਰ 'ਤੇ ਆਪਣੇ ਇਸ਼ਤਿਹਾਰਾਂ ਨੂੰ ਵਿਕਸਤ ਕਰਨ ਲਈ ਇਹ ਜ਼ਰੂਰੀ ਹੋਵੇਗਾ। ਇਸਦਾ ਮਤਲਬ ਮਹੀਨਾਵਾਰ ਵਿਗਿਆਪਨ ਵਿਕਸਿਤ ਕਰਨਾ ਹੋ ਸਕਦਾ ਹੈ ਜੇਕਰ ਮੈਗਜ਼ੀਨ ਹਰ ਮਹੀਨੇ ਦੀ ਸ਼ੁਰੂਆਤ ਵਿੱਚ ਨਵੀਂ ਸਮੱਗਰੀ ਪ੍ਰਕਾਸ਼ਿਤ ਕਰਦੀ ਹੈ। ਸੋਸ਼ਲ ਮੀਡੀਆ ਦੀ ਅਕਸਰ ਵਧੇਰੇ ਲਚਕਦਾਰ ਟਾਈਮਲਾਈਨ ਹੁੰਦੀ ਹੈ। ਕੰਪਨੀਆਂ ਜਾਣਕਾਰੀ ਪੋਸਟ ਕਰ ਸਕਦੀਆਂ ਹਨ ਅਤੇ ਗਾਹਕਾਂ ਨਾਲ ਤੇਜ਼ੀ ਨਾਲ ਅਤੇ ਅਕਸਰ ਸੰਚਾਰ ਕਰ ਸਕਦੀਆਂ ਹਨ। ਉਹਨਾਂ ਦੁਆਰਾ ਬਣਾਏ ਗਏ ਇਸ਼ਤਿਹਾਰਾਂ ਦੀ ਗਿਣਤੀ ਅਤੇ ਉਹਨਾਂ ਦੁਆਰਾ ਉਹਨਾਂ ਨੂੰ ਪੋਸਟ ਕਰਨ ਦੀ ਬਾਰੰਬਾਰਤਾ ਅਕਸਰ ਉਹਨਾਂ ਦਾ ਫੈਸਲਾ ਹੁੰਦਾ ਹੈ। ਕੁਝ ਕੰਪਨੀਆਂ ਸਾਲ ਦੇ ਸਮੇਂ ਅਤੇ ਉਹਨਾਂ ਦੇ ਦਰਸ਼ਕਾਂ ਦੀਆਂ ਤਰਜੀਹਾਂ ਦੇ ਆਧਾਰ 'ਤੇ ਆਪਣੀ ਸੋਸ਼ਲ ਮੀਡੀਆ ਸਮੱਗਰੀ ਨੂੰ ਸੀਮਤ ਕਰਨ ਦਾ ਫੈਸਲਾ ਕਰ ਸਕਦੀਆਂ ਹਨ, ਜਦੋਂ ਕਿ ਦੂਜੀਆਂ ਜਿੰਨੀਆਂ ਸੰਭਵ ਹੋ ਸਕੇ ਪੋਸਟ ਕਰ ਸਕਦੀਆਂ ਹਨ। ਅਨੁਕੂਲਤਾ ਰਵਾਇਤੀ ਪੋਸਟਾਂ ਨਾਲੋਂ ਸੋਸ਼ਲ ਮੀਡੀਆ ਪੋਸਟਾਂ ਨੂੰ ਸੰਪਾਦਿਤ ਕਰਨਾ ਅਤੇ ਬਦਲਣਾ ਆਮ ਤੌਰ 'ਤੇ ਸੰਭਵ ਹੈ। ਉਦਾਹਰਨ ਲਈ, ਪੋਸਟ ਕਰਨ ਤੋਂ ਬਾਅਦ, ਇੱਕ ਸੋਸ਼ਲ ਮੀਡੀਆ ਮਾਹਰ ਪੋਸਟ ਨੂੰ ਸੰਪਾਦਿਤ ਕਰ ਸਕਦਾ ਹੈ, ਇਸਨੂੰ ਅੱਪਡੇਟ ਕਰ ਸਕਦਾ ਹੈ ਜਾਂ ਇਸਨੂੰ ਪ੍ਰਾਪਤ ਹੋਣ ਵਾਲੇ ਰਿਸੈਪਸ਼ਨ ਦੇ ਅਧਾਰ ਤੇ ਇਸਨੂੰ ਪੂਰੀ ਤਰ੍ਹਾਂ ਮਿਟਾ ਸਕਦਾ ਹੈ। ਰਵਾਇਤੀ ਮੀਡੀਆ ਦੇ ਨਾਲ, ਸਮੱਗਰੀ ਆਮ ਤੌਰ 'ਤੇ ਇੱਕੋ ਜਿਹੀ ਰਹਿੰਦੀ ਹੈ। ਉਦਾਹਰਨ ਲਈ, ਇੱਕ ਕੰਪਨੀ ਜੋ ਇੱਕ ਅਖਬਾਰ ਵਿੱਚ ਇੱਕ ਇਸ਼ਤਿਹਾਰ ਪੋਸਟ ਕਰਦੀ ਹੈ, ਪ੍ਰਕਾਸ਼ਨ ਤੋਂ ਬਾਅਦ ਇਸਨੂੰ ਆਸਾਨੀ ਨਾਲ ਬਦਲ ਨਹੀਂ ਸਕਦੀ। ਹਾਲਾਂਕਿ ਰਵਾਇਤੀ ਫਾਰਮੈਟਾਂ ਵਿੱਚ ਜਾਣਕਾਰੀ ਨੂੰ ਸੰਪਾਦਿਤ ਕਰਨਾ ਜਾਂ ਬਦਲਣਾ ਆਮ ਤੌਰ 'ਤੇ ਵਧੇਰੇ ਚੁਣੌਤੀਪੂਰਨ ਹੁੰਦਾ ਹੈ, ਪਰ ਇਹਨਾਂ ਫਾਰਮੈਟਾਂ ਦੇ ਨਤੀਜੇ ਵਜੋਂ ਉੱਚ ਦਰਸ਼ਕ ਪ੍ਰਭਾਵ ਹੋ ਸਕਦਾ ਹੈ। ਲੇਖਕ ਕੰਟਰੋਲ ਇਹ ਮੀਡੀਆ ਕਿਸਮਾਂ ਲੇਖਕ ਨਿਯੰਤਰਣ ਦੇ ਵੱਖ-ਵੱਖ ਪੱਧਰਾਂ ਦੀ ਪੇਸ਼ਕਸ਼ ਕਰ ਸਕਦੀਆਂ ਹਨ। ਉਦਾਹਰਨ ਲਈ, ਜੇਕਰ ਕੋਈ ਸਥਾਨਕ ਰੇਡੀਓ ਸ਼ੋਅ ਕਿਸੇ ਕੰਪਨੀ ਦੀ ਇੰਟਰਵਿਊ ਲੈਣਾ ਚਾਹੁੰਦਾ ਹੈ, ਤਾਂ ਰੇਡੀਓ ਸ਼ੋਅ ਦੇ ਲੇਖਕ ਪ੍ਰੋਗਰਾਮ ਦੀ ਯੋਜਨਾ ਬਣਾ ਸਕਦੇ ਹਨ, ਲਿਖ ਸਕਦੇ ਹਨ ਅਤੇ ਨਿਰਦੇਸ਼ਿਤ ਕਰ ਸਕਦੇ ਹਨ। ਸੋਸ਼ਲ ਮੀਡੀਆ ਕੰਪਨੀਆਂ ਨੂੰ ਆਪਣੀ ਸਮਗਰੀ ਬਣਾਉਣ ਦੇ ਵਧੇਰੇ ਮੌਕੇ ਦੀ ਇਜਾਜ਼ਤ ਦਿੰਦਾ ਹੈ ਜਦੋਂ ਤੱਕ ਇਹ ਕੁਝ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਾ ਹੈ। ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲੀਆਂ ਕੰਪਨੀਆਂ ਆਪਣੇ ਪ੍ਰਕਾਸ਼ਨ ਦੀ ਮਿਤੀ ਵਿੱਚ ਦੇਰੀ ਕਰਨ ਜਾਂ ਇਹ ਨਿਰਧਾਰਤ ਕਰਨ ਦਾ ਫੈਸਲਾ ਵੀ ਕਰ ਸਕਦੀਆਂ ਹਨ ਕਿ ਕੀ ਦਰਸ਼ਕ ਉਹ ਨਿਸ਼ਾਨਾ ਬਣਾਉਣਾ ਚਾਹੁੰਦੇ ਹਨ। ਪ੍ਰਭਾਵ ਜਦੋਂ ਕਿ ਦੋਵੇਂ ਮੀਡੀਆ ਕਿਸਮਾਂ ਦਾ ਉਦੇਸ਼ ਦਰਸ਼ਕਾਂ ਨੂੰ ਪ੍ਰਭਾਵਿਤ ਕਰਨਾ ਹੁੰਦਾ ਹੈ, ਪਰੰਪਰਾਗਤ ਫਾਰਮੈਟ ਅਕਸਰ ਦਰਸ਼ਕਾਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਨ ਦਾ ਟੀਚਾ ਰੱਖਦੇ ਹਨ। ਇਹ ਸੋਸ਼ਲ ਮੀਡੀਆ ਉਪਭੋਗਤਾਵਾਂ ਲਈ ਸਪੱਸ਼ਟ ਨਹੀਂ ਹੋ ਸਕਦਾ ਹੈ ਕਿ ਇੱਕ ਪੋਸਟ ਇੱਕ ਇਸ਼ਤਿਹਾਰ ਹੈ, ਕਿਉਂਕਿ ਸੋਸ਼ਲ ਮੀਡੀਆ ਅਕਸਰ ਵਧੇਰੇ ਰਚਨਾਤਮਕਤਾ ਦੀ ਆਗਿਆ ਦਿੰਦਾ ਹੈ. ਉਦਾਹਰਨ ਲਈ, ਜੁੱਤੀਆਂ ਵੇਚਣ ਵਾਲੀ ਕੰਪਨੀ ਉਪਭੋਗਤਾ ਦੀ ਸ਼ਮੂਲੀਅਤ ਨੂੰ ਵਧਾਉਣ ਲਈ ਆਪਣੇ ਸੋਸ਼ਲ ਮੀਡੀਆ ਚੈਨਲ 'ਤੇ ਇੱਕ ਮਜ਼ੇਦਾਰ ਕਵਿਜ਼ ਪੋਸਟ ਕਰ ਸਕਦੀ ਹੈ। ਸੋਸ਼ਲ ਮੀਡੀਆ ਦਰਸ਼ਕਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਪ੍ਰਭਾਵਿਤ ਕਰ ਸਕਦਾ ਹੈ ਜੋ ਮਾਰਕੀਟਿੰਗ ਲਈ ਬਾਹਰੀ ਹਨ। ਉਦਾਹਰਨ ਲਈ, ਕੋਈ ਕੰਪਨੀ ਆਪਣੇ ਮੌਜੂਦਾ ਉਤਪਾਦਾਂ ਨੂੰ ਬਿਹਤਰ ਬਣਾਉਣ ਲਈ ਉਪਭੋਗਤਾ ਫੀਡਬੈਕ ਪ੍ਰਾਪਤ ਕਰਨ ਲਈ ਇਸਦੀ ਵਰਤੋਂ ਕਰ ਸਕਦੀ ਹੈ। ਸੋਸ਼ਲ ਮੀਡੀਆ ਵਿੱਚ ਕਰੀਅਰ ਇਸ ਕਿਸਮ ਦੇ ਮੀਡੀਆ ਦੇ ਅੰਦਰ ਨੌਕਰੀ ਦੇ ਮੌਕਿਆਂ ਦੀ ਤੁਲਨਾ ਕਰਨਾ ਤੁਹਾਨੂੰ ਇਹ ਨਿਰਧਾਰਤ ਕਰਨ ਵਿੱਚ ਮਦਦ ਕਰ ਸਕਦਾ ਹੈ ਕਿ ਤੁਹਾਡੇ ਲਈ ਕਿਹੜਾ ਸਭ ਤੋਂ ਵਧੀਆ ਹੈ। ਇੱਥੇ ਸੋਸ਼ਲ ਮੀਡੀਆ ਵਿੱਚ ਕੁਝ ਖਾਸ ਨੌਕਰੀਆਂ ਹਨ। ਸੱਚਮੁੱਚ ਤੋਂ ਸਭ ਤੋਂ ਤਾਜ਼ਾ ਤਨਖਾਹ ਜਾਣਕਾਰੀ ਲਈ,



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

1. ਸੋਸ਼ਲ ਮੀਡੀਆ ਰਣਨੀਤੀਕਾਰ ਰਾਸ਼ਟਰੀ ਔਸਤ ਤਨਖਾਹ: $63,875 ਪ੍ਰਤੀ ਸਾਲ ਪ੍ਰਾਇਮਰੀ ਫਰਜ਼: ਇੱਕ ਸੋਸ਼ਲ ਮੀਡੀਆ ਰਣਨੀਤੀਕਾਰ ਕੰਪਨੀਆਂ ਲਈ ਡਿਜੀਟਲ ਮਾਰਕੀਟਿੰਗ ਰਣਨੀਤੀਆਂ ਬਣਾਉਂਦਾ ਹੈ। ਉਹ ਸ਼ੁਰੂਆਤੀ ਰਣਨੀਤੀਆਂ ਦੀ ਯੋਜਨਾ ਬਣਾ ਸਕਦੇ ਹਨ, ਸੋਸ਼ਲ ਮੀਡੀਆ ਮੁਹਿੰਮਾਂ ਦਾ ਵਿਕਾਸ ਕਰ ਸਕਦੇ ਹਨ ਅਤੇ ਨਵੀਆਂ ਮੁਹਿੰਮਾਂ ਦੀ ਪ੍ਰਭਾਵਸ਼ੀਲਤਾ ਦਾ ਵਿਸ਼ਲੇਸ਼ਣ ਕਰਨ ਲਈ ਡੇਟਾ ਇਕੱਠਾ ਕਰ ਸਕਦੇ ਹਨ। ਉਹ ਕਿਸੇ ਮੁਹਿੰਮ ਦੇ ਨਤੀਜਿਆਂ ਬਾਰੇ ਚਰਚਾ ਕਰਨ ਲਈ ਸੋਸ਼ਲ ਮੀਡੀਆ ਟੀਮਾਂ ਨਾਲ ਵੀ ਮਿਲ ਸਕਦੇ ਹਨ।

2. ਸੋਸ਼ਲ ਮੀਡੀਆ ਮਾਹਰ ਰਾਸ਼ਟਰੀ ਔਸਤ ਤਨਖਾਹ: $53,255 ਪ੍ਰਤੀ ਸਾਲ ਪ੍ਰਾਇਮਰੀ ਫਰਜ਼: ਇੱਕ ਸੋਸ਼ਲ ਮੀਡੀਆ ਮਾਹਰ ਇੱਕ ਮਾਰਕੀਟਿੰਗ ਪੇਸ਼ੇਵਰ ਹੁੰਦਾ ਹੈ ਜੋ ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਪ੍ਰਬੰਧਨ ਵਿੱਚ ਮੁਹਾਰਤ ਰੱਖਦਾ ਹੈ। ਉਹਨਾਂ ਦੇ ਕਰਤੱਵਾਂ ਵਿੱਚ ਇੱਕ ਨਿਸ਼ਾਨਾ ਦਰਸ਼ਕਾਂ ਦੀ ਖੋਜ ਕਰਨਾ, ਪੋਸਟਾਂ ਬਣਾਉਣਾ ਅਤੇ ਗਾਹਕਾਂ ਨਾਲ ਸੰਚਾਰ ਕਰਨਾ ਸ਼ਾਮਲ ਹੋ ਸਕਦਾ ਹੈ। ਉਹ ਇਹ ਨਿਰਧਾਰਤ ਕਰਨ ਲਈ ਇੱਕ ਮਾਰਕੀਟਿੰਗ ਟੀਮ ਨਾਲ ਵੀ ਸਹਿਯੋਗ ਕਰ ਸਕਦੇ ਹਨ ਕਿ ਕਿਹੜੀਆਂ ਮੀਡੀਆ ਰਣਨੀਤੀਆਂ ਸਭ ਤੋਂ ਪ੍ਰਭਾਵਸ਼ਾਲੀ ਹੋ ਸਕਦੀਆਂ ਹਨ।

3. ਸੋਸ਼ਲ ਮੀਡੀਆ ਮੈਨੇਜਰ ਰਾਸ਼ਟਰੀ ਔਸਤ ਤਨਖਾਹ: $55,933 ਪ੍ਰਤੀ ਸਾਲ ਪ੍ਰਾਇਮਰੀ ਫਰਜ਼: ਸੋਸ਼ਲ ਮੀਡੀਆ ਪ੍ਰਬੰਧਕ ਸੋਸ਼ਲ ਮੀਡੀਆ ਟੀਮਾਂ ਦੀ ਨਿਗਰਾਨੀ ਕਰਨ ਵਿੱਚ ਮਦਦ ਕਰਦੇ ਹਨ। ਉਹ ਕੰਮ ਸੌਂਪ ਸਕਦੇ ਹਨ, ਪ੍ਰਕਾਸ਼ਨ ਅਨੁਸੂਚੀ ਦੀ ਨਿਗਰਾਨੀ ਕਰ ਸਕਦੇ ਹਨ ਅਤੇ ਕਿਸੇ ਕੰਪਨੀ ਲਈ ਕਈ ਸੋਸ਼ਲ ਮੀਡੀਆ ਪਲੇਟਫਾਰਮਾਂ ਦਾ ਪ੍ਰਬੰਧਨ ਕਰ ਸਕਦੇ ਹਨ। ਉਹ ਸੋਸ਼ਲ ਮੀਡੀਆ ਵਿਸ਼ਲੇਸ਼ਣ ਨੂੰ ਵੀ ਟਰੈਕ ਕਰ ਸਕਦੇ ਹਨ ਅਤੇ ਵੱਖ-ਵੱਖ ਸਮੱਗਰੀ ਰਣਨੀਤੀਆਂ ਬਣਾ ਸਕਦੇ ਹਨ ਅਤੇ ਪ੍ਰਬੰਧਿਤ ਕਰ ਸਕਦੇ ਹਨ। **4. ਸਮੱਗਰੀ ਰਣਨੀਤੀਕਾਰ ਰਾਸ਼ਟਰੀ ਔਸਤ ਤਨਖਾਹ:** $72,825 ਪ੍ਰਤੀ ਸਾਲ ਪ੍ਰਾਇਮਰੀ ਕਰਤੱਵਾਂ: ਇੱਕ ਸਮੱਗਰੀ ਰਣਨੀਤੀਕਾਰ ਬਲੌਗ ਪੋਸਟਾਂ, ਲੇਖਾਂ ਅਤੇ ਸੋਸ਼ਲ ਮੀਡੀਆ ਪੋਸਟਾਂ ਸਮੇਤ ਸਮੱਗਰੀ ਬਣਾਉਣ ਲਈ ਯੋਜਨਾਵਾਂ ਤਿਆਰ ਕਰਨ ਵਿੱਚ ਮਦਦ ਕਰਦਾ ਹੈ। ਉਹ ਨਵੀਂ ਸਮੱਗਰੀ ਡਿਜ਼ਾਈਨ ਕਰ ਸਕਦੇ ਹਨ, ਉਤਪਾਦਨ ਕੈਲੰਡਰ ਦੀ ਨਿਗਰਾਨੀ ਕਰ ਸਕਦੇ ਹਨ ਅਤੇ ਪ੍ਰਕਾਸ਼ਨ ਤੋਂ ਪਹਿਲਾਂ ਪੋਸਟਾਂ ਦੀ ਸਮੀਖਿਆ ਕਰ ਸਕਦੇ ਹਨ। ਉਹ ਮਾਰਕੀਟ ਖੋਜ ਵੀ ਕਰ ਸਕਦੇ ਹਨ।

5. ਬ੍ਰਾਂਡ ਰਣਨੀਤੀਕਾਰ ਰਾਸ਼ਟਰੀ ਔਸਤ ਤਨਖਾਹ: $78,280 ਪ੍ਰਤੀ ਸਾਲ ਪ੍ਰਾਇਮਰੀ ਕਰਤੱਵਾਂ: ਬ੍ਰਾਂਡ ਰਣਨੀਤੀਕਾਰ ਇੱਕ ਬ੍ਰਾਂਡ ਜਾਂ ਪਛਾਣ ਨੂੰ ਉਤਸ਼ਾਹਿਤ ਕਰਨ ਵਿੱਚ ਮੁਹਾਰਤ ਰੱਖਦੇ ਹਨ। ਉਹ ਮਾਰਕੀਟ ਦੇ ਰੁਝਾਨਾਂ ਦਾ ਵਿਸ਼ਲੇਸ਼ਣ ਕਰਦੇ ਹਨ, ਨਿਸ਼ਾਨਾ ਦਰਸ਼ਕਾਂ ਨੂੰ ਨਿਰਧਾਰਤ ਕਰਦੇ ਹਨ ਅਤੇ ਕੰਪਨੀਆਂ ਲਈ ਮਾਰਕੀਟਿੰਗ ਰਣਨੀਤੀਆਂ ਵਿਕਸਿਤ ਕਰਦੇ ਹਨ। ਉਹ ਕੰਪਨੀਆਂ ਨੂੰ ਸਕਾਰਾਤਮਕ ਬ੍ਰਾਂਡ ਚਿੱਤਰਾਂ ਨੂੰ ਬਣਾਈ ਰੱਖਣ ਵਿੱਚ ਵੀ ਮਦਦ ਕਰਦੇ ਹਨ। ਕੀ ਤੁਹਾਨੂੰ ਆਪਣੇ ਰੈਜ਼ਿਊਮੇ ਵਿੱਚ ਮਦਦ ਦੀ ਲੋੜ ਹੈ ? ਰਵਾਇਤੀ ਮੀਡੀਆ ਵਿੱਚ ਕਰੀਅਰ ਇੱਥੇ ਰਵਾਇਤੀ ਮੀਡੀਆ ਵਿੱਚ ਕੁਝ ਖਾਸ ਨੌਕਰੀਆਂ ਹਨ। ਅਸਲ ਵਿੱਚ ਸਭ ਤੋਂ ਨਵੀਨਤਮ ਤਨਖਾਹ ਜਾਣਕਾਰੀ ਲਈ

1. ਪ੍ਰਚਾਰਕ ਰਾਸ਼ਟਰੀ ਔਸਤ ਤਨਖਾਹ: $52,869 ਪ੍ਰਤੀ ਸਾਲ ਪ੍ਰਾਇਮਰੀ ਕਰਤੱਵਾਂ: ਇੱਕ ਪ੍ਰਚਾਰਕ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਇੱਕ ਸੁਨੇਹਾ ਇਸਦੇ ਉਦੇਸ਼ ਵਾਲੇ ਟੀਚੇ ਵਾਲੇ ਦਰਸ਼ਕਾਂ ਨਾਲ ਮੇਲ ਖਾਂਦਾ ਹੈ। ਉਹ ਭਾਸ਼ਣ ਲਿਖ ਸਕਦੇ ਹਨ, ਪ੍ਰੈਸ ਰਿਲੀਜ਼ਾਂ ਨੂੰ ਡਿਜ਼ਾਈਨ ਕਰ ਸਕਦੇ ਹਨ ਅਤੇ ਗਾਹਕਾਂ ਲਈ ਵੈੱਬਸਾਈਟ ਸਮੱਗਰੀ ਬਣਾ ਸਕਦੇ ਹਨ। ਉਹ ਆਪਣੇ ਗਾਹਕਾਂ ਨੂੰ ਬਿਹਤਰ ਢੰਗ ਨਾਲ ਉਤਸ਼ਾਹਿਤ ਕਰਨ ਲਈ ਪੱਤਰਕਾਰਾਂ ਨੂੰ ਵੱਖ-ਵੱਖ ਵਿਚਾਰ ਪੇਸ਼ ਕਰਨ ਵਿੱਚ ਵੀ ਮਦਦ ਕਰਦੇ ਹਨ।

2. ਪ੍ਰਸਾਰਕ ਰਾਸ਼ਟਰੀ ਔਸਤ ਤਨਖਾਹ: $59,245 ਪ੍ਰਤੀ ਸਾਲ ਪ੍ਰਾਇਮਰੀ ਕਰਤੱਵਾਂ: ਪ੍ਰਸਾਰਕ ਮੀਡੀਆ ਪੇਸ਼ੇਵਰ ਹੁੰਦੇ ਹਨ ਜੋ ਦਰਸ਼ਕਾਂ ਨੂੰ ਖ਼ਬਰਾਂ ਜਾਂ ਮਨੋਰੰਜਨ ਦੀ ਰਿਪੋਰਟ ਕਰਦੇ ਹਨ। ਉਹ ਆਮ ਤੌਰ 'ਤੇ ਟੈਲੀਵਿਜ਼ਨ ਜਾਂ ਰੇਡੀਓ ਸੈਟਿੰਗਾਂ ਵਿੱਚ ਕੰਮ ਕਰਦੇ ਹਨ। ਉਹਨਾਂ ਦੇ ਕਰਤੱਵਾਂ ਵਿੱਚ ਖ਼ਬਰਾਂ ਦੀ ਖੋਜ ਕਰਨਾ ਸ਼ਾਮਲ ਹੋ ਸਕਦਾ ਹੈ, ਸਕ੍ਰਿਪਟਾਂ ਨੂੰ ਸੰਪਾਦਿਤ ਕਰਨਾ ਅਤੇ ਟੈਲੀਪ੍ਰੋਂਪਟਰ ਤੋਂ ਪੜ੍ਹਨਾ।

3. ਨਿਰਮਾਤਾ ਰਾਸ਼ਟਰੀ ਔਸਤ ਤਨਖਾਹ: $56,836 ਪ੍ਰਤੀ ਸਾਲ ਪ੍ਰਾਇਮਰੀ ਫਰਜ਼: ਇੱਕ ਨਿਰਮਾਤਾ ਇੱਕ ਮੀਡੀਆ ਪੇਸ਼ੇਵਰ ਹੁੰਦਾ ਹੈ ਜੋ ਇੱਕ ਉਤਪਾਦਨ ਦੀ ਨਿਗਰਾਨੀ ਵਿੱਚ ਮਦਦ ਕਰਦਾ ਹੈ। ਉਹਨਾਂ ਦੇ ਕਰਤੱਵਾਂ ਵਿੱਚ ਇੱਕ ਪ੍ਰੋਜੈਕਟ ਦੇ ਬਜਟ ਦਾ ਪ੍ਰਬੰਧਨ ਕਰਨਾ, ਇੱਕ ਪ੍ਰੋਜੈਕਟ ਅਨੁਸੂਚੀ ਬਣਾਉਣਾ ਅਤੇ ਇੱਕ ਉਤਪਾਦਨ ਟੀਮ ਦੀ ਨਿਗਰਾਨੀ ਕਰਨਾ ਸ਼ਾਮਲ ਹੋ ਸਕਦਾ ਹੈ। ਉਹ ਫਿਲਮ, ਟੈਲੀਵਿਜ਼ਨ ਅਤੇ ਰੇਡੀਓ ਸਮੇਤ ਕਈ ਮੀਡੀਆ ਖੇਤਰਾਂ ਵਿੱਚ ਕੰਮ ਕਰ ਸਕਦੇ ਹਨ।

4. ਪੱਤਰਕਾਰ ਰਾਸ਼ਟਰੀ ਔਸਤ ਤਨਖਾਹ: $41,431 ਪ੍ਰਤੀ ਸਾਲ ਪ੍ਰਾਇਮਰੀ ਫਰਜ਼: ਇੱਕ ਪੱਤਰਕਾਰ ਵੱਖ-ਵੱਖ ਨਿਊਜ਼ ਆਊਟਲੈਟਾਂ ਲਈ ਲੇਖ ਲਿਖਣ ਅਤੇ ਪ੍ਰਕਾਸ਼ਿਤ ਕਰਨ ਵਿੱਚ ਮਦਦ ਕਰਦਾ ਹੈ। ਉਹ ਵਿਅਕਤੀਆਂ ਦੀ ਇੰਟਰਵਿਊ ਕਰ ਸਕਦੇ ਹਨ, ਕਹਾਣੀਆਂ ਖੋਜ ਸਕਦੇ ਹਨ ਅਤੇ ਮੌਜੂਦਾ ਘਟਨਾਵਾਂ ਬਾਰੇ ਹਾਜ਼ਰੀਨ ਨੂੰ ਸੂਚਿਤ ਕਰਨ ਲਈ ਲੇਖ ਲਿਖ ਸਕਦੇ ਹਨ। ਉਹ ਵੱਖ-ਵੱਖ ਮੀਡੀਆ ਪਲੇਟਫਾਰਮਾਂ ਲਈ ਕੰਮ ਕਰ ਸਕਦੇ ਹਨ, ਜਿਸ ਵਿੱਚ ਟੈਲੀਵਿਜ਼ਨ ਨੈੱਟਵਰਕ, ਅਖ਼ਬਾਰਾਂ ਅਤੇ ਰਸਾਲੇ ਸ਼ਾਮਲ ਹਨ।

5. ਮੀਡੀਆ ਨਿਰਦੇਸ਼ਕ ਰਾਸ਼ਟਰੀ ਔਸਤ ਤਨਖਾਹ: $124,319 ਪ੍ਰਤੀ ਸਾਲ ਪ੍ਰਾਇਮਰੀ ਕਰਤੱਵਾਂ: ਇੱਕ ਮੀਡੀਆ ਨਿਰਦੇਸ਼ਕ ਕੰਪਨੀ ਦੀਆਂ ਸੰਚਾਰ ਰਣਨੀਤੀਆਂ ਦਾ ਪ੍ਰਬੰਧਨ ਕਰਨ ਵਿੱਚ ਮਦਦ ਕਰਦਾ ਹੈ। ਉਹ ਇੱਕ ਸੰਗਠਨ ਦੇ ਅੰਦਰ ਸਾਰੀਆਂ ਮੀਡੀਆ ਮੁਹਿੰਮਾਂ ਨੂੰ ਡਿਜ਼ਾਈਨ ਅਤੇ ਨਿਗਰਾਨੀ ਕਰਦੇ ਹਨ। ਉਹ ਇੱਕ ਵਿਗਿਆਪਨ ਬਜਟ ਦਾ ਪ੍ਰਬੰਧਨ ਵੀ ਕਰ ਸਕਦੇ ਹਨ, ਵੱਖ-ਵੱਖ ਵਿਗਿਆਪਨ ਪਲੇਟਫਾਰਮਾਂ ਨਾਲ ਸਹਿਯੋਗ ਕਰ ਸਕਦੇ ਹਨ ਅਤੇ ਇੱਕ ਮਾਰਕੀਟਿੰਗ ਟੀਮ ਨਾਲ ਸਮੱਗਰੀ ਰਣਨੀਤੀਆਂ 'ਤੇ ਚਰਚਾ ਕਰ ਸਕਦੇ ਹਨ। ਵਿਜੇ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਸਟਰੀਟ ਕੌਰ ਚੰਦ ਮਲੋਟ ਪੰਜਾਬ

Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD